Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Ad Space Available
Call 847-359-0746

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 02, January 13, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਕਰਜ਼ਾ ਮੁਕਤੀ ਮੁਹਿੰਮ ਵਿਚ ਕਸੂਤੇ ਫਸੇ ਕੈਪਟਨ

### ਵਾਅਦਾਖਿਲਾਫੀ ਦੇ ਲੱਗਣ ਲੱਗੇ ਦੋਸ਼

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਮਾਨਸਾ ਵਿਚ ਵੱਡਾ ਸਮਾਗਮ ਕਰ ਕੇ ਕਿਸਾਨਾਂ ਦੀ ਕਰਜ਼ ਮੁਆਫੀ ਲਈ ਪੜਾਅਵਾਰ ਸ਼ੁਰੂ ਕੀਤੀ ਮੁਹਿੰਮ ਨੇ ਕਿਸਾਨਾਂ ਪੱਲੇ ਨਿਰਾਸ਼ਾ ਹੀ ਪਾਈ ਹੈ। ਕਾਂਗਰਸ ਸਰਕਾਰ ਭਾਵੇਂ ਕਿਸਾਨਾਂ ਦੇ ਪੂਰੇ ਕਰਜ਼ੇ 'ਤੇ ਲੀਕ ਮਾਰਨ ਵਾਲੇ ਵਾਅਦੇ ਤੋਂ ਪਹਿਲਾਂ ਹੀ ਭੱਜ ਚੁੱਕੀ ਹੈ, ਹੁਣ ਢਾਈ ਤੇ ਪੰਜ ਏਕੜ ਵਾਲੇ ਕਰਜ਼ਾਈ ਕਿਸਾਨਾਂ ਨੂੰ ਵੀ ਦਾਅ ਲਾਉਣ ਤਿਆਰੀ ਵਿਚ ਹੈ। ਕੈਪਟਨ ਸਰਕਾਰ 9500 ਕਰੋੜ ਦੀ ਕਰਜ਼ ਮੁਆਫੀ ਵਾਲੇ ਵਾਅਦੇ ਨੂੰ ਪਹਿਲਾਂ 1500 ਕਰੋੜ ਤੱਕ ਹੇਠਾਂ ਲੈ ਆਈ ਅਤੇ ਹੁਣ 9 ਮਹੀਨਿਆਂ ਬਾਅਦ 170 ਕਰੋੜ ਦੀ ਯੋਜਨਾ ਨਾਲ ਮੈਦਾਨ ਵਿਚ ਨਿੱਤਰੀ ਹੈ।

ਮਾਨਸਾ ਦੇ ਪ੍ਰੋਗਰਾਮ ਵਿਚ 47 ਹਜ਼ਾਰ ਕਿਸਾਨਾਂ ਦੇ 170 ਕਰੋੜ ਰੁਪਏ ਦੇ ਮੁਆਫ ਹੋਏ ਕਰਜ਼ੇ ਮੁਤਾਬਕ ਪ੍ਰਤੀ ਕਿਸਾਨ ਹਿੱਸੇ ਔਸਤਨ 35 ਹਜ਼ਾਰ ਰੁਪਏ ਹੀ ਆਉਂਦੇ ਹਨ, ਜਦਕਿ ਕਿਸਾਨਾਂ ਸਿਰ ਕਰਜ਼ਾ 73 ਹਜ਼ਾਰ ਕਰੋੜ ਦਾ ਚੜ੍ਹਿਆ ਹੋਇਆ ਹੈ। ਪਹਿਲਾਂ ਕਾਂਗਰਸ ਨੇ ਤਕਰੀਬਨ 10 ਲੱਖ ਕਿਸਾਨਾਂ ਦਾ 10 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਦੀ ਗੱਲ ਕੀਤੀ ਸੀ। ਪਿਛਲੇ ਸਾਲ ਜੂਨ ਮਹੀਨੇ ਵਿਧਾਨ ਸਭਾ ਦੇ ਇਜਲਾਸ ਵਿਚ ਮੁੱਖ ਮੰਤਰੀ ਨੇ ਆਪਣੇ ਵਾਅਦੇ ਤੋਂ ਪਿੱਛੇ ਹਟਦਿਆਂ ਛੋਟੇ ਕਿਸਾਨਾਂ ਦੇ ਦੋ ਲੱਖ ਤੱਕ ਦੇ ਕਰਜ਼ੇ ਮੁਆਫ ਕਰਨ ਦੀ ਗੱਲ ਆਖ ਦਿੱਤੀ। ਉਸ ਤੋਂ ਬਾਅਦ ਇਹ ਵਾਅਦਾ ਸਹਿਕਾਰੀ ਸਭਾਵਾਂ ਤੋਂ ਲਏ ਫਸਲੀ ਕਰਜ਼ੇ ਤੱਕ ਸਿਮਟ ਗਿਆ। ਉਂਜ, ਹੁਣ ਗੱਲ ਛੋਟੇ ਕਿਸਾਨਾਂ ਤੱਕ ਹੀ ਸੀਮਤ ਨਹੀਂ ਹੈ। ਖੇਤ ਮਜ਼ਦੂਰ ਵੀ ਆਪਣੇ ਸਿਰ ਚੜ੍ਹਿਆ ਕਰਜ਼ਾ ਮੁਆਫ ਕਰਨ ਦੀ ਮੰਗ ਨੂੰ ਲੈ ਕੇ ਮੈਦਾਨ ਵਿਚ ਉਤਰਨ ਲੱਗੇ ਹਨ।

ਸੂਬੇ ਵਿਚ 10 ਲੱਖ ਦੇ ਕਰੀਬ ਖੇਤ ਮਜ਼ਦੂਰ ਹਨ। ਇਕ ਅੰਦਾਜ਼ੇ ਅਨੁਸਾਰ ਇਕ ਖੇਤ ਮਜ਼ਦੂਰ

*(ਬਾਕੀ ਸਫਾ 6 ਉਤੇ)*



### ਸਿਰਫ ਪੰਜ ਰੁਪਏ ਦੀ ਕਰਜ਼ ਮੁਆਫੀ?

ਜ਼ਿਲ੍ਹਾ ਸੰਗਰੂਰ ਦੇ ਪਿੰਡ ਕੌਲਸੇੜੀ ਵਿਚ ਇਕ ਕਿਸਾਨ ਨਾਲ ਸਰਕਾਰ ਨੇ ਕੋਝਾ ਮਜ਼ਾਕ ਕੀਤਾ। ਕਰਜ਼ਾ ਮੁਆਫੀ ਸੂਚੀ ਵਿਚ ਕਿਸਾਨ ਦਾ ਸਿਰਫ 5 ਰੁਪਏ ਦਾ ਕਰਜ਼ ਮੁਆਫ ਹੋਇਆ, ਜਦਕਿ ਉਸ ਦਾ ਕੁੱਲ ਕਰਜ਼ 65,000 ਰੁਪਏ ਹੈ। ਅਜਿਹੇ ਕਈ ਕਿਸਾਨ ਆਪਣੇ ਨਾਲ ਹੋਏ ਮਜ਼ਾਕ ਬਾਰੇ ਰੋਸ ਕਰ ਰਹੇ ਹਨ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰੀ ਸਮਾਗਮ 'ਚ 67 ਫੀਸਦੀ ਹੱਕਦਾਰ ਕਿਸਾਨਾਂ ਨੂੰ ਕਰਜ਼ਾ ਮੁਆਫੀ ਤੋਂ ਵਾਂਝੇ ਰੱਖਿਆ ਗਿਆ ਹੈ, ਜਦੋਂ ਕਿ ਬਹੁਤ ਥਾਈਂ ਹੁਕਮਰਾਨਾਂ ਦੇ ਚਹੇਤੇ ਧਨਾਢ ਕਿਸਾਨਾਂ ਨੂੰ ਦੋ-ਦੋ ਲੱਖ ਦੇ ਗੱਫੇ ਦਿੱਤੇ ਗਏ ਹਨ।

## ਗੁਰਦੁਆਰਿਆਂ 'ਚ ਭਾਰਤੀ ਅਧਿਕਾਰੀਆਂ 'ਤੇ ਪਾਬੰਦੀ ਦਾ ਮਾਮਲਾ ਭਖਿਆ

**ਲੰਡਨ:** ਵਿਦੇਸ਼ਾਂ ਵਿਚ ਕੁਝ ਸਿੱਖ ਜਥੇਬੰਦੀਆਂ ਵੱਲੋਂ ਗੁਰਦੁਆਰਿਆਂ ਵਿਚ ਭਾਰਤੀ ਦੂਤਘਰ ਸਮੇਤ ਹੋਰ ਅਧਿਕਾਰੀਆਂ ਦੇ ਦਾਖਲੇ ਉਤੇ ਰੋਕ ਲਾਉਣ ਦਾ ਮਾਮਲਾ ਭਖਦਾ ਜਾ ਰਿਹਾ ਹੈ। ਕੈਨੇਡਾ ਦੇ 15 ਗੁਰਦੁਆਰਿਆਂ ਦੀਆਂ ਕਮੇਟੀਆਂ ਵੱਲੋਂ ਅਜਿਹੀ ਰੋਕ ਪਿੱਛੋਂ ਅਮਰੀਕਾ ਸਮੇਤ ਹੋਰ ਦੇਸ਼ਾਂ ਵਿਚ ਵੀ ਅਜਿਹੇ ਫੈਸਲੇ ਧੜਾ ਧੜ ਲੈ ਜਾ ਰਹੇ ਹਨ। ਅਮਰੀਕਾ ਦੇ 96 ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਦੀ ਸਾਂਝੀ ਕਮੇਟੀ 'ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ' ਅਤੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਅਜਿਹੀ ਰੋਕ ਦਾ ਸਮਰਥਨ ਕਰਦੇ ਹੋਏ ਭਾਰਤ ਸਰਕਾਰ ਦੇ ਨੁਮਾਇੰਦਿਆਂ ਦੇ ਦਾਖਲੇ ਉਤੇ ਰੋਕ ਲਾ ਦਿੱਤੀ ਹੈ। ਅਜਿਹੇ ਅਧਿਕਾਰੀਆਂ ਨੂੰ ਨਗਰ ਕੀਰਤਨ ਜਾਂ ਸਮਾਜਿਕ ਤੇ ਧਾਰਮਿਕ ਸਮਾਗਮਾਂ ਵਿਚ ਵੀ ਹਿੱਸਾ ਲੈਣ ਤੋਂ ਰੋਕਿਆ ਜਾਵੇਗਾ।

ਯਾਦ ਰਹੇ, ਇਸ ਤੋਂ ਪਹਿਲਾਂ ਖਾਲਿਸਤਾਨ ਪੱਖੀ ਸਿੱਖ ਫੈਡਰੇਸ਼ਨ ਯੂ.ਕੇ. ਵੱਲੋਂ ਇੰਗਲੈਂਡ ਦੇ ਗੁਰਦੁਆਰਿਆਂ ਵਿਚ ਭਾਰਤੀ ਕੂਟਨੀਤਕਾਂ ਦੇ ਦਾਖਲੇ ਉਤੇ ਰੋਕ ਲਾਈ ਗਈ ਸੀ, ਜਿਸ ਦਾ ਭਾਰਤੀ ਹਾਈ ਕਮਿਸ਼ਨ ਨੇ ਵਿਰੋਧ ਵੀ ਕੀਤਾ ਸੀ। ਭਾਰਤੀ ਅਧਿਕਾਰੀਆਂ ਨੇ ਸਾਊਥ ਹਾਲ ਸਥਿਤ ਗੁਰਦੁਆਰੇ ਦਾ ਦੌਰਾ ਕਰ ਕੇ ਸਿੱਖ ਆਗੂਆਂ ਨਾਲ ਮੁਲਾਕਾਤ ਵੀ ਕੀਤੀ ਸੀ। ਸਿੱਖ ਜਥੇਬੰਦੀਆਂ ਵੱਲੋਂ ਭਾਰਤ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਵਿਰੋਧ ਕੀਤਾ ਜਾ ਰਿਹਾ ਹੈ। ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਹਮਲਾ, ਨਵੰਬਰ 1984 ਵਿਚ ਸਿੱਖ ਨਸਲਕੁਸ਼ੀ, ਪੰਜਾਬ ਦੇ ਦਰਿਆਈ ਪਾਣੀਆਂ ਤੇ ਖੇਤੀਬਾੜੀ ਉਤਪਾਦਾਂ ਦਾ ਲਗਾਤਾਰ ਸ਼ੋਸ਼ਣ ਸਮੇਤ ਮਸਲਿਆਂ ਨੂੰ ਭਾਰਤ ਸਰਕਾਰ ਦੀ ਦੇਣ ਮੰਨਿਆ ਜਾ ਰਿਹਾ ਹੈ।

ਇਸ ਤੋਂ ਇਲਾਵਾ ਜੇਲ੍ਹਾਂ ਵਿਚ ਬੰਦ ਸਿੱਖ ਰਾਜਸੀ ਕੈਦੀਆਂ ਦੀ ਸਜ਼ਾ ਪੂਰੀ ਹੋਣ ਦੇ ਬਾਵਜੂਦ ਰਿਹਾਈ ਨਾ ਹੋਣਾ, ਸਿੱਖ ਨੌਜਵਾਨਾਂ ਦੀਆਂ ਗੈਰਕਾਨੂੰਨੀ ਗ੍ਰਿਫਤਾਰੀਆਂ ਅਤੇ ਪੁਲਿਸ ਵੱਲੋਂ ਤਸ਼ੱਦਦ ਦਾ ਦੌਰ ਸਮੇਤ ਮੁੱਦੇ ਜ਼ੋਰ ਸ਼ੋਰ ਨਾ ਚੁੱਕੇ ਜਾ ਰਹੇ ਹਨ। ਸਿੱਖ ਜਥੇਬੰਦੀਆਂ ਵਿਚ ਸਭ ਤੋਂ ਵੱਧ ਰੋਸ ਭਾਜਪਾ ਸਰਕਾਰ ਦੀ ਆਰ.ਐਸ.ਐਸ. ਦੇ ਹਿੰਦੂਤਵੀ ਏਜੰਡੇ ਨੂੰ ਉਤਸ਼ਾਹਿਤ ਕਰਨ ਦੀ ਰਣਨੀਤੀ ਖਿਲਾਫ ਹੈ। ਬਰਤਾਨੀਆ ਦੇ ਗਰਮਖਿਆਲੀ ਸਿੱਖ ਇਸ ਗੱਲੋਂ ਵੀ ਨਾਰਾਜ਼ ਹਨ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ 2015 ਦੇ ਦੌਰੇ ਮੌਕੇ ਕਾਲੀ ਸੂਚੀ ਖਤਮ ਕਰਨ ਦੇ ਕੀਤੇ ਆਪਣੇ ਵਾਅਦੇ ਨੂੰ ਪੁਗਾ ਨਹੀਂ ਸਕੇ ਹਨ।

ਯੂ.ਕੇ. ਆਧਾਰਤ ਸਿੱਖ ਨੌਜਵਾਨ ਜਗਤਾਰ ਸਿੰਘ ਜੌਹਲ ਦੀ ਭਾਰਤ 'ਚ ਗ੍ਰਿਫਤਾਰੀ ਮਗਰੋਂ ਬ੍ਰਿਟੇਨ ਵਿਚ ਐਸ.ਐਫ.ਯੂ.ਕੇ. ਜਥੇਬੰਦੀ ਨੇ ਵੀ ਅਜਿਹੀ ਰੋਕ ਲਗਾਈ ਸੀ। ਐਸ.ਐਫ.ਯੂ.ਕੇ. ਜਥੇਬੰਦੀ, ਕੌਮਾਂਤਰੀ ਸਿੱਖ ਯੂਥ ਫੈਡਰੇਸ਼ਨ (ਆਈ.ਐਸ.ਵਾਈ.ਐਫ.) ਵਿਚੋਂ ਨਿਕਲੀ ਹੈ ਜਿਸ ਉਤੇ ਬ੍ਰਿਟਿਸ਼ ਸਰਕਾਰ ਨੇ 2001 'ਚ ਯੂ.ਕੇ. ਦੇ ਦਹਿਸ਼ਤੀ ਐਕਟ ਤਹਿਤ ਪਾਬੰਦੀ ਲਾ ਦਿੱਤੀ ਸੀ। ਇਹ ਰੋਕ 2016 ਵਿਚ ਤਤਕਾਲੀ ਗ੍ਰਿਹ ਮੰਤਰੀ ਟੈਰੇਜ਼ਾ ਮੇਅ (ਹੁਣ ਪ੍ਰਧਾਨ ਮੰਤਰੀ) ਨੇ ਹਟਾ ਲਈ ਸੀ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਸਤੰਬਰ ਵਿਚ ਲੰਡਨ ਵਿਚ 'ਆਪਣੀਆਂ ਜੜ੍ਹਾਂ ਨਾਲ ਜੁੜੋ' ਪ੍ਰੋਗਰਾਮ ਸ਼ੁਰੂ ਕੀਤੇ ਜਾਣ ਤੋਂ ਵੀ ਜਥੇਬੰਦੀ ਨਾਰਾਜ਼ ਹੋ ਗਈ ਸੀ। ਪ੍ਰੋਗਰਾਮ ਦਾ ਮਕਸਦ ਬ੍ਰਿਟੇਨ 'ਚ ਨੌਜਵਾਨ ਸਿੱਖ ਪੀੜ੍ਹੀ ਨੂੰ ਗਰਮਖਿਆਲੀ ਜਥੇਬੰਦੀਆਂ ਵੱਲੋਂ 'ਗੁੰਮਰਾਹ' ਕਰਨ ਤੋਂ ਰੋਕਣਾ ਸੀ।

ਜਨਵਰੀ - ਮਈ 2018
ਅੰਮ੍ਰਿਤਸਰ $975
ਦਿੱਲੀ $825
ਟੈਕਸ ਸਮੇਤ
Harpreet Singh
WorldWide Travel
www.fly2world.com
86666 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Jan 5th and May 30th. Fare may change without notice, please call for more details. Other conditions

ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA
Experience and Specialty: Corporate Tax, Personal Income Tax, Financial Statement Audit, New Business Setup, Year Round Service, Accounting, Bookkeeping, Payroll Services, Immigration Forms
Insurance: Auto, Home, Life, Business, Worker Comp.
Get the most from your tax return!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਯੋਗੀ ਦੀ 'ਭਗਵਾ' ਮੁਹਿੰਮ ਹੋਈ ਸਰਗਰਮ

**ਲਖਨਊ:** ਉਤਰ ਪ੍ਰਦੇਸ਼ ਨੂੰ ਸਹਿਜੇ ਸਹਿਜੇ ਭਗਵਾਂ ਰੰਗ ਚੜ੍ਹਦਾ ਜਾ ਰਿਹਾ ਹੈ। ਸੂਬੇ ਦੀ ਰਾਜਧਾਨੀ ਵਿਚ ਹੱਜ ਦਫਤਰ ਦੀਆਂ ਕੰਧਾਂ ਨੂੰ ਸੰਤਰੀ ਰੰਗ ਕੀਤੇ ਜਾਣ ਬਾਅਦ ਹੁਣ 80 ਸਾਲ ਪੁਰਾਣੇ ਥਾਣੇ ਨੂੰ ਭਗਵੇਂ ਰੰਗ ਵਿਚ ਰੰਗਿਆ ਜਾ ਰਿਹਾ ਹੈ। ਯੋਗੀ ਅਦਿੱਤਿਆਨਾਥ ਦੇ ਯੂ.ਪੀ. ਦਾ ਮੁੱਖ ਮੰਤਰੀ ਬਣਨ ਬਾਅਦ ਭਗਵਾਂ ਰੰਗ ਸੂਬੇ ਦੀ ਪਛਾਣ ਬਣ ਗਿਆ ਹੈ। ਸਕੂਲੀ ਬਸਤਿਆਂ ਤੋਂ ਤੌਲੀਆਂ, ਕੁਰਸੀਆਂ ਤੋਂ ਲੈ ਕੇ ਬੱਸਾਂ ਤੱਕ ਨੂੰ ਭਗਵਾਂ ਰੰਗ ਚਾੜ੍ਹਿਆ ਗਿਆ ਹੈ। ਇਸ ਸੂਚੀ ਵਿਚ ਹੁਣ ਕੈਸਰ ਬਾਗ ਥਾਣਾ ਵੀ ਸ਼ਾਮਲ ਹੋ ਗਿਆ ਹੈ।

ਇਹ ਪੁਲਿਸ ਸਟੇਸ਼ਨ 1939 ਵਿਚ ਉਸਾਰਿਆ ਗਿਆ ਸੀ ਅਤੇ ਇਸ ਨੂੰ ਪੀਲਾ ਤੇ ਲਾਲ ਰਵਾਇਤੀ ਰੰਗ ਕੀਤੇ ਗਏ ਸਨ, ਪਰ ਹੁਣ ਇਸ ਦੇ ਕੁਝ ਥਮਲਿਆਂ ਅਤੇ ਇਮਾਰਤ ਦੇ ਕੁਝ ਹੋਰ ਹਿੱਸਿਆਂ ਨੂੰ ਭਗਵਾਂ ਰੰਗ ਚਾੜ੍ਹਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਅਕਤੂਬਰ ਵਿਚ ਲਾਲ ਬਹਾਦਰ ਸ਼ਾਸਤਰੀ ਭਵਨ, ਜਿਸ ਵਿਚ ਮੁੱਖ ਮੰਤਰੀ ਦਾ ਦਫਤਰ ਹੈ, ਨੂੰ ਭਗਵਾਂ ਰੰਗ ਕੀਤਾ ਗਿਆ ਸੀ। ਯੋਗੀ ਦੇ ਕਾਰਜਭਾਰ ਸੰਭਾਲਣ ਬਾਅਦ ਸੂਬਾਈ ਸਕੱਤਰੇਤ ਦੇ ਮੂਹਰਲੇ ਹਿੱਸੇ ਨੂੰ ਭਗਵਾਂ ਰੰਗ ਵਿਚ ਰੰਗਿਆ ਗਿਆ ਸੀ। ਯੋਗੀ ਨੂੰ ਆਪਣੇ ਦਫਤਰ ਦੀ ਕੁਰਸੀ ਉਤੇ ਭਗਵੇਂ ਰੰਗ ਦੇ ਤੌਲੀਏ ਪਸੰਦ ਹਨ। ਹਾਲ ਹੀ ਵਿਚ ਮੁੱਖ ਮੰਤਰੀ ਨੇ ਭਗਵੇਂ ਰੰਗ ਦੀਆਂ 50 ਬੱਸਾਂ ਨੂੰ ਹਰੀ ਝੰਡੀ ਦਿਖਾਈ ਸੀ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਭਗਵੇਂ ਰੰਗ ਦੇ ਬਸਤੇ ਵੰਡੇ ਹਨ।

## ਪਾਕਿਸਤਾਨ ਨੂੰ ਵਿਸ਼ੇਸ਼ ਨਿਗਰਾਨੀ ਸੂਚੀ ਵਿਚ ਰੱਖਿਆ

**ਵਾਸ਼ਿੰਗਟਨ:** ਅਮਰੀਕਾ ਨੇ ਧਾਰਮਿਕ ਆਜ਼ਾਦੀ ਦੀ ਭਾਰੀ ਉਲੰਘਣਾ ਕਾਰਨ ਪਾਕਿਸਤਾਨ ਨੂੰ ਵਿਸ਼ੇਸ਼ ਨਿਗਰਾਨੀ ਸੂਚੀ ਵਿਚ ਸ਼ਾਮਲ ਕੀਤਾ ਹੈ। ਵਿਦੇਸ਼ ਵਿਭਾਗ ਮੁਤਾਬਕ ਇਹ ਇਕੋ ਇਕ ਮੁਲਕ ਹੈ ਜਿਸ ਨੂੰ ਨਵੀਂ ਬਣਾਈ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਵਿਦੇਸ਼ ਮੰਤਰੀ ਰੈਕਸ ਟਿੱਲਰਸਨ ਨੇ ਦਸ ਮੁਲਕਾਂ ਦਾ ਰੁਤਬਾ ਬਦਲ ਕੇ ਇਨ੍ਹਾਂ ਨੂੰ 'ਵਿਸ਼ੇਸ਼ ਚਿੰਤਾ' ਵਾਲੀ ਸੂਚੀ ਵਿਚ ਰੱਖਣ ਦਾ ਐਲਾਨ ਕੀਤਾ ਹੈ।

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ


*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

TRUCK STOP 40
SAYRE, OK 73662
ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 832-512-7172
580-447-9366

ਨਵਾਂ ਸਾਲ 2018 ਮੁਬਾਰਕ ਨਵਾਂ ਸਾਲ 2018 ਮੁਬਾਰਕ ਨਵਾਂ ਸਾਲ 2018 ਮੁਬਾਰਕ ਨਵਾਂ ਸਾਲ 2018 ਮੁਬਾਰਕ
Happy New Year Happy New Year
ਸੁੰਦਰ ਮੁੰਦਰੀਏ - ਹੋ, ਤੇਰਾ ਕੌਣ ਵਿਚਾਰਾ - ਹੋ! ਦੁੱਲਾ ਭੱਟੀ ਵਾਲਾ - ਹੋ!
ਲੋਹੜੀ! ਲੋਹੜੀ!! ਲੋਹੜੀ!!
ਆਓ ਰਲ-ਮਿਲ ਮਨਾਈਏ ਲੋਹੜੀ, ਧੀਆਂ-ਪੁੱਤਰਾਂ ਦੀ ਲੋਹੜੀ, ਖੁਸ਼ੀਆਂ-ਖੇੜਿਆਂ ਦੀ ਲੋਹੜੀ
ਸਨਿਚਰਵਾਰ 13 ਜਨਵਰੀ 2018
ਸਮਾਂ: ਸ਼ਾਮ 7 ਵਜੇ
ਸਥਾਨ: ਕਲੇਰੀਅਨ ਹੋਟਲ
3855 Hauck Rd, Cincinnati, OH 45242
Come Celebrate New Year & Lohri with us.
Jan 13, 2018
Saturday @ 7:00pm
at Clarion Hotel
3855 Hauck Road
Cincinnati, OH 45242

ਸਭਨਾਂ ਨੂੰ ਖੁੱਲ੍ਹਾ ਸੱਦਾ
Open Invitation to All
For more information, Contact:
Charanjit S. Brar 317-903-7400
Surjeet S. Mavi 513-616-4530
Harpreet S. Ghuman 513-310-4997
Shinderpal S. Sekhon 513-276-5826
Happy New Year Happy New Year
ਨਵਾਂ ਸਾਲ 2018 ਮੁਬਾਰਕ ਨਵਾਂ ਸਾਲ 2018 ਮੁਬਾਰਕ ਨਵਾਂ ਸਾਲ 2018 ਮੁਬਾਰਕ ਨਵਾਂ ਸਾਲ 2018 ਮੁਬਾਰਕ

# ਆਧਾਰ ਨੂੰ ਸੰਨ੍ਹ ਦਾ ਮਾਮਲਾ ਬਣਿਆ ਸਰਕਾਰ ਲਈ ਨਮੋਸ਼ੀ

**ਨਵੀਂ ਦਿੱਲੀ:** ਆਧਾਰ ਡੇਟਾ ਵਿਚ ਸੰਨ੍ਹ ਲਾਉਣ ਦਾ ਮਾਮਲਾ ਨਰੇਂਦਰ ਮੋਦੀ ਸਰਕਾਰ ਲਈ ਨਮੋਸ਼ੀ ਬਣਦਾ ਜਾ ਰਿਹਾ ਹੈ। ਆਧਾਰ ਡੇਟਾ ਦੀ ਸੁਰੱਖਿਆ 'ਤੇ ਉਂਗਲ ਚੁੱਕਣ ਵਾਲੀ ਪੱਤਰਕਾਰ 'ਤੇ ਪਰਚਾ ਦਰਜ ਕਰਨ ਪਿੱਛੋਂ ਉਠੇ ਰੋਹ ਕਾਰਨ ਸਰਕਾਰ ਨੂੰ ਨਰਮ ਪੈਣ ਲਈ ਮਜਬੂਰ ਹੋਣਾ ਪਿਆ।

ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਰਾਜਿੰਦਰ ਸੱਚਰ ਨੇ ਯੂ. ਆਈ. ਡੀ. ਏ.ਆਈ. ਵੱਲੋਂ ਕੀਤੀ ਕਾਰਵਾਈ ਨੂੰ ਨਮੋਸ਼ੀ ਵਾਲੀ ਆਖਿਆ ਹੈ। ਉਨ੍ਹਾਂ ਕਿਹਾ ਕਿ ਅਖਬਾਰ ਦੀ ਖਬਰ ਦੇ ਆਧਾਰ 'ਤੇ ਯੂ.ਆਈ.ਡੀ.ਏ.ਆਈ. ਧੋਖਾਧੜੀ ਕਰਨ ਵਾਲਿਆਂ ਦੇ ਨਾਮ ਜਾਣ ਸਕੀ ਸੀ। 'ਦਿ ਟ੍ਰਿਬਿਊਨ' ਦੀ ਰਿਪੋਰਟਰ ਰਚਨਾ ਖਹਿਰਾ ਨੂੰ ਗਵਾਹ ਵਜੋਂ ਸੱਦਿਆ ਜਾਣਾ ਚਾਹੀਦਾ ਸੀ। ਇਹ ਬੋਲਣ ਦੀ ਆਜ਼ਾਦੀ ਅਤੇ ਨਿੱਜਤਾ ਦੇ ਅਧਿਕਾਰ 'ਤੇ ਖੁੱਲ੍ਹਾ ਹਮਲਾ ਹੈ।

ਚੁਫੇਰਿਉਂ ਘਿਰਨ ਮਗਰੋਂ ਕੇਂਦਰ ਸਰਕਾਰ ਨੂੰ ਪ੍ਰੈੱਸ ਦੀ ਆਜ਼ਾਦੀ ਦਾ ਹੋਕਾ ਦਿੰਦਿਆਂ ਆਖਣਾ ਪਿਆ ਕਿ ਐਫ.ਆਈ.ਆਰ. 'ਅਣਪਛਾਤੇ' ਮੁਲਜ਼ਮਾਂ ਖਿਲਾਫ਼ ਦਰਜ ਕੀਤੀ ਗਈ ਹੈ। ਉਂਜ ਯੂਨੀਕ ਆਇਡੈਂਟੀਫਿਕੇਸ਼ਨ ਅਥਾਰਟੀ ਆਫ ਇੰਡੀਆ (ਯੂ.ਆਈ.ਡੀ.ਏ.ਆਈ.) ਦੀ ਸ਼ਿਕਾਇਤ ਵਿਚ ਦਿ ਟ੍ਰਿਬਿਊਨ ਅਤੇ ਉਸ ਦੀ ਰਿਪੋਰਟਰ ਸਮੇਤ ਚਾਰ ਜਣਿਆਂ ਦੇ ਨਾਮ ਸ਼ਾਮਲ ਹਨ। ਪੁਲਿਸ 'ਚ ਸ਼ਿਕਾਇਤ ਦਿੱਤੇ ਜਾਣ ਮਗਰੋਂ ਯੂ.ਆਈ.ਡੀ.ਏ.ਆਈ. ਨੇ ਕਿਹਾ ਸੀ ਕਿ ਇਹ ਆਧਾਰ ਬਾਇਓਮੀਟਰਿਕ ਡੇਟਾਬੇਸ 'ਚ ਸੰਨ੍ਹ ਦਾ ਮਾਮਲਾ ਨਹੀਂ ਹੈ ਕਿਉਂਕਿ ਯੂ. ਆਈ. ਡੀ. ਏ. ਆਈ. ਹਰ ਅਪਰਾਧਿਕ ਉਲੰਘਣਾ ਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਇਹ ਅਣਅਧਿਕਾਰਤ ਤੌਰ 'ਤੇ ਪਹੁੰਚ ਦਾ ਮਾਮਲਾ ਹੈ ਅਤੇ ਅਪਰਾਧਿਕ ਕਾਰਵਾਈ ਆਰੰਭ ਦਿੱਤੀ ਗਈ ਹੈ।

ਜਾਂਚ ਟੀਮ ਦਾ ਕਹਿਣਾ ਹੈ ਕਿ ਡੇਟਾ ਤੱਕ ਪਹੁੰਚ ਮਾਮਲੇ 'ਚ ਯੂ.ਆਈ.ਡੀ.ਏ.ਆਈ. ਅਧਿਕਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ ਕਿਉਂਕਿ ਉਨ੍ਹਾਂ ਦੀ ਸ਼ਮੂਲੀਅਤ ਤੋਂ ਬਿਨਾਂ ਆਧਾਰ 'ਚ ਸੰਨ੍ਹ ਲਾਉਣਾ ਅਸੰਭਵ ਕੰਮ ਹੈ। ਯਾਦ ਰਹੇ ਕਿ 'ਦਿ ਟ੍ਰਿਬਿਊਨ' ਅਖਬਾਰ ਦੀ ਪੱਤਰਕਾਰ ਰਚਨਾ ਖਹਿਰਾ ਨੇ ਦਾਅਵਾ ਕੀਤਾ ਸੀ ਕਿ ਸਿਰਫ 500 ਰੁਪਏ ਵਿਚ ਆਧਾਰ ਨੂੰ ਸੰਨ੍ਹ ਲਾਈ ਜਾ ਸਕਦੀ ਹੈ। ਉਸ ਨੇ ਖੁਦ 500 ਰੁਪਏ ਦੇ ਕੇ ਡਾਟਾ ਹਾਸਲ ਕੀਤਾ ਸੀ।

## Matrimonials

### ਲੜਕੀ ਦੀ ਲੋੜ ਹੈ

Wanted suitable girl for Ramgarhia Sikh Electrical engineer boy 29, 5'-9". Turbaned, Non Alcoholic. Working in a reputed company.Well settled. Caste no bar. Call: 313-718-0178

2-5

Ramgariah family looking for a suitable Ramgariah match for their U. S. born son, Sr. Financial Analyst 34 years, 5'-10". Please contact: jsnov1973@aol.com

51/4

ਜੱਟ ਸਿੱਖ ਤੂਰ, 32 ਸਾਲ, ਕੱਦ 6 ਫੁੱਟ, ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਆਏ ਲੜਕੇ, ਐਮ. ਐਸਸੀ. (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ) ਲਈ ਅਮਰੀਕਾ ਜਾਂ ਕੈਨੇਡਾ ਦੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਹੁਣੀਂ ਦੋ ਭਰਾ ਹਨ ਤੇ 30 ਏਕੜ ਜਮੀਨ ਹੈ। ਸੰਪਰਕ ਕਰੋ, ਫੋਨ: 734-262-6929

52-3

# ਭੀਮਾ-ਕੋਰੇਗਾਓਂ ਹਿੰਸਾ: ਹਿੰਦੂਤਵੀ ਤਾਕਤਾਂ ਵੱਲ ਉਠੀ ਉਂਗਲ

**ਪੂਣੇ:** ਮਹਾਰਾਸ਼ਟਰ ਵਿਚ ਜਾਤ ਆਧਾਰਿਤ ਹਿੰਸਾ ਦਾ ਮੁੱਖ ਕੇਂਦਰ ਰਹੇ ਭੀਮਾ-ਕੋਰੇਗਾਓਂ ਪਿੰਡ ਦੇ ਵਸਨੀਕਾਂ ਨੇ ਦੋਸ਼ ਲਾਇਆ ਹੈ ਕਿ ਬਾਹਰੀ ਹਿੰਦੂਤਵੀ ਤਾਕਤਾਂ ਨੇ ਹਿੰਸਾ ਭੜਕਾਈ। ਉਨ੍ਹਾਂ ਦਾਅਵਾ ਕੀਤਾ ਕਿ ਵਿਸ਼ਾਲ ਸਮਾਗਮ ਦੌਰਾਨ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਨਾ ਹੋਣ ਕਰ ਕੇ ਵੀ ਗੜਬੜ ਫੈਲੀ।

ਭੀਮਾ-ਕੋਰੇਗਾਓਂ ਪਿੰਡ ਦੀ ਸਰਪੰਚ ਸੁਨੀਤਾ ਕਾਂਬਲੇ ਨੇ ਕਿਹਾ ਕਿ ਕੁਝ ਬਾਹਰੀ ਅਨਸਰਾਂ ਨੇ ਪਿੰਡ 'ਚ ਅਸ਼ਾਂਤੀ ਫੈਲਾਈ। ਹਿੰਸਾ ਦੌਰਾਨ ਜਿਨ੍ਹਾਂ ਲੋਕਾਂ ਦੀ ਜਾਇਦਾਦ ਅਤੇ ਵਾਹਨ ਨੁਕਸਾਨੇ ਗਏ ਹਨ, ਉਸ ਦਾ ਮੁਆਵਜ਼ਾ ਸਰਕਾਰ ਅਦਾ ਕਰੇ। ਉਨ੍ਹਾਂ ਮੰਗ ਕੀਤੀ ਕਿ ਝੜਪਾਂ ਦੌਰਾਨ ਮਾਰੇ ਗਏ ਰਾਹੁਲ ਫਟਾਂਗਲੇ ਦੇ ਨਜ਼ਦੀਕੀਆਂ ਨੂੰ ਇਕ ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਇਕ ਹੋਰ ਪਿੰਡ ਵਾਸੀ ਵਰੁਸ਼ਲੀ ਗਾਵਾਨੇ ਦਾਅਵਾ ਕੀਤਾ ਕਿ ਭੀੜ ਨੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਉਤੇ ਹਮਲੇ ਕੀਤੇ। ਉਸ ਨੇ ਦੋਸ਼ ਲਾਇਆ ਕਿ ਕੁਝ ਬਾਹਰੀ ਅਨਸਰਾਂ ਨੇ ਨੇਤਰਹੀਣ ਲੜਕੀ ਨਾਲ ਵੀ ਕੁੱਟਮਾਰ ਕਰਨ ਦੀ ਕੋਸ਼ਿਸ਼ ਕੀਤੀ। ਪਿੰਡ ਵਾਸੀਆਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡ ਵਿਚ ਪਾਣੀ ਅਤੇ ਬਿਜਲੀ ਤੱਕ ਨਹੀਂ ਹੈ ਪਰ ਬਦਕਿਸਮਤੀ ਨਾਲ ਸਰਕਾਰ ਨੇ ਹਾਲਾਤ ਉਤੇ ਕੋਈ ਗੌਰ ਨਹੀਂ ਕੀਤਾ ਹੈ।

# ਹੁਣ ਸਿਨੇਮਾ ਘਰਾਂ 'ਚ ਸਾਬਤ ਨਹੀਂ ਕਰਨੀ ਪਵੇਗੀ ਦੇਸ਼ ਭਗਤੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਪਣੇ ਪਹਿਲੇ ਹੁਕਮਾਂ ਨੂੰ ਉਲਟਾਉਂਦਿਆਂ ਸਿਨੇਮਾ ਘਰਾਂ ਵਿਚ ਫਿਲਮ ਚਲਾਉਣ ਤੋਂ ਪਹਿਲਾਂ ਕੌਮੀ ਤਰਾਨਾ ਵਜਾਉਣ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਕਿਹਾ ਕਿ ਇਹ ਲਾਜ਼ਮੀ ਨਹੀਂ ਹੈ। ਉਚ ਅਦਾਲਤ ਨੇ 30 ਨਵੰਬਰ 2016 ਦੇ ਆਪਣੇ ਪਹਿਲੇ ਫੈਸਲੇ ਵਿਚ ਸਿਨਮਾ ਘਰਾਂ ਵਿਚ ਫਿਲਮ ਦਿਖਾਉਣ ਤੋਂ ਪਹਿਲਾਂ ਕੌਮੀ ਤਰਾਨਾ ਵਜਾਉਣ ਨੂੰ ਲਾਜ਼ਮੀ ਕਰਾਰ ਦਿੱਤਾ ਸੀ।

ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਕੇਂਦਰ ਵੱਲੋਂ ਬਣਾਈ ਗਈ 12 ਮੈਂਬਰੀ ਅੰਤਰ ਮੰਤਰਾਲਾ ਕਮੇਟੀ ਇਸ ਮਾਮਲੇ 'ਤੇ ਅੰਤਿਮ ਫੈਸਲਾ ਲਏਗੀ। ਕੇਂਦਰ ਦਾ ਫੈਸਲਾ ਉਚ ਅਦਾਲਤ ਵੱਲੋਂ ਬੀਤੇ ਵਰ੍ਹੇ ਇਹ ਕਹਿਣ ਕਿ ਦੇਸ਼ ਭਗਤੀ ਲੋਕਾਂ ਉਤੇ ਥੋਪੀ ਨਹੀਂ ਜਾ ਸਕਦੀ ਅਤੇ ਇਹ ਨਹੀਂ ਸਮਝਿਆ ਜਾ ਸਕਦਾ ਕਿ ਜੇ ਕੋਈ ਵਿਅਕਤੀ ਕੌਮੀ ਤਰਾਨੇ ਦੌਰਾਨ ਖੜ੍ਹਾ ਨਹੀਂ ਹੁੰਦਾ ਤਾਂ ਉਹ ਘੱਟ ਦੇਸ਼ ਭਗਤ ਹੈ, ਦੇ ਬਾਅਦ ਆਇਆ ਹੈ। ਅਦਾਲਤ ਨੇ ਕਿਹਾ ਸੀ ਕਿ ਸਮਾਜ ਨੂੰ ਦੇਸ਼ ਭਗਤੀ ਬਾਰੇ ਦੱਸਣ ਦੀ ਲੋੜ ਨਹੀਂ ਹੈ। ਇਸ ਤੋਂ ਬਾਅਦ ਸਰਕਾਰ ਲੋਕਾਂ ਨੂੰ ਸਿਨਮਾ ਘਰਾਂ ਵਿਚ ਟੀ-ਸ਼ਰਟ ਅਤੇ ਹੋਰ ਕੱਪੜੇ ਪਾਉਣ ਲਈ ਵਰਜੇਗੀ ਕਿਉਂ ਕਿ ਇਸ ਨਾਲ ਕੌਮੀ ਤਰਾਨੇ ਦੀ ਬੇਅਦਬੀ ਹੁੰਦੀ ਹੈ।

ਬੈਂਚ 'ਚ ਮੌਜੂਦ ਜਸਟਿਸ ਏ.ਐਮ. ਖਾਨਵਿਲਕਰ ਅਤੇ ਡੀ.ਵਾਈ. ਚੰਦਰਚੂੜ ਨੇ ਇਹ ਕਹਿੰਦਿਆਂ ਪਟੀਸ਼ਨਰ ਨੂੰ ਪੈਨਲ ਅੱਗੇ ਆਪਣਾ ਪੱਖ ਰੱਖਣ ਦੀ ਮਨਜ਼ੂਰੀ ਦੇ ਦਿੱਤੀ ਕਿ ਕਮੇਟੀ ਕੌਮੀ ਤਰਾਨਾ ਵਜਾਉਣ ਸਬੰਧੀ ਸਾਰੇ ਪਹਿਲੂਆਂ 'ਤੇ ਗੌਰ ਕਰੇਗੀ ਤੇ ਪੈਨਲ ਅੱਗੇ ਆਪਣਾ ਪੱਖ ਰੱਖੇਗੀ। ਆਲ ਇੰਡੀਆ ਮਜਲਿਸੇ ਇਤਿਹਾਦ ਉਲ ਮੁਸਲਮੀਨ ਦੇ ਪ੍ਰਧਾਨ ਅਸਦੂਦੀਨ ਓਵਾਇਸੀ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਭਾਜਪਾ ਨੂੰ ਝਟਕਾ ਲੱਗਾ ਹੈ।

## *'ਆਪ' ਤੇ ਲੋਕ ਇਨਸਾਫ ਪਾਰਟੀ ਰਲ ਕੇ ਲੜਨਗੇ ਨਿਗਮ ਚੋਣ*

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਅਤੇ ਲੋਕ ਇਨਸਾਫ ਪਾਰਟੀ ਦੇ ਗੱਠਜੋੜ ਵੱਲੋਂ ਆਉਂਦੀਆਂ ਲੁਧਿਆਣਾ ਨਿਗਮ ਚੋਣਾਂ ਸਾਂਝੇ ਤੌਰ 'ਤੇ ਲੜਨ ਦਾ ਫੈਸਲਾ ਲਿਆ ਗਿਆ ਹੈ। ਉਮੀਦਵਾਰਾਂ ਦੀ ਚੋਣ ਹਲਕਿਆਂ ਦੀ ਵੰਡ ਤੇ ਮੁਕੰਮਲ ਤਾਲਮੇਲ ਲਈ ਦੋਵਾਂ ਪਾਰਟੀਆਂ ਦੇ ਨੁਮਾਇੰਦਿਆਂ ਉਤੇ ਆਧਾਰਤ 13 ਮੈਂਬਰੀ ਤਾਲਮੇਲ ਕਮੇਟੀ ਵੀ ਬਣਾਈ ਗਈ ਹੈ, ਜਿਸ ਦੀ ਕਨਵੀਨਰ ਵਿਰੋਧੀ ਧਿਰ ਦੀ ਨੇਤਾ ਤੇ ਵਿਧਾਇਕ ਬੀਬੀ ਸਰਵਜੀਤ ਕੌਰ ਮਾਣੂੰਕੇ ਨੂੰ ਬਣਾਇਆ ਗਿਆ ਹੈ।

# ਬਲਜਿੰਦਰ ਸਿੰਘ ਦੀ ਅਮਰੀਕੀ ਨਾਗਰਿਕਤਾ ਰੱਦ

**ਵਾਸ਼ਿੰਗਟਨ:** ਅਮਰੀਕਾ ਨੇ ਇਕ ਭਾਰਤੀ ਦੀ ਨਾਗਰਿਕਤਾ ਖਤਮ ਕਰ ਦਿੱਤੀ ਹੈ। ਅਧਿਕਾਰੀਆਂ ਅਨੁਸਾਰ ਉਸ ਨੇ ਫਰਜ਼ੀ ਤਰੀਕੇ ਨਾਲ ਨਾਗਰਿਕਤਾ ਹਾਸਲ ਕੀਤੀ ਸੀ। ਜ਼ਿਕਰਯੋਗ ਹੈ ਕਿ ਬਲਜਿੰਦਰ ਸਿੰਘ ਉਰਫ ਦਵਿੰਦਰ ਸਿੰਘ (43) 25 ਸਤੰਬਰ 1991 ਨੂੰ ਟਰੈਵਲ ਦਸਤਾਵੇਜ਼ਾਂ ਦੇ ਬਿਨਾਂ ਸੈਨ ਫਰਾਂਸਿਸਕੋ ਕੌਮਾਂਤਰੀ ਹਵਾਈ ਅੱਡੇ ਉਤੇ ਪੁੱਜਾ ਸੀ। ਉਦੋਂ ਉਸ ਨੇ ਦਾਅਵਾ ਕੀਤਾ ਸੀ ਕਿ ਉਸ ਦਾ ਨਾਂ ਦਵਿੰਦਰ ਸਿੰਘ ਹੈ। ਉਸ ਉਤੇ ਰੋਕ ਲਾ ਦਿੱਤੀ ਗਈ ਤੇ ਉਸ ਨੂੰ ਇਮੀਗਰੇਸ਼ਨ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਗਿਆ ਪਰ ਉਹ ਉਥੇ ਪੇਸ਼ ਨਹੀਂ ਹੋਇਆ।

7 ਜਨਵਰੀ 1992 ਨੂੰ ਉਸ ਨੂੰ ਦੇਸ਼ ਵਿਚੋਂ ਕੱਢਣ ਦਾ ਹੁਕਮ ਦਿੱਤਾ ਗਿਆ, ਪਰ ਚਾਰ ਹਫਤੇ ਮਗਰੋਂ 6 ਫਰਵਰੀ 1992 ਵਿਚ ਉਸ ਨੇ ਬਲਜਿੰਦਰ ਸਿੰਘ ਦੇ ਨਾਂ ਉਤੇ ਸ਼ਰਣ ਲਈ ਅਰਜ਼ੀ ਦਿੱਤੀ। ਉਸ ਨੇ ਦਾਅਵਾ ਕੀਤਾ ਕਿ ਉਹ ਭਾਰਤੀ ਹੈ ਤੇ ਬਿਨਾਂ ਜਾਂਚ ਅਮਰੀਕਾ ਆਇਆ ਹੈ। ਇਸੇ ਦੌਰਾਨ ਉਸ ਨੇ ਅਮਰੀਕੀ ਨਾਗਰਿਕ ਨਾਲ ਵਿਆਹ ਕਰਾ ਲਿਆ। ਜਿਸ ਨੇ ਉਸ ਵੱਲੋਂ ਵੀਜ਼ਾ ਪਟੀਸ਼ਨ ਫਾਈਲ ਕੀਤੀ। ਨਿਊ ਜਰਸੀ ਦੀ ਜ਼ਿਲ੍ਹਾ ਅਦਾਲਤ ਨੇ 5 ਜਨਵਰੀ ਨੂੰ ਉਸ ਦੀ ਨਾਗਰਿਕਤਾ ਰੱਦ ਕਰਨ ਦਾ ਫੈਸਲਾ ਸੁਣਾਇਆ।

# ਗੋਬਿੰਦ ਸਿੰਘ ਤੁੰਗ ਸੁਰਗਵਾਸ

**ਬੇਕਰਜ਼ਫੀਲਡ (ਬਿਊਰੋ):** ਸਥਾਨਕ ਪਤਵੰਤੇ ਸੱਜਣ ਸ. ਗੋਬਿੰਦ ਸਿੰਘ ਤੁੰਗ 101 ਸਾਲ ਦੀ ਉਮਰ ਭੋਗ ਕੇ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਪਿੱਛੋਂ ਬਰਨਾਲ ਜਿਲ੍ਹੇ ਦੇ ਪਿੰਡ ਸੰਧੂ ਕਲਾਂ ਤੋਂ ਸਨ।

ਸਵਰਗੀ ਤੁੰਗ ਦਾ ਅੰਤਿਮ ਸਸਕਾਰ 13 ਜਨਵਰੀ, ਸਨਿਚਰਵਾਰ ਨੂੰ ਸਵੇਰੇ 10 ਵਜੇ ਤੋਂ 12 ਵਜੇ ਦਰਮਿਆਨ ਇਥੇ ਗਰੀਨ ਲਾਅਨ ਸਾਊਥ ਵੈਸਟ ਮੌਰਚਰੀ (2739 ਪਨਾਮਾ ਲੇਨ, ਬਿਲਡਿੰਗ ਏ) ਵਿਖੇ ਹੋਵੇਗਾ। ਅੰਤਿਮ ਅਰਦਾਸ ਗੁਰਦੁਆਰਾ ਸਿੱਖ ਟੈਂਪਲ (2400 ਸਾਊਥ ਪੀ ਸਟਰੀਟ) ਬੇਕਰਜ਼ਫੀਲਡ ਵਿਖੇ ਬਾਅਦ ਦੁਪਹਿਰ 12 ਤੋਂ 2:30 ਵਜੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ: 661-303-9562, 661-332-8920 ਜਾਂ 661-805-1878 ਰਾਹੀਂ ਕੀਤਾ ਜਾ ਸਕਦਾ ਹੈ।



# ਡੋਪ 'ਚ ਉਲਝਿਆ ਯੂਸਫ ਪਠਾਨ

**ਨਵੀਂ ਦਿੱਲੀ:** ਭਾਰਤ ਦੇ ਤੇਜ਼ ਗੇਂਦਬਾਜ਼ ਰਹਿ ਚੁੱਕੇ ਇਰਫਾਨ ਪਠਾਨ ਦੇ ਭਰਾ ਯੂਸੁਫ ਪਠਾਨ ਦਾ ਡੋਪ ਟੈਸਟ ਫੇਲ੍ਹ ਹੋ ਗਿਆ ਹੈ। ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਉਸ 'ਤੇ 5 ਮਹੀਨਿਆਂ ਤੱਕ ਖੇਡਣ ਦੀ ਰੋਕ ਲਾ ਦਿੱਤੀ ਹੈ।

ਪਠਾਨ ਦੇ ਨਮੂਨਿਆਂ ਦਾ ਨਤੀਜਾ ਬੀਤੇ ਸਾਲ ਅਕਤੂਬਰ ਵਿਚ ਆ ਗਿਆ ਸੀ ਪਰ ਉਸ ਨੂੰ ਸਜ਼ਾ ਦਾ ਐਲਾਨ ਹੁਣ ਕੀਤਾ ਗਿਆ ਹੈ। ਇਰਫਾਨ ਪਠਾਨ ਡੋਪ ਟੈਸਟ ਵਿਚ ਪਹਿਲਾ ਕ੍ਰਿਕਟਰ ਹੈ। ਬੀਤੇ ਸਾਲ 16 ਮਾਰਚ, 2017 ਨੂੰ ਵਿਜੇ ਹਜ਼ਾਰੇ ਟ੍ਰਾਫੀ ਦੌਰਾਨ ਦਿੱਲੀ ਵਿਚ ਹੋਏ ਮੈਚ ਤੋਂ ਪਹਿਲਾਂ ਪਠਾਨ ਦੇ ਪਿਸ਼ਾਬ ਦੇ ਨਮੂਨੇ ਲਏ ਗਏ ਸਨ। ਇਨ੍ਹਾਂ ਨਮੂਨਿਆਂ ਵਿਚ ਟਰਬੂਟਲਾਈਨ ਨਾਂ ਦਾ ਪਦਾਰਥ ਪਾਇਆ ਗਿਆ।


# ਵੇਟਰ ਅਤੇ ਹੈਲਪਰ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।**

ਰਿਹਾਇਸ਼ ਫਰੀ, ਚੰਗੀ ਤਨਖਾਹ

**ਸੰਪਰਕ ਕਰੋ: ਸੰਨੀ, ਫੋਨ: 608-630-0287**

52-4

# ਰੈਸਟੋਰੈਂਟ ਲਈ ਲੋੜ ਹੈ



**ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ**

**ਸੰਪਰਕ ਕਰੋ:**

**ਫੋਨ: 262-391-7666**

2-

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਬੈਂਕ ਡਕੈਤੀਆਂ ਤੇ ਲੁੱਟ-ਖੋਹ 'ਚ ਪੰਜਾਬ ਦਾ ਚੌਥਾ ਨੰਬਰ



**ਚੰਡੀਗੜ੍ਹ:** ਭਾਰਤ ਵਿਚ 2012 ਤੋਂ 2017 ਤੱਕ ਏਟੀਐਮਜ਼ ਤੇ ਬੈਂਕ ਲੁੱਟਣ, ਪਾੜ ਲਾਉਣ ਤੇ ਡਾਕੇ ਦੇ 40,404 ਕੇਸ ਦਰਜ ਹੋਏ ਹਨ, ਜਿਸ ਵਿਚੋਂ ਸਭ ਤੋਂ ਵੱਧ ਕੇਸ ਬਿਹਾਰ ਵਿਚ ਦਰਜ ਹੋਏ ਹਨ ਤੇ ਇਸ ਮਾਮਲੇ ਵਿਚ ਪੰਜਾਬ ਚੌਥੇ ਨੰਬਰ ਉਤੇ ਹੈ। ਬਿਹਾਰ ਵਿਚ 4856 ਕੇਸ ਦਰਜ ਹੋਏ ਹਨ, ਜਦੋਂਕਿ 4260 ਮਾਮਲਿਆਂ ਨਾਲ ਉਤਰ ਪ੍ਰਦੇਸ਼ ਦੂਜੇ, 4222 ਮਾਮਲਿਆਂ ਨਾਲ ਪੱਛਮੀ ਬੰਗਾਲ ਤੀਜੇ, 2701 ਮਾਮਲਿਆਂ ਨਾਲ ਪੰਜਾਬ ਚੌਥੇ ਤੇ 2608 ਮਾਮਲਿਆਂ ਨਾਲ ਹਰਿਆਣਾ ਪੰਜਵੇਂ ਸਥਾਨ ਉਤੇ ਰਿਹਾ ਹੈ।

ਆਰ.ਟੀ.ਆਈ. ਤਹਿਤ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਵੱਲੋਂ ਮਿਲੀ ਸੂਚਨਾ ਮੁਤਾਬਕ ਦੇਸ਼ ਭਰ ਵਿਚ ਬੈਂਕ ਅਤੇ ਏਟੀਐਮਜ਼ ਲੁੱਟਣ ਦੇ ਮਾਮਲਿਆਂ ਵਿਚ ਸਭ ਤੋਂ ਵੱਧ 14808 ਲੁੱਟ ਦੇ ਨਾਲ ਕਤਲ ਤੇ ਸੱਟਾਂ ਮਾਰਨ ਦੀਆਂ ਘਟਨਾਵਾਂ ਹਨ, ਜਦੋਂਕਿ ਪਾੜ ਲਾਉਣ ਦੀਆਂ 13247, ਚੋਰੀ ਦੀਆਂ 11396 ਤੇ ਡਕੈਤੀ ਦੀਆਂ 919 ਘਟਨਾਵਾਂ ਵਾਪਰੀਆਂ ਹਨ।

ਇਸ ਤੋਂ ਬਿਨਾਂ 34 ਘਟਨਾਵਾਂ ਹੋਰ ਤਰੀਕਿਆਂ ਨਾਲ ਬੈਂਕਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਵਾਪਰੀਆਂ ਹਨ। ਬੈਂਕ ਡਕੈਤੀਆਂ ਦੇ ਮਾਮਲੇ ਵਿਚ ਦਾਦਰ ਨਗਰ ਹਵੇਲੀ, ਦਮਨ ਆਦਿ ਸ਼ਾਂਤ ਖੇਤਰ ਰਹੇ ਹਨ। ਇਥੇ ਪਿਛਲੇ ਪੰਜ ਸਾਲਾਂ ਵਿਚ ਸਿਰਫ 1-1 ਘਟਨਾ ਹੀ ਵਾਪਰੀ ਹੈ। ਇਸੇ ਤਰ੍ਹਾਂ ਤਿਲੰਗਾਨਾ ਵਿਚ ਬੈਂਕ ਡਕੈਤੀ ਦੀਆਂ ਸਿਰਫ 2 ਘਟਨਾਵਾਂ ਵਾਪਰੀਆਂ ਹਨ, ਜਦੋਂਕਿ ਅੰਡੇਮਾਨ ਨਿਕੋਬਾਰ ਵਿਚ 3 ਤੇ ਮਨੀਪੁਰ ਵਿਚ 6 ਕੇਸ ਦਰਜ ਹੋਏ ਹਨ।

ਮਹਾਰਾਸ਼ਟਰ ਵਿਚ ਬੈਂਕ ਡਕੈਤੀ ਦੇ 2492, ਮੱਧ ਪ੍ਰਦੇਸ਼ ਵਿਚ 2486, ਰਾਜਸਥਾਨ ਵਿਚ 2467, ਆਸਾਮ ਵਿਚ 2255, ਉੜੀਸਾ ਵਿਚ 1850, ਗੁਜਰਾਤ ਵਿਚ 1755, ਆਂਧਰਾ ਪ੍ਰਦੇਸ਼ ਵਿਚ 1686, ਝਾਰਖੰਡ ਵਿਚ 1543, ਕਰਨਾਟਕਾ ਵਿਚ 878, ਦਿੱਲੀ ਵਿਚ 864, ਛੱਤੀਸਗੜ੍ਹ ਵਿਚ 715, ਜੰਮੂ ਕਸ਼ਮੀਰ ਵਿਚ 498, ਹਿਮਾਚਲ ਪ੍ਰਦੇਸ਼ ਵਿਚ 498, ਉਤਰਾਂਚਲ ਵਿਚ 458, ਚੰਡੀਗੜ੍ਹ ਵਿਚ 218, ਕੇਰਲਾ ਵਿਚ 184, ਮੇਘਾਲਿਆ 209, ਗੋਆ 61, ਤ੍ਰਿਪੁਰਾ 42, ਨਾਗਾਲੈਂਡ ਤੇ ਅਰੁਣਾਚਲ ਪ੍ਰਦੇਸ਼ ਵਿਚ 31 ਘਟਨਾਵਾਂ ਪਿਛਲੇ ਪੰਜ ਵਰ੍ਹਿਆਂ ਵਿਚ ਵਾਪਰੀਆਂ ਹਨ। ਪੰਜਾਬ ਵਿਚ 2012 ਤੋਂ 2017 ਤੱਕ ਬੈਂਕ ਡਕੈਤੀਆਂ ਦੀਆਂ 2701 ਘਟਨਾਵਾਂ ਵਾਪਰੀਆਂ ਹਨ, ਜਿਸ ਵਿਚ ਜ਼ਿਆਦਾ ਮਾਮਲੇ ਪਾੜ ਲਾਉਣ ਦੇ 1347 ਹਨ, ਜਦੋਂਕਿ ਚੋਰੀ ਦੇ 1067, ਡਕੈਤੀ ਦੇ 364 ਤੇ ਅਸਪਸ਼ਟ ਘਟਨਾਵਾਂ ਦੇ 23 ਕੇਸ ਦਰਜ ਕੀਤੇ ਗਏ ਹਨ।

### ਅੰਮ੍ਰਿਤਸਰ ਸਭ ਤੋਂ ਅੱਗੇ

ਬੈਂਕ ਡਕੈਤੀਆਂ ਦੇ ਮਾਮਲੇ ਵਿਚ ਅੰਮ੍ਰਿਤਸਰ ਸਭ ਤੋਂ ਅੱਗੇ ਹੈ। ਇਸ ਜ਼ਿਲ੍ਹੇ ਵਿਚ ਸਭ ਤੋਂ ਵੱਧ ਬੈਂਕ ਡਕੈਤੀਆਂ ਪਿਛਲੇ 5 ਸਾਲਾਂ ਵਿਚ 563 ਦਰਜ ਕੀਤੀਆਂ ਗਈਆਂ ਹਨ, ਜਦੋਂਕਿ ਸਭ ਤੋਂ ਘੱਟ ਬੈਂਕ ਡਕੈਤੀਆਂ 13 ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚ ਹੋਈਆਂ ਹਨ। ਬੈਂਕ ਡਕੈਤੀਆਂ ਦੇ ਮਾਮਲੇ ਵਿਚ ਲੁਧਿਆਣਾ 373 ਮਾਮਲਿਆਂ ਨਾਲ ਦੂਜੇ ਅਤੇ ਰੂਪਨਗਰ 328 ਘਟਨਾਵਾਂ ਨਾਲ ਤੀਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਜਲੰਧਰ ਵਿਚ 230 ਤੇ ਬਠਿੰਡਾ ਵਿਚ 192 ਬੈਂਕ ਡਕੈਤੀ ਦੇ ਕੇਸ ਦਰਜ ਹੋਏ ਹਨ।

# ਧੀ ਦੇ ਵਿਆਹ ਲਈ ਬੈਂਕ ਵਿਚੋਂ ਕਢਵਾਏ ਸਾਢੇ 9 ਲੱਖ ਲੁੱਟੇ

**ਕੋਟਕਪੂਰਾ:** ਲੁਟੇਰਿਆਂ ਨੇ ਇਕ ਕਿਸਾਨ ਤੋਂ 9.50 ਲੱਖ ਰੁਪਏ ਲੁੱਟ ਲਏ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਹਰੀਕੇ ਕਲਾਂ ਦਾ ਕਿਸਾਨ ਸੁਖਰਾਜ ਸਿੰਘ ਬੈਂਕ ਵਿਚੋਂ ਲੜਕੀ ਦੇ ਵਿਆਹ ਲਈ ਰਕਮ ਕਢਵਾਉਣ ਲਈ ਆਇਆ ਸੀ। ਸੁਖਰਾਜ ਸਿੰਘ ਜਦੋਂ ਨਕਦੀ ਵਾਲਾ ਲਿਫਾਫਾ ਲੈ ਕੇ ਬੈਂਕ ਦੇ ਬਾਹਰ ਖੜ੍ਹੀ ਆਪਣੀ ਕਾਰ ਵਿਚ ਬੈਠਾ ਤਾਂ ਬੱਤੀਆਂ ਵਾਲੇ ਚੌਕ ਪਾਸਿਓਂ ਆਈ ਇਨੋਵਾ ਗੱਡੀ ਵਿਚ ਸਵਾਰ ਦੋ ਨੌਜਵਾਨ ਗੱਡੀ ਮੂਹਰੇ ਆ ਕੇ ਖੜ੍ਹੇ ਹੋ ਗਏ। ਉਨ੍ਹਾਂ ਡੱਬ ਵਿਚੋਂ ਰਿਵਾਲਵਰ ਕੱਢ ਕੇ ਕਾਰ ਉਤੇ ਗੋਲੀ ਚਲਾ ਦਿੱਤੀ।

ਚਸ਼ਮਦੀਦ ਗਵਾਹਾਂ ਮੁਤਾਬਕ ਜਦੋਂ ਲੁਟੇਰਿਆਂ ਨੇ ਗੋਲੀ ਚਲਾਈ ਤਾਂ ਸੁਖਰਾਜ ਥੱਲੇ ਹੋ ਗਿਆ ਜਿਸ ਕਰ ਕੇ ਗੋਲੀ ਸ਼ੀਸ਼ੇ ਨੂੰ ਚੀਰ ਕੇ ਕਾਰ ਦੀ ਅਗਲੀ ਸੀਟ ਉਤੇ ਵੱਜੀ। ਦੂਜੇ ਲੁਟੇਰੇ ਨੇ ਕਾਰ ਦੀ ਡਰਾਈਵਰ ਸਾਈਡ ਵਾਲਾ ਸ਼ੀਸ਼ਾ ਭੰਨ ਕੇ ਉਸ ਵਿਚੋਂ ਨੋਟਾਂ ਵਾਲਾ ਲਿਫਾਫਾ ਖੋਹ ਲਿਆ ਅਤੇ ਫਰਾਰ ਹੋ ਗਏ।

# ਹਨੀਪ੍ਰੀਤ ਖਿਲਾਫ ਟਿਪਣੀ ਕਰ ਕੇ ਬੁਰੀ ਫਸੀ ਰਾਖੀ ਸਾਵੰਤ

**ਸੋਨੀਪਤ:** ਡੇਰਾ ਸਿਰਸਾ ਮੁਖੀ ਰਾਮ ਰਹੀਮ ਤੇ ਉਸ ਦੀ ਧੀ ਹਨੀਪ੍ਰੀਤ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਦੇ ਰਿਸ਼ਤਿਆਂ ਬਾਰੇ ਬਹੁਤ ਚਰਚਾਵਾਂ ਛਿੜੀਆਂ। ਜਿਥੇ ਹਨੀਪ੍ਰੀਤ ਦੇ ਸਾਬਕਾ ਪਤੀ ਵਿਸ਼ਵਾਸ ਗੁਪਤਾ ਨੇ ਦੋਵਾਂ ਦੇ ਨਾਜਾਇਜ਼ ਸਬੰਧਾਂ ਦੀ ਗੱਲ ਕੀਤੀ ਸੀ, ਉਥੇ ਅਦਾਕਾਰਾ ਰਾਖੀ ਸਾਵੰਤ ਨੇ ਵੀ ਅਜਿਹੀਆਂ ਗੱਲਾਂ ਕੀਤੀਆਂ ਸਨ। ਇਸ ਤੋਂ ਬਾਅਦ ਹਨੀਪ੍ਰੀਤ ਦੇ ਪਰਿਵਾਰਕ ਮੈਂਬਰਾਂ ਨੇ ਪਾਨੀਪਤ ਦੇ ਵਕੀਲ ਮੋਮਿਨ ਮਲਿਕ ਰਾਹੀਂ ਰਾਖੀ ਸਾਵੰਤ ਨੂੰ ਕਾਨੂੰਨੀ ਨੋਟਿਸ ਜਾਰੀ ਕਰਵਾਇਆ ਹੈ। ਉਨ੍ਹਾਂ 5 ਕਰੋੜ ਦਾ ਦਾਅਵਾ ਤੇ 30 ਦਿਨਾਂ ਦੇ ਅੰਦਰ ਜਨਤਕ ਤੌਰ ਉਤੇ ਮੁਆਫੀ ਮੰਗਣ ਦਾ ਨੋਟਿਸ ਜਾਰੀ ਕੀਤਾ ਹੈ।



ਹਨੀਪ੍ਰੀਤ ਦੇ ਪਰਿਵਾਰ ਨੇ ਕਿਹਾ ਕਿ ਰਾਖੀ ਨੇ ਸੁਰਖੀਆਂ ਵਿਚ ਆਉਣ ਲਈ ਪਿਉ-ਧੀ ਦੇ ਪਵਿੱਤਰ ਰਿਸ਼ਤੇ 'ਤੇ ਇਤਰਾਜ਼ਯੋਗ ਟਿਪਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਰਾਖੀ ਨੇ 30 ਦਿਨਾਂ ਦੇ ਅੰਦਰ-ਅੰਦਰ ਜਨਤਕ ਮੁਆਫੀ ਨਾ ਮੰਗੀ ਤੇ ਹਰਜਾਨਾ ਨਹੀਂ ਭਰਿਆ ਤਾਂ ਉਸ ਵਿਰੁੱਧ ਅਦਾਲਤੀ ਕਾਰਵਾਈ ਆਰੰਭੀ ਜਾਵੇਗੀ।

# ਪੰਜਾਬ ਦੀਆਂ ਜੇਲ੍ਹਾਂ 'ਚ ਗੈਂਗਸਟਰਾਂ ਦੀ ਹਕੂਮਤ

**ਪਟਿਆਲਾ:** ਗੈਂਗਸਟਰਾਂ ਦੀਆਂ ਧਮਕੀਆਂ, ਢਾਂਚੇ ਦੀ ਘਾਟ ਅਤੇ ਸਟਾਫ ਦੀ ਕਮੀ ਕਾਰਨ ਸੂਬੇ ਦੀਆਂ ਜੇਲ੍ਹਾਂ ਵੱਲ ਪੁਲਿਸ ਅਫਸਰ ਮੂੰਹ ਨਹੀਂ ਕਰ ਰਹੇ। ਪੁਲਿਸ ਅਫਸਰਾਂ ਦੀ ਜੇਲ੍ਹ ਸੁਪਰਡੈਂਟ ਵਜੋਂ ਡਿਊਟੀ ਲੱਗਣ ਬਾਅਦ ਕਈ ਛੁੱਟੀ ਲੈ ਗਏ ਜਾਂ ਆਪਣਾ ਪ੍ਰਭਾਵ ਵਰਤ ਕੇ ਹੋਰ ਥਾਂ ਡਿਊਟੀ ਲਵਾ ਲਈ। ਇਸ ਸਮੇਂ ਪੰਜਾਬ ਦੀਆਂ ਤਿੰਨ ਕੇਂਦਰੀ ਜੇਲ੍ਹਾਂ ਸੁਪਰਡੈਂਟ ਪੱਧਰ ਦੇ ਅਧਿਕਾਰੀ ਤੋਂ ਸੱਖਣੀਆਂ ਹਨ ਕਿਉਂਕਿ ਜਿਹੜੇ ਅਫਸਰਾਂ ਦੀ ਡਿਊਟੀ ਲਾਈ ਸੀ, ਉਨ੍ਹਾਂ ਨੇ ਜੁਆਇਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ।



ਜਾਣਕਾਰੀ ਮੁਤਾਬਕ ਜਿਹੜੇ ਅਫਸਰਾਂ ਦੇ ਡੈਪੂਟੇਸ਼ਨ 'ਤੇ ਜੇਲ੍ਹ ਸੁਪਰਡੈਂਟ ਵਜੋਂ ਆਰਡਰ ਕੀਤੇ ਗਏ ਸਨ, ਉਹ ਛੁੱਟੀ ਉਤੇ ਹਨ ਅਤੇ ਪੋਸਟਿੰਗ ਹੋਣ ਦੇ 15 ਦਿਨਾਂ ਬਾਅਦ ਵੀ ਜੁਆਇਨ ਨਹੀਂ ਕੀਤਾ ਹੈ। ਅਜਿਹੇ ਅਫਸਰਾਂ ਵਿਚ ਜਸਪਾਲ ਸਿੰਘ ਹੰਸ (ਫਰੀਦਕੋਟ), ਸ਼ਮਸ਼ੇਰ ਸਿੰਘ ਬੋਪਾਰਾਏ (ਲੁਧਿਆਣਾ) ਅਤੇ ਐਸ.ਐਸ. ਮੰਡ (ਅੰਮ੍ਰਿਤਸਰ) ਸ਼ਾਮਲ ਹਨ।

ਇਕ ਹੀ ਪੀ.ਪੀ.ਐਸ. ਅਫਸਰ ਰਣਬੀਰ ਉਪਲ ਮੈਦਾਨ ਵਿਚ ਨਿੱਤਰਿਆ ਹੈ, ਜੋ ਗੁਰਦਾਸਪੁਰ ਜੇਲ੍ਹ ਸੁਪਰਡੈਂਟ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ। ਪਿਛਲੇ ਮਹੀਨੇ ਦੀ ਸ਼ੁਰੂਆਤ ਵਿਚ ਇਕ ਸੀਨੀਅਰ ਆਈ.ਪੀ.ਐਸ. ਅਫਸਰ ਨੇ ਵੀ ਜੇਲ੍ਹ ਵਿਚ ਡਿਊਟੀ ਤੋਂ ਛੋਟ ਮੰਗੀ ਸੀ।

ਕੁੱਝ ਅਫਸਰਾਂ ਨੇ ਕਿਹਾ ਕਿ ਖਾਸ ਕੈਦੀਆਂ ਨਾਲ ਵੱਖਰਾ ਵਤੀਰਾ ਕੀਤੇ ਜਾਣ ਲਈ ਪੈਂਦਾ ਸਿਆਸੀ ਦਬਾਅ ਅਹਿਮ ਖਾਮੀ ਹੈ।

### ਪੁਲਿਸ ਨੂੰ 'ਪਕੋਕਾ' ਤੋਂ ਵੱਡੀਆਂ ਆਸਾਂ

**ਚੰਡੀਗੜ੍ਹ:** ਪੰਜਾਬ ਵਿਚ ਸਰਗਰਮ ਗੈਂਗਸਟਰਾਂ ਦੀਆਂ ਗਤੀਵਿਧੀਆਂ ਉਤੇ ਲਗਾਮ ਲਾਉਣ ਲਈ ਸੂਬਾਈ ਪੁਲਿਸ ਨੂੰ 'ਪੰਜਾਬ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਾਈਮ ਐਕਟ' (ਪਕੋਕਾ) ਇਕ 'ਜਾਦੂ ਦੀ ਛੜੀ' ਵਾਂਗ ਦਿਖਾਈ ਦੇਣ ਲੱਗਾ ਹੈ। ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਪੁਲਿਸ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਕਾਨੂੰਨ ਵਿਵਸਥਾ ਦੇ ਮੁੱਦੇ ਤੋਂ ਵੱਡੀ ਚੁਣੌਤੀ ਕਰਾਰ ਦਿੰਦਿਆਂ ਕਿਹਾ ਕਿ ਸਖਤ ਕਾਨੂੰਨ ਦੀ ਅਣਹੋਂਦ ਕਾਰਨ ਗੈਂਗਸਟਰ ਅਦਾਲਤਾਂ ਵਿਚੋਂ ਬਰੀ ਹੋ ਜਾਂਦੇ ਹਨ, ਕਿਉਂਕਿ ਗੈਂਗਸਟਰਾਂ ਦੀ ਦਹਿਸ਼ਤ ਤੇ ਧਮਕੀਆਂ ਕਾਰਨ ਪੀੜਤ ਗਵਾਹੀਆਂ ਨਹੀਂ ਦਿੰਦੇ। ਇਸ ਕਰ ਕੇ 99 ਫੀਸਦੀ ਕੇਸ ਅਦਾਲਤਾਂ ਵਿਚੋਂ ਫੇਲ੍ਹ ਹੋ ਰਹੇ ਹਨ।

# ਪੁਲਿਸ ਦੀ ਨਾਅਹਿਲੀਅਤ ਨੇ ਜੂਡੋ ਖਿਡਾਰਨ ਦੀ ਜਾਨ ਲਈ

**ਬਟਾਲਾ:** ਪਿੰਡ ਗੁਜਰਪੁਰਾ ਦੀ ਰਹਿਣ ਵਾਲੀ ਜੂਡੋ ਕਰਾਟੇ ਦੀ ਖਿਡਾਰਨ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ। ਖੁਦਕੁਸ਼ੀ ਦਾ ਕਾਰਨ ਜ਼ਮੀਨੀ ਵਿਵਾਦ ਤੋਂ ਉਪਜਿਆ ਝਗੜਾ ਤੇ ਪੁਲਿਸ ਵੱਲੋਂ ਉਕਤ ਮਸਲੇ ਬਾਰੇ ਰਾਜ਼ੀਨਾਮਾ ਕਰਨ ਸਬੰਧੀ ਪਾਇਆ ਦਬਾਅ ਦੱਸਿਆ ਜਾ ਰਿਹਾ ਹੈ। ਮ੍ਰਿਤਕਾ ਕੁਲਦੀਪ ਕੌਰ ਦੀ ਉਮਰ ਸਿਰਫ 25 ਸਾਲ ਦੀ ਸੀ ਤੇ ਉਹ ਜੂਡੋ ਕਰਾਟੇ ਦੀ ਕੌਮੀ ਪੱਧਰੀ ਖਿਡਾਰਨ ਸੀ। ਉਸ ਦਾ ਭਰਾ ਸਤਵੰਤ ਸਿੰਘ ਫੌਜ ਵਿਚ ਹੈ ਤੇ ਅਰੁਣਾਚਲ ਪ੍ਰਦੇਸ਼ ਵਿਚ ਤਾਇਨਾਤ ਹੈ।



ਸਤਵੰਤ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਕੁਝ ਲੋਕ ਉਨ੍ਹਾਂ ਦੀ ਜ਼ਮੀਨ ਉਤੇ ਜ਼ਬਰਦਸਤੀ ਕਬਜ਼ਾ ਕਰ ਰਹੇ ਹਨ। ਉਸ ਦੀ ਮਾਂ ਤੇ ਭੈਣ ਉਤੇ ਵਿਰੋਧੀਆਂ ਨੇ ਹਮਲਾ ਵੀ ਕੀਤਾ ਸੀ। ਇਸ ਤੋਂ ਬਾਅਦ ਜਦੋਂ ਪੁਲਿਸ ਨੂੰ ਸ਼ਿਕਾਇਤ ਦਿੱਤੀ ਤਾਂ ਕੋਈ ਕਾਰਵਾਈ ਨਹੀਂ ਹੋਈ। ਉਸ ਵੱਲੋਂ ਇਹ ਮਾਮਲਾ ਫੌਜ ਦੇ ਅਧਿਕਾਰੀਆਂ ਰਾਹੀਂ ਪੁਲਿਸ ਦੇ ਆਹਲਾ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਸੀ, ਫਿਰ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਸਤਵੰਤ ਸਿੰਘ ਮੁਤਾਬਕ ਇਕ ਪੁਲਿਸ ਅਧਿਕਾਰੀ ਤੇ ਜ਼ਮੀਨ ਹੜੱਪਣ ਵਾਲੇ ਲੋਕ ਉਨ੍ਹਾਂ ਉਤੇ ਰਾਜ਼ੀਨਾਮਾ ਕਰਨ ਲਈ ਦਬਾਅ ਪਾਇਆ ਜਾਣ ਲੱਗਾ।

ਕੁਲਦੀਪ ਕੌਰ ਇਸ ਤੋਂ ਇੰਨੀ ਪਰੇਸ਼ਾਨ ਹੋ ਗਈ ਤੇ ਉਸ ਨੇ ਖੁਦਕੁਸ਼ੀ ਕਰ ਲਈ। ਜ਼ਿਕਰਯੋਗ ਹੈ ਕਿ ਅੱਠ ਜਨਵਰੀ ਨੂੰ ਕੁਲਦੀਪ ਕੌਰ ਦੀ ਵੱਡੀ ਭੈਣ ਬਲਬੀਰ ਕੌਰ ਦਾ ਵਿਆਹ ਤੈਅ ਹੋਇਆ ਸੀ, ਪਰ ਇਸ ਘਟਨਾ ਕਾਰਨ ਘਰ ਵਿਚ ਮਾਤਮ ਛਾ ਗਿਆ। ਮ੍ਰਿਤਕਾ ਦੇ ਪਰਿਵਾਰ ਨੇ ਵਾਰ-ਵਾਰ ਪੁਲਿਸ ਦੀ ਕਾਰਗੁਜ਼ਾਰੀ ਉਤੇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਪਰਿਵਾਰ ਲਈ ਸੁਰੱਖਿਆ ਦੀ ਮੰਗ ਵੀ ਕੀਤੀ। ਮ੍ਰਿਤਕਾ ਦੀ ਭੈਣ ਬਲਵੀਰ ਕੌਰ ਦੇ ਬਿਆਨਾ ਦੇ ਆਧਾਰ ਉਤੇ 14 ਲੋਕਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

# ਗੁਰਦੁਆਰਿਆਂ ਵਿਚ ਹੋਵੇਗੀ ਨਵਿਆਈ ਜਾਣ ਵਾਲੀ ਊਰਜਾ ਦੀ ਵਰਤੋਂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਾਤਾਵਰਣ ਨੂੰ ਬਚਾਉਣ ਲਈ ਇਤਿਹਾਸਕ ਗੁਰਦੁਆਰਿਆਂ ਅਤੇ ਵਿਦਿਅਕ ਅਦਾਰਿਆਂ ਵਿਚ ਨਵਿਆਉਣਯੋਗ ਊਰਜਾ ਦੇ ਸਰੋਤਾਂ ਦੀ ਵਰਤੋਂ ਕਰਨ ਦਾ ਫੈਸਲਾ ਕੀਤਾ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕੇਂਦਰੀ ਨਵਿਆਉਣਯੋਗ ਊਰਜਾ ਮੰਤਰੀ ਆਰ.ਕੇ. ਸਿੰਘ ਨਾਲ ਮੁਲਾਕਾਤ ਕੀਤੀ। ਸ੍ਰੀ ਜੀ.ਕੇ. ਨੇ ਦੱਸਿਆ ਕਿ ਕਮੇਟੀ ਨੇ ਪੰਜ ਇਤਿਹਾਸਕ ਗੁਰਦੁਆਰਿਆਂ ਅਤੇ ਚਾਰ ਉਚ ਵਿਦਿਅਕ ਅਦਾਰਿਆਂ ਵਿਚ ਪਹਿਲੇ ਗੇੜ ਵਿਚ ਇਕ ਮੈਗਾਵਾਟ ਬਿਜਲੀ ਪੈਦਾ ਕਰਨ ਦੇ ਸਮਰੱਥ ਸੂਰਜੀ ਊਰਜਾ ਪਲਾਂਟ ਲਗਾਉਣ ਦਾ ਫੈਸਲਾ ਲਿਆ ਹੈ, ਤਾਂ ਕਿ ਗੁਰੂਆਂ ਵੱਲੋਂ ਵਾਤਾਵਰਣ ਦੀ ਸੰਭਾਲ ਕਰਨ ਦੇ ਦਿੱਤੇ ਸਿਧਾਂਤ ਉਤੇ ਪਹਿਰਾ ਦਿੱਤਾ ਜਾ ਸਕੇ।

# ਕੈਂਸਰ ਰਾਹਤ ਫੰਡ ਨੂੰ ਭ੍ਰਿਸ਼ਟਾਚਾਰ ਦਾ ਘੁਣ

**ਬਠਿੰਡਾ:** ਮੁੱਖ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਘਪਲੇ ਦਾ ਧੂੰਆਂ ਉਠਣ ਲੱਗਾ ਹੈ। ਕੈਂਸਰ ਰਾਹਤ ਫੰਡ ਮਰੀਜ਼ਾਂ ਤੱਕ ਨਹੀਂ ਪੁੱਜ ਰਿਹਾ ਹੈ। ਇਸ ਦੀ ਮੁਢਲੀ ਜਾਂਚ ਵਿਜੀਲੈਂਸ ਨੇ ਕੀਤੀ ਹੈ। ਇਕ ਮਰੀਜ਼ ਦਾ ਫੰਡ ਰਾਹ ਵਿਚ ਹੀ ਗਾਇਬ ਹੋਣ ਦੀ ਪੁਸ਼ਟੀ ਹੋਣ ਉਤੇ ਵਿਜੀਲੈਂਸ ਅਫਸਰਾਂ ਦੇ ਸ਼ੱਕ ਵਧ ਗਏ। ਮਾਮਲਾ ਹੁਣ ਚੌਕਸੀ ਵਿਭਾਗ ਨੂੰ ਸੌਂਪਿਆ ਗਿਆ ਹੈ। ਅਫਸਰਾਂ ਨੇ ਤਾਂ ਕੈਂਸਰ ਰਾਹਤ ਫੰਡਾਂ ਵਿਚ ਵੱਡਾ ਘਪਲਾ ਹੋਣ ਦੀ ਗੱਲ ਰੱਖੀ ਹੈ। ਚੌਕਸੀ ਵਿਭਾਗ ਨੇ ਹਰੀ ਝੰਡੀ ਦਿੱਤੀ ਤਾਂ ਪੂਰੇ ਫੰਡਾਂ ਦੀ ਜਾਂਚ ਹੋਣੀ ਸੰਭਵ ਹੋਵੇਗੀ।



ਜ਼ਿਕਰਯੋਗ ਹੈ ਕਿ ਗੱਠਜੋੜ ਸਰਕਾਰ ਸਮੇਂ ਸਾਲ 2011 ਵਿਚ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਦਾ ਗਠਨ ਹੋਇਆ ਸੀ, ਜਿਸ ਤਹਿਤ ਕੈਂਸਰ ਮਰੀਜ਼ਾਂ ਨੂੰ ਇਲਾਜ ਖਾਤਰ ਪ੍ਰਤੀ ਕੇਸ ਡੇਢ ਲੱਖ ਰੁਪਏ ਦੀ ਰਕਮ ਦਿੱਤੀ ਜਾਂਦੀ ਹੈ। ਵਿਜੀਲੈਂਸ ਬਠਿੰਡਾ ਨੇ ਡਾ. ਮਨਜੀਤ ਸਿੰਘ ਜੌੜਾ ਦੀ ਸ਼ਿਕਾਇਤ ਦੀ ਪੜਤਾਲ ਕੀਤੀ ਜਿਸ ਤੋਂ ਫੰਡਾਂ ਉਤੇ ਉਂਗਲ ਉਠੀ ਹੈ। ਭਾਵੇਂ ਮਾਮਲਾ ਫਿਲਹਾਲ ਇਕੋ ਮਰੀਜ਼ ਦਿਵਿਆ ਰਾਣੀ ਦਾ ਹੈ, ਜਿਸ ਦੀ 14 ਫਰਵਰੀ 2017 ਨੂੰ ਮੌਤ ਹੋ ਚੁੱਕੀ ਹੈ। ਮੁਢਲੀ ਪੜਤਾਲ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਦਿਵਿਆ ਰਾਣੀ ਨੂੰ 45,600 ਰੁਪਏ ਦੀ ਇਲਾਜ ਲਈ ਜੋ ਰਕਮ ਪ੍ਰਵਾਨ ਹੋਈ ਸੀ, ਉਹ ਉਸ ਨੂੰ ਮਿਲੀ ਹੀ ਨਹੀਂ ਹੈ। ਪੜਤਾਲ ਰਿਪੋਰਟ ਅਨੁਸਾਰ ਫਰੀਦਕੋਟ ਦੇ ਇਕ ਮੈਡੀਕਲ ਸਟੋਰ ਵੱਲੋਂ ਫਰਜ਼ੀ ਬਿੱਲ ਜਾਰੀ ਕੀਤੇ ਗਏ ਹਨ ਜਿਨ੍ਹਾਂ ਦਾ ਇੰਦਰਾਜ ਕਲੇਮ ਫਾਰਮ ਵਿਚ ਵੀ ਹੈ, ਦੇ ਅਧਾਰ ਉਤੇ ਸਰਕਾਰ ਤੋਂ ਇਲਾਜ ਵਾਲੇ ਪੈਸੇ ਮਨਜ਼ੂਰ ਕਰਾਏ ਗਏ ਹਨ। ਇਹ ਰਕਮ ਦਿਵਿਆ ਰਾਣੀ ਨੂੰ ਨਹੀਂ ਮਿਲੀ। ਫਰੀਦਕੋਟ ਦੀ ਜਿਸ ਫਰਮ ਨੂੰ ਕੈਂਸਰ ਦੀਆਂ ਦਵਾਈਆਂ ਸਪਲਾਈ ਕਰਨ ਦਾ ਟੈਂਡਰ ਦਿੱਤਾ ਗਿਆ, ਉਸ ਦੇ ਲਾਇਸੈਂਸ ਦੀ ਮਿਆਦ ਲੰਘੀ ਹੋਈ ਸੀ।

ਭਾਈ ਘਨੱਈਆ ਕੈਂਸਰ ਰੋਕੋ ਸੁਸਾਇਟੀ ਫਰੀਦਕੋਟ ਵੱਲੋਂ ਵੀ ਇਸ ਬਾਰੇ ਇਕ ਸ਼ਿਕਾਇਤ ਸਾਲ 2013 ਵਿਚ ਐਸ.ਐਸ.ਪੀ. ਫਰੀਦਕੋਟ ਨੂੰ ਦਿੱਤੀ ਗਈ ਸੀ, ਜਿਸ ਦੀ ਪੜਤਾਲ ਵਿਸ਼ੇਸ਼ ਜਾਂਚ ਟੀਮ ਬਣਾ ਕੇ ਕੀਤੀ ਗਈ ਸੀ। ਪੜਤਾਲ 'ਚ ਇਸ ਦੀ ਪੁਸ਼ਟੀ ਹੋਈ ਸੀ ਪਰ ਉਦੋਂ ਇਸ ਮਾਮਲੇ 'ਚ ਹੋਏ ਵਿੱਤੀ ਨੁਕਸਾਨ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਵਿਜੀਲੈਂਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵੱਲੋਂ ਲੋੜੀਂਦੇ ਦਸਤਾਵੇਜ਼ ਵੀ ਨਹੀਂ ਦਿੱਤੇ ਗਏ ਹਨ।

# ਆਮ ਆਦਮੀ ਪਾਰਟੀ ਨੂੰ ਵਿਵਾਦਾਂ ਨੇ ਮੁੜ ਪਾਇਆ ਘੇਰਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਫਿਰ ਇਹ ਵਿਵਾਦਾਂ ਵਿਚ ਘਿਰ ਗਈ ਹੈ। ਰਾਜ ਸਭਾ ਦੀਆਂ ਤਿੰਨ ਸੀਟਾਂ ਉਤੇ ਉਮੀਦਵਾਰਾਂ ਦੀ ਚੋਣ 'ਤੇ ਪਾਰਟੀ ਅੰਦਰ ਵੱਡੇ ਪੱਧਰ ਉਤੇ ਵਿਰੋਧ ਉਠ ਖਲੋਤਾ। ਤਿੰਨਾਂ ਉਮੀਦਵਾਰਾਂ ਵਿਚੋਂ ਇਕ ਵੱਡਾ ਕਾਰੋਬਾਰੀ ਸੁਸ਼ੀਲ ਗੁਪਤਾ ਹੈ ਤੇ ਦੂਜਾ ਇਕ ਲੇਖਾਕਾਰ (ਸੀ.ਏ.) ਐਨ.ਡੀ. ਗੁਪਤਾ। ਸੁਸ਼ੀਲ ਗੁਪਤਾ ਕੁਝ ਸਮਾਂ ਪਹਿਲਾਂ ਕਾਂਗਰਸ ਨਾਲ ਜੁੜਿਆ ਰਿਹਾ ਤੇ 'ਆਪ' ਦੇ ਆਗੂਆਂ ਖਿਲਾਫ਼ ਲਗਾਤਾਰ ਬਿਆਨਬਾਜ਼ੀ ਕੀਤੀ। ਤੀਜੀ ਸੀਟ ਕੇਜਰੀਵਾਲ ਨੇ ਆਪਣੇ ਸਾਥੀ ਸੰਜੇ ਸਿੰਘ ਨੂੰ ਦਿੱਤੀ, ਜਿਸ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਕਾਰਵਾਈਆਂ ਉਤੇ ਉਂਗਲਾਂ ਉਠਦੀਆਂ ਰਹੀਆਂ।

ਇਸ ਅਮਲ ਵਿਚ ਕੇਜਰੀਵਾਲ ਨੇ ਪਾਰਟੀ ਨਾਲ ਮੁੱਢ ਤੋਂ ਹੀ ਜੁੜੇ ਹੋਏ ਵੱਡੇ ਆਗੂਆਂ ਨੂੰ ਪੂਰੀ ਤਰ੍ਹਾਂ ਦਰਕਿਨਾਰ ਅਤੇ ਅਣਗੌਲਿਆ ਕਰ ਦਿੱਤਾ। ਆਉਂਦੇ ਸਮੇਂ ਵਿਚ ਪਾਰਟੀ ਅੰਦਰ ਪੈਦਾ ਹੋਏ ਹਾਲਾਤ ਹੋਰ ਵੀ ਉਲਝਣ ਦੇ ਅਸਾਰ ਬਣ ਗਏ ਹਨ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦਾ ਦਾਅਵਾ ਸੀ ਕਿ ਦੇਸ਼ ਭਰ ਤੋਂ 18 ਲੋਕਾਂ ਦੇ ਨਾਂ ਮਿਲੇ ਸਨ ਜਿਨ੍ਹਾਂ ਵਿਚੋਂ 11 ਉਪਰ ਕਮੇਟੀ ਅੰਦਰ ਚਰਚਾ ਕੀਤੀ ਗਈ।

ਉਨ੍ਹਾਂ ਦਾ ਕਹਿਣਾ ਸੀ ਕਿ ਸੰਜੇ ਸਿੰਘ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜੇ ਰਹੇ ਹਨ ਅਤੇ ਉਨ੍ਹਾਂ ਦਾ ਸਾਰਾ ਜੀਵਨ ਸੰਘਰਸ਼ਾਂ ਨਾਲ ਭਰਿਆ ਰਿਹਾ ਹੈ। ਨਰਾਇਣ ਦਾਸ ਗੁਪਤਾ ਸੀਏ ਐਸੋਸੀਏਸ਼ਨ ਦੇ ਪ੍ਰਧਾਨ ਹਨ ਅਤੇ ਆਰਥਿਕਤਾ ਸਬੰਧੀ ਸੰਸਥਾਵਾਂ ਨਾਲ ਜੁੜੇ ਰਹੇ ਹਨ ਜਿਨ੍ਹਾਂ ਭਾਰਤ ਸਰਕਾਰ ਨਾਲ ਮਿਲ ਕੇ ਵੱਡੇ ਪੱਧਰ 'ਤੇ ਆਰਥਿਕ ਨੀਤੀਆਂ ਬਣਾਉਣ ਵਿਚ ਸਹਿਯੋਗ ਦਿੱਤਾ ਸੀ। ਤੀਜੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਸਿੱਖਿਆ ਤੇ ਡਾਕਟਰੀ ਖੇਤਰ ਨਾਲ ਜੁੜੇ ਹੋਏ ਹਨ ਜਿਨ੍ਹਾਂ ਦਾ ਦਿੱਲੀ ਤੇ ਹਰਿਆਣਾ ਵਿਚ ਕਾਫੀ ਯੋਗਦਾਨ ਹੈ ਜੋ 15 ਹਜ਼ਾਰ ਬੱਚਿਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ ਅਤੇ ਚਾਰ ਚੈਰੀਟੇਬਲ ਹਸਪਤਾਲ ਚਲਾ ਰਹੇ ਹਨ। ਦੱਸ ਦਈਏ ਕਿ ਸੁਸ਼ੀਲ ਗੁਪਤਾ ਨੇ 'ਆਪ' ਖਿਲਾਫ਼ ਦਸਤਖਤ ਮੁਹਿੰਮ ਚਲਾਈ ਸੀ।

ਮੁਹਿੰਮ ਦੌਰਾਨ ਦੋਸ਼ ਲਾਇਆ ਗਿਆ ਸੀ ਕਿ ਅਰਵਿੰਦ ਕੇਜਰੀਵਾਲ ਨੇ 854 ਕਰੋੜ ਦੀ ਜਨਤਾ ਦੀ ਕਮਾਈ ਆਪਣੇ ਪ੍ਰਚਾਰ ਵਿਚ ਲੁਟਾ ਦਿੱਤੀ। ਉਸ ਨੇ ਇਹ ਪੈਸਾ ਹਾਸਲ ਕਰਨ ਲਈ 'ਵਸੂਲੀ ਦਿਵਸ' ਵੀ ਮਨਾਇਆ ਸੀ। ਯਾਦ ਰਹੇ ਕਿ 'ਆਪ' ਵਿਚ ਅਜਿਹੇ ਵਿਵਾਦ ਕੋਈ ਨਵੀਂ ਗੱਲ ਨਹੀਂ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿਚ 70 ਵਿਚੋਂ 67 ਸੀਟਾਂ ਲੈਣ ਦੇ ਦੇਸ਼ ਦੀ ਸਿਆਸਤ ਵਿਚ ਹਲਚਲ ਮਚਾਉਣ ਵਾਲੀ ਇਹ ਧਿਰ ਉਮੀਦਵਾਰਾਂ ਦੀ ਚੋਣ ਸਮੇਂ ਹਰ ਵਾਰ ਕਲੇਸ਼ ਵਿਚ ਪਈ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਇਸ ਨੂੰ ਇਹ ਕਲੇਸ਼ ਲੈ ਡੁੱਬਾ ਸੀ। ਇਸੇ ਕਲੇਸ਼ ਕਾਰਨ 'ਆਪ' ਨੂੰ ਖੜ੍ਹਾ ਕਰਨ ਵਾਲੇ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਣ ਵਰਗੇ ਵੱਡੇ ਨੇਤਾ ਨਿਰਾਸ਼ ਹੋ ਕੇ ਇਸ ਤੋਂ ਕਿਨਾਰਾ ਕਰ ਗਏ। ਇਸ ਤੋਂ ਬਾਅਦ ਨਿਰਾਸ਼ ਹੋਣ ਵਾਲੇ ਆਗੂਆਂ ਦੀ ਕਤਾਰ ਲੰਮੀ ਹੁੰਦੀ ਗਈ, ਜਿਸ ਨੇ ਪਾਰਟੀ ਦੇ ਉਭਾਰ ਨੂੰ ਵੀ ਰੋਕ ਦਿੱਤਾ ਅਤੇ ਇਸ ਨੂੰ ਕਮਜ਼ੋਰ ਵੀ ਕਰ ਦਿੱਤਾ। ਜੋ ਪਾਰਟੀ ਪੰਜਾਬ ਦੀ ਰਾਜ ਸੱਤਾ ਸੰਭਾਲਣ ਦੇ ਸੁਪਨੇ ਦੇਖ ਰਹੀ ਸੀ, ਉਹ ਵਿਧਾਨ ਸਭਾ 'ਚ ਸਿਰਫ 20 ਸੀਟਾਂ 'ਤੇ ਹੀ ਸਿਮਟ ਕੇ ਰਹਿ ਗਈ। ਦਿੱਲੀ ਵਿਚ ਵੀ ਪਿਛਲੇ ਵਰ੍ਹਿਆਂ 'ਚ ਜਿਸ ਤਰ੍ਹਾਂ ਦਾ ਪ੍ਰਸ਼ਾਸਨ ਇਸ ਨਵੀਂ ਪਾਰਟੀ ਨੇ ਦਿੱਤਾ ਹੈ, ਉਸ ਤੋਂ ਲੋਕਾਂ ਨੂੰ ਵਧੇਰੇ ਨਿਰਾਸ਼ਾ ਹੀ ਹੋਈ ਹੈ। ਅੰਦਰੂਨੀ ਝਗੜਿਆਂ ਨੇ ਇਸ ਨੂੰ ਇਕ ਤਰ੍ਹਾਂ ਨਾਲ ਬਿਖੇਰ ਦਿੱਤਾ ਹੈ। ਸਭ ਤੋਂ ਵੱਡੀ ਗੱਲ ਇਸ ਦੇ ਆਗੂਆਂ ਉਤੇ ਖਈ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੇ ਦੋਸ਼ ਲਗਦੇ ਰਹੇ ਹਨ।

### ਰਾਜ ਸਭਾ ਲਈ ਉਮੀਦਵਾਰਾਂ ਦੀ ਚੋਣ ਉਤੇ ਉਠੇ ਸਵਾਲ



### ਪੁਰਾਣੇ ਸਾਥੀਆਂ ਵੱਲੋਂ ਕੇਜਰੀਵਾਲ ਦੀ ਆਲੋਚਨਾ

**ਨਵੀਂ ਦਿੱਲੀ:** ਪਾਰਟੀ ਤੋਂ ਬਾਹਰਲੇ ਲੋਕਾਂ ਨੂੰ ਰਾਜ ਸਭਾ ਉਮੀਦਵਾਰ ਬਣਾਏ ਜਾਣ ਮਗਰੋਂ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਮੁੜ ਪੁਰਾਣੇ ਸਾਥੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ। ਸਵਰਾਜ ਇੰਡੀਆ ਦੇ ਸੰਸਥਾਪਕ ਅਤੇ ਅੰਨਾ ਅੰਦੋਲਨ ਦੌਰਾਨ ਕੇਜਰੀਵਾਲ ਦੇ ਸਾਥੀ ਰਹੇ ਯੋਗੇਂਦਰ ਯਾਦਵ ਨੇ ਟਵੀਟ ਕੀਤਾ, "ਪਿਛਲੇ ਤਿੰਨ ਸਾਲਾਂ ਤੋਂ ਮੈਂ ਕਿੰਨੇ ਹੀ ਲੋਕਾਂ ਨੂੰ ਸਮਝਾਇਆ ਕਿ ਅਰਵਿੰਦ ਕੇਜਰੀਵਾਲ ਨੂੰ ਕੋਈ ਨਹੀਂ ਖਰੀਦ ਸਕਦਾ। ਇਸ ਲਈ ਕਪਿਲ ਮਿਸ਼ਰਾ ਦੇ ਦੋਸ਼ਾਂ ਨੂੰ ਮੈਂ ਖਾਰਜ ਕੀਤਾ ਸੀ। ਅੱਜ ਸਮਝ ਨਹੀਂ ਆ ਰਹੀ ਕਿ ਹੁਣ ਮੈਂ ਕੀ ਆਖਾਂ? ਹੈਰਾਨ ਹਾਂ, ਸ਼ਰਮਸਾਰ ਵੀ!" ਪ੍ਰਸ਼ਾਂਤ ਭੂਸ਼ਣ ਨੇ ਵੀ ਰਾਜ ਸਭਾ ਲਈ ਬਾਹਰੋਂ ਲਏ ਗਏ ਦੋ ਉਮੀਦਵਾਰਾਂ ਬਾਰੇ ਕਿਹਾ ਕਿ ਇਹ 'ਆਪ' ਦਾ ਘੋਰ ਪਤਨ ਹੈ। ਬਾਗੀ ਵਿਧਾਇਕ ਕਪਿਲ ਮਿਸ਼ਰਾ ਨੇ ਪਾਰਟੀ ਉਤੇ ਪੈਸੇ ਵਾਲਿਆਂ ਨੂੰ ਟਿਕਟ ਦੇਣ ਦਾ ਦੋਸ਼ ਲਾਇਆ। ਸਾਬਕਾ ਜਲ ਮੰਤਰੀ ਨੇ ਕਿਹਾ ਕਿ ਪਾਰਟੀ ਨੇ 'ਲੀਡਰ' ਤੇ 'ਡੀਲਰ' ਵਿਚੋਂ ਇਕ ਨੂੰ ਚੁਣਿਆ ਹੈ।

### ਸੱਚ ਬੋਲਣ ਦੀ ਮਿਲੀ ਸਜ਼ਾ: ਵਿਸ਼ਵਾਸ

**ਨਵੀਂ ਦਿੱਲੀ:** ਕੁਮਾਰ ਵਿਸ਼ਵਾਸ ਨੇ ਕਿਹਾ ਕਿ ਉਨ੍ਹਾਂ ਨੂੰ ਸਰਜੀਕਲ ਸਟ੍ਰਾਈਕ, ਟਿਕਟ ਵੰਡ ਵਿਚ ਗੜਬੜੀ ਅਤੇ ਜੇ.ਐਨ.ਯੂ. ਵਰਗੇ ਮੁੱਦਿਆਂ ਉਤੇ ਸੱਚ ਬੋਲਣ ਦੀ ਸਜ਼ਾ ਦਿੱਤੀ ਗਈ ਹੈ। ਕੇਜਰੀਵਾਲ ਉਤੇ ਤਨਜ ਕਸਦਿਆਂ ਉਨ੍ਹਾਂ ਕਿਹਾ ਕਿ ਸੁਸ਼ੀਲ ਗੁਪਤਾ ਤੇ ਐਨ.ਡੀ. ਗੁਪਤਾ ਨੂੰ 'ਅੰਦੋਲਨਕਾਰੀਆਂ ਦੀ ਆਵਾਜ਼ ਤੇ ਮਹਾਨ ਕ੍ਰਾਂਤੀਕਾਰੀ' ਦੱਸਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨਾਲ ਸਹਿਮਤ ਹੋ ਕੇ ਪਾਰਟੀ ਵਿਚ ਜ਼ਿੰਦਾ ਰਹਿਣਾ ਸੰਭਵ ਨਹੀਂ ਹੈ।

# ਕੈਪਟਨ ਦੇ ਜਾਂਚ ਕਮਿਸ਼ਨਾਂ ਤੋਂ ਘਾਬਰਿਆ ਅਕਾਲੀ ਦਲ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਦੇ ਦੋ ਸੇਵਾ ਮੁਕਤ ਜੱਜਾਂ ਜਸਟਿਸ ਰਣਜੀਤ ਸਿੰਘ ਅਤੇ ਮਹਿਤਾਬ ਸਿੰਘ ਗਿੱਲ ਦੀ ਅਗਵਾਈ ਵਾਲੇ ਜਾਂਚ ਕਮਿਸ਼ਨਾਂ ਦੀਆਂ ਗਤੀਵਿਧੀਆਂ ਤੋਂ ਸ਼੍ਰੋਮਣੀ ਅਕਾਲੀ ਦਲ ਅੰਦਰਲੀ ਘਬਰਾਹਟ ਸਾਹਮਣੇ ਆਉਣ ਲੱਗੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਹਾਂ ਸੇਵਾ ਮੁਕਤ ਜੱਜਾਂ ਉਤੇ ਕਾਂਗਰਸ ਸਰਕਾਰ ਦੀਆਂ ਸਿਆਸੀ ਇੱਛਾਵਾਂ ਦੀ ਪੂਰਤੀ ਕਰਨ ਦੀ ਦਿਸ਼ਾ 'ਚ ਕੰਮ ਕਰਨ ਦੇ ਦੋਸ਼ ਲਾਏ।

ਉਨ੍ਹਾਂ ਮੰਗ ਕੀਤੀ ਕਿ ਬਰਗਾੜੀ (ਫਰੀਦਕੋਟ) ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਸਬੰਧੀ ਜਾਂਚ ਦਾ ਕੰਮ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਨੂੰ ਸੌਂਪਿਆ ਜਾਣਾ ਚਾਹੀਦਾ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਸੇਵਾ ਮੁਕਤ ਜੱਜ ਤੋਂ ਜਾਂਚ ਕਰਾਉਣ ਅਤੇ ਕਿਸੇ ਮੌਜੂਦਾ ਜੱਜ ਨੂੰ ਜਾਂਚ ਨਾ ਸੌਂਪਣ ਦੇ ਸਵਾਲ ਦਾ ਭਾਵੇਂ ਅਕਾਲੀ ਦਲ ਦੇ ਪ੍ਰਧਾਨ ਨੇ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ, ਪਰ ਕਾਂਗਰਸ ਸਰਕਾਰ ਵੱਲੋਂ ਬਣਾਏ ਕਮਿਸ਼ਨ ਉਤੇ ਬੇਭਰੋਸਗੀ ਪ੍ਰਗਟਾਈ ਹੈ।

ਸੁਖਬੀਰ ਬਾਦਲ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਅਬੋਹਰ ਖੇਤਰ ਵਿਚ ਸਭ ਤੋਂ ਜ਼ਿਆਦਾ ਝੂਠੇ ਕੇਸ ਦਰਜ ਹੋ ਰਹੇ ਹਨ ਤੇ ਕਾਂਗਰਸ ਦੇ ਸੂਬਾ ਪ੍ਰਧਾਨ ਹੀ ਅਕਾਲੀ ਦਲ ਦੇ ਬੇਅਦਬੀ 'ਚ ਸ਼ਾਮਲ ਹੋਣ ਦੇ ਜਨਤਕ ਤੌਰ ਉਤੇ ਬਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਜਾਖੜ ਇਕ ਤਰ੍ਹਾਂ ਫੈਸਲਾ ਹੀ ਸੁਣਾ ਰਹੇ ਹਨ।

ਸੁਖਬੀਰ ਬਾਦਲ ਨੇ ਕਿਹਾ ਕਿ ਇਸੇ ਤਰ੍ਹਾਂ ਸੁਪਰੀਮ ਕੋਰਟ ਦਾ ਕੋਈ ਮੌਜੂਦਾ ਜੱਜ ਅਕਾਲੀ-ਭਾਜਪਾ ਦੇ ਕਾਰਜਕਾਲ ਅਤੇ ਕਾਂਗਰਸ ਹਕੂਮਤ ਦੇ ਪਿਛਲੇ ਦਸ ਮਹੀਨਿਆਂ ਦੌਰਾਨ, ਖਾਸ ਕਰ ਕੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਜੱਦੀ ਸ਼ਹਿਰ ਵਿਚ ਦਰਜ ਝੂਠੇ ਕੇਸਾਂ ਦੀ ਜਾਂਚ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦਾ ਕੋਈ ਮੌਜੂਦਾ ਜੱਜ ਅਕਾਲੀ-ਭਾਜਪਾ ਕਾਰਜਕਾਲ ਅਤੇ ਮੌਜੂਦਾ ਕਾਂਗਰਸ ਸਰਕਾਰ ਦੀ ਹਕੂਮਤ ਦੌਰਾਨ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਸਾਰੀਆਂ ਘਟਨਾਵਾਂ ਦੀ ਜਾਂਚ ਕਰ ਸਕਦਾ ਹੈ। ਜੱਜ ਨੂੰ ਜਾਂਚ ਵਿਚ ਪੂਰਾ ਸਹਿਯੋਗ ਦਿੱਤਾ ਜਾਵੇਗਾ। ਛੋਟੇ ਬਾਦਲ ਨੇ ਕਿਹਾ ਕਿ ਜਸਟਿਸ ਮਹਿਤਾਬ ਸਿੰਘ ਦੀ ਅਗਵਾਈ ਵਾਲਾ ਮੌਜੂਦਾ ਕਮਿਸ਼ਨ ਪਹਿਲਾਂ ਹੀ ਭਰੋਸੇਯੋਗਤਾ ਗੁਆ ਚੁੱਕਾ ਹੈ, ਕਿਉਂਕਿ ਇਸ ਕਮਿਸ਼ਨ ਵੱਲੋਂ ਜਾਂਚ ਪੂਰੀ ਕੀਤੇ ਜਾਣ ਤੋਂ ਪਹਿਲਾਂ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਅਤੇ ਸੁਨੀਲ ਜਾਖੜ ਐਲਾਨੀਆ ਤੌਰ ਉਤੇ ਕਮਿਸ਼ਨ ਵੱਲੋਂ ਬੇਅਦਬੀ ਦੇ ਕੇਸਾਂ ਵਿੱਚ ਅਕਾਲੀਆਂ ਨੂੰ ਦੋਸ਼ੀ ਠਹਿਰਾਉਣ ਦੇ ਖੁਲਾਸੇ ਕਰ ਰਹੇ ਹਨ।

# ਐਨ.ਆਰ.ਆਈ. ਸਭਾ ਨੂੰ ਪ੍ਰਧਾਨ ਮਿਲਣ ਦੀ ਆਸ ਬੱਝੀ

**ਜਲੰਧਰ:** ਪਿਛਲੇ ਤਿੰਨ ਸਾਲ ਤੋਂ ਪ੍ਰਧਾਨ ਦੀ ਚੋਣ ਨਾ ਹੋਣ ਕਾਰਨ ਲਾਵਾਰਸ ਬਣੀ ਆ ਰਹੀ ਐਨ.ਆਰ.ਆਈ. ਸਭਾ ਪੰਜਾਬ ਦੀ ਚੋਣ ਲਈ ਪੰਜਾਬ ਸਰਕਾਰ ਨੇ ਹਰੀ ਝੰਡੀ ਦੇ ਦਿੱਤੀ ਹੈ ਤੇ ਚੋਣ 25 ਫਰਵਰੀ ਨੂੰ ਕਰਵਾਏ ਜਾਣ ਦੀ ਵਧੇਰੇ ਸੰਭਾਵਨਾ ਹੈ। ਐਨ.ਆਰ.ਆਈ. ਮਾਮਲਿਆਂ ਬਾਰੇ ਪ੍ਰਿੰਸੀਪਲ ਸਕੱਤਰ ਐਸ.ਆਰ. ਲੱਦੜ ਨੇ ਦੱਸਿਆ ਕਿ ਸਭਾ ਦੀ ਚੋਣ ਫਰਵਰੀ ਮਹੀਨੇ ਕਰਵਾਏ ਜਾਣ ਦੀ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਫਰਵਰੀ ਮਹੀਨੇ ਬਹੁਤ ਸਾਰੇ ਪਰਵਾਸੀ ਪੰਜਾਬੀ ਪੰਜਾਬ ਆਏ ਹੁੰਦੇ ਹਨ ਤੇ ਪਰਵਾਸੀ ਪੰਜਾਬੀਆਂ ਦੀ ਭਰਵੀਂ ਸ਼ਮੂਲੀਅਤ ਲਈ ਫਰਵਰੀ ਮਹੀਨੇ ਦਾ ਆਖਰੀ ਹਫਤਾ ਢੁਕਵੇਂ ਮੌਕੇ ਵਜੋਂ ਚੁਣਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੂਰਾ ਚੋਣ ਪ੍ਰੋਗਰਾਮ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਵਲੋਂ ਇਸੇ ਹਫਤੇ ਜਾਰੀ ਕਰ ਦਿੱਤਾ ਜਾਵੇਗਾ। ਪਿਛਲੇ ਤਿੰਨ ਸਾਲ ਤੋਂ ਸਭਾ ਦੀ ਚੋਣ ਨਾ ਹੋਣ ਕਾਰਨ ਪਰਵਾਸੀ ਪੰਜਾਬੀਆਂ 'ਚ ਭਾਰੀ ਨਰਾਜ਼ਗੀ ਪ੍ਰਗਟਾਈ ਜਾ ਰਹੀ ਸੀ।

ਮੰਗ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਦੇ ਮਸਲਿਆਂ ਦੇ ਹੱਲ ਲਈ ਸਰਗਰਮ ਭੂਮਿਕਾ ਨਿਭਾਉਣ ਵਾਲੀ ਸਭਾ ਨੂੰ ਮੁੜ ਸਰਗਰਮ ਕੀਤਾ ਜਾਵੇ। ਇੰਗਲੈਂਡ ਤੇ ਯੂਰਪ ਦੇ ਕੁਝ ਮੁਲਕਾਂ ਤੋਂ ਆਏ ਪਰਵਾਸੀ ਪੰਜਾਬੀਆਂ ਨੇ ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਸਮੇਂ ਵੀ ਇਹ ਮੰਗ ਉਠਾਈ ਸੀ।

# ਅਕਾਲੀ ਮੇਅਰ ਨਾਲ ਪੰਗਾ ਲੈ ਕੇ ਘਿਰਿਆ ਕੈਪਟਨ ਦਾ ਵਜ਼ੀਰ

**ਮੁਹਾਲੀ:** ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੀ ਆੜ ਵਿਚ ਮੁਹਾਲੀ ਦੇ ਮੇਅਰ ਕੁਲਵੰਤ ਸਿੰਘ ਨੂੰ ਲਾਂਭੇ ਕਰਨ ਦੀ ਯੋਜਨਾ ਪਹਿਲੇ ਹੀ ਪੜਾਅ ਵਿਚ ਠੁੱਸ ਹੋ ਗਈ। ਇਸ ਨਾਲ ਮੇਅਰ ਧੜਾ ਅਤੇ ਅਕਾਲੀ-ਭਾਜਪਾ ਕੌਂਸਲਰ ਜਿਥੇ ਬਾਗੋਬਾਗ ਨਜ਼ਰ ਆਏ, ਉਥੇ ਮੇਅਰ ਬਣਨ ਦੇ ਸੁਪਨੇ ਵੇਖਣ ਵਾਲੇ ਕਈ ਕਾਂਗਰਸੀ ਕੌਂਸਲਰਾਂ ਦੇ ਚਿਹਰੇ ਮੁਰਝਾ ਗਏ ਹਨ। ਨਗਰ ਨਿਗਮ ਦੇ ਮੇਅਰ ਕੁਲਵੰਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਹੰਗਾਮੀ ਮੀਟਿੰਗ ਵਿਚ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਖਿਲਾਫ਼ ਨਿਖੇਧੀ ਮਤਾ ਪਾਸ ਕੀਤਾ ਗਿਆ। ਘੱਟ ਗਿਣਤੀ ਵਿਚ ਹੋਣ ਕਰ ਕੇ ਕਾਂਗਰਸੀ ਕੌਂਸਲਰਾਂ ਦੀ ਕੋਈ ਵਾਹ ਨਹੀਂ ਚੱਲੀ ਤੇ ਉਹ ਵਿਰੋਧ ਦੇ ਬਾਵਜੂਦ ਇਤਰਾਜ਼ ਦਰਜ ਕਰਾਉਣ ਵਿਚ ਵੀ ਨਾਕਾਮ ਰਹੇ।



ਮੀਟਿੰਗ ਸ਼ੁਰੂ ਹੁੰਦਿਆਂ ਹੀ ਅਕਾਲੀ ਕੌਂਸਲਰ ਪਰਮਜੀਤ ਸਿੰਘ ਕਾਹਲੋਂ ਨੇ ਮੇਅਰ ਨੂੰ ਭ੍ਰਿਸ਼ਟਾਚਾਰ ਦਾ ਸੰਗਲ ਪਾਉਣ ਦੀ ਯੋਜਨਾ ਘੜਨ ਦੀ ਕਾਰਵਾਈ ਦਾ ਸਖਤ ਵਿਰੋਧ ਕਰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਖਿਲਾਫ਼ ਨਿਖੇਧੀ ਮਤਾ ਪਾਉਣ ਦੀ ਮੰਗ ਕੀਤੀ। ਕੌਂਸਲਰ ਆਰਪੀ ਸ਼ਰਮਾ ਨੇ ਇਸ ਦੀ ਤਾਈਦ ਕੀਤੀ। ਅਕਾਲੀ ਕੌਂਸਲਰ ਬੀਬੀ ਮੈਣੀ ਨੂੰ ਛੱਡ ਕੇ ਹਾਜ਼ਰ ਅਕਾਲੀ-ਭਾਜਪਾ ਕੌਂਸਲਰਾਂ ਨੇ ਸ੍ਰੀ ਸਿੱਧੂ ਖਿਲਾਫ਼ ਨਿਖੇਧੀ ਮਤਾ ਪਾਉਣ 'ਤੇ ਜ਼ੋਰ ਦਿੱਤਾ।

ਉਧਰ, ਮੇਅਰ ਕੁਲਵੰਤ ਸਿੰਘ ਨੇ ਮੰਤਰੀ ਵੱਲੋਂ ਅਧਿਕਾਰੀਆਂ ਨਾਲ ਮਿਲ ਕੇ ਸਰਕਾਰੀ ਖਜ਼ਾਨੇ ਨੂੰ ਖੋਰਾ ਲਾਉਣ ਦੇ ਦੋਸ਼ਾਂ ਨੂੰ ਬਿਲਕੁਲ ਬੇਬੁਨਿਆਦ ਦੱਸਿਆ। ਉਨ੍ਹਾਂ ਕਿਹਾ ਕਿ ਉਹ ਮੰਤਰੀ ਸਮੇਤ ਹੋਰਨਾਂ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕਰਨਗੇ। ਮੇਅਰ ਨੇ ਸਪੱਸ਼ਟ ਕੀਤਾ ਕਿ ਪਿਛਲੀ ਸਰਕਾਰ ਵੇਲੇ ਦਰਖਤ ਕੱਟਣ ਅਤੇ ਛਾਂਗਣ ਲਈ ਜਰਮਨ ਤੋਂ ਅਤਿਆਧੁਨਿਕ ਪਰੂਮਿੰਗ ਮਸ਼ੀਨ ਖਰੀਦਣ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਅਤੇ ਸਰਕਾਰ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਮਸ਼ੀਨ ਖਰੀਦੀ ਗਈ ਸੀ। ਮਸ਼ੀਨ ਦੀ ਕੀਮਤ ਪੌਣੇ ਦੋ ਕਰੋੜ ਨਹੀਂ ਹੈ ਬਲਕਿ 88 ਲੱਖ ਰੁਪਏ ਹੈ ਅਤੇ 30 ਲੱਖ ਦਾ ਟਰੈਕਟਰ ਅਰਜਨਟੀਨਾ ਤੋਂ ਮੰਗਵਾਇਆ ਗਿਆ ਹੈ ਅਤੇ 60 ਲੱਖ ਰੁਪਏ ਐਕਸਾਈਜ਼ ਡਿਊਟੀ ਲੱਗੀ ਹੈ।

# ਪੀ.ਟੀ.ਯੂ. ਦਾ ਸਾਬਕਾ ਉਪ ਕੁਲਪਤੀ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਪੀ.ਟੀ.ਯੂ.) ਕਪੂਰਥਲਾ ਦੇ ਸਾਬਕਾ ਉਪ ਕੁਲਪਤੀ ਡਾ. ਰਜਨੀਸ਼ ਅਰੋੜਾ ਨੂੰ ਉਨ੍ਹਾਂ ਦੇ ਕਾਰਜਕਾਲ ਦੌਰਾਨ ਯੂਨੀਵਰਸਿਟੀ ਵਿਚ ਵਿੱਤੀ ਅਤੇ ਪ੍ਰਬੰਧਕੀ ਬੇਨਿਯਮੀਆਂ ਦੇ ਦੋਸ਼ਾਂ ਹੇਠ ਗ੍ਰਿਫਤਾਰ ਕਰ ਲਿਆ।

ਸਾਲ 2012-2013 ਦੌਰਾਨ ਪੀ.ਟੀ.ਯੂ. ਵਿਚ ਵਿੱਤੀ ਅਤੇ ਪ੍ਰਬੰਧਕੀ ਬੇਨਿਯਮੀਆਂ ਸਬੰਧੀ ਪੜਤਾਲ ਸੇਵਾ ਮੁਕਤ ਆਈ.ਏ.ਐਸ. ਐਸ.ਐਸ. ਢਿੱਲੋਂ ਵੱਲੋਂ ਕੀਤੀ ਗਈ, ਜਿਸ ਉਪਰੰਤ ਮਾਮਲਾ ਅਗਲੇਰੀ ਕਾਰਵਾਈ ਹਿੱਤ ਵਿਜੀਲੈਂਸ ਬਿਊਰੋ ਕੋਲ ਭੇਜਿਆ ਗਿਆ। ਪੜਤਾਲੀਆ ਰਿਪੋਰਟ ਬਾਰੇ ਕਾਨੂੰਨੀ ਰਾਇ ਦੇ ਅਧਾਰ 'ਤੇ ਡਾ. ਰਜਨੀਸ਼ ਅਰੋੜਾ ਅਤੇ ਹੋਰਨਾਂ ਖਿਲਾਫ਼ ਕੇਸ ਦਰਜ ਕੀਤਾ ਗਿਆ। ਵਿਜੀਲੈਂਸ ਮੁਤਾਬਕ ਜਾਂਚ ਵਿਚ ਪਤਾ ਚੱਲਿਆ ਕਿ ਡਾ. ਅਰੋੜਾ ਵੱਲੋਂ 6 ਕੋਆਰਡੀਨੇਟਰਾਂ ਅਤੇ ਫੈਸੀਲਿਟੇਟਰਾਂ ਦੀ ਨਿਯੁਕਤੀ ਬਗੈਰ ਕਿਸੇ ਇਸ਼ਤਿਹਾਰ ਦੇ ਮਨਮਾਨੇ ਢੰਗ ਨਾਲ ਕੀਤੀ ਗਈ।

ਇਸ ਤੋਂ ਇਲਾਵਾ ਵਿਸ਼ਵਦੀਪ ਸਹਾਇਕ ਰਜਿਸਟਰਾਰ (ਐਡਹਾਕ), ਮਰਗਿੰਦਰ ਸਿੰਘ ਬੇਦੀ ਸਹਾਇਕ ਟ੍ਰੇਨਿੰਗ ਤੇ ਪਲੇਸਮੈਂਟ ਅਫਸਰ ਅਤੇ ਸੁਮੀਰ ਸ਼ਰਮਾ ਸਹਾਇਕ ਨਿਰਦੇਸ਼ਕ ਸੱਭਿਆਚਾਰਕ ਗਤੀਵਿਧੀਆਂ ਨੂੰ ਠੇਕੇ 'ਤੇ ਨਿਯੁਕਤ ਕਰਨ ਸਮੇਂ ਨਿਯਮਾਂ ਅਨੁਸਾਰ ਕਾਰਵਾਈ ਨਹੀਂ ਕੀਤੀ ਗਈ। ਸ੍ਰੀਮਤੀ ਗੀਤਿਕਾ ਸੂਦ ਲੀਗਲ ਅਫਸਰ (ਰੈਗੂਲਰ) ਦੀ ਨਿਯੁਕਤੀ ਲੋੜੀਂਦੇ ਤਜਰਬਾ ਸਰਟੀਫਿਕੇਟ ਤੋਂ ਬਗੈਰ ਕੀਤੀ ਗਈ।

ਇਸੇ ਤਰ੍ਹਾਂ ਅਸ਼ੀਸ ਸ਼ਰਮਾ ਪ੍ਰੋਗਰਾਮਰ (ਰੈਗੂਲਰ) ਵੀ ਨਿਯੁਕਤੀ ਸਮੇਂ ਅਸਾਮੀ ਲਈ ਲੋੜੀਂਦਾ ਤਜਰਬਾ ਪੂਰਾ ਨਹੀਂ ਕਰਦਾ ਸੀ। ਡਾ. ਅਰੋੜਾ ਨੇ ਆਪਣੇ ਜਮਾਤੀ ਪ੍ਰਵੀਨ ਕੁਮਾਰ ਨੂੰ ਮੈਸਰਜ਼ ਐਨ.ਈ.ਟੀ.ਆਈ.ਆਈ.ਟੀ. ਲਈ ਸਲਾਹਕਾਰ ਨਿਯੁਕਤ ਕਰ ਕੇ ਉਸ ਦੀ ਕੰਪਨੀ ਨੂੰ ਮੋਟੀਆਂ ਰਕਮਾਂ ਅਦਾ ਕੀਤੀਆਂ। ਤਫਤੀਸ਼ ਦੌਰਾਨ ਉਕਤ ਸਲਾਹਕਾਰ ਦੀ ਨਿਯੁਕਤੀ ਅਤੇ ਅਦਾਇਗੀਆਂ ਵਿਚ ਵੱਡੀਆਂ ਖਾਮੀਆਂ ਮਿਲੀਆਂ।



### ਵਿਵਾਦਾਂ ਵਿਚ ਗਿਰੀ ਰਹੀ ਹੈ ਪੀ.ਟੀ.ਯੂ.

**ਜਲੰਧਰ:** ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀ ਹੋਂਦ ਤੋਂ ਲੈ ਕੇ ਹੁਣ ਤੱਕ ਵਿਵਾਦਾਂ ਨੇ ਖਹਿੜਾ ਨਹੀਂ ਛੱਡਿਆ। ਪੀ.ਟੀ.ਯੂ. ਦੇ ਸਾਬਕਾ ਵਾਈਸ ਚਾਂਸਲਰ ਡਾ. ਰਜਨੀਸ਼ ਅਰੋੜਾ ਵਿੱਤੀ ਬੇਨਿਯਮੀਆਂ ਕਾਰਨ ਵਿਜੀਲੈਂਸ ਦੇ ਅੜਿੱਕੇ ਚੜ੍ਹਨ ਵਾਲੇ ਦੂਜੇ ਵੀ.ਸੀ. ਹਨ। ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਡਾ. ਐਚ.ਐਸ. ਗੁਰਮ ਨੂੰ ਵੀ ਵਿਜੀਲੈਂਸ ਨੇ ਗ੍ਰਿਫਤਾਰ ਕੀਤਾ ਸੀ। ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਸਰਕਾਰ, ਜਿਹੜੀ 1997 ਤੋਂ 2002 ਤੱਕ ਰਹੀ ਸੀ, ਉਸ ਸਮੇਂ ਦੌਰਾਨ ਪੀ.ਟੀ.ਯੂ. ਵਿਚ ਵੱਡੇ ਪੱਧਰ 'ਤੇ ਘਪਲੇ ਸਾਹਮਣੇ ਆਏ ਸਨ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੀਐਚ.ਡੀ. ਦਾ ਵਿਦਿਆਰਥੀ ਹਿਜ਼ਬੁਲ 'ਚ ਸ਼ਾਮਲ

**ਸ੍ਰੀਨਗਰ:** ਪਿਛਲੇ ਕਈ ਦਿਨਾਂ ਤੋਂ ਗਾਇਬ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ (ਏ.ਐਮ.ਯੂ) ਦੇ ਪੀ.ਐਚ.ਡੀ. ਦੇ ਇਕ ਵਿਦਿਆਰਥੀ ਮਨਾਨ ਵਾਨੀ ਦੇ ਅਤਿਵਾਦੀ ਸੰਗਠਨ ਹਿਜ਼ਬੁਲ ਮੁਜ਼ਾਹਦੀਨ 'ਚ ਸ਼ਾਮਲ ਹੋਣ ਦੀਆਂ ਖਬਰਾਂ ਤੋਂ ਬਾਅਦ ਏ.ਐਮ.ਯੂ. ਪ੍ਰਸ਼ਾਸਨ ਨੇ ਉਸ ਨੂੰ ਯੂਨੀਵਰਸਿਟੀ ਵਿਚੋਂ ਕੱਢ ਦਿੱਤਾ। ਵਾਨੀ ਦੀ ਏ.ਕੇ-47 ਰਾਈਫਲ ਨਾਲ ਇਕ ਫੋਟੋ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਹੈ। ਜਿਸ ਤੋਂ ਬਾਅਦ ਪੁਲਿਸ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਵਾਨੀ ਦੀ ਏ.ਕੇ- 47 ਰਾਈਫਲ ਨਾਲ ਫੋਟੋ ਪਰਿਵਾਰ ਤੱਕ ਪਹੁੰਚ ਗਈ। ਪੁਲਿਸ ਅਨੁਸਾਰ ਉਸ ਦੀ ਭਾਲ ਜਾਰੀ ਹੈ, ਜਿਸ ਦੇ ਬਾਅਦ ਉਸ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਕੀਤੀ ਜਾਣਗੀਆਂ। ਜਾਣਕਾਰੀ ਅਨੁਸਾਰ ਉਸ ਦੇ ਪਿਤਾ ਲੈਕਚਰਾਰ ਹਨ ਅਤੇ ਭਰਾ ਇੰਜੀਨੀਅਰ ਹੈ, ਜੋ ਕੁਪਵਾੜਾ ਜ਼ਿਲ੍ਹੇ 'ਚ ਰਹਿੰਦੇ ਹਨ। ਉਸ ਦੇ ਪਿਤਾ ਦੇ ਬਿਆਨ 'ਤੇ ਉਸ ਦੇ ਲਾਪਤਾ ਹੋਣ ਸਬੰਧੀ ਮਾਮਲਾ ਦਰਜ ਕੀਤਾ ਹੈ। ਵਾਨੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ ਭੂ ਵਿਗਿਆਨ ਵਿਸ਼ੇ ਉਤੇ ਪੀ.ਐਚ.ਡੀ. ਕਰ ਰਿਹਾ ਸੀ। ਹਿਜ਼ਬੁਲ ਮੁਜ਼ਾਹਦੀਨ ਦੇ ਮੁਖੀ ਸਈਦ ਸਲਾਹੁਦੀਨ ਨੇ ਕੁਵਾਪੜਾ ਨਾਲ ਸਬੰਧਤ ਮਨਾਨ ਵਾਨੀ ਦੀ ਸੰਗਠਨ 'ਚ ਸ਼ਾਮਲ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ।

## ਅਦਾਲਤ ਦੀ ਕੰਧ ਟੱਪ ਕੇ ਭੱਜ ਗਿਆ ਅਫੀਮ ਤਸਕਰ

**ਫਿਰੋਜ਼ਪੁਰ:** ਅਫੀਮ ਤਸਕਰੀ ਦੇ ਕੇਸ 'ਚ ਪੇਸ਼ੀ ਭੁਗਤਣ ਸੈਸ਼ਨ ਕੋਰਟ ਆਇਆ ਹਵਾਲਾਤੀ ਫਰਾਰ ਹੋ ਗਿਆ ਹੈ। ਰਾਜਸਥਾਨ ਦੇ ਰਹਿਣ ਵਾਲੇ ਰਾਜਿੰਦਰ ਸਿੰਘ ਵਿਰੁਧ ਨਸ਼ਾ ਤਸਕਰੀ ਦਾ ਮਾਮਲਾ ਦਰਜ ਹੈ। ਉਹ ਪੰਜਾਬ ਵਿਚ ਵੱਡੇ ਪੱਧਰ ਉਤੇ ਅਫੀਮ ਸਪਲਾਈ ਕਰਦਾ ਸੀ ਤੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਨਿਗਰਾਨੀ ਅਧੀਨ ਸੀ। ਰਾਜਿੰਦਰ ਸਿੰਘ ਦੇ ਕਾਰਨਾਮੇ ਨੇ ਅਦਾਲਤੀ ਕੰਪਲੈਕਸ ਵਿਚ ਤਰਥੱਲੀ ਮਚਾ ਦਿੱਤੀ। ਜਦੋਂ ਪੁਲਿਸ ਮੁਲਾਜ਼ਮ ਪੇਸ਼ੀ ਲਈ ਲਿਆ ਰਹੇ ਸਨ ਤਾਂ ਉਹ ਪੁਲਿਸ ਟੀਮ ਨੂੰ ਚਕਮਾ ਦੇ ਕੇ ਅਦਾਲਤ ਦੀ ਕੰਧ ਟੱਪ ਗਿਆ ਤੇ ਬਾਹਰ ਖੜ੍ਹੀ ਡਸਟਰ ਕਾਰ ਵਿਚ ਬੈਠ ਕੇ ਫਰਾਰ ਹੋ ਗਿਆ।

## ਗੋਡਸੇ ਨੇ ਹੀ ਕੀਤੀ ਸੀ ਗਾਂਧੀ ਦੀ ਹੱਤਿਆ

**ਨਵੀਂ ਦਿੱਲੀ:** ਮਹਾਤਮਾ ਗਾਂਧੀ ਦੀ 1948 ਵਿਚ ਹੱਤਿਆ ਦੀ ਮੁੜ ਪੜਤਾਲ ਨਹੀਂ ਕੀਤੀ ਜਾਵੇਗੀ। ਭਾਰਤ ਦੇ ਸਾਬਕਾ ਸਾਲਿਸਟਰ ਅਤੇ ਐਮੀਕਸ ਕਿਊਰੀ ਅਮਰਿੰਦਰ ਸ਼ਰਨ ਨੇ ਸੁਪਰੀਮ ਕੋਰਟ ਦੇ ਸਪੁਰਦ ਕੀਤੀ ਰਿਪੋਰਟ 'ਚ ਇਹ ਕਿਹਾ ਕਿ ਮਹਾਤਮਾ ਗਾਂਧੀ ਦੀ ਹੱਤਿਆ 'ਚ ਨੱਥੂਰਾਮ ਗੋਡਸੇ ਤੋਂ ਇਲਾਵਾ ਕਿਸੇ ਹੋਰ ਦੇ ਸ਼ਾਮਲ ਹੋਣ ਦੇ ਕੋਈ ਸਬੂਤ ਨਹੀਂ ਮਿਲੇ, ਜਿਸ ਕਾਰਨ ਇਸ ਹੱਤਿਆ ਕਾਂਡ ਦੀ ਮੁੜ ਪੜਤਾਲ ਕਰਵਾਉਣ ਦੀ ਕੋਈ ਲੋੜ ਨਹੀਂ ਹੈ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਜਸਟਿਸ ਐਸ. ਏ. ਬੋਬਡੇ ਅਤੇ ਜਸਟਿਸ ਐਲ. ਨਾਗੇਸ਼ਵਰ ਰਾਵ ਦੀ ਬੈਂਚ ਨੇ 7 ਅਕਤੂਬਰ, 2017 ਨੂੰ ਸ਼ਰਨ ਨੂੰ ਸਲਾਹਕਾਰ ਨਿਯੁਕਤ ਕਰਦਿਆਂ ਉਸ ਨੂੰ ਇਸ ਹੱਤਿਆਕਾਂਡ ਨਾਲ ਸਬੰਧਤ ਦਸਤਾਵੇਜ਼ਾਂ ਦੀ ਪੜਤਾਲ ਕਰਨ ਦੀ ਹਦਾਇਤ ਕੀਤੀ ਸੀ। ਰਿਪੋਰਟ 'ਚ ਸ਼ਰਨ ਨੇ ਕਿਹਾ ਕਿ ਮਹਾਤਮਾ ਗਾਂਧੀ ਦੀ ਹੱਤਿਆ 'ਚ ਕਿਸੇ ਵਿਦੇਸ਼ੀ ਏਜੰਸੀ ਦਾ ਹੱਥ ਹੋਣ, ਦੋ ਲੋਕਾਂ ਦੇ ਗੋਲੀ ਚਲਾਉਣ ਜਾਂ ਚਾਰ ਗੋਲੀਆਂ ਚੱਲਣ ਦੇ ਦਾਅਵਿਆਂ 'ਚ ਕੋਈ ਦਮ ਨਹੀਂ ਹੈ।

# ਪਰਲਜ਼ ਗਰੁਪ ਦੀ 472 ਕਰੋੜ ਦੀ ਜਾਇਦਾਦ ਜ਼ਬਤ

**ਨਵੀਂ ਦਿੱਲੀ:** ਪਰਲਜ਼ ਗਰੁੱਪ ਦੇ ਮਾਲਕ ਨਿਰਮਲ ਸਿੰਘ ਭੰਗੂ ਦੀਆਂ ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ। ਤਾਜ਼ਾ ਕਾਰਵਾਈ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪਰਲਜ਼ ਐਗਰੋਟੈੱਕ ਕਾਰਪੋਰੇਸ਼ਨ ਲਿਮਟਿਡ (ਪੀ.ਏ.ਸੀ.ਐਲ.) ਚਿੱਟ ਫੰਡ ਘੁਟਾਲਾ ਕੇਸ 'ਚ ਆਪਣੀ ਹਵਾਲਾ ਜਾਂਚ ਦੇ ਤਹਿਤ ਪੀ.ਏ.ਸੀ.ਐਲ. ਦੀ ਆਸਟਰੇਲੀਆ ਵਿਚਲੀ 472 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਹੈ, ਜਿਸ 'ਚ ਸ਼ੇਅਰ ਅਤੇ ਅਚੱਲ ਜਾਇਦਾਦ ਵੀ ਸ਼ਾਮਲ ਹੈ।

ਈ.ਡੀ. ਨੇ 2015 ਵਿਚ ਉਕਤ ਸੰਗਠਨ, ਇਸ ਦੇ ਡਾਇਰੈਕਟਰਾਂ ਅਤੇ ਅਧਿਕਾਰੀਆਂ ਖਿਲਾਫ਼ ਸੀ.ਬੀ.ਆਈ. ਵੱਲੋਂ ਦਰਜ ਕੀਤੀ ਗਈ ਐਫ.ਆਈ.ਆਰ. ਦਾ ਨੋਟਿਸ ਲੈਂਦਿਆਂ ਕੰਪਨੀ ਖਿਲਾਫ਼ ਇਕ ਅਪਰਾਧਿਕ ਮਾਮਲਾ ਦਰਜ ਕੀਤਾ ਸੀ। ਸੀ.ਬੀ.ਆਈ. ਦੀ ਐਫ.ਆਈ.ਆਰ. ਵਿਚ ਇਹ ਦੋਸ਼ ਲਾਇਆ ਗਿਆ ਸੀ ਕਿ ਪੀ.ਜੀ.ਐਫ. ਅਤੇ ਪੀ.ਏ.ਸੀ.ਐਲ. ਨੇ ਸਮੂਹਿਕ ਨਿਵੇਸ਼ ਯੋਜਨਾ ਦੇ ਜ਼ਰੀਏ ਪੂਰੇ ਦੇਸ਼ 'ਚੋਂ ਨਿਵੇਸ਼ਕਾਂ ਤੋਂ ਖੇਤੀ ਭੂਮੀ ਦੀ ਵਿਕਰੀ ਅਤੇ ਵਿਕਾਸ ਦੀ ਆੜ 'ਚ ਪੈਸਾ ਇਕੱਠਾ ਕੀਤਾ। ਈ.ਡੀ. ਨੇ ਦੱਸਿਆ ਕਿ ਹਵਾਲਾ ਰੋਕਥਾਮ ਕਾਨੂੰਨ (ਪੀ. ਐਮ. ਐਲ. ਏ.) ਤਹਿਤ ਆਸਟਰੇਲੀਆ ਵਿਚਲੀ 472 ਕਰੋੜ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਈ. ਡੀ. ਨੇ ਪੀ.ਏ.ਸੀ.ਐਲ. ਦੀ ਚਿੱਟ ਫੰਡ ਸਕੀਮ ਘੁਟਾਲੇ ਦੀ ਜਾਂਚ ਸਬੰਧੀ ਉਕਤ ਜਾਇਦਾਦ ਜ਼ਬਤ ਕੀਤੀ ਹੈ। ਇਹ ਚਿੱਟ ਫੰਡ ਸਕੀਮ ਨਿਰਮਲ ਸਿੰਘ ਭੰਗੂ ਚਲਾਉਂਦਾ ਸੀ।

# ਲਿੰਗ ਵਿਤਕਰੇ ਤੋਂ ਖਫਾ ਬੀ.ਬੀ.ਸੀ. ਦੀ ਮਹਿਲਾ ਸੰਪਾਦਕ ਵੱਲੋਂ ਅਸਤੀਫਾ

**ਨਵੀਂ ਦਿੱਲੀ:** ਬੀ.ਬੀ.ਸੀ. ਚੀਨ ਦੀ ਸੰਪਾਦਕ ਕੈਰੀ ਗ੍ਰੇਸੀ ਨੇ ਸੰਸਥਾ ਵਿਚ ਤਨਖਾਹ ਵਿਚ ਗੈਰ ਬਰਾਬਰੀ ਦਾ ਇਲਜ਼ਾਮ ਲਾਉਂਦੇ ਹੋਏ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਕੈਰੀ ਗ੍ਰੇਸੀ ਦਾ ਕਹਿਣਾ ਹੈ ਕਿ ਬੀ.ਬੀ.ਸੀ. ਵਿਚ ਮਹਿਲਾ ਕਰਮਚਾਰੀਆਂ ਨੂੰ ਪੁਰਸ਼ਾਂ ਦੇ ਮੁਕਾਬਲੇ ਘੱਟ ਤਨਖਾਹ ਦਿੱਤੀ ਜਾਂਦੀ ਹੈ।

ਬੀ.ਬੀ.ਸੀ. ਵਿਚ 30 ਸਾਲਾਂ ਤੋਂ ਕੰਮ ਰਹੀ ਗ੍ਰੇਸੀ ਨੇ ਖੁੱਲ੍ਹੀ ਚਿੱਠੀ ਵਿਚ ਬੀ.ਬੀ.ਸੀ. ਕਾਰਪੋਰੇਸ਼ਨ ਉਤੇ ਗੁਪਤ ਤੇ ਗੈਰ ਜ਼ਰੂਰੀ ਕਾਨੂੰਨੀ ਵੇਤਨ ਢਾਂਚਾ ਹੋਣ ਦਾ ਇਲਜ਼ਾਮ ਲਾਇਆ ਹੈ। ਉਨ੍ਹਾਂ ਨੇ ਕਿਹਾ ਕਿ ਡੇਢ ਲੱਖ ਬਰਤਾਨਵੀ ਪਾਉਂਡ ਤੋਂ ਜ਼ਿਆਦਾ ਵੇਤਨ ਪਾਉਣ ਵਾਲੇ ਕਰਮਚਾਰੀਆਂ ਵਿਚ ਦੋ-ਤਿਹਾਈ ਪੁਰਸ਼ ਹੋਣ ਦੀ ਜਾਣਕਾਰੀ ਸਾਹਮਣੇ ਆਉਣ ਮਗਰੋਂ ਬੀ.ਬੀ.ਸੀ. ਭਰੋਸੇ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਉਧਰ, ਬੀ.ਬੀ.ਸੀ. ਦਾ ਕਹਿਣਾ ਹੈ ਕਿ ਸੰਸਥਾ ਵਿਚ ਔਰਤਾਂ ਖਿਲਾਫ਼ ਕੋਈ ਵੀ ਭੇਦਭਾਵ ਨਹੀਂ ਹੁੰਦਾ। ਗ੍ਰੇਸੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬੀ.ਬੀ.ਸੀ. ਚੀਨ ਦੀ ਸੰਪਾਦਕ ਦੇ ਤੌਰ ਉਤੇ ਬੀਤੇ ਹਫਤੇ ਹੀ ਅਸਤੀਫਾ ਦੇ ਦਿੱਤਾ ਹੈ ਪਰ ਉਹ ਸੰਸਥਾ ਨਾਲ ਜੁੜੀ ਰਹੇਗੀ।

# ਕਰਜ਼ਾ ਮੁਕਤੀ ਮੁਹਿੰਮ ਵਿਚ ਕਸੂਤੇ ਫਸੇ ਕੈਪਟਨ

*(ਸਫਾ ਇਕ ਦੀ ਬਾਕੀ)*

'ਤੇ 90 ਹਜ਼ਾਰ ਦੇ ਕਰੀਬ ਕਰਜ਼ਾ ਚੜ੍ਹਿਆ ਹੋਇਆ ਹੈ। ਜੇ ਛੋਟੇ ਕਿਸਾਨ ਲਗਾਤਾਰ ਖੁਦਕੁਸ਼ੀਆਂ ਕਰ ਰਹੇ ਹਨ ਤਾਂ ਇਸ ਖੇਤਰ ਵਿਚ ਖੇਤ ਮਜ਼ਦੂਰਾਂ ਦੀ ਸੂਚੀ ਵੀ ਲੰਮੀ ਹੈ। ਮਾਨਸਾ ਸਮਾਗਮ ਵਿਚ ਕੈਪਟਨ ਨੇ ਜਿਥੇ ਖੇਤ ਮਜ਼ਦੂਰਾਂ ਲਈ ਕਰਜ਼ੇ ਮੁਆਫ ਕਰਨ ਦੀ ਗੱਲ ਕੀਤੀ ਹੈ, ਉਥੇ ਇਹ ਵੀ ਆਖ ਦਿੱਤਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਖਜ਼ਾਨਾ ਖਾਲੀ ਕਰ ਗਈ ਸੀ ਅਤੇ ਕੇਂਦਰ ਸਰਕਾਰ ਨੇ ਵੀ ਕੋਈ ਸਹਾਇਤਾ ਨਹੀਂ ਕੀਤੀ। 73 ਹਜ਼ਾਰ ਕਰੋੜ ਵਿਚੋਂ 170 ਕਰੋੜ ਦੀ ਪਹਿਲੀ ਕਿਸ਼ਤ ਜਾਰੀ ਹੋਣ ਸਮੇਂ ਤਕਨੀਕੀ ਅਤੇ ਪ੍ਰਸ਼ਾਸਨਿਕ ਕਮਜ਼ੋਰੀਆਂ ਸਾਹਮਣੇ ਆਈਆਂ। ਇਸ ਸ਼ੁਰੂਆਤ ਨੇ ਪ੍ਰਸ਼ੰਸਾ ਨਾਲੋਂ ਆਲੋਚਨਾ ਅਤੇ ਵਿਰੋਧ ਵਧੇਰੇ ਪੈਦਾ ਕੀਤਾ ਹੈ।

ਬੈਂਕਰਜ਼ ਕਮੇਟੀ ਮੁਤਾਬਕ ਪੰਜਾਬ ਦੇ ਕਿਸਾਨਾਂ ਸਿਰ 73 ਹਜ਼ਾਰ ਕਰੋੜ ਰੁਪਏ ਦਾ ਸੰਸਥਾਗਤ ਕਰਜ਼ਾ ਹੈ। ਇਸ ਵਿਚੋਂ 59 ਹਜ਼ਾਰ ਕਰੋੜ ਰੁਪਏ ਫਸਲੀ ਕਰਜ਼ਾ ਹੈ। ਇਸ ਕਰਜ਼ੇ ਸਬੰਧੀ ਡਾ. ਟੀ. ਹੱਕ ਦੀ ਅਗਵਾਈ ਵਿਚ ਬਣੀ ਕਮੇਟੀ ਨੇ ਆਪਣੀ ਰਿਪੋਰਟ ਦੇ ਦਿੱਤੀ ਸੀ। ਹੱਕ ਕਮੇਟੀ ਨੇ ਢਾਈ ਤੋਂ ਪੰਜ ਏਕੜ ਤੱਕ ਵਾਲੇ ਸਾਰੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਅਤੇ ਇਸ ਤੋਂ ਉਪਰ ਵਾਲਿਆਂ ਦਾ ਇਕ ਸਾਲ ਦਾ ਵਿਆਜ ਮੁਆਫ ਕਰਨ ਦੀ ਸਿਫਾਰਸ਼ ਕੀਤੀ ਹੋਈ ਹੈ। ਜੇ ਪੰਜ ਏਕੜ ਤੱਕ ਸਭ ਦਾ ਕਰਜ਼ਾ ਮੁਆਫ ਹੋ ਜਾਵੇ ਤਾਂ ਸਰਕਾਰ ਨੂੰ ਤਕਰੀਬਨ ਸੱਤ ਹਜ਼ਾਰ ਕਰੋੜ ਰੁਪਏ ਦੀ ਹੋਰ ਜ਼ਰੂਰਤ ਹੋਵੇਗੀ। ਸ਼ਾਹੂਕਾਰਾ ਕਰਜ਼ਾ ਇਸ ਤੋਂ ਅਲੱਗ ਹੈ ਜੋ ਵੱਧ ਵਿਆਜ ਅਤੇ ਹੋਰ ਕਈ ਕਾਰਨਾਂ ਕਰ ਕੇ ਕਿਸਾਨਾਂ ਦਾ ਲੱਕ ਤੋੜ ਰਿਹਾ ਹੈ।

# ਕਰਜ਼ ਮੁਆਫੀ: ਕਿਸਾਨਾਂ ਨੂੰ ਪਈ ਤਕਨੀਕੀ ਮਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਰਜ਼ਾ ਮੁਆਫੀ ਦੀ ਸ਼ੁਰੂ ਕੀਤੀ ਪ੍ਰਕਿਰਿਆ ਦੌਰਾਨ ਸਬੰਧਤ ਕਿਸਾਨਾਂ ਦੇ ਆਧਾਰ ਕਾਰਡ ਲਿੰਕ ਕਰ ਕੇ ਖਾਤਿਆਂ ਦਾ ਮਿਲਾਨ ਕਰਨ ਵਾਲੇ ਸਾਫਟਵੇਅਰ ਨੇ ਹੀ 40 ਫੀਸਦੀ ਤੋਂ ਵੱਧ ਕਿਸਾਨਾਂ ਦੇ ਕੇਸ ਰੱਦ ਕਰ ਦਿੱਤੇ ਹਨ। ਕਿਸੇ ਦੇ ਨਾਂ, ਪਿਤਾ ਦੇ ਨਾਂ ਜਾਂ ਕੋਈ ਹੋਰ ਹਿੰਦਸਾ ਨਾ ਮਿਲਣ ਕਰ ਕੇ ਬਹੁਤ ਸਾਰੇ ਕਿਸਾਨਾਂ ਦੇ ਨਾਂਵਾਂ ਦੀ ਪੁਸ਼ਟੀ ਨਹੀਂ ਹੋਈ ਹੈ। ਮਾਲ ਵਿਭਾਗ ਵਿਚ ਹੇਠਲੇ ਪੱਧਰ ਦਾ ਭ੍ਰਿਸ਼ਟਾਚਾਰ ਵੀ ਬਹੁਤ ਸਾਰੇ ਕਿਸਾਨਾਂ ਦੀਆਂ ਮੁਸ਼ਕਲਾਂ ਵਧਾਉਣ ਦਾ ਕਾਰਨ ਬਣ ਰਿਹਾ ਹੈ।

ਸਰਕਾਰ ਵੱਲੋਂ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਕਰਜ਼ਾ ਮੁਆਫੀ ਸਬੰਧੀ ਹੁਣ ਤੱਕ 5 ਲੱਖ 7 ਹਜ਼ਾਰ 328 ਕਿਸਾਨ ਪਰਿਵਾਰਾਂ ਦੇ ਨਾਂ ਸਾਫਟਵੇਅਰ ਉਤੇ ਅਪਲੋਡ ਕੀਤੇ ਹਨ। ਕੰਪਿਊਟਰ ਸਾਫਟਵੇਅਰ ਨੇ ਇਨ੍ਹਾਂ ਵਿਚੋਂ 2,99,717 ਕੇਸਾਂ ਨੂੰ ਹੀ ਹਰੀ ਝੰਡੀ ਦਿੱਤੀ ਹੈ, ਜਦਕਿ 10,435 ਪਰਿਵਾਰਾਂ ਦੇ ਖਾਤਿਆਂ ਬਾਰੇ ਸੂਚਨਾ ਅਸਫਲ ਹੋ ਗਈ ਅਤੇ 1,97,176 ਦੀ ਅਜੇ ਤੱਕ ਪੁਸ਼ਟੀ ਨਹੀਂ ਹੋਈ ਹੈ। ਸੂਬੇ ਭਰ ਵਿਚ ਪ੍ਰਕਿਰਿਆ ਪੂਰੀ ਹੋ ਜਾਣ ਤੋਂ ਬਾਅਦ 2,99,241 ਕਿਸਾਨਾਂ ਦੇ ਖਾਤੇ ਹੀ ਪਾਸ ਹੋਏ ਹਨ।

# ਯੂ.ਏ.ਈ. 'ਚ ਭਾਰਤੀ ਦੀ ਲੱਗੀ 1.2 ਕਰੋੜ ਦਿਰਹਾਮ ਦੀ ਲਾਟਰੀ

**ਦੁਬਈ:** ਭਾਰਤੀ ਵਿਅਕਤੀ ਹਰੀਕ੍ਰਿਸ਼ਨਨ ਵੀ ਨਾਇਰ (42) ਦੀ 1.2 ਕਰੋੜ ਦਿਰਹਾਮ (32 ਕਰੋੜ ਡਾਲਰ) ਦੀ ਅਬੂ ਧਾਬੀ 'ਚ ਲਾਟਰੀ ਨਿਕਲੀ ਹੈ। ਨਾਇਰ ਦੁਬਈ ਦੀ ਇਕ ਕੰਪਨੀ 'ਚ ਬਿਜ਼ਨਸ ਡਿਵੈਲਪਮੈਂਟ ਮੈਨੇਜਰ ਹੈ ਅਤੇ ਉਹ 2002 ਤੋਂ ਆਪਣੇ ਪਰਿਵਾਰ ਨਾਲ ਯੂ.ਏ.ਈ. ਵਿਚ ਰਹਿ ਰਿਹਾ ਹੈ। ਲਾਟਰੀ ਲੱਗਣ ਤੋਂ ਬਾਅਦ ਖਲੀਜ ਟਾਈਮਜ਼ ਨਾਲ ਗੱਲਬਾਤ ਕਰਦਿਆਂ ਨਾਇਰ ਨੇ ਕਿਹਾ, "ਮੈਨੂੰ ਅਜੇ ਵੀ ਭਰੋਸਾ ਨਹੀਂ ਹੋ ਰਿਹਾ ਕਿ ਮੈਂ ਇੰਨੀ ਵੱਡੀ ਲਾਟਰੀ ਜਿੱਤ ਲਈ ਹੈ।" ਉਸ ਨੇ ਦੱਸਿਆ ਕਿ ਪਹਿਲਾਂ ਵੀ ਉਸ ਨੇ ਦੋ ਵਾਰ ਕਿਸਮਤ ਅਜ਼ਮਾਈ ਸੀ ਪਰ ਉਹ ਲਾਟਰੀ ਨਹੀਂ ਜਿੱਤ ਸਕਿਆ ਸੀ।

# ਐਚ-1ਬੀ ਵੀਜ਼ਾ ਧਾਰਕਾਂ ਨੂੰ ਰਾਹਤ

**ਵਾਸ਼ਿੰਗਟਨ:** ਐਚ-1ਬੀ ਵੀਜ਼ੇ ਉਤੇ ਅਮਰੀਕਾ ਗਏ ਭਾਰਤੀ ਆਈ.ਟੀ. ਮਾਹਿਰਾਂ ਨੂੰ ਵੱਡੀ ਰਾਹਤ ਮਿਲੀ ਹੈ। ਅਮਰੀਕੀ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਟਰੰਪ ਪ੍ਰਸ਼ਾਸਨ ਅਜਿਹੀ ਕਿਸੇ ਤਜਵੀਜ਼ ਬਾਰੇ ਵਿਚਾਰ ਨਹੀਂ ਕਰ ਰਿਹਾ ਹੈ ਜਿਸ ਤਹਿਤ ਐਚ-1ਬੀ ਵੀਜ਼ਾ ਧਾਰਕਾਂ ਨੂੰ ਮੁਲਕ ਛੱਡਣਾ ਪਏ। ਅਮਰੀਕੀ ਨਾਗਰਿਕ ਅਤੇ ਪਰਵਾਸ ਸੇਵਾਵਾਂ ਵੱਲੋਂ ਇਹ ਐਲਾਨ ਉਸ ਸਮੇਂ ਕੀਤਾ ਗਿਆ ਹੈ ਜਦੋਂ ਰਿਪੋਰਟਾਂ ਆਈਆਂ ਸਨ ਕਿ ਟਰੰਪ ਪ੍ਰਸ਼ਾਸਨ ਐਚ-1ਬੀ ਵੀਜ਼ਾ ਨੇਮਾਂ ਨੂੰ ਸਖਤ ਕਰਨ ਬਾਰੇ ਵਿਚਾਰਾਂ ਕਰ ਰਿਹਾ ਹੈ ਜਿਸ ਨਾਲ ਸਾਢੇ 7 ਲੱਖ ਭਾਰਤੀਆਂ ਦੀ ਮੁਲਕ ਵਾਪਸੀ ਹੋ ਸਕਦੀ ਹੈ। ਰਿਪੋਰਟਾਂ ਵਿਚ ਕਿਹਾ ਗਿਆ ਸੀ ਕਿ ਐਚ-1ਬੀ ਧਾਰਕਾਂ ਦੀ ਮਿਆਦ ਨੂੰ ਵਧਾਉਣ ਬਾਰੇ ਵਿਚਾਰ ਨਹੀਂ ਕੀਤਾ ਜਾ ਰਿਹਾ। ਅਧਿਕਾਰੀ ਨੇ ਕਿਹਾ ਕਿ ਹੁਣ ਐਚ-1ਬੀ ਵੀਜ਼ਾ ਧਾਰਕ 6 ਸਾਲ ਦੀ ਮਿਆਦ ਤੋਂ ਬਾਅਦ ਵੀ ਅਮਰੀਕਾ ਵਿਚ ਰਹਿ ਸਕਦੇ ਹਨ। ਯੂ.ਐਸ. ਸਿਟੀਜ਼ਨਸ਼ਿਪ ਐਂਡ ਇੰਮੀਗਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਦੇ ਮੀਡੀਆ ਸੰਪਰਕ ਅਧਿਕਾਰੀ ਜੋਨਾਥਨ ਵਿਥਿੰਗਟਨ ਨੇ ਕਿਹਾ ਕਿ ਇਸ ਤੋਂ ਬਾਅਦ ਵੀ ਮੁਲਾਜ਼ਮ ਇਕ-ਇਕ ਸਾਲ ਦੇ ਵਾਧੇ ਦੀ ਬੇਨਤੀ ਕਰ ਸਕਦੇ ਹਨ। ਰਾਸ਼ਟਰਪਤੀ ਦੇ ਹੁਕਮਾਂ ਉਤੇ ਫੁੱਲ ਚੜ੍ਹਾਉਣ ਲਈ ਉਹ ਨੀਤੀ ਵਿਚ ਕਈ ਬਦਲਾਅ ਬਾਰੇ ਵਿਚਾਰ ਕਰ ਰਹੇ ਹਨ। ਇਸ ਦੇ ਨਾਲ ਵੀਜ਼ਾ ਪ੍ਰੋਗਰਾਮ ਆਧਾਰਤ ਰੁਜ਼ਗਾਰ ਦੇ ਮੌਕਿਆਂ ਦੀ ਵੀ ਪੂਰੀ ਤਰ੍ਹਾਂ ਨਾਲ ਪੜਚੋਲ ਹੋ ਰਹੀ ਹੈ। ਕਈ ਭਾਰਤੀ ਮੂਲ ਦੇ ਸੈਨੇਟਰਾਂ ਅਤੇ ਜਥੇਬੰਦੀਆਂ ਵੱਲੋਂ ਐਚ-1ਬੀ ਵੀਜ਼ਾ ਨੀਤੀ ਵਿਚ ਬਦਲਾਓ ਦਾ ਵਿਰੋਧ ਕੀਤੇ ਜਾਣ ਮਗਰੋਂ ਅਮਰੀਕੀ ਸਰਕਾਰ ਨੂੰ ਆਪਣੇ ਫੈਸਲੇ ਉਤੇ ਵਿਚਾਰ ਕਰਨਾ ਪੈ ਗਿਆ ਹੈ। ਜ਼ਿਕਰਯੋਗ ਹੈ ਕਿ ਆਪਣੇ ਚੋਣ ਪ੍ਰਚਾਰ ਸਮੇਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ-1ਬੀ ਅਤੇ ਐਲ-1 ਵੀਜ਼ਾ ਪ੍ਰੋਗਰਾਮਜ਼ ਦੀਆਂ ਖਾਮੀਆਂ ਨੂੰ ਦੂਰ ਕਰਨ ਦਾ ਵਾਅਦਾ ਕੀਤਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਵੀਡੀਓ ਮਾਮਲਾ: ਚੱਢਾ ਦੇ ਪੁੱਤਰ ਵੱਲੋਂ ਖੁਦਕੁਸ਼ੀ

**ਅੰਮ੍ਰਿਤਸਰ:** ਇਤਰਾਜ਼ਯੋਗ ਵੀਡੀਓ ਮਾਮਲੇ ਵਿਚ ਘਿਰੇ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੇ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ ਨੇ ਆਪਣੇ ਲਾਇਸੈਂਸੀ ਹਥਿਆਰ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਇੰਦਰਪ੍ਰੀਤ ਸਿੰਘ ਚੱਢਾ ਨੇ ਆਪਣੀ ਫਾਰਚੂਨਰ ਗੱਡੀ ਵਿਚ ਸਿਰ 'ਚ ਗੋਲੀ ਮਾਰ ਲਈ। ਇੰਦਰਪ੍ਰੀਤ ਸਿੰਘ ਨੇ ਇਕ ਲੰਮਾ ਖੁਦਕੁਸ਼ੀ ਨੋਟ ਛੱਡਿਆ ਹੈ। ਇੰਦਰਪ੍ਰੀਤ ਸਿੰਘ ਆਪਣੇ ਡਰਾਈਵਰ ਰਾਜ ਕੁਮਾਰ ਨਾਲ ਅਜਨਾਲਾ ਰੋਡ ਉਤੇ ਕਿਸੇ ਡਾਕਟਰ ਨੂੰ ਮਿਲਣ ਗਿਆ ਸੀ। ਉਥੇ ਪਹੁੰਚ ਕੇ ਉਸ ਨੇ ਡਰਾਈਵਰ ਨੂੰ ਕਿਹਾ ਕਿ ਉਹ ਪਤਾ ਕਰ ਕੇ ਆਵੇ ਕਿ ਡਾਕਟਰ ਹੈ ਜਾਂ ਨਹੀਂ।

ਇਸੇ ਦੌਰਾਨ ਇੰਦਰਪ੍ਰੀਤ ਸਿੰਘ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਡਰਾਈਵਰ ਉਸ ਨੂੰ ਨੇੜਲੇ ਪ੍ਰਾਈਵੇਟ ਹਸਪਤਾਲ ਲੈ ਕੇ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇੰਦਰਪ੍ਰੀਤ ਸਿੰਘ ਚੱਢਾ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਸਾਬਕਾ ਮੀਤ ਪ੍ਰਧਾਨ ਸਨ। ਸਕੂਲ ਪ੍ਰਿੰਸੀਪਲ ਵੱਲੋਂ ਉਸ ਦੇ ਪਿਤਾ ਖਿਲਾਫ ਦਰਜ ਕਰਾਏ ਕੇਸ ਵਿਚ ਉਸ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ।

ਇੰਦਰਪ੍ਰੀਤ 'ਤੇ ਧਮਕਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ। ਚਰਨਜੀਤ ਸਿੰਘ ਚੱਢਾ ਦੀ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਇਤਰਾਜ਼ਯੋਗ ਵੀਡੀਓ ਬਾਅਦ ਸਕੂਲ ਪ੍ਰਿੰਸੀਪਲ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਾਈ ਸੀ। ਇਸ ਘਟਨਾਕ੍ਰਮ ਬਾਅਦ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਚਰਨਜੀਤ ਚੱਢਾ ਅਤੇ ਇੰਦਰਪ੍ਰੀਤ ਚੱਢਾ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਸੀ ਅਤੇ ਉਨ੍ਹਾਂ ਦੀ ਸੁਸਾਇਟੀ ਦੀ ਮੈਂਬਰਸ਼ਿਪ ਵੀ ਖਤਮ ਕਰ ਦਿੱਤੀ ਸੀ। ਇੰਦਰਪ੍ਰੀਤ ਸਿੰਘ ਨੂੰ ਸਥਾਨਕ ਅਦਾਲਤ ਵੱਲੋਂ ਇਸ ਆਧਾਰ 'ਤੇ ਜ਼ਮਾਨਤ ਦਿੱਤੀ ਗਈ ਸੀ ਕਿ ਉਹ ਪੁਲਿਸ ਵੱਲੋਂ ਕੀਤੀ ਜਾਣ ਵਾਲੀ ਪੜਤਾਲ ਵਿਚ ਪੂਰਾ ਸਹਿਯੋਗ ਦੇਵੇਗਾ। ਪੁਲਿਸ ਕਮਿਸ਼ਨਰ ਵੱਲੋਂ ਬਣਾਈ ਜਾਂਚ ਕਮੇਟੀ ਅੱਗੇ ਉਹ ਪੇਸ਼ ਹੋਇਆ ਸੀ। ਉਸ ਨੇ ਜਾਂਚ ਟੀਮ ਨੂੰ ਦੱਸਿਆ ਸੀ ਕਿ ਉਸ ਦਾ ਆਪਣੇ ਪਿਤਾ ਦੀ ਵੀਡੀਓ ਕਲਿੱਪ ਤੇ ਫੋਨ ਕਾਲਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਤੇ ਉਸ ਨੂੰ ਇਸ ਮਾਮਲੇ ਵਿਚ ਨਾਜਾਇਜ਼ ਫਸਾਇਆ ਜਾ ਰਿਹਾ ਹੈ।




### ਇੰਦਰਪ੍ਰੀਤ ਸਿੰਘ ਚੱਢਾ ਦੇ ਆਖਰੀ ਹਰਫ

**ਅੰਮ੍ਰਿਤਸਰ:** ਇੰਦਰਪ੍ਰੀਤ ਸਿੰਘ ਚੱਢਾ ਵੱਲੋਂ ਆਪਣੀ ਮੌਤ ਤੋਂ ਪਹਿਲਾਂ ਦੋ ਪੱਤਰ ਲਿਖੇ ਗਏ ਸਨ, ਜਿਨ੍ਹਾਂ ਵਿਚ ਉਸ ਨੇ ਆਪਣੇ ਪਿਤਾ ਅਤੇ ਉਸ ਨੂੰ ਬਦਨਾਮ ਕਰਨ ਪਿੱਛੇ ਡੂੰਘੀ ਸਾਜ਼ਿਸ਼ ਰਚੇ ਜਾਣ ਦੀ ਗੱਲ ਕਹੀ ਹੈ। ਵਿਸ਼ਵ ਦੇ ਨਾਂ ਲਿਖਿਆ ਪੱਤਰ (ਟੂ ਦਿ ਵਰਲਡ) 14 ਸਫਿਆਂ ਦਾ ਹੈ, ਜਿਸ ਉਪਰ ਉਸ ਦੇ ਦਸਤਖਤ ਨਹੀਂ ਹਨ, ਜਦਕਿ ਮੁੱਖ ਮੰਤਰੀ ਦੇ ਨਾਂ ਲਿਖਿਆ ਪੱਤਰ 4 ਸਫਿਆਂ ਦਾ ਹੈ, ਜਿਸ ਵਿਚ ਉਸ ਦੇ ਦਸਤਖਤ ਵੀ ਹਨ। 14 ਸਫਿਆਂ ਦੇ ਪੱਤਰ ਵਿਚ ਉਸ ਨੇ ਲਿਖਿਆ ਹੈ ਕਿ ਉਹ ਵਾਇਰਲ ਹੋਈ ਵੀਡੀਓ ਦੇ ਮਾਮਲੇ ਵਿਚ ਬਣਾਈ ਗਈ ਵਿਸ਼ੇਸ਼ ਜਾਂਚ ਕਮੇਟੀ ਕੋਲ ਪੇਸ਼ ਹੋਇਆ ਸੀ, ਪਰ ਉਥੇ ਉਸ ਨੇ ਇਹ ਵੀਡੀਓ ਬਣਾਉਣ ਦੀ ਸਾਜ਼ਿਸ਼ ਰਚਣ ਵਾਲਿਆਂ ਦੇ ਨਾਂ ਨਹੀਂ ਦੱਸੇ ਸਨ। ਉਸ ਨੇ ਇਸ ਪੱਤਰ ਵਿਚ ਕਈ ਵਿਅਕਤੀਆਂ ਦੇ ਨਾਵਾਂ ਦਾ ਜ਼ਿਕਰ ਕੀਤਾ ਹੈ।

ਪੱਤਰ ਵਿਚ ਆਪਣੇ ਭਰਾ ਹਰਜੀਤ ਸਿੰਘ, ਚੀਫ ਖਾਲਸਾ ਦੀਵਾਨ ਨਾਲ ਜੁੜੇ ਕੁਝ ਵਿਅਕਤੀਆਂ, ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗੁਰਸੇਵਕ ਸਿੰਘ, ਇਕ ਏ.ਡੀ.ਜੀ.ਪੀ. ਪੱਧਰ ਦੇ ਅਧਿਕਾਰੀ, ਇਕ ਸਾਬਕਾ ਕਾਂਗਰਸੀ ਆਗੂ ਦੇ ਨਾਂ ਦਾ ਜ਼ਿਕਰ ਕੀਤਾ ਹੈ। ਇਸ ਵੀਡੀਓ ਲਈ ਉਸ ਦੇ ਪਿਤਾ ਕੋਲੋਂ ਸਾਢੇ 4 ਕਰੋੜ ਰੁਪਏ ਮੰਗੇ ਗਏ ਸਨ। ਪੈਸੇ ਮੰਗਣ ਵਾਲਿਆਂ ਦੇ ਨਾਂ ਵੀ ਪੱਤਰ ਵਿਚ ਸ਼ਾਮਲ ਹਨ।

# ਹਰਿਆਣਾ ਨੇ ਸਸਤੀ ਬਿਜਲੀ ਦੇ ਕੇ ਪੰਜਾਬ ਤੋਂ ਬਾਜ਼ੀ ਮਾਰੀ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਛੋਟੀਆਂ ਸਨਅਤਾਂ ਨੂੰ ਸਸਤੀ ਬਿਜਲੀ ਦੇਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਪਛਾੜ ਦਿੱਤਾ ਹੈ। ਪੰਜਾਬ ਦੇ ਗੁਆਂਢੀ ਸੂਬੇ ਨੇ ਪੱਛੜੇ ਇਲਾਕਿਆਂ ਵਿਚ ਛੋਟੀਆਂ ਸਨਅਤਾਂ ਨੂੰ ਉਭਾਰਨ ਦੇ ਮੰਤਵ ਨਾਲ ਦੋ ਰੁਪਏ ਪ੍ਰਤੀ ਯੂਨਿਟ ਬਿਜਲੀ ਸਸਤੀ ਦੇਣ ਦੇ ਫੈਸਲੇ ਨੂੰ ਅਮਲੀ ਰੂਪ ਵਿਚ ਲਾਗੂ ਕਰ ਦਿੱਤਾ ਹੈ। ਇਸ ਫੈਸਲੇ ਨਾਲ ਛੋਟੀਆਂ ਸਨਅਤਾਂ ਨੂੰ ਹੁਣ ਬਿਜਲੀ ਪੰਜ ਰੁਪਏ ਪ੍ਰਤੀ ਯੂਨਿਟ ਦੇ ਆਸ-ਪਾਸ ਮਿਲੇਗੀ।

ਹਰਿਆਣਾ ਸਰਕਾਰ ਨੇ ਇਹ ਸਹੂਲਤ ਸੂਬੇ ਦੇ 'ਸੀ' ਅਤੇ 'ਡੀ' ਕੈਟਾਗਿਰੀ ਦੇ ਬਲਾਕਾਂ ਵਿਚ ਦਿੱਤੀ ਹੈ। ਇਹ ਫੈਸਲਾ 2015 ਤੋਂ ਲਾਗੂ ਕੀਤਾ ਗਿਆ ਹੈ ਜੋ 2018 ਤੱਕ ਜਾਰੀ ਰਹੇਗਾ। ਇਸ ਫੈਸਲੇ ਨਾਲ ਸੂਬੇ ਦੇ ਪੱਛੜੇ ਬਲਾਕਾਂ ਦੇ ਸਨਅਤੀ ਵਿਕਾਸ ਵਿਚ ਤੇਜ਼ੀ ਆਉਣ ਦੀ ਸੰਭਾਵਨਾ ਹੈ।

ਰਾਜ ਸਰਕਾਰ ਮੁਤਾਬਕ ਇਸ ਰਿਆਇਤ ਨਾਲ ਸੂਬੇ ਦੀ ਵਿਕਾਸ ਦਰ ਵਿਚ ਤੇਜ਼ੀ ਆਵੇਗੀ ਤੇ ਰੁਜ਼ਗਾਰ ਦੇ ਮੌਕੇ ਵੀ ਵੱਧ ਪੈਦਾ ਹੋਣਗੇ। ਗੁਆਂਢੀ ਸੂਬੇ ਦੇ ਇਸ ਐਲਾਨ ਨਾਲ ਛੋਟੀਆਂ ਸਨਅਤਾਂ ਵੱਲੋਂ ਮੁਹਾਣ ਹਰਿਆਣਾ ਵੱਲ ਮੋੜਨ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਵੀ ਸਾਰੀਆਂ ਸਨਅਤਾਂ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦਾ ਐਲਾਨ ਕੀਤਾ ਗਿਆ ਸੀ ਪਰ ਇਸ ਸਬੰਧੀ ਅਜੇ ਤੱਕ ਨੋਟੀਫਿਕੇਸ਼ਨ ਹੀ ਨਹੀਂ ਹੋ ਸਕਿਆ। ਸੂਤਰਾਂ



ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਦਾ ਨੋਟੀਫਿਕੇਸ਼ਨ ਵਿੱਤ ਵਿਭਾਗ ਕੋਲ ਅਟਕਿਆ ਹੋਇਆ ਹੈ ਤੇ ਖਜ਼ਾਨੇ ਦੀ ਹਾਲਤ ਮੁਤਾਬਕ ਇਸ ਦੇ ਅਮਲ 'ਚ ਆਉਣ ਦੀ ਸੰਭਾਵਨਾ ਮੱਧਮ ਹੈ। ਇਸ ਸਕੀਮ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ 2400 ਕਰੋੜ ਰੁਪਏ ਲੋੜੀਂਦੇ ਹਨ ਤੇ ਸਰਕਾਰ ਮੁਸ਼ਕਲ ਨਾਲ 1500 ਕਰੋੜ ਰੁਪਏ ਦਾ ਹੀ ਜੁਗਾੜ ਕਰ ਸਕੀ ਹੈ।

# ਨਿਗਮਾਂ ਤੇ ਨਗਰ ਸੁਧਾਰ ਟਰੱਸਟਾਂ ਵਿਚ ਘਪਲਿਆਂ ਦੀ ਖੁੱਲ੍ਹੇਗੀ ਪੋਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅੰਮ੍ਰਿਤਸਰ, ਜਲੰਧਰ, ਪਟਿਆਲਾ ਤੇ ਲੁਧਿਆਣਾ ਨਗਰ ਨਿਗਮਾਂ ਅਤੇ ਨਗਰ ਸੁਧਾਰ ਟਰੱਸਟਾਂ ਤੇ ਤਿੰਨ ਸ਼ਹਿਰਾਂ ਖਰੜ, ਜ਼ੀਰਕਪੁਰ ਤੇ ਰਾਜਪੁਰਾ ਦੀਆਂ ਨਗਰ ਕੌਂਸਲਾਂ ਦੀ ਫੌਰੈਂਸਿਕ ਆਡਿਟ ਸ਼ੁਰੂ ਕੀਤੀ ਹੈ ਤੇ ਇਹ ਕੰਮ ਇਸੇ ਸਾਲ ਸਤੰਬਰ ਤੱਕ ਮੁਕੰਮਲ ਹੋ ਜਾਵੇਗਾ।

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਫੌਰੈਂਸਿਕ ਆਡਿਟ ਦੌਰਾਨ ਉਕਤ ਸਥਾਨਕ ਸੰਸਥਾਵਾਂ ਵਿਚ ਸਰਕਾਰੀ ਗਰਾਂਟਾਂ ਅਤੇ ਪੈਸੇ ਦੀ ਦੁਰਵਰਤੋਂ ਦੇ ਤੱਥ ਸਾਹਮਣੇ ਆ ਜਾਣਗੇ। ਇਨ੍ਹਾਂ ਸ਼ਹਿਰਾਂ ਵਿਚ ਸ਼ਹਿਰੀ ਯੋਜਨਾਬੰਦੀ ਨਾਲ ਸਬੰਧਤ ਹੋਰ ਕੰਮਾਂ ਨੂੰ ਵੀ ਆਡਿਟ ਦੇ ਦਾਇਰੇ ਹੇਠ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰੀਆਂ ਨੂੰ ਘਰ ਬੈਠਿਆਂ ਪ੍ਰਸ਼ਾਸਕੀ ਸੇਵਾਵਾਂ ਦੇਣ ਲਈ ਈ-ਗਵਰਨੈਂਸ ਪ੍ਰੋਜੈਕਟ ਦਸੰਬਰ ਤੱਕ ਲਾਗੂ ਹੋ ਜਾਵੇਗਾ। ਆਨ ਲਾਈਨ ਨਕਸ਼ੇ ਪਾਸ ਕਰਨ ਦਾ ਕੰਮ ਇਸੇ ਮਹੀਨੇ ਸ਼ੁਰੂ ਹੋ ਜਾਵੇਗਾ, ਜੋ ਇਸ ਸਾਲ ਸਤੰਬਰ ਤੱਕ ਪੂਰਾ ਕਰ ਲਿਆ ਜਾਵੇਗਾ। ਜਲੰਧਰ, ਅੰਮ੍ਰਿਤਸਰ ਤੇ ਪਟਿਆਲਾ ਦੇ ਮੇਅਰਾਂ ਸਮੇਤ ਮਿਉਂਸਪਲ ਕਮੇਟੀਆਂ ਅਤੇ ਨਗਰ ਪੰਚਾਇਤਾਂ ਦੇ ਪ੍ਰਧਾਨ ਦੀ ਚੋਣ ਦਾ ਕੰਮ 20 ਜਨਵਰੀ ਤੱਕ ਮੁਕੰਮਲ ਹੋ ਜਾਵੇਗਾ। ਨਵੀਂ ਇਸ਼ਤਿਹਾਰ ਨੀਤੀ ਲਿਆਉਣ ਦਾ ਦਾਅਵਾ ਕਰਦਿਆਂ ਉਨ੍ਹਾਂ ਦੱਸਿਆ ਕਿ 2012 ਦੀ ਮੌਜੂਦਾ ਨੀਤੀ ਵਿਚ ਕਈ ਕਮੀਆਂ ਸਨ, ਜਿਸ ਕਾਰਨ ਇਸ਼ਤਿਹਾਰਾਂ ਤੋਂ ਨਿਗੂਣੀ ਕਮਾਈ ਹੋ ਰਹੀ ਹੈ। ਸ਼ਹਿਰਾਂ ਵਿਚ ਜੀ.ਆਈ.ਐਸ. ਦੀ ਸਹਾਇਤਾ ਨਾਲ ਸ਼ਹਿਰਾਂ ਦੇ ਮਾਸਟਰ ਪਲਾਨ ਨੋਟੀਫਾਈ ਕੀਤੇ ਜਾ ਰਹੇ ਹਨ।

16 'ਅਮਰੁਤ' ਸ਼ਹਿਰਾਂ ਵਿਚ 31 ਜਨਵਰੀ ਤੱਕ ਜੀ.ਆਈ.ਐਸ. ਆਧਾਰਤ ਮਾਸਟਰ ਪਲਾਨ ਦਾ ਕੰਮ ਸ਼ੁਰੂ ਹੋ ਜਾਵੇਗਾ। 31 ਦਸੰਬਰ ਤੱਕ 46 ਸ਼ਹਿਰੀ ਸਥਾਨਕ ਇਕਾਈਆਂ ਨੂੰ 'ਖੁੱਲ੍ਹੇ ਵਿਚ ਪਖਾਨੇ' ਤੋਂ ਮੁਕਤ ਕਰ ਦਿੱਤਾ ਹੈ ਅਤੇ 100 ਹੋਰ ਸ਼ਹਿਰਾਂ ਨੂੰ ਆਉਂਦੀ 31 ਮਾਰਚ ਤੱਕ ਇਸ ਮੁਹਿੰਮ ਹੇਠ ਲਿਆਂਦਾ ਜਾਵੇਗਾ, ਜਦੋਂਕਿ ਸਾਰੇ ਸ਼ਹਿਰ 30 ਜੂਨ ਤੱਕ 'ਖੁੱਲ੍ਹੇ ਵਿਚ ਪਖਾਨਾ' ਮੁਕਤ ਹੋ ਜਾਣਗੇ। ਸ੍ਰੀ ਸਿੱਧੂ ਨੇ ਕਿਹਾ ਕਿ ਤਿੰਨ ਵੱਡੇ ਸ਼ਹਿਰਾਂ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਸਮਾਰਟ ਸਿਟੀ ਪ੍ਰੋਜੈਕਟ ਲਈ ਕੇਂਦਰ ਨੇ 350 ਕਰੋੜ ਮਨਜ਼ੂਰ ਕਰ ਦਿੱਤੇ ਹਨ।

# ਕੰਡਮ ਵਾਹਨਾਂ ਨਾਲ ਖਜ਼ਾਨਾ ਭਰੇਗੀ ਸਰਕਾਰ



**ਫਰੀਦਕੋਟ:** ਪੰਜਾਬ ਸਰਕਾਰ, ਅਧਿਕਾਰੀਆਂ ਦੇ ਕੰਡਮ ਹੋਏ ਵਾਹਨਾਂ ਅਤੇ ਵੱਖ-ਵੱਖ ਫੌਜਦਾਰੀ ਕੇਸਾਂ ਵਿਚ ਜ਼ਬਤ ਵਾਹਨਾਂ ਨੂੰ ਨਿਲਾਮ ਕਰ ਕੇ ਆਪਣਾ ਖਜ਼ਾਨਾ ਭਰੇਗੀ। ਇਸ ਵੇਲੇ ਸਰਕਾਰੀ ਅਧਿਕਾਰੀਆਂ ਦੇ 700 ਤੋਂ ਵੱਧ ਸਰਕਾਰੀ ਵਾਹਨ ਕੰਡਮ ਹਨ, ਜੋ ਦਫਤਰਾਂ ਵਿਚ ਪਏ ਗਲ ਰਹੇ ਹਨ ਤੇ ਸਰਕਾਰ ਇਨ੍ਹਾਂ ਵਾਹਨਾਂ ਦੀ ਰਾਖੀ ਉਤੇ ਲੱਖਾਂ ਰੁਪਏ ਖਰਚ ਰਹੀ ਹੈ।

ਵਿੱਤ ਵਿਭਾਗ ਨੇ ਸਾਰੇ ਸਰਕਾਰੀ ਵਿਭਾਗਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਕੰਡਮ ਵਾਹਨਾਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਾਣ ਤੇ ਇਨ੍ਹਾਂ ਦੀ ਜਨਤਕ ਨਿਲਾਮੀ ਲਈ ਕਾਗਜ਼ੀ ਕਾਰਵਾਈ ਤੁਰਤ ਪੂਰੀ ਕੀਤੀ ਜਾਵੇ। ਪੰਜਾਬ ਸਰਕਾਰ ਨੂੰ ਕੰਡਮ ਵਾਹਨਾਂ ਦੀ ਨਿਲਾਮੀ ਤੋਂ 20 ਤੋਂ 25 ਕਰੋੜ ਰੁਪਏ ਆਮਦਨ ਹੋਣ ਦੀ ਸੰਭਾਵਨਾ ਹੈ ਤੇ ਸਰਕਾਰ 31 ਮਾਰਚ ਤੱਕ ਸਾਰੇ ਕੰਡਮ ਵਾਹਨਾਂ ਨੂੰ ਜਨਤਕ ਨਿਲਾਮੀ ਰਾਹੀਂ ਵੇਚਣਾ ਚਾਹੁੰਦੀ ਹੈ। ਸੂਤਰਾਂ ਅਨੁਸਾਰ ਪੰਜਾਬ ਦੇ ਥਾਣਿਆਂ, ਇਲਾਕਾ ਮੈਜਿਸਟ੍ਰੇਟਾਂ ਤੇ ਜ਼ਿਲ੍ਹਾ ਅਦਾਲਤਾਂ ਵਿਚ 14 ਹਜ਼ਾਰ ਮੋਟਰਸਾਈਕਲ, 22 ਬੱਸਾਂ ਸਮੇਤ 16 ਹਜ਼ਾਰ ਵਾਹਨ ਜਨਤਕ ਨਿਲਾਮੀ ਦੀ ਉਡੀਕ ਵਿਚ ਹਨ। ਇਹ ਵਾਹਨ ਫੌਜਦਾਰੀ ਤੇ ਦੀਵਾਨੀ ਮੁਕੱਦਮਿਆਂ ਵਿਚ ਜ਼ਬਤ ਕੀਤੇ ਗਏ ਹਨ।

ਪੰਜਾਬ ਦੇ ਥਾਣਿਆਂ ਵਿਚ ਜ਼ਬਤ ਕੀਤੇ ਵਾਹਨਾਂ ਨੂੰ ਸਾਂਭਣ ਦਾ ਕੋਈ ਪ੍ਰਬੰਧ ਨਹੀਂ ਹੈ ਅਤੇ ਨਾ ਹੀ ਲੋੜੀਂਦੀ ਜਗ੍ਹਾ ਹੈ, ਜਦੋਂਕਿ ਅਫਸਰਾਂ ਦੇ ਕੰਡਮ ਹੋਏ ਵਾਹਨਾਂ ਨੂੰ ਦਫਤਰਾਂ ਨੇੜੇ ਖੁੱਲ੍ਹੀਆਂ ਥਾਂਵਾਂ ਉਤੇ ਰੱਖਿਆ ਗਿਆ ਹੈ ਤੇ ਇਨ੍ਹਾਂ ਵਿਚੋਂ ਬਹੁਤਾ ਕੀਮਤੀ ਸਾਮਾਨ ਚੋਰੀ ਹੋ ਚੁੱਕਿਆ ਹੈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਨੇ ਆਪਣੇ 200 ਦੇ ਕਰੀਬ ਕੰਡਮ ਵਾਹਨਾਂ ਨੂੰ ਅਜੇ ਤੱਕ ਸੜਕਾਂ ਤੋਂ ਨਹੀਂ ਲਾਹਿਆ ਅਤੇ ਇਹ ਵਾਹਨ ਅਣਅਧਿਕਾਰਤ ਤਰੀਕੇ ਨਾਲ ਚੱਲ ਰਹੇ ਹਨ। ਹੁਣ ਪਾਵਰਕੌਮ ਦੇ ਡਰਾਈਵਰਾਂ ਨੇ ਕੰਡਮ ਵਾਹਨ ਚਲਾਉਣ ਤੋਂ ਇਨਕਾਰ ਕਰ ਦਿੱਤਾ ਹੈ।

### ਕਰਜ਼ੇ ਨਾਲ ਸੁਧਰੇਗੀ ਲਿੰਕ ਸੜਕਾਂ ਦੀ ਜੂਨ

**ਬਠਿੰਡਾ:** ਕੈਪਟਨ ਸਰਕਾਰ ਪੰਜਾਬ ਭਰ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਦੋ ਹਜ਼ਾਰ ਕਰੋੜ ਦਾ ਕਰਜ਼ਾ ਚੁੱਕੇਗੀ। ਨਵੀਂ ਸਰਕਾਰ ਦਾ ਇਹ ਪਹਿਲਾ ਵੱਡਾ ਪ੍ਰੋਜੈਕਟ ਹੋਵੇਗਾ। ਪੰਜਾਬ ਮੰਡੀ ਬੋਰਡ ਵੱਲੋਂ ਤਿੰਨ ਬੈਂਕਾਂ ਤੋਂ ਇਹ ਕਰਜ਼ਾ ਲਿਆ ਜਾਵੇਗਾ। ਮੰਡੀ ਬੋਰਡ ਵੱਲੋਂ ਪੰਜਾਬ ਵਿਚ 16 ਹਜ਼ਾਰ ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਜਾਵੇਗੀ। ਇਨ੍ਹਾਂ ਸੜਕਾਂ ਵਿਚ ਉਹ ਸੜਕਾਂ ਸ਼ਾਮਲ ਹਨ, ਜੋ 31 ਮਾਰਚ 2011 ਤੋਂ ਪਹਿਲਾਂ ਬਣੀਆਂ ਹਨ ਜਾਂ ਜਿਨ੍ਹਾਂ ਦੀ ਹੁਣ ਤੱਕ ਮੁਰੰਮਤ ਨਹੀਂ ਹੋਈ। ਪੰਜਾਬ ਵਿਚ ਇਸ ਵੇਲੇ 22869 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਹੋਣ ਵਾਲੀ ਹੈ, ਜਿਨ੍ਹਾਂ 'ਚੋਂ 16 ਹਜ਼ਾਰ ਕਿਲੋਮੀਟਰ ਲਿੰਕ ਸੜਕਾਂ ਦੀ ਹਾਲਤ ਬਹੁਤ ਖਰਾਬ ਹੈ।

# ਰਵਾਇਤੀ ਗਾਇਕਾਂ ਦਾ ਲੱਚਰਤਾ ਖਿਲਾਫ ਮੋਰਚਾ

**ਚੰਡੀਗੜ੍ਹ:** ਲੱਚਰ ਗਾਇਕੀ ਠੱਲ੍ਹਣ ਦੇ ਸ਼ੁਰੂ ਹੋਏ ਯਤਨਾਂ ਤੋਂ ਬਾਅਦ ਰਵਾਇਤੀ ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ ਤੇ ਲੇਖਕਾਂ ਨੇ ਹੁਣ ਖੁਦ ਇਸ ਵਿਰੁੱਧ ਡਟਣ ਦਾ ਟੀਚਾ ਮਿਥਿਆ ਹੈ। ਇਸ ਤਹਿਤ ਵਿਸ਼ਵ ਪੰਜਾਬੀ ਗੀਤਕਾਰ ਅਤੇ ਲੇਖਕ ਐਸੋਸੀਏਸ਼ਨ ਬਣਾਉਣ ਲਈ ਸੂਬੇ ਭਰ ਵਿਚ ਚਰਚਾ ਛੇੜੀ ਗਈ ਹੈ। ਰਵਾਇਤੀ ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ ਤੇ ਲੇਖਕਾਂ ਵੱਲੋਂ ਕੌਮਾਂਤਰੀ ਮੰਚ ਬਣਾ ਕੇ ਲੱਚਰ ਗਾਇਕੀ ਵਿਰੁੱਧ ਝੰਡਾ ਚੁੱਕਿਆ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਪਿਛਲੇ ਕਈ ਸਾਲਾਂ ਤੋਂ ਲੱਚਰ ਗਾਇਕੀ ਵਿਰੁੱਧ ਸੈਂਸਰ ਬੋਰਡ ਜਾਂ ਹੋਰ ਕਦਮ ਚੁੱਕਣ ਦੇ ਯਤਨ ਕੀਤੇ ਜਾ ਰਹੇ ਹਨ, ਪਰ ਅਜੇ ਤੱਕ ਕੋਈ ਠੋਸ ਸਿੱਟਾ ਨਹੀਂ ਨਿਕਲਿਆ ਹੈ। ਇਸ ਕਾਰਨ ਲੱਚਰ ਗੀਤ-ਸੰਗੀਤ ਬਣਾਉਣ ਵਾਲਿਆਂ ਦੇ ਹੌਸਲੇ ਬੁਲੰਦ ਹਨ। ਅਜਿਹੇ ਗਾਇਕ ਤੇ ਗੀਤਕਾਰ ਹਥਿਆਰਾਂ ਤੇ ਚਿੱਟੇ ਨੂੰ ਉਭਾਰ ਰਹੇ ਹਨ ਤੇ ਅੱਜ-ਕੱਲ੍ਹ ਗੈਂਗਸਟਰਾਂ ਦੇ ਸੋਹਲੇ ਵੀ ਗਾਏ ਜਾਂਦੇ ਹਨ। ਪੰਜਾਬ ਦੇ ਸਭਿਆਚਾਰ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਉਂਦਿਆਂ ਹੀ ਪੰਜਾਬ ਕਲਾ ਪ੍ਰੀਸ਼ਦ ਨੂੰ ਕਲਾਕਾਰਾਂ ਦੀ ਸੰਸਦ ਬਣਾਉਣ ਦਾ ਐਲਾਨ ਕੀਤਾ ਸੀ। ਉਨ੍ਹਾਂ ਨੇ ਭਾਵੇਂ 29 ਅਗਸਤ 2017 ਨੂੰ ਸਭਿਆਚਾਰਕ ਨੀਤੀ ਐਲਾਨ ਦਿੱਤੀ ਹੈ, ਪਰ ਲੱਚਰ ਗਾਇਕੀ ਨੂੰ ਠੱਲ੍ਹ ਨਹੀਂ ਪਈ। ਹੁਣ ਰਵਾਇਤੀ ਗਾਇਕਾਂ, ਗੀਤਕਾਰਾਂ ਤੇ ਸੰਗੀਤਕਾਰਾਂ ਨੇ ਲੱਚਰ ਗਾਇਕੀ ਵਿਰੁੱਧ ਮੋਰਚਾ ਖੋਲ੍ਹਣ ਦਾ ਫੈਸਲਾ ਕੀਤਾ ਹੈ। ਵਿਸ਼ਵ ਪੰਜਾਬੀ ਗੀਤਕਾਰ ਅਤੇ ਲੇਖਕ ਐਸੋਸੀਏਸ਼ਨ ਦੇ ਕਨਵੀਨਰ ਜਰਨੈਲ ਘੁਮਾਣ ਨੂੰ ਨਿਯੁਕਤ ਕੀਤਾ ਗਿਆ ਹੈ, ਜੋ ਗੀਤਕਾਰ ਅਤੇ ਸੁਰਸੰਗਮ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਹਨ। ਇਸ ਸੰਸਥਾ ਨਾਲ ਪੰਜਾਬੀ ਗੀਤ, ਸੰਗੀਤ, ਸਭਿਆਚਾਰ, ਮਾਂ ਬੋਲੀ ਤੇ ਵਿਰਸੇ ਨਾਲ ਜੁੜੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਜੋੜਨ ਲਈ ਪੰਜਾਬ ਭਰ ਵਿਚ ਚਰਚਾ ਛੇੜੀ ਗਈ ਹੈ।



# ਆਮ ਬਜਟ ਪਹਿਲੀ ਫਰਵਰੀ ਨੂੰ

**ਨਵੀਂ ਦਿੱਲੀ:** ਸੰਸਦ ਦਾ ਬਜਟ ਇਜਲਾਸ 29 ਜਨਵਰੀ ਤੋਂ ਸ਼ੁਰੂ ਹੋਵੇਗਾ ਅਤੇ 2018-19 ਦਾ ਆਮ ਬਜਟ ਪਹਿਲੀ ਫਰਵਰੀ ਨੂੰ ਪੇਸ਼ ਕੀਤਾ ਜਾਵੇਗਾ।

ਸੰਸਦੀ ਮਾਮਲਿਆਂ ਬਾਰੇ ਕੈਬਨਿਟ ਕਮੇਟੀ (ਸੀ.ਸੀ.ਪੀ.ਏ.) ਨੇ ਇਸ ਦੀ ਸਿਫਾਰਸ਼ ਕੀਤੀ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਹੇਠ ਹੋਈ ਬੈਠਕ 'ਚ ਫੈਸਲਾ ਲਿਆ ਗਿਆ ਕਿ ਬਜਟ ਇਜਲਾਸ ਦਾ ਪਹਿਲਾ ਗੇੜ 29 ਜਨਵਰੀ ਤੋਂ 9 ਫਰਵਰੀ ਤੱਕ ਚੱਲੇਗਾ। ਵਕਫੇ ਮਗਰੋਂ ਸੰਸਦ ਮੁੜ 5 ਮਾਰਚ ਤੋਂ ਲੈ ਕੇ 6 ਅਪਰੈਲ ਤੱਕ ਜੁੜੇਗੀ।

# ਮੀਕਾ ਸਿੰਘ ਦਾ ਕੀਰਤਨ ਸੁਣ ਕੇ ਘਿਰੇ ਜਥੇਦਾਰ

**ਅੰਮ੍ਰਿਤਸਰ:** ਮੁੰਬਈ ਵਿਚ ਇਕ ਸਿੱਖ ਵੱਲੋਂ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪਤਿਤ ਸਿੱਖ ਗਾਇਕ ਮੀਕਾ ਸਿੰਘ ਕੋਲੋਂ ਗੁਰਬਾਣੀ ਦਾ ਕੀਰਤਨ ਕਰਾ ਕੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਦਾ ਮਾਮਲਾ ਭਖ ਗਿਆ ਹੈ। ਸਮਾਗਮ ਵਿਚ ਤਿੰਨ ਤਖ਼ਤਾਂ ਦੇ ਜਥੇਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਧਿਕਾਰੀ ਵੀ ਹਾਜ਼ਰ ਸਨ।

ਵਿਰੋਧ ਕਰ ਰਹੀਆਂ ਸਿੱਖ ਧਿਰਾਂ ਨੇ ਮੰਗ ਕੀਤੀ ਹੈ ਕਿ ਜਥੇਦਾਰ ਇਸ ਉਲੰਘਣਾ ਲਈ ਸਿੱਖ ਕੌਮ ਕੋਲੋਂ ਮੁਆਫੀ ਮੰਗਣ। ਇਹ ਗੁਰਮਤਿ ਸਮਾਗਮ ਉਂਜ ਵੀ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਸ਼ਾਮਲ ਪ੍ਰਕਾਸ਼ ਪੁਰਬ ਦੀ ਮਿਤੀ ਮੁਤਾਬਕ ਮਨਾਇਆ ਗਿਆ ਹੈ, ਜਿਸ ਨੂੰ ਅਕਾਲ ਤਖਤ ਤੋਂ ਸੋਧਿਆ ਜਾ ਚੁਕਾ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਉਸ ਨੂੰ ਅਪਨਾਇਆ ਜਾ ਚੁਕਾ ਹੈ।

ਇਸ ਸਬੰਧੀ ਸੋਸ਼ਲ ਮੀਡੀਆ ਉਤੇ ਸਿੱਖ ਧਾਰਮਿਕ ਆਗੂਆਂ ਦੀ ਵੱਡੀ ਆਲੋਚਨਾ ਹੋ ਰਹੀ ਹੈ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਆਖਿਆ ਕਿ ਸਮਾਗਮ ਵਿਚ ਤਿੰਨ ਤਖ਼ਤਾਂ ਦੇ ਜਥੇਦਾਰ ਜਿਨ੍ਹਾਂ ਵਿਚ ਅਕਾਲ ਤਖ਼ਤ, ਤਖ਼ਤ ਹਜ਼ੂਰ ਸਾਹਿਬ ਤੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਸ਼ਾਮਲ ਸਨ, ਤੋਂ ਇਲਾਵਾ

## ਮਰਿਆਦਾ ਦੀ ਉਲੰਘਣਾ ਲਈ ਮੁਆਫੀ ਦੀ ਮੰਗ ਉਠੀ



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਮੁੱਖ ਸਕੱਤਰ ਡਾ. ਰੂਪ ਸਿੰਘ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿਚ ਸਿੱਖ ਰਹਿਤ ਮਰਿਆਦਾ ਤੇ ਸਿਧਾਂਤਾਂ ਦੀਆਂ ਧੱਜੀਆਂ ਉਡਾਈਆਂ ਗਈਆਂ। ਸਮਾਗਮ ਦਾ ਸਿੱਧਾ ਪ੍ਰਸਾਰਨ ਵੀ ਇਕ ਟੀ. ਵੀ. ਚੈਨਲ ਉਤੇ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸਮਾਗਮ ਵਿਚ ਇਨ੍ਹਾਂ ਧਾਰਮਿਕ ਆਗੂਆਂ ਦੀ ਹਾਜ਼ਰੀ ਵਿਚ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਸੀ, ਉਥੇ ਹੀ ਇਕ ਪਤਿਤ ਸਿੱਖ ਗਾਇਕ ਮੀਕਾ ਸਿੰਘ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਪਤਿਤ ਸਿੱਖ ਨੂੰ ਸਿਰੋਪਾਉ ਵੀ ਦਿੱਤਾ ਗਿਆ ਤੇ ਫਿਲਮੀ ਕਲਾਕਾਰਾਂ ਦਾ ਵੀ ਸਨਮਾਨ ਕੀਤਾ ਗਿਆ। ਇਕ ਮਹਿਲਾ ਕਲਾਕਾਰ ਕੋਲੋਂ ਗੁਰੂ ਦੀ ਹਾਜ਼ਰੀ ਵਿਚ ਮੱਥਾ ਵੀ ਟਿਕਵਾਇਆ, ਜੋ ਗੁਰ ਮਰਿਆਦਾ ਦੀ ਉਲੰਘਣਾ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਪੰਥਕ ਫਰੰਟ ਦੇ ਕਨਵੀਨਰ ਸੁਖਦੇਵ ਸਿੰਘ ਭੌਰ ਨੇ ਆਖਿਆ ਕਿ ਇਸ ਮਾਮਲੇ ਵਿਚ ਜਥੇਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰਾਂ ਨੂੰ ਸਿੱਖ ਪੰਥ ਕੋਲੋਂ ਖਿਮਾ ਯਾਚਨਾ ਕਰਨੀ ਚਾਹੀਦੀ ਹੈ।

ਸਾਬਕਾ ਜਥੇਦਾਰ ਅਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਤਖ਼ਤਾਂ ਦੇ ਜਥੇਦਾਰਾਂ ਦੀ ਪ੍ਰਮੁੱਖ ਡਿਊਟੀ ਵਿਚ ਪੰਥਕ ਰਹਿਤ ਮਰਿਆਦਾ ਨੂੰ ਲਾਗੂ ਕਰਾਉਣਾ ਵੀ ਸ਼ਾਮਲ ਹੈ, ਪਰ ਮੁੰਬਈ ਵਿਚ ਹੋਏ ਸਮਾਗਮ ਦੌਰਾਨ ਪਹਿਰੇਦਾਰਾਂ ਦੇ ਸਾਹਮਣੇ ਰਹਿਤ ਮਰਿਆਦਾ ਦੀ ਉਲੰਘਣਾ ਹੋਈ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਅਤੇ ਮੌਜੂਦਾ ਮੈਂਬਰ ਕਿਰਨਜੋਤ ਕੌਰ ਨੇ ਆਖਿਆ ਕਿ ਤਖ਼ਤਾਂ ਦੇ ਜਥੇਦਾਰਾਂ ਨੂੰ ਇਸ ਮਾਮਲੇ ਵਿਚ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਿਸੇ ਵੀ ਮਿਤੀ ਨੂੰ ਕਰਾਇਆ ਜਾ ਸਕਦਾ ਹੈ।

ਸ. ਬੇਦੀ ਨੇ ਕਿਹਾ ਕਿ ਜੇਕਰ ਰਹਿਤ ਮਰਿਆਦਾ ਦੀ ਕੋਈ ਉਲੰਘਣਾ ਹੋਈ ਹੈ ਤਾਂ ਤਖ਼ਤਾਂ ਦੇ ਜਥੇਦਾਰ ਵੀ ਉਥੇ ਸਨ, ਜਿਨ੍ਹਾਂ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਸੀ।

## ਜੇਲ੍ਹ ਵਿਚ ਬੰਦ ਹਰਮਿੰਦਰ ਮਿੰਟੂ ਵੱਲੋਂ ਭੁੱਖ ਹੜਤਾਲ

**ਪਟਿਆਲਾ:** ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਕੇ.ਐਲ.ਐਫ. ਦੇ ਚੀਫ ਹਰਮਿੰਦਰ ਸਿੰਘ ਮਿੰਟੂ ਨੇ ਜੇਲ੍ਹ ਅਧਿਕਾਰੀਆਂ ਉਤੇ ਉਸ ਨੂੰ ਇਕ ਵੱਖਰੇ ਸੈੱਲ ਵਿਚ ਬੰਦ ਕਰਨ ਦੇ ਦੋਸ਼ ਲਾਉਂਦਿਆਂ ਭੁੱਖ ਹੜਤਾਲ ਕੀਤੀ ਹੈ। ਮਿੰਟੂ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਵੀਡੀਓ ਕਾਨਫਰੰਸਿੰਗ ਰਾਹੀਂ ਇਕ ਕੇਸ ਸਬੰਧੀ ਲੁਧਿਆਣਾ ਦੀ ਇਕ ਅਦਾਲਤ ਵਿਚ ਪੇਸ਼ੀ ਭੁਗਤਣ ਮੌਕੇ ਮਿੰਟੂ ਨੇ ਉਸ ਨੂੰ ਦੱਸਿਆ ਸੀ ਕਿ ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਵੱਖਰੇ ਸੈੱਲ ਵਿਚ ਬੰਦ ਕੀਤਾ ਹੋਇਆ ਹੈ।

ਉਸ ਦਾ ਕਹਿਣਾ ਸੀ ਕਿ ਜੇਲ੍ਹ ਵਿਚਲੇ ਡਾਕਟਰ ਵੱਲੋਂ ਉਸ ਨੂੰ ਪੀ.ਜੀ.ਆਈ. ਇਲਾਜ ਲਈ ਭੇਜਣ ਦੀ ਸਿਫਾਰਸ਼ ਕਰਨ ਦੇ ਬਾਵਜੂਦ ਉਸ ਨੂੰ ਨਹੀਂ ਭੇਜਿਆ ਜਾ ਰਿਹਾ। ਇਨ੍ਹਾਂ ਕਾਰਨਾਂ ਕਰ ਕੇ ਮਿੰਟੂ ਨੇ ਭੁੱਖ ਹੜਤਾਲ ਰੱਖੀ ਹੈ। ਜ਼ਿਕਰਯੋਗ ਹੈ ਕਿ ਮਿੰਟੂ ਨੂੰ ਕੁਝ ਸਾਲ ਪਹਿਲਾਂ ਵਿਦੇਸ਼ੋਂ ਫੜਨ ਮਗਰੋਂ ਪਟਿਆਲਾ ਲਿਆਂਦਾ ਗਿਆ ਸੀ। ਉਹ ਪਿਛਲੇ ਸਾਲ ਨਾਭਾ ਜੇਲ੍ਹ 'ਚੋਂ ਫਰਾਰ ਹੋ ਗਿਆ ਸੀ, ਪਰ ਉਸੇ ਰਾਤ ਉਸ ਨੂੰ ਦਿੱਲੀ ਤੋਂ ਫੜ ਲਿਆ ਸੀ ਤੇ ਹੁਣ ਉਸ ਨੂੰ ਪਟਿਆਲਾ ਜੇਲ੍ਹ ਵਿਚ ਰੱਖਿਆ ਗਿਆ ਹੈ। ਮਿੰਟੂ ਦੇ ਵਕੀਲ ਅਨੁਸਾਰ ਉਹ ਚਾਰ ਕੇਸਾਂ ਵਿਚੋਂ ਬਰੀ ਹੋ ਚੁੱਕਾ ਹੈ ਤੇ ਚਾਰ ਵਿਚੋਂ ਜ਼ਮਾਨਤ ਮਿਲ ਚੁੱਕੀ ਹੈ, ਜਦੋਂਕਿ ਨਾਭਾ ਜੇਲ੍ਹ ਕਾਂਡ ਸਮੇਤ ਦਿੱਲੀ ਵਿਚ ਦਰਜ ਇਕ ਕੇਸ ਚੱਲ ਰਿਹਾ ਹੈ।

# ਵਿਸ਼ਵ ਪੁਸਤਕ ਮੇਲੇ ਵਿਚ ਸ਼੍ਰੋਮਣੀ ਕਮੇਟੀ ਨੇ ਵੀ ਲਾਇਆ ਸਟਾਲ




**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਦੇ ਪ੍ਰਗਤੀ ਮੈਦਾਨ 'ਚ ਵਿਸ਼ਵ ਪੁਸਤਕ ਮੇਲੇ ਵਿਚ ਸਿੱਖ ਸਾਹਿਤ ਨੂੰ ਵਧ ਤੋਂ ਵਧ ਪਾਠਕਾਂ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਧਾਰਮਿਕ ਪੁਸਤਕਾਂ ਦਾ ਸਟਾਲ ਲਗਾਇਆ ਗਿਆ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਪੁਸਤਕ ਮੇਲੇ ਵਿਚ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਵੱਲੋਂ ਪ੍ਰਕਾਸ਼ਤ ਮੁੱਲਵਾਨ ਧਾਰਮਿਕ ਪੁਸਤਕਾਂ, ਗੁਰਬਾਣੀ ਦੀਆਂ ਪੋਥੀਆਂ, ਨਿਤਨੇਮ ਦੇ ਗੁਟਕੇ, ਗੁਰਬਾਣੀ ਸ਼ਬਦਾਰਥ, ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਆਦਿ ਸਬੰਧੀ ਪੁਸਤਕਾਂ ਬਹੁਤ ਘੱਟ ਕੀਮਤਾਂ ਉਤੇ ਪਾਠਕਾਂ ਲਈ ਉਪਲਬਧ ਕਰਵਾਈਆਂ ਜਾ ਰਹੀਆਂ ਹਨ ਅਤੇ ਭੇਟਾ ਰਹਿਤ ਧਾਰਮਿਕ ਕਿਤਾਬਚੇ ਵੀ ਵੰਡੇ ਜਾ ਰਹੇ ਹਨ। ਧਾਰਮਿਕ ਸਾਹਿਤ ਦੇ ਪਾਠਕ ਇਸ ਪੁਸਤਕ ਮੇਲੇ ਦੌਰਾਨ ਪ੍ਰਗਤੀ ਮੈਦਾਨ ਦੇ ਹਾਲ ਨੰਬਰ 12 ਤੇ 12-ਏ ਦੇ ਸ਼੍ਰੋਮਣੀ ਕਮੇਟੀ ਦੇ ਬੁੱਕ ਸਟਾਲ ਨੰਬਰ 170-171 ਉਤੇ ਪਹੁੰਚ ਕੇ ਗੁਰਮਤਿ ਸਾਹਿਤ ਪ੍ਰਾਪਤ ਕਰ ਸਕਦੇ ਹਨ।

# ਖਹਿਰਾ ਨੂੰ 'ਮਰਦ ਅਗੰਮੜਾ' ਕਹਿਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਸਾਧੂ ਸਿੰਘ ਵੱਲੋਂ ਵਿਰੋਧੀ ਧਿਰ ਦੇ ਨੇਤਾ ਤੇ 'ਆਪ' ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ 'ਮਰਦ ਅਗੰਮੜਾ' ਕਹਿਣ ਦਾ ਮਾਮਲਾ ਅਕਾਲ ਤਖ਼ਤ ਵਿਖੇ ਪੁੱਜ ਗਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰਾਂ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਹਰਜਾਪ ਸਿੰਘ ਸੁਲਤਾਨਵਿੰਡ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮੰਗ ਪੱਤਰ ਦਿੰਦਿਆਂ ਦੋਹਾਂ ਵਿਰੁਧ ਕਾਰਵਾਈ ਦੀ ਅਪੀਲ ਕੀਤੀ ਹੈ।

ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਸਿੱਖ ਸਾਹਿਤ, ਇਤਿਹਾਸ ਅਤੇ ਪਰੰਪਰਾ ਵਿਚ 'ਮਰਦ ਅਗੰਮੜਾ' ਸਿਰਫ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਨੇ ਜਬਰ ਜ਼ੁਲਮ ਨਾਲ ਲੋਹਾ ਲੈਂਦਿਆਂ ਆਪਣਾ ਸਾਰਾ ਸਰਬੰਸ ਕੁਰਬਾਨ ਕੀਤਾ ਸੀ।

ਉਨ੍ਹਾਂ ਦੋਸ਼ ਲਾਇਆ ਕਿ ਇਕ ਸਮਾਗਮ ਦੌਰਾਨ ਸੰਸਦ ਮੈਂਬਰ ਸਾਧੂ ਸਿੰਘ ਨੇ ਸੁਖਪਾਲ ਸਿੰਘ ਖਹਿਰਾ ਦੀ ਖ਼ੁਸ਼ਾਮਦ ਦੀਆਂ ਸਭ ਹੱਦਾਂ ਪਾਰ ਕਰਦਿਆਂ ਉਸ ਨੂੰ 'ਮਰਦ ਅਗੰਮੜਾ' ਕਿਹਾ, ਜਿਸ ਦਾ ਸ੍ਰੀ ਖਹਿਰਾ ਵੱਲੋਂ ਵੀ ਖੰਡਨ ਨਹੀਂ ਕੀਤਾ ਗਿਆ। ਇਸ ਕਾਰਨ ਸਿੱਖ ਹਿਰਦਿਆਂ ਨੂੰ ਭਾਰੀ ਠੇਸ ਲੱਗੀ ਹੈ। ਉਨ੍ਹਾਂ ਦੋਹਾਂ ਆਗੂਆਂ ਨੂੰ ਅਕਾਲ

## ਜਥੇਦਾਰ ਨੂੰ ਕਾਰਵਾਈ ਕਰਨ ਦੀ ਅਪੀਲ



ਤਖ਼ਤ ਵਿਖੇ ਤਲਬ ਕਰ ਕੇ ਸਿੱਖ ਪਰੰਪਰਾਵਾਂ ਮੁਤਾਬਕ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ। ਗਿਆਨੀ ਗੁਰਬਚਨ ਸਿੰਘ ਨੇ ਉਕਤ ਆਗੂਆਂ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

## 'ਭਾਰਤ ਮਾਤਾ ਕੀ ਜੈ' ਬੁਲਾਉਣ 'ਤੇ ਇਤਰਾਜ਼

**ਤਲਵੰਡੀ ਸਾਬੋ:** ਜੰਮੂ ਕਸ਼ਮੀਰ ਵਿਚ ਪਾਕਿਸਤਾਨੀ ਫੌਜ ਵੱਲੋਂ ਕੀਤੀ ਗੋਲੀਬਾਰੀ ਵਿਚ ਸ਼ਹੀਦ ਹੋਏ ਪਿੰਡ ਕੋਰੇਆਣਾ ਦੇ ਲਾਂਸ ਨਾਇਕ ਕੁਲਦੀਪ ਸਿੰਘ ਦੇ ਸ਼ਰਧਾਂਜਲੀ ਸਮਾਗਮ ਮੌਕੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਲੋਕਾਂ ਤੋਂ 'ਭਾਰਤ ਮਾਤਾ ਕੀ ਜੈ' ਬੁਲਵਾਉਣ ਦਾ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨੋਟਿਸ ਲਿਆ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼ਹੀਦ ਕੁਲਦੀਪ ਸਿੰਘ ਨੇ ਦੇਸ਼ ਲਈ ਸ਼ਹੀਦੀ ਦਿੱਤੀ ਹੈ ਤੇ ਉਹ ਸਭ ਲਈ ਸਨਮਾਨਯੋਗ ਹਨ, ਪਰ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ 'ਭਾਰਤ ਮਾਤਾ ਕੀ ਜੈ' ਬੁਲਵਾਉਣਾ ਗਲਤ ਹੈ, ਕਿਉਂਕਿ ਪਾਵਨ ਸਰੂਪ ਦੀ ਹਾਜ਼ਰੀ ਵਿਚ ਕਿਸੇ ਦੀ ਜੈ ਬੁਲਵਾਉਣਾ ਸਿੱਖ ਰਹਿਤ ਮਰਿਆਦਾ ਦੇ ਉਲਟ ਹੈ।

# ਸੂਰਬੀਰ ਯੋਧਿਆਂ ਦੀ ਬਹਾਦਰੀ ਦੀ ਤਰਜਮਾਨ ਹੈ, ਵਾਰ ਹੀਰੋਜ਼ ਮਿਊਜ਼ੀਅਮ

**ਅੰਮ੍ਰਿਤਸਰ:** ਅੰਮ੍ਰਿਤਸਰ ਤੋਂ ਅਟਾਰੀ-ਵਾਹਗਾ ਸਰਹੱਦ ਨੂੰ ਜਾਂਦੀ ਸੜਕ ਉਤੇ ਸ਼ਾਮ ਸਿੰਘ ਅਟਾਰੀਵਾਲਾ ਚੌਕ ਨੇੜੇ ਸੱਤ ਏਕੜ ਰਕਬੇ ਵਿਚ 150 ਕਰੋੜ ਰੁਪਏ ਦੀ ਲਾਗਤ ਨਾਲ ਉਸਾਰਿਆ ਗਿਆ 'ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਤੇ ਮਿਊਜ਼ੀਅਮ' ਦੇਸ਼ ਦੀ ਰੱਖਿਆ ਕਰਦਿਆਂ ਆਪਣੇ ਪ੍ਰਾਣ ਨਿਛਾਵਰ ਕਰਨ ਵਾਲੇ ਸੂਰਬੀਰ ਯੋਧਿਆਂ, ਸਦੀਆਂ ਪੁਰਾਣੇ ਯੁੱਧਾਂ ਜੰਗਾਂ ਅਤੇ ਭਾਰਤੀ ਫੌਜ ਦੇ ਗੌਰਵਮਈ ਇਤਿਹਾਸ ਤੋਂ ਦਰਸ਼ਕਾਂ ਨੂੰ ਰੂ-ਬਰੂ ਕਰਵਾ ਰਿਹਾ ਹੈ।

ਮੈਮੋਰੀਅਲ ਵਿਚ ਸ਼ਕਤੀ ਦੇ ਪ੍ਰਤੀਕ ਵਜੋਂ ਸਥਾਪਤ ਕੀਤੀ ਗਈ ਮਾਈਲਡ ਸਟੀਲ ਦੀ 54 ਟਨ ਭਾਰੀ ਤੇ 45 ਮੀਟਰ ਉਚੀ ਤਲਵਾਰ ਇਸ ਸੜਕ ਤੋਂ ਲੰਘ ਕੇ ਅਟਾਰੀ-ਵਾਹਗਾ ਸਰਹੱਦ ਉਤੇ ਝੰਡਾ ਉਤਾਰਨ ਦੀ ਰਸਮ ਵੇਖਣ ਜਾਣ ਵਾਲੇ ਸੈਲਾਨੀਆਂ ਦਾ ਧਿਆਨ ਖੁਦ-ਬਖੁਦ ਆਪਣੇ ਵਲ ਖਿਚ ਲੈਂਦੀ ਹੈ ਅਤੇ ਉਹ ਸੈਲਾਨੀ ਇਸ ਯਾਦਗਾਰ ਵਿਚ ਦਸਤਕ ਦੇਣਾ ਨਹੀਂ ਖੁੰਝਦੇ। ਪਿਛਲੇ ਵਰ੍ਹੇ 70 ਹਜ਼ਾਰ ਤੋਂ ਵਧੇਰੇ ਦਰਸ਼ਕ ਉਕਤ ਯਾਦਗਾਰ 'ਚ ਹਾਜ਼ਰੀ ਭਰ ਚੁੱਕੇ ਹਨ। ਮੈਮੋਰੀਅਲ ਦੇ ਜਨਰਲ ਮੈਨੇਜਰ ਕਰਨਲ ਐਚ.ਪੀ. ਸਿੰਘ ਦੱਸਦੇ ਹਨ ਕਿ ਉਕਤ ਤਲਵਾਰ ਵਿਸ਼ਵ ਦੀ ਸਭ ਤੋਂ ਉਚੀ ਤਲਵਾਰ ਹੈ ਅਤੇ ਇਹ ਰਾਮ ਵੀਰ ਸੁਤਾਰ ਵੱਲੋਂ ਡਿਜ਼ਾਇਨ ਕੀਤੀ ਗਈ ਹੈ। ਇਹ ਤਲਵਾਰ ਪੰਜ

## ਨੌਂ ਗੈਲਰੀਆਂ ਵਿਚ ਸਮੋਇਆ ਹੈ ਇਤਿਹਾਸ



ਹਿੱਸਿਆਂ ਵਿਚ ਮੁੰਬਈ ਤੋਂ ਉਕਤ ਮੈਮੋਰੀਅਲ ਵਿਚ ਲਿਆਂਦੀ ਗਈ ਸੀ।

ਮੈਮੋਰੀਅਲ ਵਿਚ 9 ਗੈਲਰੀਆਂ ਉਸਾਰੀਆਂ ਗਈਆਂ ਹਨ, ਜਿਨ੍ਹਾਂ ਵਿਚੋਂ 6 ਬਿਲਕੁਲ ਤਿਆਰ ਹੋ ਚੁੱਕੀਆਂ ਹਨ, ਜਦੋਂ ਕਿ ਇਕ ਨੂੰ ਫਰਵਰੀ ਮਹੀਨੇ ਸ਼ੁਰੂ ਕੀਤੇ ਜਾਣ ਦੀ ਯੋਜਨਾ ਹੈ। ਇਨ੍ਹਾਂ ਗੈਲਰੀਆਂ ਸਮੇਤ ਹੋਰਨਾਂ ਬਾਰੇ ਜਾਣਕਾਰੀ ਦੇਣ ਲਈ ਪੰਜ ਗਾਈਡ ਨਿਯੁਕਤ ਕੀਤੇ ਗਏ ਹਨ। ਗੈਲਰੀਆਂ ਬਾਰੇ ਜਾਣਕਾਰੀ ਦਿੰਦਿਆਂ ਗਾਈਡ ਹੈੱਡ ਸੰਦੀਪ ਕੌਰ ਨੇ ਦੱਸਿਆ ਕਿ ਪਹਿਲੀ ਗੈਲਰੀ ਵਿਚ 4 ਹਜ਼ਾਰ ਸਾਲ ਪੁਰਾਣਾ ਜੰਗਾਂ ਯੁੱਧਾਂ ਦਾ ਇਤਿਹਾਸ, ਸਿਕੰਦਰ ਪੋਰਸ ਦੇ ਯੁੱਧ, ਅਸ਼ੋਕਾ ਚੱਕਰ, ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਸਮੇਤ ਉਕਤ ਗੈਲਰੀ 'ਚ ਮੌਜੂਦ ਡੋਮ ਥੀਏਟਰ ਵਿਚ ਆਧੁਨਿਕ ਤਕਨੀਕਾਂ ਰਾਹੀਂ ਤਿਆਰ ਐਚ.ਡੀ. ਮੂਵੀ ਵੱਲੋਂ ਪਹਿਲੇ ਪੰਜ ਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਦਰਸਾਇਆ ਜਾ ਰਿਹਾ ਹੈ।

ਦੂਜੀ ਗੈਲਰੀ ਵਿਚ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਪੀਰੀ ਦੇ ਸੰਕਲਪ ਤੇ ਉਨ੍ਹਾਂ ਵੱਲੋਂ ਜਬਰ ਤੇ ਜ਼ੁਲਮ ਵਿਰੁੱਧ ਲੜੀਆਂ ਜੰਗਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਰਚਨਾ ਕੀਤੇ ਜਾਣ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਹੋਰਨਾਂ ਸਿੰਘ-ਸਿੰਘਣੀਆਂ ਦੀਆਂ ਸ਼ਹਾਦਤਾਂ ਦਾ ਇਤਿਹਾਸ ਚਿੱਤਰਾਂ ਰਾਹੀਂ ਵਿਖਾਇਆ ਗਿਆ ਹੈ।

ਤੀਜੀ ਗੈਲਰੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ, ਲਾਹੌਰ ਦਰਬਾਰ ਅਤੇ ਦਰਬਾਰ ਦੇ ਪ੍ਰਸ਼ਾਸਨਿਕ ਪ੍ਰਬੰਧਾਂ, ਸਿੱਖ ਦਰਬਾਰ ਵੱਲੋਂ ਲੜੀਆਂ ਵੱਖ-ਵੱਖ ਜੰਗਾਂ, ਐਂਗਲੋ-ਸਿੱਖ ਯੁੱਧ ਤੇ ਕੋਹੇਨੂਰ ਹੀਰੇ ਦੀ ਪ੍ਰਾਪਤੀ ਬਾਰੇ ਸੰਪੂਰਨ ਹਾਲ ਸਿਲੀਕਾਨ ਦੇ ਬਣੇ ਆਦਮ ਕੱਦ ਬੁੱਤਾਂ ਅਤੇ ਆਧੁਨਿਕ ਤਕਨੀਕਾਂ ਦੁਆਰਾ ਵਿਸਥਾਰ ਸਹਿਤ ਪੇਸ਼ ਕੀਤਾ ਗਿਆ ਹੈ। ਚੌਥੀ ਗੈਲਰੀ ਜਿਸ ਦਾ ਕਿ ਕੁਝ ਹਿੱਸਾ ਅਜੇ ਨਿਰਮਾਣ ਅਧੀਨ ਹੈ, ਇਸ ਵਿਚ ਪੰਜਾਬ ਦੀ ਅੰਗਰੇਜ਼ੀ ਰਾਜ ਦੀ ਸਥਾਪਤੀ, ਸਾਰਾਗੜ੍ਹੀ ਕਿਲ੍ਹੇ ਵਿਚ 21 ਸਿੱਖ ਸੈਨਿਕਾਂ ਦੀ ਸ਼ਹਾਦਤ ਅਤੇ ਸੰਨ 1849 ਤੋਂ ਲੈ ਕੇ ਦੇਸ਼ ਦੀ ਵੰਡ ਤੱਕ ਲੜੀਆਂ ਗਈਆਂ ਵੱਖ-ਵੱਖ ਜੰਗਾਂ ਦਾ ਇਤਿਹਾਸ ਦਰਸਾਇਆ ਗਿਆ ਹੈ। ਪੰਜਵੀਂ ਗੈਲਰੀ ਵਿਚ ਸੰਨ 1947-48 'ਚ ਪਾਕਿਸਤਾਨੀ ਘੁਸਪੈਠੀਆਂ ਵੱਲੋਂ ਕਸ਼ਮੀਰ 'ਤੇ ਕੀਤੇ ਹਮਲੇ ਦੀ ਮੁਕੰਮਲ ਜਾਣਕਾਰੀ ਦਿੱਤੀ ਗਈ ਹੈ। ਛੇਵੀਂ ਗੈਲਰੀ ਵਿਚ 1962 ਦੇ ਭਾਰਤ-ਚੀਨ ਯੁੱਧ ਅਤੇ ਸੰਨ 1965 ਤੇ 1971 ਦੀਆਂ ਪਾਕਿਸਤਾਨ ਨਾਲ ਹੋਈਆਂ ਜੰਗਾਂ ਸਮੇਤ ਸਾਲ 1999 'ਚ ਹੋਈ ਕਾਰਗਿਲ ਜੰਗ ਸਬੰਧੀ ਮੁਕੰਮਲ ਜਾਣਕਾਰੀ ਤਸਵੀਰਾਂ, ਮਾਡਲਾਂ ਅਤੇ ਆਧੁਨਿਕ ਤਕਨੀਕਾਂ ਦੀ ਸਹਾਇਤਾ ਨਾਲ ਦਰਸਾਈ ਗਈ ਹੈ। ਜੰਗਾਂ ਦੌਰਾਨ ਇਸਤੇਮਾਲ 'ਚ ਲਿਆਂਦੇ ਸ਼ਸਤਰਾਂ ਦੀ ਜਾਣਕਾਰੀ ਦਿੱਤੀ ਗਈ ਹੈ।

ਸਤਵੀਂ ਗੈਲਰੀ ਵਿਚ ਸੰਨ 1971 ਦੀ ਜੰਗ ਵਿਚ ਲਾਸਾਨੀ ਬਹਾਦਰੀ ਦਿਖਾਉਂਦਿਆਂ ਚੱਕਰ ਪ੍ਰਾਪਤ ਕਰਨ ਵਾਲੇ ਸੈਨਿਕਾਂ ਬਾਰੇ ਸਾਰੀ ਜਾਣਕਾਰੀ ਤਸਵੀਰਾਂ ਦੀ ਮਾਰਫਤ ਬਿਆਨ ਕੀਤੀ ਗਈ ਹੈ, ਜਦੋਂ ਕਿ 8ਵੀਂ ਤੇ 9ਵੀਂ ਗੈਲਰੀ ਦਾ ਨਿਰਮਾਣ ਅਜੇ ਜਾਰੀ ਹੈ ਅਤੇ ਇਨ੍ਹਾਂ ਦੇ ਬਣਨ ਉਪਰੰਤ ਇਨ੍ਹਾਂ ਵਿਚ ਭਾਰਤੀ ਫੌਜ ਵੱਲੋਂ ਅਜੇ ਤੱਕ ਦੀਆਂ ਜੰਗਾਂ 'ਚ ਇਸਤੇਮਾਲ ਕੀਤੇ ਗਏ ਹਥਿਆਰਾਂ ਨੂੰ ਪ੍ਰਦਰਸ਼ਨੀ ਹਿਤ ਰੱਖਿਆ ਜਾਵੇਗਾ।

# ਸਿੱਖਿਆ ਨੂੰ ਤਜਰਬਿਆਂ ਦੀ ਮਾਰ

**ਚੰਡੀਗੜ੍ਹ:** ਪੰਜਾਬ ਦੀ ਸਕੂਲੀ ਸਿੱਖਿਆ ਨੂੰ ਤਜਰਬਿਆਂ ਦੀ ਮਾਰ ਪੈ ਰਹੀ ਹੈ। ਸਰਕਾਰ ਪੰਜਾਬ ਦੀ ਸਕੂਲੀ ਸਿੱਖਿਆ ਨੂੰ ਦੇਸ਼ ਭਰ ਵਿਚੋਂ ਨੰਬਰ ਇਕ ਉਤੇ ਲਿਆਉਣ ਦੀ ਗੱਲ ਕਰਦੀ ਹੈ। ਨਵੀਂ ਸਰਕਾਰ ਪਹਿਲੀ ਸਰਕਾਰ ਦੇ ਉਲਟ ਜਾ ਕੇ ਕੁਝ ਨਵੇਂ ਫੈਸਲੇ ਕਰਦੀ ਹੈ, ਪਰ ਇਹ ਫੈਸਲੇ ਸਿੱਖਿਆ ਪੱਖੀ ਨਾ ਹੋ ਕੇ ਰਾਜਨੀਤੀ ਤੋਂ ਪ੍ਰੇਰਿਤ ਹੁੰਦੇ ਹਨ। ਇਸ ਕਰ ਕੇ ਸਾਲ ਦਰ ਸਾਲ ਸਿੱਖਿਆ ਦਾ ਗਰਾਫ ਹੇਠਾਂ ਡਿੱਗਦਾ ਜਾਂਦਾ ਹੈ।



ਕਦੇ ਪਹਿਲੀ ਤੇ ਕਦੇ ਤੀਜੀ ਜਮਾਤ ਤੋਂ ਅੰਗਰੇਜ਼ੀ ਸ਼ੁਰੂ ਕਰਨ, ਕਦੇ ਆਦਰਸ਼ ਸਕੂਲ ਖੋਲ੍ਹਣ, ਕਦੇ ਮੈਰੀਟੋਰੀਅਸ ਸਕੂਲ ਖੋਲ੍ਹਣ ਦੇ ਫੈਸਲੇ ਹੋਏ, ਪਰ ਸਮਾਂ ਪਾ ਕੇ ਇਹ ਫੈਸਲੇ ਗਰੀਬ ਅਤੇ ਪਛੜੇ ਵਰਗਾਂ ਦੇ ਲੱਖਾਂ ਵਿਦਿਆਰਥੀਆਂ ਦੇ ਹਿੱਤ ਵਿਚ ਸਾਬਤ ਨਾ ਹੋ ਸਕੇ। ਕਾਂਗਰਸ ਸਰਕਾਰ ਵੱਲੋਂ ਬਿਨਾਂ ਸੋਚੇ ਸਮਝੇ ਅਤੇ ਬਿਨਾਂ ਕੋਈ ਬੁਨਿਆਦੀ ਢਾਂਚੇ ਤੇ ਅਧਿਆਪਕਾਂ ਦੀ ਭਰਤੀ ਤੋਂ ਪੰਜਾਬ ਦੇ 1952 ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ ਨਾਲ ਪੜ੍ਹਾਉਣ ਦਾ ਫੈਸਲਾ ਲੈ ਲਿਆ। ਜੋ ਕਿ ਕਾਹਲਬਾਜ਼ੀ ਵਿਚ ਚੁੱਕਿਆ ਗਿਆ ਕਦਮ ਹੈ ਅਤੇ ਇਸ ਦੇ ਵਧੀਆ ਨਤੀਜੇ ਨਿਕਲਣ ਦੀ ਆਸ ਵੀ ਨਹੀਂ। ਸਿੱਖਿਆ ਵਿਭਾਗ ਪੰਜਾਬ ਦੀ ਦਸ਼ਾ ਇਹ ਹੈ ਕਿ ਡਾਇਰੈਕਟਰ ਜਨਰਲ, ਡੀ.ਪੀ.ਆਈ, ਜ਼ਿਲ੍ਹਾ ਸਿੱਖਿਆ ਅਧਿਕਾਰੀ ਅਤੇ ਮੰਡਲ ਪੱਧਰ ਦੇ ਅਧਿਕਾਰੀ ਸਿਰਫ ਵਿਚਾਰੇ ਬਣ ਕੇ ਰਹਿ ਗਏ ਹਨ। ਉਹ ਆਪਣੇ ਪੱਧਰ ਉਤੇ ਕੋਈ ਵੀ ਫੈਸਲਾ ਲੈਣ ਦੇ ਸਮਰੱਥ ਨਹੀਂ। ਜੇ ਅਧਿਆਪਕਾਂ ਦੀਆਂ ਬਦਲੀਆਂ ਦੀ ਗੱਲ ਕੀਤੀ ਜਾਵੇ ਤਾਂ ਪਿਛਲੇ 11 ਮਹੀਨਿਆਂ ਤੋਂ ਨਿਰੰਤਰ ਬਦਲੀਆਂ ਜਾਰੀ ਹਨ।

11 ਮਹੀਨਿਆਂ ਵਿਚ ਇਕ ਵੀ ਨਵੀਂ ਭਰਤੀ ਨਹੀਂ ਕੀਤੀ ਗਈ। ਪੂਰਾ ਸਾਲ ਬੀਤਣ ਉਤੇ ਵੀ ਲੱਖਾਂ ਵਿਦਿਆਰਥੀਆਂ ਨੂੰ ਕਿਤਾਬਾਂ ਪੂਰੀਆਂ ਨਹੀਂ ਮਿਲੀਆਂ। ਵਰਦੀਆਂ ਲਈ 400 ਰੁਪਏ ਦੀ ਨਿਗੂਣੀ ਜਹੀ ਰਾਸ਼ੀ ਦਾ ਪ੍ਰਬੰਧ ਵੀ ਸਰਕਾਰ ਕਰ ਨਹੀਂ ਸਕੀ। ਕੰਪਿਊਟਰ ਕ੍ਰਾਂਤੀ, ਸਕੂਲਾਂ ਦੀਆਂ ਕੰਪਿਊਟਰ ਲੈਬ ਵਿਚ ਦਮ ਤੋੜ ਚੁੱਕੀ ਹੈ। ਸਮਾਰਟ ਕਲਾਸ ਰੂਮ ਅਤੇ ਐਜੂਸੈਟ ਠੱਪ ਪਏ ਹਨ। ਹਜ਼ਾਰਾਂ ਸਕੂਲਾਂ ਕੋਲ ਕੋਈ ਸਫਾਈ ਸੇਵਕ ਅਤੇ ਰਾਤ ਦਾ ਚੌਕੀਦਾਰ ਨਹੀਂ ਹੈ।

# ਸੰਘਰਸ਼ਾਂ ਦੇ ਰਾਹ ਡਟੇ ਰਹੇ ਅਧਿਆਪਕ

**ਚੰਡੀਗੜ੍ਹ:** ਪੰਜਾਬ ਦੇ 7800 ਅਧਿਆਪਕ 14 ਸਾਲਾਂ ਦੇ ਸੰਘਰਸ਼ਾਂ ਦੌਰਾਨ ਤਿੰਨ ਜਾਨਾਂ ਜਾਣ ਦੇ ਬਾਵਜੂਦ ਵੀ 160 ਰੁਪਏ ਦਿਹਾੜੀ ਉਤੇ ਸਰਕਾਰ ਦੀ ਨੌਕਰੀ ਕਰ ਰਹੇ ਹਨ। ਕੱਚੀ ਨੌਕਰੀ ਉਤੇ ਕਈ ਸਾਲ ਕੰਮ ਕਰਨ ਵਾਲੇ ਇਹ ਅਧਿਆਪਕ ਹੁਣ ਓਵਰਏਜ ਹੋਣ ਕਾਰਨ ਨਵੀਆਂ ਨੌਕਰੀਆਂ ਮਿਲਣ ਤੋਂ ਵੀ ਅਸਮਰੱਥ ਹੋ ਗਏ ਹਨ। ਵਿਆਹੇ ਹੋਏ ਅਧਿਆਪਕ ਵਿੱਤੀ ਤੇ ਹੋਰ ਘਰੇਲੂ ਸੰਕਟਾਂ ਵਿਚ ਉਲਝੇ ਪਏ ਹਨ ਤੇ ਕਈ ਅਧਿਆਪਕ ਛੁੱਟੀ ਮਗਰੋਂ ਮਜ਼ਦੂਰੀਆਂ ਕਰ ਕੇ ਆਪਣੀ ਜ਼ਿੰਦਗੀ ਦੀ ਗੱਡੀ ਰੋੜ੍ਹ ਰਹੇ ਹਨ। ਇਹ ਵਰਗ ਸਾਲ 2003 ਤੋਂ ਹੀ ਸੰਘਰਸ਼ਾਂ ਦੇ ਰਾਹ ਪਿਆ ਹੋਇਆ ਹੈ। ਯੋਗ ਤਨਖਾਹ ਤੇ ਰੈਗੂਲਰ ਨੌਕਰੀ ਦੀ ਮੰਗ ਨੂੰ ਲੈ ਕੇ ਇਕ ਅਧਿਆਪਕਾ ਕਿਰਨਜੀਤ ਕੌਰ 7 ਫਰਵਰੀ 2009 ਨੂੰ ਸਿਵਲ ਹਸਪਤਾਲ ਕਪੂਰਥਲਾ ਦੀ ਟੈਂਕੀ ਉਤੇ ਚੜ੍ਹ ਕੇ ਆਤਮਦਾਹ ਕਰ ਚੁੱਕੀ ਹੈ।



ਇਸੇ ਤਰ੍ਹਾਂ ਸਾਲ 2010 ਵਿਚ ਬਠਿੰਡਾ ਵਿਖੇ ਮਰਨ ਵਰਤ ਉਤੇ ਬੈਠੇ ਅਧਿਆਪਕ ਜਿਲ੍ਹਾ ਸਿੰਘ ਦੇ ਗੁਰਦੇ ਫੇਲ੍ਹ ਹੋਣ ਕਾਰਨ ਜਾਨ ਗੁਆ ਚੁੱਕਾ ਹੈ। ਬਠਿੰਡਾ ਵਿਚ ਹੀ 2014 ਦੌਰਾਨ ਧਰਨੇ ਉਤੇ ਡਟੇ ਪਿਤਾ ਤਰਨਜੀਤ ਸਿੰਘ ਦੀ ਗੋਦ 'ਚ ਬੈਠੀ ਸੱਤ ਮਹੀਨਿਆਂ ਦੀ ਰੂਥ ਪੁਲਿਸ ਵੱਲੋਂ ਛੱਡੀਆਂ ਜਲ ਤੋਪਾਂ ਦਾ ਸ਼ਿਕਾਰ ਹੋ ਗਈ। ਰੂਥ ਦੀ ਮਾਤਾ ਵੀ ਅਧਿਆਪਕਾ ਹੈ ਤੇ ਉਹ ਵੀ ਇਸ ਘਟਨਾ ਦੌਰਾਨ ਧਰਨੇ 'ਤੇ ਬੈਠੀ ਹੋਈ ਸੀ। ਇਸ ਤੋਂ ਇਲਾਵਾ 2016 ਵਿਚ ਬਠਿੰਡਾ ਵਿਚ ਧਰਨੇ ਉਤੇ ਬੈਠੇ ਸਮਰਜੀਤ ਸਿੰਘ ਨੇ ਆਪਣੇ ਉਪਰ ਪੈਟਰੋਲ ਛਿੜਕ ਕੇ ਅੱਗ ਲਾ ਲਈ ਸੀ, ਪਰ ਉਸ ਨੂੰ ਕਿਸੇ ਤਰ੍ਹਾਂ ਬਚਾ ਲਿਆ ਗਿਆ।ਐਜੂਕੇਸ਼ਨ ਗਰੰਟੀ ਸਕੀਮ (ਈ.ਜੀ.ਐਸ.) ਅਲਟਰਨੇਟਿਵ ਇਨੋਵੇਟਿਵ ਐਜੂਕੇਸ਼ਨ (ਏ.ਆਈ.ਈ.) ਤੇ ਸਪੈਸ਼ਲ ਟਰੇਨਰ ਰਿਸੋਰਸਿਜ਼ (ਐਸ.ਟੀ.ਆਰ.) ਸਕੀਮਾਂ ਅਧੀਨ ਕੰਮ ਕਰਦੇ ਲਗਭਗ 7800 ਅਧਿਆਪਕਾਂ ਦੀ ਅਗਵਾਈ ਕਰ ਰਹੇ ਨਿਸ਼ਾਂਤ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀਆਂ ਮੰਗਾਂ ਸਬੰਧੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਉਨ੍ਹਾਂ ਤੋਂ ਮੁੱਖ ਮੋੜ ਲਿਆ ਹੈ ਤੇ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਵੀ ਉਨ੍ਹਾਂ ਨੂੰ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਮਿਲਣ ਦੀ ਨਸੀਹਤ ਦੇ ਕੇ ਪੱਲਾ ਝਾੜ ਲਿਆ ਹੈ। ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਤੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਬਠਿੰਡਾ ਵਿਚ ਧਰਨੇ ਵਿਚ ਆ ਕੇ ਕਾਂਗਰਸ ਸਰਕਾਰ ਬਣਦਿਆਂ ਹੀ ਉਨ੍ਹਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਇਸ ਬਾਰੇ ਕੋਈ ਵੀ ਕਾਰਵਾਈ ਕਰਨ ਤੋਂ ਸਰਕਾਰ ਭੱਜ ਰਹੀ ਹੈ।

# ਕੈਪਟਨ ਸਰਕਾਰ ਦੀਆਂ ਜੜ੍ਹਾਂ ਵਿਚ ਬੈਠੀ ਖੱਡਾਂ ਦੀ ਨਿਲਾਮੀ ਵਿਚਲੀ ਗੜਬੜੀ

**ਚੰਡੀਗੜ੍ਹ:** ਰੇਤ ਖੱਡਾਂ ਦੀ ਨਿਲਾਮੀ ਦੇ ਮਾਮਲੇ ਵਿਚ ਪੰਜਾਬ ਦੇ ਬਿਜਲੀ ਤੇ ਸਨਅਤ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਕਰੀਬੀਆਂ ਦੀ ਭੂਮਿਕਾ ਨੂੰ ਲੈ ਕੇ ਉਪਜਿਆ ਵਿਵਾਦ ਇਸ ਮੰਤਰੀ ਦਾ ਖਹਿੜਾ ਨਹੀਂ ਛੱਡ ਰਿਹਾ। ਰਾਣਾ ਦੇ ਹਰ ਦਾਅਵੇ ਤੋਂ ਬਾਅਦ ਨਵੇਂ ਦਸਤਾਵੇਜ਼ ਸਾਹਮਣੇ ਆ ਜਾਂਦੇ ਹਨ ਜੋ ਇਸ ਵਿਵਾਦ ਵਿਚ ਰਾਣਾ ਦੇ ਕਰੀਬੀਆਂ ਦਾ ਰੋਲ ਵੱਧ ਡੂੰਘਾ ਹੋਣ ਅਤੇ ਪੈਸਿਆਂ ਦਾ ਲੈਣ-ਦੇਣ ਵੱਧ ਸ਼ੱਕੀ ਢੰਗਾਂ ਨਾਲ ਹੋਣ ਦਾ ਪ੍ਰਭਾਵ ਪੈਦਾ ਕਰਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਵਿਚ ਖਾਮੋਸ਼ੀ ਧਾਰੀ ਹੋਈ ਹੈ।



ਸਿੰਜਾਈ ਘੁਟਾਲੇ ਦੇ ਮੁੱਖ ਮੁਲਜ਼ਮ ਠੇਕੇਦਾਰ ਗੁਰਿੰਦਰ ਸਿੰਘ ਦੀ ਇਕ ਫਰਮ ਤੋਂ ਰਾਣਾ ਗੁਰਜੀਤ ਸਿੰਘ ਦੇ ਸਾਬਕਾ ਖਾਨਸਾਮੇ ਅਮਿਤ ਬਹਾਦਰ ਵੱਲੋਂ ਲਏ ਪੰਜ ਕਰੋੜ ਰੁਪਏ ਦੇ ਮਾਮਲੇ ਬਾਰੇ ਕੈਪਟਨ ਦੇ ਵਜ਼ਾਰਤੀ ਸਹਿਯੋਗੀਆਂ ਨੇ ਦਬੀ ਜ਼ੁਬਾਨ ਵਿਚ ਮੰਨਣਾ ਸ਼ੁਰੂ ਕਰ ਦਿੱਤਾ ਹੈ ਕਿ ਸਮੁੱਚਾ ਮਾਮਲਾ ਕਾਂਗਰਸ ਸਰਕਾਰ ਦੇ ਅਕਸ ਨੂੰ ਢਾਹ ਲਾ ਰਿਹਾ ਹੈ। ਦਬੀ ਜ਼ੁਬਾਨ ਵਿਚ ਬੋਲਣ ਦੀ ਥਾਂ ਸਥਾਨਕ ਸਵੈ-ਸ਼ਾਸਨ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਤਾਂ ਖੁੱਲ੍ਹੇਆਮ ਕਹਿ ਦਿੱਤਾ ਹੈ ਕਿ ਅਮਿਤ ਬਹਾਦਰ ਨੂੰ ਪੰਜ ਕਰੋੜ ਦਿੱਤੇ ਜਾਣ ਦੀ ਜਾਂਚ ਹੋਣੀ ਚਾਹੀਦੀ ਹੈ। ਉਂਜ, ਨਾਲ ਹੀ ਉਨ੍ਹਾਂ ਇਹ ਵੀ ਕਿਹਾ ਹੈ ਕਿ ਜਾਂਚ ਕਰਵਾਉਣੀ ਹੈ ਜਾਂ ਨਹੀਂ, ਇਹ ਫੈਸਲਾ ਮੁੱਖ ਮੰਤਰੀ ਨੇ ਲੈਣਾ ਹੈ। ਸਿੰਜਾਈ ਘੁਟਾਲੇ ਨਾਲ ਜੁੜੇ ਠੇਕੇਦਾਰ ਗੁਰਿੰਦਰ ਸਿੰਘ ਦੇ ਹੱਥ ਲੰਮੇ ਹੋਣ ਬਾਰੇ ਮੀਡੀਆ ਵਿਚ ਚਰਚਾ ਪਿਛਲੇ ਕਈ ਮਹੀਨਿਆਂ ਤੋਂ ਹੁੰਦੀ ਆ ਰਹੀ ਹੈ। ਉਸ ਦੇ ਇਕ ਸੀਨੀਅਰ ਆਈ.ਏ.ਐਸ. ਅਫਸਰ ਨਾਲ ਕਾਰੋਬਾਰੀ ਸਬੰਧਾਂ ਦਾ ਮਾਮਲਾ ਵੀ ਪੰਜਾਬ ਵਿਜੀਲੈਂਸ ਦੀ ਜਾਂਚ-ਅਧੀਨ ਹੈ।

ਰਾਣਾ ਗੁਰਜੀਤ ਸਿੰਘ ਜਿਥੇ ਰੇਤ ਖੱਡਾਂ ਦੀ ਨਿਲਾਮੀ ਵਿਚ ਹਿੱਸਾ ਲੈਣ ਵਾਲੇ ਉਨ੍ਹਾਂ ਦੇ ਚਾਰ ਮੁਲਾਜ਼ਮਾਂ ਤੋਂ ਆਪਣੇ ਆਪ ਨੂੰ ਵੱਖ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਉਥੇ ਉਨ੍ਹਾਂ ਦੇ ਨਿਲਾਮੀ ਲਾਉਣ ਵਾਲਿਆਂ ਵਿਚੋਂ ਇਕ ਕਰਿੰਦੇ ਨਾਲ ਤਾਰ ਜੁੜੇ ਹੋਣ ਦੀ ਪੁਸ਼ਟੀ ਹੋਈ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਬੋਲੀ ਲਾਉਣ ਵਾਲਿਆਂ ਨੇ ਖੱਡਾਂ ਦੀ ਨਿਲਾਮੀ ਵਿਚ ਹਿੱਸਾ ਲੈਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਨੌਕਰੀ ਛੱਡ ਦਿੱਤੀ ਸੀ।

ਮੰਤਰੀ ਦਾ ਖਾਨਸਾਮਾ ਅਮਿਤ ਬਹਾਦੁਰ ਅਤੇ ਡਿਪਟੀ ਜਨਰਲ ਮੈਨੇਜਰ ਕੁਲਵਿੰਦਰ ਪਾਲ ਸਿੰਘ ਨੇ ਦੋ ਖੱਡਾਂ ਹਾਸਲ ਕੀਤੀਆਂ ਸੀ, ਜਦੋਂ ਕਿ ਦੋ ਹੋਰਨਾਂ ਮੁਲਾਜ਼ਮਾਂ ਬਲਰਾਜ ਸਿੰਘ ਅਤੇ ਗੁਰਿੰਦਰ ਸਿੰਘ ਨੇ ਵੀ ਸਫਲ ਬੋਲੀ ਲਾਈ ਸੀ ਪਰ ਉਹ ਪਹਿਲੀ ਕਿਸ਼ਤ ਜਮ੍ਹਾਂ ਕਰਾਉਣ ਵਿਚ ਅਸਫਲ ਰਹੇ ਸਨ, ਜਿਸ ਕਾਰਨ ਉਨ੍ਹਾਂ ਨੂੰ ਖੱਡਾਂ ਅਲਾਟ ਨਹੀਂ ਕੀਤੀਆਂ ਗਈਆਂ। ਬਲਰਾਜ ਸਿੰਘ ਨੇ ਨਵਾਂ ਸ਼ਹਿਰ ਜ਼ਿਲ੍ਹੇ ਦੇ ਬਰਸਾਲ ਪਿੰਡ ਵਿਚ ਰੇਤੇ ਦੀ ਖਾਣ ਲਈ 9.11 ਕਰੋੜ ਦੀ ਸਫਲ ਬੋਲੀ ਲਾਈ ਸੀ। ਵਿਭਾਗ ਨੂੰ ਮੁਹੱਈਆ ਕਰਵਾਈ ਜਾਣਕਾਰੀ ਵਿਚ ਉਸ ਨੇ ਆਪਣਾ ਪਤਾ ਅੰਮ੍ਰਿਤਸਰ ਜ਼ਿਲ੍ਹੇ ਦੇ ਬੁੱਟਰ ਸਿਵੀਆ ਪਿੰਡ ਵਿਚ ਰਾਣਾ ਖੰਡ ਮਿੱਲ ਦਰਸਾਇਆ ਸੀ। ਇਹ ਮਿੱਲ ਰਾਣਾ ਗੁਰਜੀਤ ਸਿੰਘ ਦੇ ਪਰਿਵਾਰ ਦੇ ਨਾਂ ਹੈ।

## ਈ.ਡੀ. ਵੱਲੋਂ ਰਾਣਾ ਗੁਰਜੀਤ ਦੇ ਪੁੱਤਰ ਨੂੰ ਸੰਮਨ

**ਜਲੰਧਰ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪੰਜਾਬ ਦੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਨੂੰ ਆਪਣੀ ਕੰਪਨੀ ਰਾਣਾ ਸ਼ੂਗਰਜ਼ ਲਿਮਟਿਡ ਦੇ ਨਾਂ ਉਤੇ ਵਿਦੇਸ਼ ਵਿਚ ਸ਼ੇਅਰਾਂ ਜਾਂ ਜੀਡੀਆਰਜ਼ (ਗਲੋਬਲ ਡਿਪੋਜ਼ਿਟਰੀ ਰਿਸਿਪਟਜ਼) ਦੇ ਰੂਪ ਵਿਚ 1.8 ਕਰੋੜ ਅਮਰੀਕੀ ਡਾਲਰ (ਲਗਭਗ ਸੌ ਕਰੋੜ ਰੁਪਏ) ਜੁਟਾਉਣ ਦੇ ਦੋਸ਼ ਵਿਚ 17 ਜਨਵਰੀ ਲਈ ਸੰਮਨ ਜਾਰੀ ਕੀਤੇ ਹਨ। ਈ.ਡੀ. ਦਾ ਮੰਨਣਾ ਹੈ ਕਿ ਰਾਣਾ ਸ਼ੂਗਰਜ਼ ਨੇ ਸ਼ੇਅਰਾਂ ਦੀ ਖਰੀਦੋ ਫਰੋਖਤ ਮੌਕੇ ਭਾਰਤੀ ਰਿਜ਼ਰਵ ਬੈਂਕ ਦੀ ਲਾਜ਼ਮੀ ਪ੍ਰਵਾਨਗੀ ਨੂੰ ਦਰਕਿਨਾਰ ਕੀਤਾ। ਇੰਦਰ ਪ੍ਰਤਾਪ ਰਾਣਾ ਸ਼ੂਗਰਜ਼ ਦਾ ਮੈਨੇਜਿੰਗ ਡਾਇਰੈਕਟਰ ਹੈ।

# ਮਾਰੂ ਸਾਬਤ ਹੋਰ ਰਿਹਾ ਹੈ ਵਿਆਹ ਸਮਾਗਮਾਂ ਵਿਚ ਹਥਿਆਰਾਂ ਦਾ ਸ਼ੌਕ

**ਚੰਡੀਗੜ੍ਹ:** ਅੰਮ੍ਰਿਤਸਰ ਰੋਡ ਉਤੇ ਇਕ ਪੈਲੇਸ ਵਿਚ ਸ਼ਗਨ ਸਮਾਗਮ ਦੌਰਾਨ ਗੋਲੀ ਲੱਗਣ ਨਾਲ ਨੌਜਵਾਨ ਅਮਨਦੀਪ ਸਿੰਘ ਦੀ ਮੌਤ ਨੇ ਅਜਿਹੇ ਸਮਾਗਮਾਂ ਵਿਚ ਅਸਲਾ ਰੱਖਣ ਤੇ ਫਾਇਰ ਕਰਨ ਬਾਰੇ ਸਰਕਾਰੀ ਸਖਤੀ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਪਿੰਡ ਕਲੇਰ ਦਾ ਅੰਮ੍ਰਿਤਧਾਰੀ ਨੌਜਵਾਨ ਸ਼ਗਨ ਸਮਾਗਮ ਵਿਚ ਆਇਆ ਸੀ। ਸ਼ਾਮ ਨੂੰ ਭੰਗੜਾ ਪਾਉਂਦੇ ਸਮੇਂ ਅਚਾਨਕ ਇਕ ਗੋਲੀ ਅਮਨਦੀਪ ਨੂੰ ਜਾ ਲੱਗੀ। ਵਿਆਹ ਸਮਾਗਮਾਂ ਵਿਚ ਗੋਲੀ ਨਾਲ ਮੌਤ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ।

ਡੀ.ਜੇ. ਉਤੇ ਵੱਜਦੇ ਗੀਤਾਂ ਦੀ ਲੋਰ ਵਿਚ ਬਦਹਵਾਸ ਹੋਏ ਵਿਅਕਤੀਆਂ ਨੇ ਪਿਛਲੇ ਦੋ ਸਾਲਾਂ ਦੌਰਾਨ ਹੀ ਅੱਧੀ ਦਰਜਨ ਤੋਂ ਵੱਧ ਲੋਕਾਂ ਦੀ ਜਾਨ ਲੈ ਲਈ। ਬੀਤੇ ਸਾਲ 12 ਦਸੰਬਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ 'ਸਨ ਸਾਹਿਬ ਰੋਡ' ਸਥਿਤ ਰਿਜ਼ੋਰਟ ਵਿਚ ਦੋ ਗਰੁੱਪਾਂ ਦੇ ਝਗੜੇ ਨੇ ਦੋ ਘਰਾਂ ਦੇ ਚਿਰਾਗ ਬੁਝਾ ਦਿੱਤੇ ਅਤੇ ਤਿੰਨ ਨੂੰ ਪਤਾ ਨਹੀਂ ਕਿੰਨਾ ਸਮਾਂ ਹਸਪਤਾਲ ਵਿਚ ਰਹਿਣਾ ਪਿਆ ਹੋਵੇਗਾ। 19 ਨਵੰਬਰ 2017 ਨੂੰ ਕੋਟਕਪੂਰੇ ਨੇੜੇ ਵਿਆਹ ਦੇ ਜਸ਼ਨ ਨੇ ਇਕ ਅੱਠ ਸਾਲਾ ਬੱਚੇ ਦੀ ਬਲੀ ਲੈ ਲਈ। 2016 ਵਿਚ 13 ਫਰਵਰੀ ਨੂੰ ਬਰਨਾਲਾ ਜ਼ਿਲ੍ਹੇ ਦੇ ਪਿੰਡ ਕਰਾੜਵਾਲਾ ਵਿਚ ਵਿਆਹ ਮੌਕੇ ਗੋਲੀ ਚੱਲਣ ਨਾਲ 48 ਸਾਲਾ ਸੁਰਜੀਤ ਕੌਰ ਦੀ ਮੌਤ ਹੋ ਗਈ ਤੇ ਖੁਸ਼ੀਆਂ ਗਮੀ ਵਿਚ ਬਦਲ ਗਈਆਂ। ਇਸੇ ਮਹੀਨੇ 28 ਤਰੀਕ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਵਡਾਲਾ ਗ੍ਰੰਥੀਆਂ ਵਿਚ ਇਕ ਅਧਿਆਪਕਾ ਜਾਨੋਂ ਹੱਥ ਧੋ ਬੈਠੀ। 22 ਜੂਨ ਨੂੰ ਤਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਵਿਆਹ ਸਮਾਗਮ ਸਮੇਂ ਗੋਲੀ ਲੱਗਣ ਨਾਲ ਲਾੜਾ ਹੀ ਜ਼ਖ਼ਮੀ ਹੋ ਗਿਆ। ਗੋਲੀ ਮੋਢੇ 'ਤੇ ਲੱਗੀ ਹੋਣ ਕਾਰਨ ਉਸ ਦੀ ਜਾਨ ਬਚ ਗਈ ਤੇ ਉਸ ਦਾ ਦੋਸਤ ਗੰਭੀਰ ਜਖ਼ਮੀ ਹੋ ਗਿਆ।

ਇਸੇ ਸਾਲ 4 ਜੁਲਾਈ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਬੁੱਟਰ ਕਲਾਂ ਦੇ ਅਕਾਲੀ ਸਰਪੰਚ ਵੱਲੋਂ ਲੋਰ ਵਿਚ ਆ ਕੇ ਚਲਾਈ ਗੋਲੀ ਨਾਲ ਇਕ ਦੀ ਜਾਨ ਚਲੀ ਗਈ ਅਤੇ ਰੋਜ਼ੀ-ਰੋਟੀ ਲਈ ਬਰਾਤੀਆਂ ਦੀ ਸੇਵਾ ਵਿਚ ਲੱਗਾ ਵੇਟਰ ਜ਼ਖ਼ਮੀ ਹੋ ਗਿਆ। ਅਕਤੂਬਰ 2016 ਵਿਚ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਦਰਾਬਾਦ ਦੀ 70 ਸਾਲਾ ਸੁਰਜੀਤ ਕੌਰ ਜਸ਼ਨਾਂ ਦੀ ਲੋਰ ਵਿਚ ਚੱਲੀ ਗੋਲੀ ਦਾ ਸ਼ਿਕਾਰ ਹੋ ਗਈ। ਦਸੰਬਰ 2016 ਨੂੰ ਬਠਿੰਡਾ ਵਿਚ ਇਕ ਵਿਆਹ ਸਮਾਗਮ ਦੌਰਾਨ 25 ਸਾਲਾ ਡਾਂਸਰ ਕੁਲਵਿੰਦਰ ਕੌਰ ਹਥਿਆਰਾਂ ਦੇ ਰੁਝਾਨ ਦੀ ਸ਼ਿਕਾਰ ਹੋ ਗਈ।



ਇਕ ਅੰਦਾਜ਼ੇ ਮੁਤਾਬਕ ਪੰਜਾਬ ਵਿਚ ਤਿੰਨ ਹਜ਼ਾਰ ਦੇ ਕਰੀਬ ਮੈਰਿਜ ਪੈਲੇਸ ਹਨ ਤੇ ਜ਼ਿਆਦਾਤਰ ਮੱਧ ਵਰਗੀ ਪਰਿਵਾਰ ਹੁਣ ਆਪਣੇ ਮੁੰਡੇ-ਕੁੜੀਆਂ ਦੇ ਵਿਆਹ ਮੈਰਿਜ ਪੈਲੇਸਾਂ ਵਿਚ ਹੀ ਕਰਦੇ ਹਨ। ਇਕ ਸਰਵੇਖਣ ਮੁਤਾਬਕ ਮੈਰਿਜ ਪੈਲੇਸਾਂ ਵਿਚ ਹਰ ਸਾਲ ਡੇਢ ਲੱਖ ਤੋਂ ਜ਼ਿਆਦਾ ਵਿਆਹ ਹੁੰਦੇ ਹਨ। ਇਸ ਤੋਂ ਬਿਨਾਂ ਵੱਡੇ ਸ਼ਹਿਰਾਂ ਵਿਚਲੇ ਪੰਜ ਤਾਰਾ ਤੇ ਛੋਟੇ ਮੋਟੇ ਹੋਟਲਾਂ, ਵੱਡੇ ਟੈਂਟਾਂ ਅਤੇ ਘਰਾਂ ਵਿਚ ਹੁੰਦੇ ਵਿਆਹਾਂ ਸਮੇਤ ਸੂਬੇ ਵਿਚ ਸਾਲਾਨਾ 4 ਲੱਖ ਦੇ ਕਰੀਬ ਵਿਆਹ-ਸ਼ਾਦੀਆਂ ਹੋਣ ਦੀ ਗੱਲ ਮੰਨੀ ਜਾਂਦੀ ਹੈ। ਲੁਧਿਆਣਾ, ਮੁਹਾਲੀ, ਪਟਿਆਲਾ, ਜਲੰਧਰ, ਅੰਮ੍ਰਿਤਸਰ ਤੇ ਬਠਿੰਡਾ ਸ਼ਹਿਰਾਂ ਦੇ ਆਸ-ਪਾਸ ਅਜਿਹੇ ਮੈਰਿਜ ਪੈਲੇਸਾਂ ਦੀ ਵੱਡੀ ਗਿਣਤੀ ਹੈ, ਜਿਥੇ ਇਕ ਵਿਆਹ ਕਰਨ ਦਾ ਖਰਚ 10 ਤੋਂ 20 ਲੱਖ ਰੁਪਏ (ਕਿਰਾਇਆ ਤੇ ਖਾਣ-ਪੀਣ) ਤੱਕ ਵਸੂਲ ਕੀਤਾ ਜਾਂਦਾ ਹੈ। ਪੰਜਾਬ ਦੇ ਛੋਟੇ ਸ਼ਹਿਰਾਂ ਤੇ ਕਸਬਿਆਂ ਦੇ ਲੋਕਾਂ ਵੱਲੋਂ ਵੀ ਆਪਣੇ ਧੀਆਂ-ਪੁੱਤਾਂ ਦੇ ਵਿਆਹ ਇਨ੍ਹਾਂ ਸ਼ਹਿਰਾਂ ਵਿਚ ਹੀ ਕੀਤੇ ਜਾਂਦੇ ਹਨ। ਇਨ੍ਹਾਂ ਮੈਰਿਜ ਪੈਲੇਸਾਂ ਦੀ ਗਿਣਤੀ 150 ਤੋਂ 200 ਦੇ ਵਿਚਕਾਰ ਹੈ। ਕਰ ਤੇ ਆਬਕਾਰੀ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਇਨ੍ਹਾਂ ਪੈਲੇਸਾਂ ਵਿਚ ਵਿਆਹ ਦੇ ਇਕ ਸਮਾਗਮ ਦਾ ਖਰਚ ਕਈ ਵਾਰੀ 10 ਲੱਖ ਰੁਪਏ ਤੋਂ ਲੈ ਕੇ 40 ਲੱਖ ਰੁਪਏ ਤੱਕ ਵੀ ਪੁੱਜ ਜਾਂਦਾ ਹੈ। ਪੰਜਾਬ ਦੇ ਮੈਰਿਜ ਪੈਲੇਸਾਂ ਵਿਚ ਹੁੰਦੇ ਵਿਆਹਾਂ ਲਈ ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਦਿਸ਼ਾ-ਨਿਰਦੇਸ਼ ਮਹਿਜ਼ ਖਾਨਾਪੂਰਤੀ ਹਨ।

ਵਿਆਹਾਂ ਵਿਚ ਸ਼ਰਾਬ ਨਾਲ ਧੁੱਤ ਹੋ ਕੇ ਫਾਇਰਿੰਗ ਕਰਨ ਦੀਆਂ ਵਾਰਦਾਤਾਂ ਵਧਦੀਆਂ ਜਾ ਰਹੀਆਂ ਹਨ। ਪੰਜਾਬੀ ਦੇ ਪ੍ਰਸਿੱਧ ਗਾਇਕ ਦਿਲਸ਼ਾਦ ਅਖਤਰ ਵੀ ਇਕ ਵਿਆਹ ਸਮਾਗਮ ਦੌਰਾਨ ਹੀ ਪੁਲਿਸ ਅਫਸਰ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਸਨ। ਪੰਜਾਬ ਮੈਰਿਜ ਪੈਲੇਸ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਮੈਰਿਜ ਪੈਲੇਸਾਂ ਵਿਚ ਹਥਿਆਰ ਲਿਆਉਣ ਤੇ ਗੋਲੀ ਚਲਾਉਣ ਤੋਂ ਰੋਕਣ ਵਿਚ ਪੁਲਿਸ ਪ੍ਰਸ਼ਾਸਨ ਦੀ ਪ੍ਰਮੁੱਖ ਭੂਮਿਕਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਡੀ.ਜੀ.ਪੀ. ਪੰਜਾਬ ਦੇ ਧਿਆਨ ਵਿਚ ਵੀ ਲਿਆਂਦਾ ਗਿਆ ਸੀ ਕਿ ਹਥਿਆਰ ਲਿਆਉਣ ਤੋਂ ਰੋਕਣ ਵਿਚ ਪੁਲਿਸ ਪ੍ਰਸ਼ਾਸਨ ਮਦਦ ਕਰੇ, ਪਰ ਅਜੇ ਤੱਕ ਪੁਲਿਸ ਨੇ ਲੋੜੀਂਦੇ ਕਦਮ ਨਹੀਂ ਚੁੱਕੇ।

# ਵਿਤੀ ਬਾਈਕਾਟ: ਅਮਰੀਕਾ ਨੇ ਹੋਰ ਕੱਸੀਆਂ ਪਾਕਿਸਤਾਨ ਦੀਆਂ ਵਾਗਾਂ

**ਵਾਸ਼ਿੰਗਟਨ:** ਪਾਕਿਸਤਾਨ ਦੇ ਅਤਿਵਾਦੀ ਜਥੇਬੰਦੀਆਂ ਤਾਲਿਬਾਨ ਅਤੇ ਹੱਕਾਨੀ ਨੈੱਟਵਰਕ ਨੂੰ ਨੱਥ ਪਾਉਣ ਅਤੇ ਉਨ੍ਹਾਂ ਦੀਆਂ ਸੁਰੱਖਿਅਤ ਠਾਹਰਾਂ ਨੂੰ ਢਹਿ-ਢੇਰੀ ਕਰਨ ਵਿਚ ਨਾਕਾਮ ਰਹਿਣ ਤੋਂ ਖਫਾ ਅਮਰੀਕਾ ਨੇ ਇਸ ਮੁਲਕ ਨੂੰ 1.15 ਅਰਬ ਅਮਰੀਕੀ ਡਾਲਰ ਦੀ ਸੁਰੱਖਿਆ ਸਹਾਇਤਾ ਰੋਕ ਦਿੱਤੀ ਹੈ। ਵਿਦੇਸ਼ ਵਿਭਾਗ ਦੇ ਤਰਜਮਾਨ ਹੀਥਰ ਨੌਰਟ ਨੇ ਸਪੱਸ਼ਟ ਕੀਤਾ ਕਿ ਅਮਰੀਕਾ ਦੀ ਇਸ ਕਾਰਵਾਈ ਦਾ ਪਾਕਿਸਤਾਨ ਵੱਲੋਂ ਮੁੰਬਈ ਹਮਲਿਆਂ ਦੇ ਸਾਜ਼ਿਸ਼ਘਾੜੇ ਤੇ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਦ ਖਿਲਾਫ ਕੋਈ ਕਾਰਵਾਈ ਨਾ ਕੀਤੇ ਜਾਣ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਦੱਸਣਯੋਗ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਵੇਂ ਵਰ੍ਹੇ ਮੌਕੇ ਟਵੀਟ ਵਿਚ ਪਾਕਿਸਤਾਨ ਉਤੇ ਦੋਸ਼ ਲਾਇਆ ਸੀ ਕਿ ਪਿਛਲੇ 15 ਸਾਲਾਂ ਦੌਰਾਨ 33 ਅਰਬ ਡਾਲਰ ਦੀ ਸਹਾਇਤਾ ਦੇ ਬਦਲੇ ਵਿਚ ਉਸ ਨੇ ਅਮਰੀਕਾ ਨੂੰ 'ਝੂਠ ਤੇ ਧੋਖਾ' ਅਤੇ ਅਤਿਵਾਦੀਆਂ ਨੂੰ 'ਸੁਰੱਖਿਅਤ ਠਾਹਰਾਂ' ਮੁਹੱਈਆ ਕਰਾਉਣ ਬਿਨਾਂ ਹੋਰ ਕੱਖ ਨਹੀਂ ਕੀਤਾ। ਰੋਕੀ ਗਈ ਰਾਸ਼ੀ ਵਿਚ ਵਿੱਤੀ ਵਰ੍ਹੇ 2016 ਲਈ ਵਿਦੇਸ਼ੀ ਫੌਜੀ ਫੰਡ (ਐਫ.ਐਮ.ਐਫ.) ਦੇ 25.5 ਕਰੋੜ ਵੀ ਸ਼ਾਮਲ ਹਨ। ਰੱਖਿਆ ਵਿਭਾਗ ਨੇ ਪਾਕਿਸਤਾਨ ਨੂੰ ਵਿੱਤੀ ਵਰ੍ਹੇ 2017 ਲਈ ਗੱਠਜੋੜ ਸਮਰਥਨ ਫੰਡ (ਸੀ.ਐਸ.ਐਫ.) ਦੇ ਕੁੱਲ 90 ਕਰੋੜ ਰੁਪਏ ਅਤੇ ਪਿਛਲੇ ਵਿੱਤੀ ਵਰ੍ਹੇ 'ਚ ਖਰਚਣ ਖੁਣੋਂ ਰਹੀ ਹੋਰ ਰਾਸ਼ੀ ਵੀ ਰੋਕ ਲਈ ਹੈ।




### ਚੀਨ ਨੇ ਕੀਤਾ ਤਿੱਖਾ ਵਿਰੋਧ

**ਬੀਜਿੰਗ:** ਚੀਨ ਨੇ ਕਿਹਾ ਕਿ ਉਹ ਅਮਰੀਕਾ ਵੱਲੋਂ ਪਾਕਿਸਤਾਨ 'ਤੇ ਸ਼ੱਕੀ ਦੀ ਸੂਈ ਉਠਾਉਣ ਅਤੇ ਉਸ ਨੂੰ ਅਤਿਵਾਦ ਨਾਲ ਜੋੜਨ ਦਾ ਵਿਰੋਧ ਕਰਦਾ ਹੈ ਅਤੇ ਜ਼ੋਰ ਦੇ ਕੇ ਕਿਹਾ ਕਿ ਅਤਿਵਾਦੀ ਸੰਗਠਨਾਂ ਖਿਲਾਫ ਕਾਰਵਾਈ ਕਰਨ ਦੀ ਜ਼ਿੰਮੇਵਾਰੀ ਕਿਸੇ ਖਾਸ ਦੇਸ਼ 'ਤੇ ਨਹੀਂ ਪਾਈ ਜਾ ਸਕਦੀ।

ਹੀਥਰ ਨੌਰਟ ਨੇ ਕਿਹਾ, 'ਅੱਜ ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਜਦੋਂ ਤਕ ਉਹ ਅਫ਼ਗਾਨ ਤਾਲਿਬਾਨ ਅਤੇ ਹੱਕਾਨੀ ਨੈੱਟਵਰਕ ਸਮੇਤ ਅਤਿਵਾਦੀ ਜਥੇਬੰਦੀਆਂ ਖ਼ਿਲਾਫ਼ ਫ਼ੈਸਲਾਕੁਨ ਕਾਰਵਾਈ ਨਹੀਂ ਕਰਦਾ ਉਦੋਂ ਤਕ ਅਸੀਂ ਪਾਕਿਸਤਾਨ ਨੂੰ ਕੇਵਲ ਕੌਮੀ ਸੁਰੱਖਿਆ ਸਹਾਇਤਾ ਰੋਕ ਰਹੇ ਹਾਂ। ਰਾਸ਼ਟਰਪਤੀ ਦੀ ਨਵੀਂ ਰਣਨੀਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਦੇ ਪਾਕਿਸਤਾਨ ਸਰਕਾਰ ਨਾਲ ਉਚ-ਪੱਧਰੀ ਤਾਲਮੇਲ ਦੇ ਬਾਵਜੂਦ ਤਾਲਿਬਾਨ ਅਤੇ ਹੱਕਾਨੀ ਨੈੱਟਵਰਕ ਪਾਕਿਸਤਾਨ 'ਚ ਸੁਰੱਖਿਅਤ ਹਨ, ਜੋ ਅਫਗਾਨਿਸਤਾਨ ਵਿਚ ਗੜਬੜ ਅਤੇ ਅਮਰੀਕਾ ਤੋਂ ਇਲਾਵਾ ਉਸ ਦੇ ਸਹਿਯੋਗੀਆਂ 'ਤੇ ਹਮਲੇ ਕਰ ਰਹੇ ਹਨ। ਰੱਖਿਆ ਮੰਤਰੀ ਜਿਮ ਮੈਟਿਜ਼ ਨੇ ਉਸ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ ਕਿ ਉਹ ਪਾਕਿ ਨੂੰ ਮਦਦ 'ਚ ਕਟੌਤੀ ਦੇ ਪੱਖ ਵਿਚ ਸਨ। ਹੀਥਰ ਨੇ ਕਿਹਾ, 'ਭਵਿੱਖ 'ਚ ਇਹ ਰਾਸ਼ੀ ਹਾਸਲ ਕਰਨ ਦੀ ਪਾਕਿਸਤਾਨ ਵਿਚ ਸਮਰੱਥਾ ਹੈ ਪਰ ਉਸ ਨੂੰ ਫੈਸਲਾਕੁਨ ਕਾਰਵਾਈ ਕਰਨੀ ਪਵੇਗੀ। ਚੀਨ ਦੇ ਸਰਕਾਰੀ ਮੀਡੀਆ 'ਗਲੋਬਲ ਟਾਈਮਜ਼' ਦੀ ਰਿਪੋਰਟ ਮੁਤਾਬਕ ਅਮਰੀਕਾ ਦੇ ਇਸ ਕਦਮ ਨਾਲ ਪਾਕਿਸਤਾਨ ਤੇ ਪੇਈਚਿੰਗ ਦਰਮਿਆਨ ਆਰਥਿਕ ਤੇ ਰੱਖਿਆ ਰਿਸ਼ਤਿਆਂ ਨੂੰ ਉਤਸ਼ਾਹ ਮਿਲੇਗਾ। ਚੀਨ ਵੱਲੋਂ ਇਰਾਨ ਦੀ ਚਾਬਹਾਰ ਬੰਦਰਗਾਹ ਨੇੜੇ ਪਾਕਿਸਤਾਨੀ ਮਿਲਟਰੀ ਬੇਸ ਵੀ ਗ੍ਰਹਿਣ ਕੀਤਾ ਜਾ ਰਿਹਾ ਹੈ।

### 'ਪਾਕਿ ਨੂੰ ਛੱਡਣ ਦਾ ਖਤਰਾ ਮੁੱਲ ਨਹੀਂ ਲੈ ਸਕਦਾ ਅਮਰੀਕਾ'

**ਨਿਊ ਯਾਰਕ:** 'ਨਿਊਯਾਰਕ ਟਾਈਮਜ਼' ਨੇ ਆਪਣੀ ਸੰਪਾਦਕੀ ਵਿਚ ਲਿਖਿਆ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪਿੱਛੇ ਹਟਣ, ਚੌਕੰਨੇ ਰਹਿਣ ਅਤੇ ਸਬਰ ਰੱਖਣ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਪਾਕਿਸਤਾਨ ਨਾਲ ਉਸ ਦੀ ਜ਼ਮੀਨ ਉਤੇ ਸਰਗਰਮ ਅਤਿਵਾਦੀ ਤੱਤਾਂ ਦੀ ਹਮਾਇਤ ਕਰਨ ਤੋਂ ਰੋਕਣ ਦੇ ਮੁੱਦੇ ਉਤੇ ਉਸ ਨਾਲ ਕੂਟਨੀਤਕ ਪੱਧਰ 'ਤੇ ਸਮਝੌਤਾ ਗੱਲਬਾਤ ਕਰਨ ਦੀ ਲੋੜ ਹੈ। ਸੰਪਾਦਕੀ ਵਿਚ ਇਹ ਵਿਚਾਰ ਜ਼ਾਹਰ ਕੀਤਾ ਗਿਆ ਕਿ ਰਾਸ਼ਟਰਪਤੀ ਟਰੰਪ ਨੂੰ ਰਾਸ਼ਟਰਪਤੀ ਵਜੋਂ ਪਾਕਿਸਤਾਨ ਤੋਂ ਦੂਰ ਨਹੀਂ ਜਾਣਾ ਚਾਹੀਦਾ ਅਤੇ ਇਹ ਗੱਲ ਸਵੀਕਾਰ ਕਰਨ ਦੀ ਲੋੜ ਹੈ ਕਿ ਪਾਕਿਸਤਾਨ ਅਹਿਮ ਖੁਫੀਆ ਜਾਣਕਾਰੀ ਦਾ ਸਰੋਤ ਰਿਹਾ ਹੈ ਅਤੇ ਰਹੇਗਾ। ਇਹ ਗੱਲ ਵੀ ਦਿਮਾਗ ਵਿਚ ਰੱਖਣੀ ਚਾਹੀਦੀ ਹੈ ਕਿ ਪਾਕਿਸਤਾਨ ਵਿਸ਼ਵ ਵਿਚ ਸਭ ਨਾਲੋਂ ਤੇਜ਼ੀ ਨਾਲ ਪਰਮਾਣੂ ਹਥਿਆਰ ਬਣਾ ਰਿਹਾ ਹੈ ਜੋ ਹਮੇਸ਼ਾ ਇਸ ਖੇਤਰ ਤੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਬਣੇ ਰਹੇ ਹਨ। ਜੇਕਰ ਪਾਕਿਸਤਾਨ ਨਾਲ ਹੋਰ ਉਸਾਰੂ ਸਹਿਯੋਗ ਸੰਭਵ ਹੋਵੇ ਤਾਂ ਟਰੰਪ ਨੂੰ ਦੂਸਰੇ ਕੂਟਨੀਤਕ ਤਰੀਕਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

### ਭਾਰਤ ਦੇ ਹੱਥਾਂ ਉਤੇ ਚੜ੍ਹਿਆ ਅਮਰੀਕਾ: ਪਾਕਿ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਖਤੀ ਤੋਂ ਬਾਅਦ ਪਾਕਿਸਤਾਨ ਕਾਫੀ ਤੰਗ ਨਜ਼ਰ ਆ ਰਿਹਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਖਵਾਜਾ ਆਸਿਫ਼ ਨੇ ਕਿਹਾ ਕਿ ਟਰੰਪ ਹਿੰਦੁਸਤਾਨ ਦੀ ਭਾਸ਼ਾ ਵਿਚ ਗੱਲ ਕਰ ਰਹੇ ਹਨ। ਅਮਰੀਕਾ ਦੀ ਮਦਦ ਬੰਦ ਹੋਣ ਤੋਂ ਬਾਅਦ ਪਾਕਿਸਤਾਨ ਦੀ ਰਾਜਨੀਤੀ ਵਿਚ ਅਫਰਾ-ਤਫਰੀ ਹੈ। ਲਗਾਤਾਰ ਇਕ ਤੋਂ ਬਾਅਦ ਇਕ ਬੈਠਕਾਂ ਹੋ ਰਹੀਆਂ ਹਨ। ਵਿਦੇਸ਼ ਮੰਤਰੀ ਨੇ ਕੌਮੀ ਸੁਰੱਖਿਆ 'ਤੇ ਸੰਸਦੀ ਕਮੇਟੀ ਨੂੰ ਦੱਸਿਆ ਕਿ ਅਮਰੀਕਾ ਅਫਗਾਨਿਸਤਾਨ ਵਿਚ ਆਪਣੀ ਹਾਰ ਲਈ ਪਾਕਿਸਤਾਨ ਨੂੰ ਬਲੀ ਦਾ ਬੱਕਰਾ ਬਣਾ ਰਿਹਾ ਹੈ।

## ਅਮਰੀਕਾ ਵਿਚ 133 ਸਾਲ ਬਾਅਦ ਪਈ ਕੜਾਕੇ ਦੀ ਠੰਢ

**ਨਿਊ ਯਾਰਕ:** ਅਮਰੀਕਾ ਵਿਚ 'ਬੰਬ ਸਾਈਕਲੋਨ' ਯਾਨੀ ਬਰਫੀਲੇ ਤੁਫਾਨ ਨਾਲ 11 ਵਿਅਕਤੀਆਂ ਦੀ ਮੌਤ ਹੋ ਗਈ ਹੈ। ਕਈ ਸੂਬਿਆਂ ਵਿਚ ਐਮਰਜੈਂਸੀ ਦਾ ਐਲਾਨ ਕੀਤਾ ਹੋਇਆ ਹੈ। ਦੇਸ਼ ਦੇ ਕੁਝ ਹਿੱਸੇ ਬਰਫੀਲੇ ਤੁਫਾਨ 'ਬੰਬ' ਚੱਕਰਵਾਤ ਦੀ ਲਪੇਟ 'ਚ ਹਨ। ਇਸ ਤੂਫਾਨ ਕਾਰਨ 5 ਹਜ਼ਾਰ ਦੇ ਕਰੀਬ ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਅਮਰੀਕਾ 'ਚ ਅਜਿਹੀ ਠੰਢ 133 ਸਾਲਾਂ ਬਾਅਦ ਪੈ ਰਹੀ ਹੈ। ਫਲੋਰਿਡਾ 'ਚ 30 ਸਾਲਾਂ ਵਿਚ ਪਹਿਲੀ ਵਾਰ ਬਰਫਬਾਰੀ ਹੋਈ ਹੈ।



ਅਮਰੀਕਾ 'ਚ 90 ਫੀਸਦੀ ਹਿੱਸੇ ਵਿਚ ਤਾਪਮਾਨ ਸਿਫਰ ਤੋਂ ਮਨਫੀ 35 ਤੱਕ ਪਹੁੰਚ ਗਿਆ ਹੈ। ਬੋਸਟਨ ਨੇ ਸਭ ਤੋਂ ਵੱਧ ਖਤਰਨਾਕ ਬਰਫੀਲੇ ਤੂਫਾਨ ਦਾ ਸਾਹਮਣਾ ਕੀਤਾ ਹੈ ਜਿਥੇ ਹੜ੍ਹ ਦਾ ਬਰਫੀਲਾ ਪਾਣੀ 15.1 ਫੁੱਟ ਤੱਕ ਉਪਰ ਪਹੁੰਚ ਗਿਆ, ਉਥੇ ਹੀ 120 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲ ਰਹੀਆਂ ਹਨ। ਨਿਊ ਯਾਰਕ ਤੇ ਬੋਸਟਨ ਵਿਚ ਸਕੂਲ, ਕਾਲਜ ਤੇ ਹੋਰ ਅਦਾਰੇ ਬੰਦ ਕਰ ਦਿੱਤੇ ਗਏ। ਸੜਕਾਂ ਉਤੇ ਜੰਮੀ ਬਰਫ ਕਾਰਨ ਗੱਡੀਆਂ ਆਪਸ 'ਚ ਟਕਰਾ ਰਹੀਆਂ ਹਨ, ਜਿਸ ਕਾਰਨ ਦੱਖਣ-ਪੂਰਬੀ ਸੂਬਿਆਂ, ਉਤਰੀ ਤੇ ਦੱਖਣੀ ਕੈਰੋਲੀਨਾ ਵਿਚ 4 ਮੌਤਾਂ ਹੋ ਗਈਆਂ ਹਨ। 'ਬੰਬ ਸਾਈਕਲੋਨ' ਦਾ ਅਸਰ ਸਿਰਫ ਅਮਰੀਕਾ ਵਿਚ ਹੀ ਨਹੀਂ, ਸਗੋਂ ਬਰਤਾਨੀਆ ਦੇ ਪੱਛਮੀ ਹਿੱਸੇ ਤੇ ਆਇਰਲੈਂਡ 'ਚ ਵੀ ਪਿਆ ਹੈ।

## *ਭਾਰਤ ਲਈ ਸੌਖੀ ਨਹੀਂ ਮਾਲਿਆ ਦੀ ਹਵਾਲਗੀ*

**ਲੰਡਨ:** ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਦੀ ਭਾਰਤ ਹਵਾਲਗੀ ਸੌਖੀ ਨਹੀਂ ਹੈ। ਮੀਡੀਆ ਰਿਪੋਰਟਾਂ ਮੁਤਾਬਕ ਭਾਰਤੀ ਏਜੰਸੀ ਸੀ.ਬੀ.ਆਈ. ਵੱਲੋਂ ਪੇਸ਼ ਕੀਤੇ ਗਏ ਗਵਾਹਾਂ ਤੋਂ ਲੰਡਨ ਅਦਾਲਤ ਸੰਤੁਸ਼ਟ ਨਹੀਂ ਹੁੰਦੀ ਨਜ਼ਰ ਆ ਰਹੀ ਹੈ। ਲੰਡਨ ਅਦਾਲਤ 'ਚ ਇਸ ਮਹੀਨੇ ਗਵਾਹਾਂ ਅਤੇ ਸਬੂਤਾਂ ਨੂੰ ਲੈ ਕੇ ਸੁਣਵਾਈ ਹੋ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਸੀ.ਬੀ.ਆਈ. ਵੱਲੋਂ ਜਿਹੜੇ ਗਵਾਹ ਪੇਸ਼ ਕੀਤੇ ਗਏ ਹਨ, ਉਹ ਧਾਰਾ 161 ਅਧੀਨ ਪੁਲਿਸ ਸਾਹਮਣੇ ਪੇਸ਼ ਕੀਤੇ ਗਏ ਹਨ। ਲੰਡਨ ਅਦਾਲਤ ਨੇ ਦਾਅਵਾ ਕੀਤਾ ਹੈ ਕਿ 12 ਗਵਾਹਾਂ ਦੇ ਬਿਆਨ 100 ਫੀਸਦੀ ਆਪਸ ਵਿਚ ਮਿਲਦੇ-ਜੁਲਦੇ ਹਨ। ਇਹ ਬਿਆਨ ਅਜਿਹੇ ਹਨ, ਜਿਨ੍ਹਾਂ ਦੇ ਸਾਰੇ ਅੱਖਰ ਆਪਸ 'ਚ ਮਿਲ ਰਹੇ ਹਨ, ਕਿਸ ਤਰ੍ਹਾਂ ਹੋ ਸਕਦਾ ਹੈ ਕਿ ਹਰ ਗਵਾਹ ਇਕੋ ਜਿਹੀ ਗੱਲ ਹੀ ਕਹੇ ਅਤੇ ਇਕੋ ਜਿਹੇ ਸ਼ਬਦਾਂ ਦਾ ਹੀ ਇਸਤੇਮਾਲ ਕਰੇ। ਗਵਾਹਾਂ ਦੇ ਬਿਆਨ ਕਿਸ ਭਾਸ਼ਾ 'ਚ ਲਏ ਗਏ ਹਨ, ਇਸ ਗੱਲ ਦਾ ਵੀ ਜ਼ਿਕਰ ਨਹੀਂ ਕੀਤਾ ਗਿਆ ਅਤੇ ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਬਿਆਨਾਂ 'ਤੇ ਗਵਾਹਾਂ ਦੇ ਦਸਤਖਤ ਵੀ ਨਹੀਂ ਹਨ।

## ਚੀਨ ਵਿਚ ਮਿਲੇ ਡਾਇਨਾਸੋਰ ਦੇ 13 ਕਰੋੜ ਸਾਲ ਪੁਰਾਣੇ ਆਂਡੇ

**ਨਵੀਂ ਦਿੱਲੀ:** ਲੱਖਾਂ ਸਾਲ ਪਹਿਲਾਂ ਧਰਤੀ ਉਤੇ ਡਾਇਨਾਸੋਰ ਦੀ ਮੌਜੂਦਗੀ ਬਾਰੇ ਅਕਸਰ ਦਾਅਵੇ ਕੀਤੇ ਜਾਂਦੇ ਰਹੇ ਹਨ। ਇਹ ਇਕ ਅਜਿਹਾ ਯੁੱਗ ਮੰਨਿਆ ਜਾਂਦਾ ਹੈ ਜਿਸ ਵਿਚ ਡਾਇਨਾਸੋਰ ਨੂੰ ਇਸ ਧਰਤੀ ਦਾ ਨਿਵਾਸੀ ਕਿਹਾ ਗਿਆ ਹੈ। ਖੋਜੀਆਂ, ਇਤਿਹਾਸਕਾਰਾਂ ਤੇ ਵਿਗਿਆਨੀਆਂ ਨੇ ਵੀ ਸਮੇਂ ਸਮੇਂ 'ਤੇ ਇਨ੍ਹਾਂ ਦੀ ਧਰਤੀ ਉਤੇ ਮੌਜੂਦਗੀ ਹੋਣ ਦੀ ਗੱਲ ਕਹੀ ਹੈ। ਹੁਣ ਅਜਿਹਾ ਖੁਲਾਸਾ ਹੋਇਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿਸੇ ਸਮੇਂ ਇਨ੍ਹਾਂ ਦੀ ਹੋਂਦ ਧਰਤੀ 'ਤੇ ਜ਼ਰੂਰ ਹੋਵੇਗੀ। ਜਾਣਕਾਰੀ ਅਨੁਸਾਰ ਚੀਨ ਦੇ ਜ਼ਿਆਂਗਸ਼ੀ ਸੂਬੇ ਦੇ ਸ਼ਹਿਰ ਗੁਆਂਗਜ਼ੂ 'ਚ ਡਾਇਨਾਸੋਰ ਦੇ ਆਂਡੇ ਮਿਲੇ ਹਨ। ਇਥੇ ਇਕ ਸਕੂਲ ਬਣਾਉਣ ਲਈ ਨਿਰਮਾਣ ਕਾਰਜ ਚੱਲ ਰਿਹਾ ਸੀ, ਜਦ ਮਜ਼ਦੂਰ ਪੁਟਾਈ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਇਥੋਂ 30 ਦੇ ਕਰੀਬ ਆਂਡੇ ਮਿਲੇ ਜਿਨ੍ਹਾਂ ਨੂੰ ਡਾਇਨਾਸੋਰ ਦੇ ਆਂਡੇ ਦੱਸਿਆ ਜਾ ਰਿਹਾ ਹੈ। 'ਨੇਚਰਡਾਟਕਾਮ' ਵਿਚ ਛਪੇ ਇਕ ਲੇਖ ਅਨੁਸਾਰ ਇਨ੍ਹਾਂ ਆਂਡਿਆਂ ਦੇ 13 ਕਰੋੜ ਸਾਲ ਪੁਰਾਣੇ



ਮੰਨੇ ਜਾਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। 'ਮਿਰਰ ਡਾਟ ਕੋ ਡਾਟ ਯੂਕੇ' ਅਨੁਸਾਰ ਅਧਿਕਾਰੀਆਂ ਨੇ ਮੌਕੇ ਉਤੇ ਪਹੁੰਚ ਕੇ ਇਸ ਜਗ੍ਹਾ ਨੂੰ ਆਪਣੇ ਅਧੀਨ ਲੈ ਲਿਆ।

## ਪਾਕਿਸਤਾਨ ਵਿਚ ਦੋ ਹਿੰਦੂ ਕਾਰੋਬਾਰੀਆਂ ਦੀ ਹੱਤਿਆ

**ਕਰਾਚੀ:** ਪਾਕਿਸਤਾਨ ਵਿਚ ਸਿੰਧ ਸੂਬੇ ਦੇ ਜ਼ਿਲ੍ਹਾ ਥਾਰਪਾਰਕਰ ਵਿਚ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਗੋਲੀਆਂ ਮਾਰ ਕੇ ਦੋ ਹਿੰਦੂ ਭਰਾਵਾਂ ਦੀ ਹੱਤਿਆ ਕਰ ਦਿੱਤੀ। ਇਸ ਵਾਰਦਾਤ ਦੇ ਰੋਸ ਵਿਚ ਘੱਟ ਗਿਣਤੀ ਭਾਈਚਾਰੇ ਵੱਲੋਂ ਮੁਜ਼ਾਹਰੇ ਕੀਤੇ ਜਾ ਰਹੇ ਹਨ। ਅਨਾਜ ਵਪਾਰੀ ਦਿਲੀਪ ਕੁਮਾਰ ਅਤੇ ਚੰਦਰ ਮਾਹੇਸ਼ਵਰੀ ਨੂੰ ਉਨ੍ਹਾਂ ਦੀ ਦੁਕਾਨ ਬਾਹਰ ਗੋਲੀਆਂ ਮਾਰੀਆਂ ਗਈਆਂ। 'ਐਕਸਪ੍ਰੈੱਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਜ਼ਿਲ੍ਹੇ ਦੇ ਮਿੱਠੀ ਇਲਾਕੇ ਵਿਚ ਉਹ ਆਪਣੀ ਅਨਾਜ ਦੀ ਦੁਕਾਨ ਖੋਲ੍ਹ ਰਹੇ ਸਨ ਜਦੋਂ ਇਹ ਵਾਰਦਾਤ ਹੋਈ। ਪੁਲਿਸ ਅਨੁਸਾਰ ਇਸ ਸ਼ਹਿਰ ਵਿਚ ਲੁੱਟ-ਖੋਹ ਦੀ ਇਹ ਪਹਿਲੀ ਵਾਰਦਾਤ ਹੈ।

ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਇਨ੍ਹਾਂ ਭਰਾਵਾਂ ਤੋਂ ਰਾਸ਼ੀ ਖੋਹਣ ਦਾ ਯਤਨ ਕੀਤਾ ਪਰ ਉਨ੍ਹਾਂ ਵੱਲੋਂ ਵਿਰੋਧ ਕੀਤੇ ਜਾਣ ਬਾਅਦ ਲੁਟੇਰਿਆਂ ਨੇ ਉਨ੍ਹਾਂ ਦੇ ਗੋਲੀ ਮਾਰ ਦਿੱਤੀ। ਇਸ ਵਾਰਦਾਤ ਬਾਅਦ ਜ਼ਿਲ੍ਹੇ ਵਿਚ ਹਿੰਦੂ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਵਪਾਰੀਆਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਅਤੇ ਲੋਕਾਂ ਨੇ ਰੋਸ ਵਿਚ ਮੁੱਖ ਸੜਕਾਂ ਉਤੇ ਧਰਨੇ ਦਿੱਤੇ, ਜਿਸ ਕਾਰਨ ਟਰੈਫਿਕ ਜਾਮ ਹੋ ਗਿਆ। ਸਥਾਨਕ ਲੋਕਾਂ ਨੇ ਦੋਸ਼ ਲਾਇਆ ਕਿ ਪੁਲਿਸ ਘਟਨਾ ਸਥਾਨ ਉਤੇ ਦੇਰ ਨਾਲ ਪੁੱਜੀ ਕਿਉਂਕਿ ਜ਼ਿਆਦਾਤਰ ਮੁਲਾਜ਼ਮ ਪੀ.ਪੀ.ਪੀ. ਦੀ ਮੀਰਪੁਰਖਾਸ ਵਿਚ ਹੋਣ ਵਾਲੀ ਰੈਲੀ ਲਈ ਤਾਇਨਾਤ ਕੀਤੇ ਗਏ ਸਨ।

# ਚਾਰਾ ਘੁਟਾਲਾ ਮਾਮਲੇ ਵਿਚ ਲਾਲੂ ਨੂੰ ਸਾਢੇ ਤਿੰਨ ਸਾਲ ਕੈਦ

**ਰਾਂਚੀ:** ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਚਾਰਾ ਘੁਟਾਲੇ ਵਿਚ ਸਾਢੇ ਤਿੰਨ ਸਾਲ ਕੈਦ ਅਤੇ 10 ਲੱਖ ਰੁਪਏ ਜੁਰਮਾਨਾ ਕੀਤਾ ਹੈ। ਇਹ ਸਜ਼ਾ 21 ਸਾਲ ਪਹਿਲਾਂ ਦਿਓਘਰ ਖਜ਼ਾਨੇ ਵਿਚੋਂ ਫਰੇਬੀ ਢੰਗ ਨਾਲ 89.27 ਲੱਖ ਰੁਪਏ ਕਢਵਾਉਣ ਦੇ ਦੋਸ਼ 'ਚ ਹੋਈ ਹੈ। 23 ਦਸੰਬਰ ਨੂੰ ਦੋਸ਼ੀ ਕਰਾਰ ਦਿੱਤਾ 69 ਸਾਲਾ ਲਾਲੂ ਪ੍ਰਸਾਦ ਇਸ ਸਮੇਂ ਬਿਰਸਾ ਮੁੰਡਾ ਕੇਂਦਰੀ ਜੇਲ੍ਹ ਵਿਚ ਬੰਦ ਹੈ। ਦੱਸਣਯੋਗ ਹੈ ਕਿ ਆਰ.ਜੇ.ਡੀ. ਮੁਖੀ ਨੂੰ ਚਾਰਾ ਘੁਟਾਲੇ ਦੇ ਇਕ ਹੋਰ ਕੇਸ 'ਚ 30 ਸਤੰਬਰ, 2013 ਨੂੰ ਪੰਜ ਸਾਲ ਕੈਦ ਹੋਈ ਸੀ। ਢਾਈ ਮਹੀਨਿਆਂ ਤੋਂ ਵੱਧ ਸਮਾਂ ਜੇਲ੍ਹ ਰਹਿਣ ਬਾਅਦ ਸੁਪਰੀਮ ਕੋਰਟ ਨੇ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਸੀ।

ਸੀ.ਬੀ.ਆਈ. ਦੇ ਵਕੀਲ ਰਾਕੇਸ਼ ਪ੍ਰਸਾਦ ਨੇ ਦੱਸਿਆ ਕਿ ਚਾਰਾ ਘੁਟਾਲੇ 'ਚ ਧੋਖਾਧੜੀ, ਅਪਰਾਧਕ ਸਾਜ਼ਿਸ਼ ਅਤੇ ਆਈ.ਪੀ.ਸੀ. ਦੀਆਂ ਹੋਰ ਧਾਰਾਵਾਂ ਤਹਿਤ ਸਾਢੇ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੈ।



### ਜੇਲ੍ਹ ਵਿਚ ਮਿਲਿਆ ਮਾਲੀ ਦਾ ਕੰਮ

**ਹਜ਼ਾਰੀਬਾਗ:** ਲਾਲੂ ਪ੍ਰਸਾਦ ਯਾਦਵ ਜੇਲ੍ਹ 'ਚ ਮਾਲੀ ਦਾ ਕੰਮ ਕਰੇਗਾ ਤੇ ਉਸ ਨੂੰ ਰੋਜ਼ਾਨਾ 93 ਰੁਪਏ ਮਜ਼ਦੂਰੀ ਮਿਲੇਗੀ। ਉਧਰ, ਲਾਲੂ ਦੇ ਵੱਡੇ ਬੇਟੇ ਤੇ ਬਿਹਾਰ ਦੇ ਸਾਬਕਾ ਸਿਹਤ ਮੰਤਰੀ ਤੇਜਪ੍ਰਤਾਪ ਯਾਦਵ ਦਾ ਕਹਿਣਾ ਹੈ ਕਿ ਅਸੀਂ ਅਦਾਲਤ ਦੇ ਫੈਸਲੇ ਦਾ ਸਨਮਾਨ ਕਰਦੇ ਹਾਂ ਤੇ ਹਾਈ ਕੋਰਟ 'ਚ ਜ਼ਮਾਨਤ ਲਈ ਅਪੀਲ ਕਰਾਂਗੇ।

ਲਾਲੂ ਨੂੰ ਇਸ ਕੇਸ 'ਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ (ਪੀ.ਸੀ.ਏ.) ਤਹਿਤ ਵੀ ਤਿੰਨ ਸਾਲ ਛੇ ਮਹੀਨੇ ਕੈਦ ਹੋਈ ਹੈ। ਉਸ ਨੂੰ ਆਈ.ਪੀ.ਸੀ. ਤੇ ਪੀ.ਸੀ.ਏ. ਤਹਿਤ ਪੰਜ ਪੰਜ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਜੇਕਰ ਜੁਰਮਾਨਾ ਨਾ ਭਰਿਆ ਤਾਂ ਛੇ ਮਹੀਨੇ ਹੋਰ ਕੈਦ ਕੱਟਣੀ ਪਵੇਗੀ। ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ 23 ਦਸੰਬਰ ਨੂੰ ਇਸ ਕੇਸ ਵਿਚੋਂ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਤੇ ਪੰਜ ਹੋਰਾਂ ਨੂੰ ਬਰੀ ਕਰ ਦਿੱਤਾ ਸੀ।

### ਲਾਲੂ ਯਾਦਵ ਨੂੰ ਸਜ਼ਾ ਪਿੱਛੋਂ ਸਦਮੇ 'ਚ ਭੈਣ ਦੀ ਮੌਤ

**ਪਟਨਾ:** ਲਾਲੂ ਪ੍ਰਸਾਦ ਯਾਦਵ ਨੂੰ ਸਜ਼ਾ ਪਿੱਛੋਂ ਸਦਮੇ 'ਚ ਉਨ੍ਹਾਂ ਦੀ ਵੱਡੀ ਭੈਣ ਗੰਗੋਤਰੀ ਦੇਵੀ ਦੀ ਮੌਤ ਹੋ ਗਈ। ਗੰਗੋਤਰੀ ਦੇਵੀ (75) ਨੇ ਲਾਲੂ ਪ੍ਰਸਾਦ ਨੂੰ ਘੱਟੋ-ਘੱਟ ਸਜ਼ਾ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕਰਦਿਆਂ ਵਰਤ ਰੱਖਿਆ ਹੋਇਆ ਸੀ, ਪਰ ਲਾਲੂ ਨੂੰ ਸਾਢੇ ਤਿੰਨ ਸਾਲ ਦੀ ਸਜ਼ਾ ਹੋਣ ਦੀ ਖਬਰ ਮਿਲਣ 'ਤੇ ਉਸ ਦੀ ਤਬੀਅਤ ਹੋਰ ਵਿਗੜ ਗਈ। ਉਹ ਲਾਲੂ ਸਮੇਤ ਆਪਣੇ 6 ਭਰਾਵਾਂ ਦੀ ਇਕਲੌਤੀ ਭੈਣ ਸੀ ਤੇ ਉਸ ਦਾ ਲਾਲੂ ਨਾਲ ਬਹੁਤ ਲਗਾਅ ਸੀ।

# ਲੋਹੜੀ ਤੇ ਸਿੱਖ: ਵਿਚਾਰਨ ਵਾਲੀਆਂ ਕੁਝ ਗੱਲਾਂ

ਵਿਚਾਰ-ਚਰਚਾ

*ਤਿਉਹਾਰ ਸਾਡੇ ਜੀਵਨ ਅੰਦਰ ਇਸ ਕਦਰ ਰਚ-ਮਿਚ ਗਏ ਹਨ ਕਿ ਅਕਸਰ ਸਾਨੂੰ ਇਨ੍ਹਾਂ ਦੇ ਨਫੇ-ਨੁਕਸਾਨ ਦਾ ਪਤਾ ਨਹੀਂ ਲੱਗਦਾ। ਅੱਜ ਹਰ ਤਿਉਹਾਰ ਮੰਡੀ ਨਾਲ ਜੁੜ ਗਿਆ ਹੈ। ਮੰਡੀ ਸਾਡੀ ਸੋਚਣ ਸ਼ਕਤੀ ਨੂੰ ਖੁੰਡੀ ਕਰ ਕੇ ਸਭ ਨੂੰ ਆਪਣੇ ਕਲਾਵੇ ਵਿਚ ਲਈ ਹੱਸ ਰਹੀ ਹੈ ਅਤੇ ਡਾਲਰਾਂ-ਰੁਪਈਆਂ ਦੇ ਢੇਰ ਲਾ ਰਹੀ ਹੈ। ਬੀਬੀ ਗੁਰਜੀਤ ਕੌਰ ਨੇ ਆਪਣੇ ਇਸ ਲੇਖ ਵਿਚ ਅਜੋਕੇ ਸਮਾਜ ਅੰਦਰ ਲੋਹੜੀ ਮਨਾਉਣ ਦੀ 'ਭੇਡ-ਚਾਲ' 'ਤੇ ਕੁਝ ਕਿੰਤੂ ਉਠਾਏ ਹਨ ਜੋ ਵਿਚਾਰ-ਚਰਚਾ ਲਈ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ।*

ਲੋਹੜੀ ਵਾਲਾ ਮਹੀਨਾ ਹੈ। ਹੁਣ ਇਕ ਵਰਗ ਨੇ ਲੋਹੜੀ ਦੇ ਹੱਕ ਵਿਚ ਬੋਲਣਾ ਹੈ ਅਤੇ ਦੂਜੇ ਨੇ ਨਿਖੇਧੀ ਕਰਨੀ ਹੈ। ਇਕ ਵਰਗ ਗੁਰਬਾਣੀ ਦੀਆਂ ਮਿਸਾਲਾਂ ਦੇ ਕੇ ਲੋਕਾਂ ਨੂੰ ਸੁਚੇਤ ਕਰੇਗਾ; ਦੂਜਾ ਇਨ੍ਹਾਂ ਨੂੰ ਮੌਸਮੀ ਮਰਾਸਣਾਂ ਕਹੇਗਾ ਜੋ ਹਰ ਤਿਉਹਾਰ ਪਿੱਛੋਂ ਮਕਾਣ ਕਰਦੀਆਂ ਨੇ। ਜੇ ਦੋਹਾਂ ਪੱਖਾਂ ਦੀ ਗੱਲ ਨਾ ਸੁਣ ਕੇ ਸਿਰਫ ਖੁਦ ਤੋਂ ਇਹ ਪੁੱਛੀਏ ਕਿ ਜੇ ਸਾਹ ਸੌਖਾ ਨਿਕਲਦਾ ਹੈ ਤਾਂ ਇਹਦੇ ਵਿਚ ਹਰਜ ਕੀ ਹੈ? ਮੰਨੀਏ ਜਾਂ ਨਾ ਮੰਨੀਏ ਭਾਰਤੀ ਤਿਉਹਾਰ ਨਿਰਾ ਪੈਸੇ ਤੇ ਵਕਤ ਦਾ ਉਜਾੜਾ ਹਨ ਅਤੇ ਬਿਪਰਵਾਦ ਨੂੰ ਹੱਲਾਸ਼ੇਰੀ ਵੀ। ਜੇ ਇਸ ਤੋਂ ਬਚ ਜਾਈਏ ਤਾਂ ਸਾਡਾ ਵਿਗੜਦਾ ਵੀ ਕੀ ਹੈ ਭਲਾ?

ਤੀਜਾ ਵਰਗ ਇਨ੍ਹੀਂ ਦਿਨੀਂ ਸਿਰ ਚੁੱਕਦਾ ਹੈ ਜੋ ਤਿਉਹਾਰਾਂ ਨੂੰ ਇਕ ਪਾਸੇ ਤਾਂ ਧਰਮ ਨਾਲ


**ਗੁਰਜੀਤ ਕੌਰ**
ਫੋਨ : 713-469-2474


ਜੋੜਦਾ ਹੈ, ਦੂਜੇ ਪਾਸੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਮੰਨਦਾ ਹੈ। ਇਹ ਗੱਲ ਸੱਚ ਹੈ ਕਿ ਜ਼ਮੀਰ ਤੇ ਨੈਤਿਕਤਾ ਹੋਰ ਕੁਝ ਕਰਨ ਜਾਂ ਨਾ, ਬੇਈਮਾਨੀ ਕਰਨ ਦਾ ਮਜ਼ਾ ਜ਼ਰੂਰ ਕਿਰਕਰਾ ਕਰ ਦਿੰਦੇ ਹਨ। ਜਦੋਂ ਬੰਦੇ ਨੂੰ ਪਤਾ ਹੋਵੇ ਕਿ ਉਸ ਦਾ ਰਾਹ ਗਲਤ ਹੈ, ਫਿਰ ਉਹ ਬਿਨਾ ਕਿਸੇ ਦੇ ਪੁੱਛਿਆਂ ਹੀ ਆਪਣੀ ਕਾਰਗੁਜ਼ਾਰੀ ਦਾ ਸਪਸ਼ਟੀਕਰਨ ਦਿੰਦਾ ਹੈ। ਤਿਉਹਾਰਾਂ ਦੇ ਪ੍ਰਸੰਗ ਵਿਚ ਵੀ ਇਹੀ ਹੁੰਦਾ ਹੈ। ਇਥੇ ਲੋਕ, ਧਰਮ ਅਤੇ ਸਭਿਆਚਾਰ ਦਾ ਨਾ ਤਾਂ ਮਤਲਬ ਸਮਝਦੇ ਹਨ, ਤੇ ਨਾ ਹੀ ਇਨ੍ਹਾਂ ਵਿਚਲਾ ਫਰਕ ਤੇ ਆਪਸੀ ਸਬੰਧ।

ਧਰਮ ਕੀ ਹੈ? ਸਹੀ ਤੇ ਗਲਤ ਮਾਰਗ ਵਿਚੋਂ ਸਿਰਫ ਸਹੀ ਮਾਰਗ 'ਤੇ ਚੱਲਣ ਦਾ ਜੇਰਾ; ਜਿਸ ਵਿਚ ਸਭਨਾਂ ਦੀ ਭਲਾਈ ਹੋਵੇ। ਸਭਿਆਚਾਰ ਉਹ ਅਮਲ ਹੈ ਜਿਸ 'ਤੇ ਤੁਰਦਿਆਂ ਬੰਦਾ ਸੁਖਾਵਾਂ ਮਾਹੌਲ ਸਿਰਜੇ ਜਿਸ ਨਾਲ ਆਲਾ-ਦੁਆਲਾ ਰਹਿਣਯੋਗ ਤੇ ਸੁਖਾਵੀਂ ਜਗ੍ਹਾ ਕਹਾਵੇ। ਸਾਡੇ ਤਰਜ਼-ਏ-ਅਮਲ ਤੋਂ ਤਾਂ ਲੱਗਦਾ ਹੈ ਕਿ ਅਸੀਂ ਸਿਰਫ ਤਕਨੀਕੀ ਵਿਕਾਸ ਕਰ ਰਹੇ ਹਾਂ, ਨੈਤਿਕ ਜਾਂ ਮਾਨਸਿਕ ਨਹੀਂ। ਗੁਰੂ ਕਿਸੇ ਨੂੰ ਆਖਦੇ ਹਾਂ ਪਰ ਤੁਰਦੇ ਬਿਪਰ ਦੀ ਚਾਲ ਉਤੇ ਹਾਂ। ਫਿਰ ਸਫਾਈ ਵਿਚ ਕਹਿੰਦੇ ਹਾਂ ਕਿ ਬਸ, ਸਕੇ-ਸਬੰਧੀਆਂ ਨਾਲ ਮਿਲ ਕੇ ਸ਼ੁਗਲ ਕਰ ਲਿਆ। ਬੱਲੇ ਇਨ੍ਹਾਂ ਸ਼ੁਗਲਾਂ ਦੇ, ਜਿਹੜੇ ਬੰਦੇ ਨੂੰ ਸਵਾਲਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਦੇਣ ਤੇ ਉਜਾੜੇ ਵਲ ਧੱਕਣ!

ਸਭਿਅ ਸਮਾਜ ਦਾ ਨੇਮ ਹੈ ਕਿ ਬੰਦੇ ਨੂੰ ਕਿਸੇ ਮਜ਼ਹਬ ਨਾਲ ਜੁੜਨਾ ਪੈਂਦਾ ਹੈ। ਹੁਣ ਅਸੀਂ ਕਿਉਂਕਿ ਸਿੱਖ ਅਖਵਾਉਂਦੇ ਹਾਂ, ਤਾਂ ਸਾਨੂੰ ਸ਼ੁਗਲਾਂ ਅਤੇ ਗੁਰੂ ਦੇ ਫੁਰਮਾਨਾਂ ਵਿਚ ਚੋਣ ਕਰਨੀ ਪਵੇਗੀ। ਵੇਖਣਾ ਪਵੇਗਾ ਕਿ ਜ਼ਿੰਦਗੀ ਦੇ ਅਣਗਿਣਤ ਰੁਝੇਵਿਆਂ ਤੋਂ ਇਲਾਵਾ ਸਾਡੇ ਉਤੇ 1430 ਪਤਰੇ ਵਿਚਾਰਨ ਦਾ ਹੁਕਮ ਲਾਗੂ ਹੈ। ਸਾਡੇ ਕੋਲ ਸ਼ੁਗਲਾਂ ਜੋਗਾ ਸਮਾਂ ਕਿੰਨਾ ਕੁ ਬਚਿਆ ਫਿਰ? ਲੋਹੜੀ ਦੀ ਰਾਤ ਨੂੰ ਦੇਰ ਰਾਤ ਤੱਕ ਡੀ. ਜੇ. ਚੱਲਦਾ ਹੈ ਪਰ ਸਾਡਾ ਗੁਰੂ ਤਾਂ ਫੁਰਮਾਉਂਦਾ ਹੈ:

ਜਾਗਨਾ ਜਾਗਨੁ ਨੀਕਾ
ਹਰਿ ਕੀਰਤਨ ਮਹਿ ਜਾਗਨਾ॥

ਜੇ ਪੁੱਤਰ ਜੰਮੇ ਦੀ ਲੋਹੜੀ ਹੈ ਤਾਂ ਸ਼ੋਰ ਸ਼ਰਾਬਾ ਹੋਣਾ ਲਾਜ਼ਮੀ ਹੈ, ਪਰ ਗੁਰੂ ਸਾਹਿਬ ਤਾਂ ਹੋਰ ਕੁਝ ਹੋਰ ਫੁਰਮਾਉਂਦੇ ਨੇ:

ਜਨਮੇ ਕਉ ਵਾਜਹਿ ਵਾਧਾਏ॥
ਸੋਹਿਲੜੇ ਅਗਿਆਨੀ ਗਾਏ॥

ਗੁਰੂ ਜੀ ਨੇ ਹਰ ਸਿੱਖ ਨੂੰ ਵਿਦਵਾਨ ਬਣਨ ਦੇ ਸਮਰੱਥ ਬਣਾਇਆ, ਪਰ ਅਸੀਂ ਅਗਿਆਨੀ ਹੀ ਰਹਿ ਗਏ। ਗੁਰੂ ਜੀ ਇਸ ਦਾ ਕਾਰਨ ਵੀ ਦਸਦੇ ਨੇ:

ਜਿਸ ਕੈ ਮਸਤਕਿ ਗੁਰ ਹਾਥੁ
ਤਿਸੁ ਹਿਰਦੈ ਹਰਿ ਗੁਣ ਟਿਕਹਿ॥
ਹਰਿ ਗੁਣ ਹਿਰਦੈ ਟਿਕਹਿ ਤਿਸ ਕੈ
ਜਿਸੁ ਅੰਦਰਿ ਭਉ ਭਾਵਨੀ ਹੋਈ॥

ਸ਼ੁਗਲਾਂ ਦੀਆਂ ਵਿਉਂਤਾਂ ਬਣਾਉਣ ਵਾਲਿਆਂ ਨੂੰ ਗੁਰੂ ਸਾਹਿਬ ਤਾਕੀਦ ਕਰਦੇ ਨੇ:

ਮਤਾ ਮਸੂਰਤਿ ਤਾਂ ਕਿਛੁ ਕੀਜੈ
ਜੇ ਕਿਛੁ ਹੋਵੈ ਹਰਿ ਬਾਹਰਿ॥

ਸਭਿਆਚਾਰ ਨੂੰ ਧਰਮ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਜੇ ਧਰਮ ਸਿੱਖ ਹੋਵੇ, ਫਿਰ ਤਾਂ ਕਿਸੇ ਬਹਾਨੇ ਦੀ ਗੁੰਜਾਇਸ਼ ਵੀ ਨਹੀਂ ਰਹਿੰਦੀ। ਆਖਿਆ ਜਾਂਦਾ ਹੈ ਕਿ ਲੋਹੜੀ ਵਾਲੀ ਰਾਤ ਅਗਨੀ ਦੇਵ ਦੀ ਪੂਜਾ ਹੁੰਦੀ ਹੈ, ਕਿਉਂਕਿ ਵੈਦਿਕ ਗ੍ਰੰਥਾਂ ਵਿਚ ਇਸ ਨੂੰ ਪਵਿੱਤਰ ਮੰਨਿਆ ਗਿਆ ਹੈ, ਪਰ ਗੁਰੂ ਜੀ ਖਬਰਦਾਰ ਕਰ ਰਹੇ ਨੇ:

ਅਗਨਿ ਭੀ ਜੂਠੀ ਪਾਨੀ ਜੂਠਾ
ਜੂਠੀ ਬੈਸਿ ਪਕਾਇਆ॥

ਜੇ ਕੋਈ ਮੰਨ ਲਵੇ ਕਿ ਪੋਹ ਦਾ ਮਹੀਨਾ ਕਿਸੇ ਕਾਰਜ ਲਈ ਸ਼ੁਭ ਹੈ, ਤਾਂ ਫਿਰ:

ਮੈਲੇ ਬ੍ਰਹਮੰਡਾਇ ਕੈ ਈਸ॥
ਮੈਲੇ ਨਿਸਿ ਬਾਸੁਰ ਦਿਨ ਤੀਸ॥
ਮੈਲਾ ਮੋਤੀ ਮੈਲਾ ਹੀਰੁ॥
ਮੈਲਾ ਪਉਨੁ ਪਾਵਕੁ ਅਰੁ ਨੀਰੁ॥
ਅਤੇ
ਪਉਣ ਪਾਣੀ ਬੈਸੰਤਰ ਰੋਗੀ
ਰੋਗੀ ਧਰਤਿ ਸਭੋਗੀ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ
ਰੋਗੀ ਕੁਟੰਬ ਸਜੋਗੀ॥

ਅਗਨੀ ਨੂੰ ਦੇਵਤੇ ਦੇ ਰੂਪ ਵਿਚ ਸਭ ਤੋਂ ਪਹਿਲਾਂ ਆਰੀਆ ਲੋਕਾਂ ਨੇ ਸਵੀਕਾਰਿਆ। ਉਨ੍ਹਾਂ ਤੋਂ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਦੇ ਲੋਕ ਬਹੁਤ ਭੋਲੇ ਅਤੇ ਕੁਦਰਤ ਪ੍ਰੇਮੀ ਸਨ। ਇਨ੍ਹਾਂ ਵੱਲੋਂ ਚਲਾਈ ਮੁਦਰਾ ਉਤੇ ਵੀ ਪਸ਼ੂ-ਪੰਛੀ ਖੁਣੇ ਹੋਏ ਸਨ। ਆਰੀਆ ਕਿਉਂਕਿ ਬਾਹਰੋਂ ਆਏ, ਇਨ੍ਹਾਂ ਨੇ ਸਭ ਤੋਂ ਪਹਿਲਾਂ ਉਸ ਵਕਤ ਦੀ ਸਭਿਅਤਾ ਦੀ ਮਾਨਸਿਕਤਾ ਨੂੰ ਆਪਣੇ ਮੁਤਾਬਕ ਢਾਲਿਆ। ਬਲੀਦਾਨ, ਕੁਦਰਤ ਦੇ ਬਦਲਾਉ, ਅੱਗ ਦੀ ਪੂਜਾ ਆਦਿ ਨੂੰ ਇਨ੍ਹਾਂ ਲੋਕਾਂ ਨੇ ਇਸ ਕਦਰ ਸਮਕਾਲੀ ਸਭਿਅਤਾ ਉਤੇ ਥੋਪਿਆ ਕਿ ਹੌਲੀ ਹੌਲੀ ਸਿੰਧੂ ਘਾਟੀ ਦੀ ਸਭਿਅਤਾ ਬੇਹ ਹੋ ਗਈ। ਗੁਰੂ ਸਾਹਿਬ ਨੇ ਮੀਂਹ-ਕਣੀ, ਅਗਨਿ, ਨਖੱਤਰਾਂ ਦਾ ਡਰ ਸਾਡੇ ਮਨਾਂ ਵਿਚੋਂ ਕੱਢਿਆ।

ਡਰਪੈ ਧਰਤਿ ਆਕਾਸੁ ਨਖੱਤ੍ਰਾ
ਸਿਰ ਊਪਰਿ ਅਮਰੁ ਕਰਾਰਾ॥
ਪਉਣ ਪਾਣੀ ਬੈਸੰਤਰੁ ਡਰਪੈ
ਡਰਪੈ ਇੰਦ੍ਰੁ ਬਿਚਾਰਾ॥

ਜਿਹੜੇ ਇਹ ਵਹਿਮ ਪਾਲੀ ਬੈਠੇ ਨੇ ਕਿ ਅਗਨੀ ਦੇਵਤਾ ਪੁਤਰ ਦੀ ਦਾਤ ਬਖਸ਼ਦਾ ਹੈ, ਫਿਰ ਇਹੋ ਜਿਹੇ ਹੀ ਲੋਹੜੀਆਂ ਮਨਾਉਣ! ਪਰ ਜੇ ਇਹ ਗੱਲ ਸੱਚ ਹੁੰਦੀ ਤਾਂ ਅਸੀਂ ਤਾਂ ਚਾਰ ਦਹਾਕਿਆਂ ਤੋਂ ਉਨ੍ਹਾਂ ਲਈ ਇਨਸਾਫ ਮੰਗ ਰਹੇ ਹਾਂ ਜਿਨ੍ਹਾਂ ਨੂੰ ਜ਼ਿੰਦਾ ਅਗਨੀ ਭੇਟ ਕਰ ਦਿੱਤਾ ਗਿਆ, ਕੁਝ ਨਹੀਂ ਨਾ ਹੋਇਆ! ਸਾਨੂੰ ਇਹ ਅਗਨੀ ਕਦੇ ਵੀ ਸੁੱਚੀ ਨਹੀਂ ਲੱਗੀ, ਤਾਂ ਫਿਰ ਅਸੀਂ ਕਿਸੇ ਵਿਖਾਵੇ ਕਾਰਨ ਕਰਮ-ਕਾਂਡਾਂ ਵੱਲ ਕਿਉਂ ਤੁਰੀਏ? ਇਸ ਪਵਿੱਤਰ ਅਗਨੀ ਦਾ ਸਹਾਰਾ ਲੈ ਕੇ ਦੁਸ਼ਮਣਾਂ ਨੇ ਵਿਧਵਾ ਕਲੋਨੀ ਵਸਾ ਛੱਡੀ, ਜਿਸ ਦੀ ਕਿਤੇ ਵੀ ਕੋਈ ਮਿਸਾਲ ਨਹੀਂ ਮਿਲਦੀ। ਅਸੀਂ ਆਂਢ-ਗੁਆਂਢ ਦੀਆਂ ਉਨ੍ਹਾਂ ਹੱਟੀਆਂ ਨੂੰ ਵਪਾਰ ਦਿੱਤਾ ਜੋ ਨਫਰਤ ਵਿਚ ਤਪਦੇ ਸਾਡੇ ਮਾਸੂਮਾਂ ਪਿੱਛੇ ਮਿੱਟੀ ਦਾ ਤੇਲ ਲੈ ਕੇ ਦੌੜ ਰਹੇ ਸਨ। ਅੱਗ ਦੇ ਭਾਂਬੜ ਅਸੀਂ ਆਪਣੇ ਮਨਾਂ ਅੰਦਰ ਕਿਉਂ ਨਹੀਂ ਬਾਲਦੇ, ਤਾਂ ਕਿ ਆਉਣ ਵਾਲੇ ਸਮੇਂ ਵਿਚ ਸੁਚੇਤ ਰਹੀਏ।

ਦੁਖ ਉਦੋਂ ਹੁੰਦਾ ਹੈ, ਜਦੋਂ ਗੁਰਦੁਆਰਿਆਂ ਵਿਚ ਲੋਹੜੀ ਮਨਾਈ ਜਾਂਦੀ ਹੈ ਜਿਥੇ ਰੋਜ਼ ਪੜ੍ਹਿਆ ਜਾਂਦਾ ਹੈ:

ਗਾਵੈ ਤੁਧਨੋ ਪਉਣੁ ਪਾਣੀ ਬੈਸੰਤਰੁ
ਅਤੇ
ਬਲਿਹਾਰੀ ਕੁਦਰਤਿ ਵਸਿਆ॥

ਏਨੀ ਅੱਗ ਬਾਲ ਕੇ ਕੁਦਰਤ ਦੀ ਖਿਲਾਫ-ਵਰਜ਼ੀ ਕਰ ਕੇ ਫਿਰ 'ਵਾਤਾਵਰਣ ਜਾਗਰੂਕਤਾ ਹਫਤਾ' ਵੀ ਮਨਾਇਆ ਜਾਂਦਾ ਹੈ।

ਕਹਿੰਦੇ ਹਨ ਕਿ ਲੋਹੜੀ ਦੋ ਸ਼ਬਦਾਂ ਦਾ ਮੇਲ ਹੈ: ਤਿਲ ਤੇ ਰਿਉੜੀ। ਕਿਸੇ ਵੀ ਸ਼ਬਦ ਦਾ ਮੂਲ ਪਤਾ ਹੋਣਾ ਕੋਈ ਮਾੜਾ ਨਹੀਂ। ਹੁਣ ਕਿਹੜੇ ਸ਼ਬਦਕੋਸ਼ ਵਿਚ ਲਿਖਿਆ ਹੈ ਕਿ ਇਸ ਦਾ ਸਬੰਧ ਕਿਸੇ ਤਿਉਹਾਰ ਨਾਲ ਹੈ? ਤਿਲਾਂ ਦੀ ਤਾਸੀਰ ਗਰਮ ਹੁੰਦੀ ਹੈ ਤੇ ਰੁੱਖੇ ਇਹ ਖਾਧੇ ਨਹੀਂ ਜਾਂਦੇ; ਇਸ ਕਰ ਕੇ ਗੁੜ ਜਾਂ ਖੰਡ ਨਾਲ ਰਲਾ ਕੇ ਖਾ ਲਉ। ਬਸ ਇੰਨੀ ਕੁ ਹੀ ਗੱਲ ਹੈ। ਹੁਣ ਇਹਨੂੰ 13 ਜਨਵਰੀ ਨੂੰ ਹੀ ਕਿਉਂ ਵੰਡਿਆ ਜਾਵੇ? ਚਲੋ ਰਿਉੜੀ ਤੇ ਤਿਲਾਂ ਨੂੰ ਤਿਉਹਾਰ ਨਾਲ ਜੋੜ ਲਿਆ। ਹੁਣ ਮੂੰਗਫਲੀ, ਦਾਣੇ ਤੇ ਚਿਰਵੜੇ ਇਸ ਅਮਲ ਵਿਚ ਕਿਥੋਂ ਆਣ ਟਪਕੇ? ਅਸੀਂ ਖਾਣ ਵਾਲੀਆਂ ਚੀਜ਼ਾਂ ਨੂੰ ਹੀ ਅਗਨ ਭੇਟ ਕਰੀ ਜਾਂਦੇ ਹਾਂ। ਜੇ ਹਿਸਾਬ ਲਾਈਏ ਕਿ ਉਸ ਰਾਤ ਸਾਡੇ ਗ੍ਰਹਿ 'ਤੇ ਕਿੰਨਾ ਬਾਲਣ ਬਲਿਆ ਤਾਂ 'ਗਲੋਬਲ ਵਾਰਮਿੰਗ' ਵਾਲੇ ਇਕ ਕਾਰਨ ਲੋਹੜੀ ਨੂੰ ਵੀ ਤਜ਼ਵੀਜ ਕਰ ਦੇਣ।

ਹੁਣ ਗੱਲ ਜੇ ਸ਼ੁਗਲ ਤੱਕ ਹੀ ਰਹਿੰਦੀ ਤਾਂ ਵੀ ਠੀਕ ਸੀ ਪਰ ਮੈਂ ਤਾਂ ਕਈਆਂ ਨੂੰ ਇਹ ਰਸਮ-ਰਿਵਾਜ਼ ਮਨਾਉਣ ਲਈ ਕਰਜ਼ੇ ਹੇਠ ਦਬਦਿਆਂ ਵੀ ਵੇਖਿਆ ਹੈ ਕਿਉਂਕਿ ਉਨ੍ਹਾਂ ਦੁਨੀਆਂ ਅੱਗੇ ਆਪਣੇ ਚਾਅ ਦਾ ਮੁਜ਼ਾਹਰਾ ਕਰਨਾ ਸੀ! ਚੰਦ ਘੜੀਆਂ ਲਈ ਮਣਾਂ ਮੂੰਹੀਂ ਦਮੜੇ ਸੁਆਹ ਕਰ ਲਏ। ਇਹੀ ਪੈਸਾ ਕਿਸੇ ਲੋੜਵੰਦ ਦੀ ਵਿਦਿਅਕ ਮਦਦ 'ਤੇ ਲਾਇਆ ਹੁੰਦਾ ਤਾਂ ਖੋਰੇ ਦਾ ਸਮਾਂ ਚੰਦ ਘੜੀਆਂ ਨਹੀਂ, ਪੂਰੀ ਉਮਰ ਰਹਿੰਦਾ। ਵਖ ਵਖ ਪਦਾਰਥ ਬਣੇ, ਸ਼ਰਾਬਾਂ ਵਰਤਾਈਆਂ ਗਈਆਂ। ਫਿਰ ਇਹੋ ਜਿਹੇ ਲੋਕ ਗੁਰਦੁਆਰੇ ਵਿਚ ਲੰਗਰ ਦੀ ਸਾਦਗੀ ਬਾਰੇ ਭਾਸ਼ਣ ਦਿੰਦੇ ਹਨ। ਇਨ੍ਹਾਂ ਨੂੰ ਪੁਛਿਆ ਜਾਵੇ ਕਿ ਸਾਦਗੀ ਸਾਡੀ ਜੀਵਨ ਜਾਚ ਨੂੰ ਕੀ ਚੂੰਢੀਆਂ ਵੱਢਦੀ ਹੈ?

ਵੈਦਿਕ ਗ੍ਰੰਥਾਂ ਵਿਚ ਕੇਵਲ ਅੱਗ ਹੀ ਨਹੀਂ, ਰੁਦਰ (ਪਾਣੀ) ਨੂੰ ਵੀ ਦੇਵਤਾ ਕਿਹਾ ਗਿਆ ਹੈ। ਹੁਣ ਅੱਗ ਨੂੰ ਖੁਸ਼ ਕਰ ਕੇ ਪਾਣੀ ਨੂੰ ਕਿੱਦਾਂ ਨਾਰਾਜ਼ ਕੀਤਾ ਜਾ ਸਕਦਾ ਸੀ? ਅੱਗ ਪੁੱਤਰਾਂ ਦੇ ਹੋਇਆਂ ਬਾਲ ਲਈ ਤੇ ਪਾਣੀ ਵਿਚ ਨਵ-ਜੰਮੀਆਂ ਬੱਚੀਆਂ ਭੇਟ ਕਰ ਦਿੱਤੀਆਂ! ਇਉਂ ਰੁਦਰ ਦੇਵਤਾ ਵੀ ਖੁਸ਼, ਕਿਉਂਕਿ ਜੇ ਅਗਨੀ ਦੇਵਤਿਆਂ ਦਾ ਮੂੰਹ ਮੰਨ ਕੇ ਉਸ ਵਿਚ ਰਿਉੜੀਆਂ ਤੇ ਮੂੰਗਫਲੀ ਪਾ ਕੇ ਉਹਦਾ ਢਿੱਡ ਭਰ ਦਿੱਤਾ ਤਾਂ ਭੁੱਖਾ ਤਾਂ ਰੁਦਰ ਦੇਵਤਾ ਵੀ ਹੁੰਦਾ ਹੈ! ਉਹਦਾ ਢਿੱਡ ਤਾਂ ਨਰ ਬਲੀ ਨਾਲ ਭਰਨਾ ਸੀ। ਇਉਂ ਅਸੀਂ ਆਰੀਆ ਲੋਕਾਂ ਦੀ ਦੂਜੀ ਕੂਟਨੀਤੀ ਮੰਨ ਲਈ।

ਅਫਸੋਸ ਕਿ ਅਸੀਂ ਸਭਿਆਚਾਰ ਦਾ ਨਾਂ ਲੈ ਕੇ ਉਜਾੜਾ ਕਰਨ ਅਤੇ ਖਰੂਦ ਪਾਉਣ ਦਾ ਹਰ ਵੇਲੇ ਬਹਾਨਾ ਲੱਭਦੇ ਰਹਿੰਦੇ ਹਾਂ। ਨਾਲ ਕਹਿੰਦੇ ਹਾਂ ਕਿ ਇਹ ਤਾਂ ਸਾਡੇ ਰਿਵਾਜ਼ ਨੇ। ਇਹ ਅਖੌਤੀ ਰਿਵਾਜ਼ ਹੀ ਨੇ ਜਿਨ੍ਹਾਂ ਨੇ ਸਾਡੀ ਪਛਾਣ ਨਿਆਰੀ ਤੇ ਨਿਵੇਕਲੀ ਰਹਿਣ ਨਹੀਂ ਦਿੱਤੀ। ਹੁਣ ਸਾਡੀ ਪਛਾਣ ਖਰੂਦ, ਸ਼ੁਦਾਅ ਅਤੇ ਪਟਿਆਲਾ ਪੈੱਗ ਨਾਲ ਜੁੜ ਗਈ ਹੈ। 18ਵੀਂ ਸ਼ਤਾਬਦੀ ਵਿਚ ਸਾਡੀ ਪਛਾਣ ਬਣੀ ਸੀ:

ਗਈ ਰੰਨ ਬਸਰੇ ਨੂੰ,
ਮੋੜੀਂ ਬਾਬਾ ਕੱਛ ਵਾਲਿਆ।
ਮੋੜੀਂ ਬਾਬਾ ਡਾਂਗ ਵਾਲਿਆ।

ਫਿਰ ਅਗਲੀ ਸਦੀ ਵਿਚ ਸਿੱਖ ਰਾਜ ਕਾਇਮ ਹੋਇਆ। ਨਤੀਜਾ ਇਹ ਨਿਕਲਿਆ ਕਿ ਲੋਕ ਗੀਤਾਂ ਵਿਚ ਪੰਜਾਬ ਨੂੰ 'ਦੇਸ ਪੰਜਾਬ' ਕਿਹਾ ਜਾਣ ਲੱਗਾ। 20ਵੀਂ ਸਦੀ ਆਈ, ਕਵੀ ਧਨੀ ਰਾਮ ਚਾਤ੍ਰਿਕ ਨੇ ਮਿਹਨਤੀ ਜੱਟ ਦਾ ਆਪਣੀ ਕਲਮ ਰਾਹੀਂ ਚਿਤਰਣ ਕੀਤਾ। ਉਹ ਜੱਟ ਜੋ ਪਹਿਲਾਂ ਕਿਰਤ ਕਮਾਈ ਕਰਦਾ ਹੈ, ਫਿਰ ਰੁਝੇਵਿਆਂ ਵਿਚੋਂ ਕੁਝ ਪਲ ਆਪਣੇ ਮਨਪ੍ਰਚਾਵੇ ਲਈ ਕੱਢਦਾ ਹੈ। ਫਿਰ ਆਈ 21ਵੀਂ ਸਦੀ ਅਤੇ ਜੱਟ ਜਾਂ ਪੰਜਾਬੀਆਂ ਦਾ ਚਿਤਰਣ ਇਸ ਪ੍ਰਕਾਰ ਨਾਲ ਹੋਇਆ ਕਿ ਕੋਈ ਗੈਰਤਮੰਦ ਖੂਨ ਦਾ ਅੱਥਰੂ ਰੋਵੇ। ਰੱਬ ਨਾ ਕਰੇ, ਜੱਟਾਂ ਦੇ ਸਾਰੇ ਮੁੰਡੇ ਇਹੋ ਜਿਹੇ ਹੋਣ ਅਤੇ ਧੀਆਂ ਕੁਆਰੀਆਂ ਹੀ ਰਹਿ ਜਾਣ! ਕੌਣ ਜਾਣ-ਬੁਝ ਕੇ ਆਪਣੀ ਧੀ-ਭੈਣ ਨੂੰ ਖੂਹ ਵਿਚ ਸੁੱਟੇ।

ਪਹਿਲਾਂ ਅਸੀਂ ਇਕੱਲੇ ਹੋਕੇ ਦਈ ਜਾਂਦੇ ਸਾਂ, ਹੁਣ ਇਹ ਬੇਗੈਰਤੀ ਡੀ.ਜੇ. 'ਤੇ ਵੱਜਦੀ ਹੈ:

ਸੁੰਦਰ ਮੁੰਦਰੀਏ,
ਤੇਰਾ ਕੌਣ ਵਿਚਾਰਾ,
ਦੁੱਲਾ ਭੱਟੀ ਵਾਲਾ...।

ਇਨ੍ਹਾਂ ਪੰਕਤੀਆਂ ਦੀ ਪਿੱਠਭੂਮੀ ਖੋਜ ਕਰਤਾਵਾਂ ਦੇ ਮੂੰਹੋਂ ਪਤਾ ਲੱਗੀ ਅਤੇ ਆਪਣੇ ਆਪ ਨੂੰ ਸੌ ਫਿਟਕਾਰਾਂ ਪਾਈਆਂ, ਕਿਉਂਕਿ ਮੈਂ ਕਿਹੜਾ ਸੰਘ ਨਹੀਂ ਸੀ ਪਾੜਿਆ। ਗੱਲ ਸਿਰਫ ਇੰਨੀ ਕੁ ਸੀ ਕਿ ਜਹਾਂਗੀਰ ਦੇ ਸਮਕਾਲੀ ਦੁੱਲੇ ਭੱਟੀ ਨੇ ਮੁਗਲਾਂ ਤੋਂ ਹਿੰਦੂ ਪਰਿਵਾਰ ਦੀਆਂ ਦੋ ਧੀਆਂ ਸੁੰਦਰੀ ਤੇ ਮੁੰਦਰੀ, ਬੇਪਤ ਹੋਣ ਤੋਂ ਬਚਾਈਆਂ ਅਤੇ ਪੱਲਿਓਂ ਸੇਰ ਸ਼ੱਕਰ ਪਾ ਕੇ ਉਨ੍ਹਾਂ ਨੂੰ ਇੱਜ਼ਤਦਾਰ ਜ਼ਿੰਦਗੀ ਵਲ ਤੋਰਿਆ। ਇਹਦਾ ਕੀ ਸਬੰਧ ਬਣਿਆ, ਕਿਸੇ ਤਿਉਹਾਰ ਨਾਲ? ਉਤੋਂ ਕਿਸੇ ਦੀ ਧੀ-ਭੈਣ ਦਾ ਨਾਂ ਉਚੀ ਉਚੀ ਲੈ ਕੇ ਭੰਗੜੇ ਵੀ ਪਾਏ।

ਅਸੀਂ ਹੁਣ ਝਾਤ ਮਾਰੀਏ ਆਪਣੇ ਸੁਨਹਿਰੀ ਇਤਿਹਾਸ ਵੱਲ। ਦੁੱਲੇ ਦਾ ਛੁਟਕਾਰਾ ਤਾਂ ਸਿਰਫ ਸੇਰ ਸ਼ੱਕਰ ਨਾਲ ਹੀ ਹੋ ਗਿਆ ਅਤੇ ਉਹਨੇ ਸਿਰਫ ਦੋ ਧੀਆਂ ਦੀ ਰਾਖੀ ਕੀਤੀ। ਸਾਡੇ ਪੁਰਖਿਆਂ ਨੇ ਤਾਂ ਹਜ਼ਾਰਾਂ ਦੀ ਤਾਦਾਦ ਵਿਚ ਸੁੰਦਰੀਆਂ-ਮੁੰਦਰੀਆਂ ਬਚਾਈਆਂ। ਜੇ ਉਨ੍ਹਾਂ ਦੇ ਸੋਹਲੇ ਗਾ ਕੇ ਅਸੀਂ ਅੱਗ ਬਾਲੀਏ ਤਾਂ ਧਰਤੀ ਦੇ ਸਾਰੇ ਵਣ ਮੁੱਕ ਜਾਣ। ਬੀਬੀ ਸ਼ਰਨ ਕੌਰ ਦੀ ਆਪ-ਬੀਤੀ ਕੌਣ ਨਹੀਂ ਜਾਣਦਾ। ਸਿੰਘ ਸੂਰਮਿਆਂ ਦੀ ਬਹਾਦਰੀ ਕਰ ਕੇ ਉਹ ਸ਼ਰਨੀ ਤੋਂ ਸ਼ਰਨ ਕੌਰ ਬਣੀ। ਦੁੱਲੇ ਨੇ ਤਾਂ ਜੰਗਲ ਵਿਚ ਬੈਠਿਆਂ ਕੁੜੀਆਂ ਦੀ ਮਦਦ ਕੀਤੀ, ਪਰ ਸਿੱਖ ਯੋਧਿਆਂ ਨੇ ਤਾਂ ਪਠਾਣਾਂ ਦੇ ਕਬਜ਼ੇ ਵਿਚੋਂ ਸ਼ਰਨੀ ਨੂੰ ਛੁਡਾਇਆ। ਜੇ ਇਹ ਵਾਰ ਵੀ ਡੀ. ਜੇ. ਦਾ ਸ਼ਿੰਗਾਰ ਬਣ ਜਾਵੇ ਤਾਂ ਇਹ ਕਿੰਨੀ ਲਾਹਨਤ ਵਾਲੀ ਗੱਲ ਹੋਵੇ।

ਖੁਸ਼ੀਆਂ ਦਾ ਕੀ ਹੈ, ਇਨ੍ਹਾਂ ਨੂੰ ਹਾਸਲ ਕਰਨ ਵਾਸਤੇ ਢੋਲ-ਢਮੱਕੇ ਤੇ ਮਰਾਸੀਆਂ ਦੀ ਕੀ ਲੋੜ? ਆਪਣਾ ਬੱਚਾ ਜਦੋਂ ਸਾਡੇ ਵੱਲ ਵੇਖ ਕੇ ਮੁਸਕਰਾਏ, ਸਾਡੀ ਖੁਸ਼ੀ ਦਾ ਟਿਕਾਣਾ ਨਹੀਂ ਰਹਿੰਦਾ। ਗੋਦੀ ਬੈਠਾ ਪੁੱਤ, ਪਿਉ ਦੀ ਦਾੜ੍ਹੀ ਫੜ੍ਹ ਕੇ ਖੜਾ ਹੁੰਦਾ ਹੈ ਤੇ ਤਾਂ ਪਿਤਾ ਖਿੜ ਖਿੜ ਹੱਸਦਾ ਹੈ। ਖੁਸ਼ੀ ਦਾ ਕੀ ਹੈ; ਇਸ ਦੀ ਭਾਲ ਦੀ ਨਹੀਂ, ਇਹਨੂੰ ਮਹਿਸੂਸ ਕਰਨ ਦੀ ਲੋੜ ਹੈ।

ਇਤਿਹਾਸ ਵਿਚ ਜੋ ਵਰਤਾਰੇ ਸਾਡੇ ਨਾਲ ਵਰਤੇ ਅਤੇ ਜਿਸ ਜਾਂਬਾਜ਼ੀ ਤੇ ਸਬਰ ਨਾਲ ਸਾਡੇ ਵਡੇਰਿਆਂ ਨੇ ਉਨ੍ਹਾਂ ਔਕੜਾਂ ਦਾ ਮੁਕਾਬਲਾ ਕੀਤਾ, ਅਜਿਹੀ ਲਾਸਾਨੀ ਮਿਸਾਲ ਕਿਸੇ ਹੋਰ ਕੌਮ ਦੇ ਇਤਿਹਾਸ ਦੇ ਹਿੱਸੇ ਨਹੀਂ ਆਈ। ਡੁਲ੍ਹੇ ਬੇਰਾਂ ਦਾ ਬਹੁਤ ਕੁਝ ਵਿਗੜ ਚੁਕਾ ਹੈ, ਹੁਣ ਵੇਲਾ ਹੈ ਸਬਕ ਹਾਸਲ ਕਰਨ ਦਾ, ਤੇ ਵਿਚਾਰਨ ਦਾ ਕਿ ਦੁਨੀਆਂ ਦੀਆਂ ਬਾਕੀ ਕੌਮਾਂ ਜਿਨ੍ਹਾਂ ਨੇ ਸ਼ਹਾਦਤ ਸ਼ਬਦ ਸਿਰਫ ਪੁਸਤਕਾਂ ਵਿਚ ਪੜ੍ਹਿਆ, ਕਿਵੇਂ ਅੱਗੇ ਨਿਕਲ ਗਈਆਂ! ਹੁਣ ਵੀ ਸਮਾਂ ਹੈ ਕਿ ਭੰਡਾਂ, ਮਰਾਸੀਆਂ, ਬਾਣੀਆਂ, ਸ਼ਰਾਬਖਾਨਿਆਂ ਅਤੇ ਅਖੌਤੀ ਰੀਤੀ-ਰਿਵਾਜ਼ਾਂ ਦੇ ਲੇਖੇ ਲਗਦੀ ਰਕਮ ਤੇ ਜਿਸਮਾਨੀ ਮੁਸ਼ੱਕਤ ਅਸੀਂ ਆਪਣੇ ਆਲੇ-ਦੁਆਲੇ ਲੋੜਵੰਦ ਭਾਈਚਾਰੇ 'ਤੇ ਲਾਈਏ ਤਾਂ ਜੋ ਸਿਰਫ ਪੰਜਾਬੀ ਅਖਵਾਉਣ ਵਾਲੇ 'ਅਕਾਲਪੁਰਖ ਕੀ ਫੌਜ' ਦੀ ਪੈੜ ਅਪਨਾ ਸਕਣ।

# 'ਪਾਵਨ ਪਰਮ ਸੂਰ ਗੁਰੂ ਗੋਬਿੰਦ ਸਿੰਘ'

ਪ੍ਰਤੀਕਰਮ

'ਪੰਜਾਬ ਟਾਈਮਜ਼' ਦੇ 30 ਦਸੰਬਰ 2017 ਦੇ ਅੰਕ ਵਿਚ ਪ੍ਰਕਾਸ਼ਿਤ ਆਪਣੇ ਲੇਖ ਵਿਚ ਪ੍ਰੋਫੈਸਰ ਬਲਕਾਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਬਤਾ ਨੂੰ 'ਗ੍ਰੰਥ ਤੋਂ ਪੰਥ ਤੱਕ' ਦੀ ਯਾਤਰਾ ਦੱਸਿਆ ਹੈ। ਗੁਰਬਾਣੀ ਗ੍ਰੰਥ ਅਧਿਆਤਮਕ ਵਿਚਾਰਧਾਰਾ ਦਾ ਸੋਮਾ ਹੈ ਅਤੇ ਪੰਥ ਇੱਕ ਸਮਾਜਕ ਇਕਾਈ। ਅਧਿਆਤਮਕ ਵਿਚਾਰਧਾਰਾ ਅਤੇ ਸਮਾਜ-ਦੋ ਵੱਖਰੀਆਂ ਧਰਾਤਲਾਂ 'ਤੇ ਵਿਚਰਦੇ ਹਨ। ਇਨ੍ਹਾਂ ਵਿਚ ਕੋਈ ਵਿਚਾਰਧਾਰਕ ਸਾਂਝ ਨਹੀਂ ਹੈ। ਗੁਰਬਾਣੀ ਅਦਿੱਖ ਪ੍ਰਭੂ ਦਾ ਗਿਆਨ ਹੈ ਅਤੇ ਪੰਥ ਦਿਖਾਈ ਦੇ ਰਹੇ ਪਦਾਰਥਕ ਜਗਤ ਦਾ ਭਾਗ। ਇੱਕ ਨਿਰਚਲ ਕਰਤੇ ਪ੍ਰਭੂ ਅਤੇ ਜੋਤ ਸਰੂਪ ਮਨੁੱਖੀ ਮਨ ਨਾਲ ਸਬੰਧਤ ਵਿਚਾਰਧਾਰਾ ਹੈ ਅਤੇ ਦੂਜਾ ਨਿਰੰਤਰ ਬਦਲ ਰਹੇ ਸਮਾਜ ਦਾ ਅੰਗ। ਸਮਾਜਕ ਸੰਗਠਨ ਸਮਾਜ ਸ਼ਾਸਤਰ ਦਾ ਵਿਸ਼ਾ ਮੰਨਿਆ ਜਾਂਦਾ ਹੈ ਜਦੋਂ ਕਿ ਅਧਿਆਤਮਕ ਗਿਆਨ ਧਾਰਮਿਕ ਵਿਚਾਰਧਾਰਾ ਹੈ।

ਅਧਿਆਤਮਕ ਵਿਚਾਰਧਾਰਾ ਨੂੰ ਸਮਾਜਕ ਇਕਾਈ ਵਿਚ ਬਦਲਣ ਦੀ ਪ੍ਰਕ੍ਰਿਆ ਦਾ ਪ੍ਰੋਫੈਸਰ ਸਾਹਿਬ ਨੇ ਆਪਣੇ ਲੇਖ ਵਿਚ ਕੋਈ ਸਪਸ਼ਟ ਜ਼ਿਕਰ ਨਹੀਂ ਕੀਤਾ ਹੈ। ਇਹ ਮੰਨਣਾ ਤਾਂ ਸੰਭਵ ਨਹੀਂ ਕਿ ਖੰਡੇ ਦੀ ਪਾਹੁਲ ਛਕਣ ਨਾਲ ਸਧਾਰਨ ਮਨੁੱਖਾਂ ਦੇ ਸਮੂਹ ਵਿਚ ਅਧਿਆਤਮਕ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਜਾਂ ਧਾਰਮਿਕ ਸੋਚ ਬਦਲਣ ਨਾਲ ਲੋਕ ਅਧਿਆਤਮਕ ਗਿਆਨ ਦੇ ਧਾਰਨੀ ਬਣ ਜਾਂਦੇ ਹਨ ਕਿਉਂਕਿ ਗੁਰਬਾਣੀ ਅਧਿਆਤਮਕ ਗਿਆਨ ਦੀ ਪ੍ਰਾਪਤੀ ਲਈ ਮਨੁੱਖ ਦਾ ਤ੍ਰੈਗੁਣੀ ਸੰਸਾਰ ਨੂੰ ਤਜ ਕੇ ਚੌਥੇ ਪਦ ਵਿਚ ਪ੍ਰਵੇਸ਼ ਕਰਨਾ ਜ਼ਰੂਰੀ ਸਮਝਦੀ ਹੈ। ਗੁਰਬਾਣੀ ਅਨੁਸਾਰ ਤ੍ਰੈਗੁਣੀ ਸੰਸਾਰ ਵਿਚ ਮਾਇਆ ਦਾ ਵਿਆਪਕ ਪ੍ਰਭਾਵ ਅਧਿਆਤਮਕ ਮਾਰਗ ਦੇ ਪਾਂਧੀਆਂ ਲਈ ਭਾਰੀ ਅੜਿੱਕਾ ਹੁੰਦਾ ਹੈ। ਮਾਇਆ ਦੇ ਪ੍ਰਭਾਵ ਕਾਰਨ ਹੀ ਗੁਰਬਾਣੀ ਸੰਸਾਰ ਨੂੰ ਝੂਠਾ, ਭਉਜਲ, ਬਿਖੁ, ਗੁਬੀ ਭਾਹ, ਭਰਮਾਊ, ਅੰਧ ਕੂਪ, ਧੂਏ ਕਾ ਧਵਲਹਰ, ਸਿਵ ਸਕਤੀ ਕਾ ਮੇਲ, ਖੇਟੀ ਰਾਸ, ਕਾਗਦ ਕੋਟ, ਸੁਪਨਾ ਆਦਿ ਆਖਦੀ ਹੈ। ਸੰਸਾਰ ਵਿਚ ਮਾਇਆ ਪ੍ਰਭੂ ਨੇ ਆਪ ਪਾਈ ਹੈ: "ਮਾਇਆ ਮਮਤਾ ਕਰਤੈ ਲਾਈ॥" (ਪੰਨਾ 1261) ਅਤੇ ਸੰਸਾਰ ਜਾਂ ਪੰਥ ਵਿਚੋਂ ਮਾਇਆ ਦੇ ਪ੍ਰਭਾਵ ਨੂੰ ਖਤਮ ਕਰਨ ਦੀ ਯੋਗਤਾ ਮਨੁੱਖ ਵਿਚ ਨਹੀਂ ਹੈ।

ਗੁਰਬਾਣੀ ਤੇ ਸੰਸਾਰ ਨੂੰ ਹੀ ਦੂਜਾ ਆਖਦੀ ਹੈ: "ਨਾਨਕ ਸਚਾ ਏਕੁ ਹੈ ਦੂਹੁ ਵਿਚਿ ਹੈ ਸੰਸਾਰੁ॥" (ਪੰਨਾ 950) ਅਤੇ "ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥ ਬਾਝੁ ਕਲਾ ਆਡਾਣੁ ਰਹਾਇਆ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ॥14॥ ਵਿਰਲੇ ਕਉ ਗੁਰ ਸਬਦੁ ਸੁਣਾਇਆ॥ ਕਰਿ ਕਰਿ ਦੇਖੈ ਹੁਕਮੁ ਸਬਾਇਆ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ॥ (ਪੰਨਾ 1036)। ਗੁਰਬਾਣੀ ਵਿਚ ਸੰਸਾਰਕ ਮਾਇਆ ਦਾ ਸਿਧਾਂਤ ਗੁਰਮਤਿ ਦੀ ਸਮਾਜਕ ਪੰਥ ਵਿਚ ਤਬਦੀਲੀ ਜਾਂ ਗ੍ਰੰਥ ਤੋਂ ਪੰਥ ਤਕ ਦੀ ਯਾਤਰਾ ਦੇ ਸੰਕਲਪ ਨੂੰ ਮੁੱਢੋਂ ਨਕਾਰਦਾ ਹੈ।

ਗੁਰਬਾਣੀ ਵਿਚ ਕਿਸੇ ਸਮਾਜਕ ਸੰਸਥਾ ਜਾਂ ਗੁੱਟ ਦਾ ਜ਼ਿਕਰ ਨਹੀਂ ਮਿਲਦਾ। ਗੁਰਬਾਣੀ ਵਿਚ ਪੰਥ ਸ਼ਬਦ ਮਾਰਗ ਲਈ ਵਰਤਿਆ ਗਿਆ ਹੈ, ਕਿਸੇ ਸਮਾਜਕ ਜਾਂ ਧਾਰਮਿਕ ਗੁੱਟ ਜਾਂ ਸੰਸਥਾ ਲਈ ਨਹੀਂ। ਗੁਰਬਾਣੀ ਤਾਂ ਸੰਬੋਧਤ ਹੀ ਵਿਅਕਤੀ ਨੂੰ ਹੈ, ਕਿਸੇ ਸਮੂਹ ਨੂੰ ਨਹੀਂ।

ਸਿੱਖ ਜਗਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਮੰਨਿਆ ਜਾਂਦਾ ਹੈ ਅਤੇ ਗੁਰਬਾਣੀ ਵਿਚ ਗੁਰੂ ਦੀ ਪਰਿਭਾਸ਼ਾ "ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥ (ਪੰਨਾ 147) ਅਤੇ "ਗੁਰ ਤੇ ਗਿਆਨੁ ਉਪਜੈ ਮਹਾ ਤਤੁ ਬੀਚਾਰਾ॥ ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ॥ (ਪੰਨਾ 424) ਹੈ। ਗੁਰੂ ਜੀ ਨਾਲ ਸਬੰਧਤ ਲੇਖ ਵਿਚ ਉਨ੍ਹਾਂ ਦੀ ਗੁਰੂ ਪਦਵੀ ਨੂੰ ਮੁੱਖ ਰੱਖਦਿਆਂ ਗੁਰਬਾਣੀ ਵਿਚ ਦਰਸਾਏ ਗੁਰੂ ਵਾਲੇ ਗੁਣਾਂ ਦਾ ਵਰਣਨ ਹੋਣਾ ਜ਼ਰੂਰੀ ਹੋ ਜਾਂਦਾ ਹੈ, ਨਾ ਕਿ ਦੁਨਿਆਵੀ ਪ੍ਰਾਪਤੀਆਂ ਦਾ।

ਪ੍ਰੋਫੈਸਰ ਸਾਹਿਬ ਨੇ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ॥" (ਪੰਨਾ 966) ਦਾ ਹਵਾਲਾ ਦਿੱਤਾ ਹੈ। ਦਸਮ ਪਾਤਸ਼ਾਹ ਵੀ ਨਾਨਕ ਜੋਤ ਹਨ। ਨਾਨਕ ਜੋਤ ਹੋਣ ਕਾਰਨ ਸਾਰੇ ਗੁਰੂ ਸਾਹਿਬਾਨ ਆਪਣੀ ਰਚੀ ਬਾਣੀ ਨੂੰ ਨਾਨਕ ਬਾਣੀ ਆਖਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਸਾਰੀ ਬਾਣੀ ਨੂੰ 'ਖਸਮ ਕੀ ਬਾਣੀ।' ਕਿਸੇ ਗੁਰੂ ਸਾਹਿਬ ਦੀ ਰਚਨਾ, ਜੋ ਨਾਨਕ ਬਾਣੀ ਨਹੀਂ ਹੈ, ਉਸ ਨੂੰ ਗੁਰਬਾਣੀ ਜਾਂ 'ਖਸਮ ਕੀ ਬਾਣੀ' ਨਹੀਂ ਆਖਿਆ ਜਾ ਸਕਦਾ।

-ਹਾਕਮ ਸਿੰਘ

ਪੰਜਾਬ ਟਾਈਮਜ਼

*ਸਨਿਚਰਵਾਰ, 13 ਜਨਵਰੀ 2018*

## ਪਰਵਾਸੀਆਂ ਨੂੰ ਉਲਾਂਭਾ

ਅੱਜ ਕੱਲ੍ਹ ਵਿਆਹਾਂ ਦਾ ਸੀਜ਼ਨ ਹੈ। ਵਿਆਹਾਂ ਉਤੇ ਖਰਚ ਬਿਨਾ ਸ਼ੱਕ, ਹੁੰਦਾ ਹੀ ਹੈ, ਪਰ ਪੰਜਾਬ ਵਿਚ ਵਿਆਹਾਂ-ਸ਼ਾਦੀਆਂ ਮੌਕੇ ਜਿੰਨਾ ਖਰਚ ਕੀਤਾ ਜਾ ਰਿਹਾ ਹੈ, ਉਹ ਹੁਣ ਬਹਿਸ ਦਾ ਮੁੱਦਾ ਬਣ ਗਿਆ ਹੈ। ਇਕ ਪਾਸੇ ਮਹਿੰਗੇ ਅਤੇ ਵਿਸ਼ਾਲ ਮੈਰਿਜ ਪੈਲੇਸਾਂ ਵਿਚ ਹੁੰਦੇ ਵਿਆਹ ਹਨ, ਦੂਜੇ ਪਾਸੇ ਬੇਰੁਜ਼ਗਾਰੀ ਨੇ ਬਹੁ-ਗਿਣਤੀ ਪੰਜਾਬੀਆਂ ਨੂੰ ਸਾਹੋ-ਸਾਹ ਕੀਤਾ ਹੋਇਆ ਹੈ। ਖੇਤੀ ਖੇਤਰ ਜੋ ਸੂਬੇ ਦੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਮੰਨਿਆ ਗਿਆ ਹੈ, ਲਗਾਤਾਰ ਨਿਘਾਰ ਵੱਲ ਜਾ ਰਿਹਾ ਹੈ। ਇਸੇ ਨਿਘਾਰ ਕਾਰਨ ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ। ਹੋਰ ਬੁਨਿਆਦੀ ਸਹੂਲਤਾਂ ਦਾ ਵੀ ਇਹੀ ਹਾਲ ਹੈ। ਇਕ ਅੰਦਾਜ਼ੇ ਮੁਤਾਬਕ ਪੰਜਾਬ ਵਿਚ ਇਸ ਵਕਤ ਤਿੰਨ ਹਜ਼ਾਰ ਦੇ ਕਰੀਬ ਮੈਰਿਜ ਪੈਲੇਸ ਹਨ। ਇਨ੍ਹਾਂ ਮੈਰਿਜ ਪੈਲੇਸਾਂ ਵਿਚ ਹਰ ਸਾਲ ਡੇਢ ਲੱਖ ਤੋਂ ਵੱਧ ਵਿਆਹ ਹੁੰਦੇ ਹਨ। ਵੱਡੇ ਸ਼ਹਿਰਾਂ ਦੇ ਹੋਟਲਾਂ ਅਤੇ ਘਰਾਂ ਵਿਚ ਹੁੰਦੇ ਵਿਆਹ ਇਨ੍ਹਾਂ ਤੋਂ ਵਖਰੇ ਹਨ। ਇਨ੍ਹਾਂ ਮੈਰਿਜ ਪੈਲੇਸਾਂ ਦਾ ਕਿਰਾਇਆ ਅਤੇ ਖਾਣ ਪੀਣ ਦਾ ਖਰਚਾ 10 ਤੋਂ 20 ਲੱਖ ਰੁਪਏ ਤਕ ਪੁੱਜ ਜਾਂਦਾ ਹੈ। ਇਉਂ ਅਜਿਹਾ ਇਕ ਵਿਆਹ 40 ਲੱਖ ਰੁਪਏ ਨੂੰ ਢੁਕ ਜਾਂਦਾ ਹੈ। ਵਿਆਹਾਂ ਉਤੇ ਦਿਖਾਵਾ ਇਸ ਕਦਰ ਵਧ ਗਿਆ ਹੈ ਕਿ ਰਸਮਾਂ-ਰਿਵਾਜ ਤਕ ਬਦਲ ਗਏ ਹਨ। ਨਵੇਂ ਰੁਝਾਨਾਂ ਮੁਤਾਬਕ ਪ੍ਰੀ-ਵੈਡਿੰਗ ਸ਼ੂਟ ਅਤੇ ਡਰੋਨਾਂ ਤੇ ਕਰੇਨਾਂ ਰਾਹੀਂ ਵੀਡੀਓ ਉਤੇ ਅੰਨ੍ਹੇਵਾਹ ਪੈਸਾ ਰੋੜ੍ਹਿਆ ਜਾ ਰਿਹਾ ਹੈ। ਆਮ ਸਮਝ ਇਹ ਬਣ ਗਈ ਹੈ ਕਿ ਅਜਿਹੇ ਨਵੇਂ ਨਵੇਂ ਖਰਚ ਸਭ ਤੋਂ ਪਹਿਲਾਂ ਪਰਵਾਸੀ ਭਾਰਤੀ ਵਧੇਰੇ ਕਰਦੇ ਹਨ ਅਤੇ ਫਿਰ ਉਨ੍ਹਾਂ ਦੀ ਰੀਸੋ-ਰੀਸੀ ਹੋਰ ਲੋਕ ਵੀ ਇਸੇ ਰਾਹ ਪੈ ਜਾਂਦੇ ਹਨ।

ਜ਼ਾਹਰ ਹੈ ਕਿ ਵਿਆਹਾਂ ਦੀ ਇਕ ਵੱਖਰੀ ਮੰਡੀ ਉਸਰ ਗਈ ਹੈ। ਮੈਰਿਜ ਪੈਲੇਸਾਂ ਵਿਚ ਖਾਣ-ਪੀਣ ਦੀਆਂ ਵਸਤਾਂ ਦੀ ਚੋਣ ਅਤੇ ਰਸਮ ਰਿਵਾਜਾਂ ਬਾਰੇ ਬਹੁਤੇ ਫੈਸਲੇ ਹੁਣ ਮੰਡੀ ਚਲਾ ਰਹੇ ਇਹ ਲੋਕ ਹੀ ਕਰ ਰਹੇ ਹਨ। ਸਮਾਜ ਸ਼ਾਸਤਰੀਆਂ ਨੂੰ ਇਹ ਸਮਝ ਨਹੀਂ ਪੈ ਰਹੀ ਕਿ ਇਕ ਪਾਸੇ ਪੰਜਾਬ ਹਰ ਪੱਖੋਂ ਨਿਘਾਰ ਵੱਲ ਜਾ ਰਿਹਾ ਹੈ, ਤੇ ਦੂਜੇ ਪਾਸੇ ਵਿਆਹਾਂ ਅਤੇ ਹੋਰ ਅਜਿਹੇ ਸ਼ਾਹੀ ਸਮਾਗਮਾਂ ਉਤੇ ਪੈਸਾ ਪਾਣੀ ਵਾਂਗ ਰੋੜ੍ਹਿਆ ਜਾ ਰਿਹਾ ਹੈ। ਉਂਜ ਇਹ ਸਮਾਜ ਸ਼ਾਸਤਰੀ ਫਜ਼ੂਲ ਖਰਚੀ ਲਈ ਮਾਰਕਿਟ ਅਤੇ ਪਰਵਾਸੀਆਂ ਦੇ ਨਾਲ ਨਾਲ ਮੀਡੀਆ ਨੂੰ ਵੀ ਜਿੰਮੇਵਾਰ ਠਹਿਰਾਉਂਦੇ ਹਨ। ਇਸ ਤੋਂ ਇਲਾਵਾ ਅੱਜ ਕੱਲ੍ਹ ਬਣ ਰਹੀਆਂ ਫਿਲਮਾਂ, ਗੀਤ-ਸੰਗੀਤ ਵੀ ਪੰਜਾਬੀਆਂ ਨੂੰ ਵਿਆਹਾਂ ਉਤੇ ਫਜ਼ੂਲ ਖਰਚੀ ਵਲ ਧੱਕ ਰਿਹਾ ਹੈ। ਇਕ ਸਰਵੇਖਣ ਦੱਸਦਾ ਹੈ ਕਿ ਸਭ ਤੋਂ ਵਧ ਮੈਰਿਜ ਪੈਲੇਸ ਉਤਰੀ ਭਾਰਤ ਵਿਚ ਹੀ ਮੌਜੂਦ ਹਨ ਅਤੇ ਉਤਰੀ ਭਾਰਤ ਵਿਚੋਂ ਵੀ ਪੰਜਾਬ ਮੋਹਰੀ ਸੂਬਿਆਂ ਵਿਚ ਆਉਂਦਾ ਹੈ। ਬੁੱਧੀਜੀਵੀਆਂ ਮੁਤਾਬਕ ਪੰਜਾਬ ਵਿਚ ਇਸ ਵੇਲੇ ਸਿਆਸੀ, ਧਾਰਮਿਕ ਅਤੇ ਸਮਾਜਕ ਖੇਤਰਾਂ ਵਿਚ ਰੋਲ ਮਾਡਲਾਂ ਦੀ ਕਮੀ ਹੈ, ਜਿਸ ਕਾਰਨ ਬੌਧਿਕ ਕੰਗਾਲੀ ਵਧ ਰਹੀ ਹੈ। ਇਹੀ ਨਹੀਂ, ਇਕ ਦੂਜੇ ਨਾਲ ਸਾਂਝ ਵਿਚ ਤਰੇੜਾਂ ਪੈ ਰਹੀਆਂ ਹਨ। ਇਸੇ ਕਰ ਕੇ ਲੋਕ ਕੁਰਾਹੇ ਪੈ ਰਹੇ ਹਨ।

ਸੂਬੇ ਨੂੰ ਸੰਕਟ ਵਿਚੋਂ ਕੱਢਣ ਲਈ ਸਰਕਾਰੀ ਪੇਸ਼ਕਦਮੀ ਅਹਿਮ ਰੋਲ ਨਿਭਾ ਸਕਦੀ ਹੈ, ਪਰ ਪੰਜਾਬ ਦੇ ਸਿਆਸਤਦਾਨਾਂ ਨੇ ਤਾਂ ਅਜੇ ਇਸ ਬਾਰੇ ਸੋਚਣਾ ਵੀ ਸ਼ੁਰੂ ਨਹੀਂ ਕੀਤਾ ਹੈ। ਜੰਮੂ ਕਸ਼ਮੀਰ ਸਰਕਾਰ ਨੇ ਅਜਿਹੇ ਸਮਾਗਮਾਂ ਉਤੇ ਕੀਤੇ ਜਾਂਦੇ ਬੇਲੋੜੇ ਖਰਚ ਘਟਾਉਣ ਲਈ ਪਿਛਲੇ ਸਾਲ ਪਹਿਲੀ ਅਪਰੈਲ ਤੋਂ 'ਗੈਸਟ ਕੰਟਰੋਲ ਆਰਡਰ' ਲਾਗੂ ਕੀਤਾ ਹੈ ਜਿਸ ਤਹਿਤ ਨਿਰਧਾਰਤ ਗਿਣਤੀ ਵਿਚ ਮਹਿਮਾਨ ਹੀ ਇਨ੍ਹਾਂ ਸਮਾਗਮਾਂ ਵਿਚ ਸ਼ਾਮਲ ਹੋ ਸਕਦੇ ਹਨ। ਉਲੰਘਣਾ ਕਰਨ ਵਾਲਿਆਂ ਨੂੰ ਤਿੰਨ ਮਹੀਨੇ ਤੋਂ ਲੈ ਕੇ ਇਕ ਸਾਲ ਤਕ ਸਜ਼ਾ ਹੋ ਸਕਦੀ ਹੈ। ਇਸ ਮਾਮਲੇ ਵਿਚ ਲਹਿੰਦਾ ਪੰਜਾਬ ਵੀ ਪਿਛੇ ਨਹੀਂ ਰਿਹਾ। ਲਹਿੰਦੇ ਪੰਜਾਬ ਦੀ ਸਰਕਾਰ ਨੇ ਦੋ ਸਾਲ ਪਹਿਲਾਂ, ਜਨਵਰੀ 2016 ਨੂੰ 'ਪੰਜਾਬ ਮੈਰਿਜ ਫੰਕਸ਼ਨਜ਼ ਆਰਡੀਨੈਂਸ' ਜਾਰੀ ਕਰਕੇ ਡਿਸ਼ ਪ੍ਰਣਾਲੀ ਲਾਗੂ ਕੀਤੀ ਹੈ। ਇਸ ਤਰ੍ਹਾਂ ਸਮਾਗਮਾਂ ਵਿਚ ਦਰਜਨਾਂ ਤਰ੍ਹਾਂ ਕੇ ਪਕਵਾਨ ਨਹੀਂ ਪਰੋਸੇ ਜਾ ਸਕਦੇ।

ਇਕ ਸਦੀ ਪਹਿਲਾਂ ਪੰਜਾਬ ਤੋਂ ਪਰਵਾਸ ਕਰ ਕੇ ਗਏ ਪੰਜਾਬੀਆਂ ਨੇ ਮੁਲਕ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਲਈ ਤਕੜਾ ਹੰਭਲਾ ਮਾਰਿਆ ਸੀ। ਇਹ ਲੋਕ ਅਮਰੀਕਾ, ਕੈਨੇਡਾ ਗਏ ਤਾਂ ਆਪਣੀ ਘਰ ਦੀ ਗਰੀਬੀ ਨਜਿਠਣ ਲਈ ਸਨ, ਪਰ ਉਨ੍ਹਾਂ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਨੂੰ ਆਪਣਾ ਮਿਸ਼ਨ ਬਣਾ ਲਿਆ ਅਤੇ ਭਾਰਤ ਅੰਦਰ ਪਹੁੰਚ ਕੇ ਹਥਿਆਰਬੰਦ ਸੰਘਰਸ਼ ਰਾਹੀਂ ਉਸ ਅੰਗਰੇਜ਼ ਹਕੂਮਤ ਦਾ ਤਖਤਾ ਪਲਟਾਉਣ ਬਾਰੇ ਯਤਨ ਕੀਤਾ ਸੀ, ਜਿਸ ਬਾਰੇ ਉਦੋਂ ਮਸ਼ਹੂਰ ਸੀ ਕਿ ਇਨ੍ਹਾਂ ਦੇ ਰਾਜ ਵਿਚ ਤਾਂ ਸੂਰਜ ਵੀ ਨਹੀਂ ਛਿਪਦਾ। ਇਹ ਕੋਸ਼ਿਸ਼ ਕਰਨ ਵਾਲੇ ਜੁਝਾਰੂਆਂ ਦਾ ਨਾਂ ਅੱਜ ਇਤਿਹਾਸ ਵਿਚ ਗਦਰੀਆਂ ਵਜੋਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਚਾਰ ਸਾਲ ਪਹਿਲਾਂ ਗਦਰ ਸ਼ਤਾਬਦੀ ਲੰਘ ਕੇ ਗਈ ਹੈ ਅਤੇ ਦੇਸ-ਪਰਦੇਸ ਵਿਚ ਇਨ੍ਹਾਂ ਗਦਰੀਆਂ ਨੂੰ ਯਾਦ ਕਰਨ ਲਈ ਅਨੇਕਾਂ ਸਮਾਗਮ ਰਚਾਏ ਗਏ। ਅੱਜ ਅਸੀਂ ਜਿਸ ਦੌਰ ਵਿਚੋਂ ਲੰਘ ਰਹੇ ਹਾਂ, ਉਸ ਨੂੰ ਟੱਕਰ ਦੇਣ ਲਈ ਇਹ ਗਦਰੀ ਸਾਡੇ ਪ੍ਰੇਰਣਾ ਸਰੋਤ ਬਣ ਸਕਦੇ ਹਨ। ਅੱਜ ਪਰਵਾਸੀਆਂ ਉਤੇ ਉਲਾਂਭਾ ਇਹ ਹੈ ਕਿ ਇਨ੍ਹਾਂ ਦੇ ਕਮਾਏ ਡਾਲਰਾਂ-ਪੌਂਡਾਂ ਨੇ ਪੰਜਾਬ ਵਿਚ ਵਿਆਹ ਅਤੇ ਅਜਿਹੇ ਹੋਰ ਸਮਾਗਮਾਂ ਉਤੇ ਸ਼ਾਹੀ ਖਰਚ ਲਈ ਰਾਹ ਖੋਲ੍ਹਿਆ ਹੈ; ਇਹ ਪਰਵਾਸੀ ਹੁਣ ਸਾਦਗੀ ਦੀ ਇਕ ਹੋਰ ਮਿਸਾਲ ਬਣ ਕੇ ਨਿਘਾਰ ਵਲ ਜਾ ਰਹੇ ਪੰਜਾਬ ਨੂੰ ਲੀਹ ਉਤੇ ਪਾ ਸਕਦੇ ਹਨ। ਅੱਜ ਸਭ ਤੋਂ ਵੱਡੀ ਲੋੜ ਸਮਾਜਕ, ਧਾਰਮਿਕ ਅਤੇ ਸਿਆਸੀ ਖੇਤਰ ਵਿਚ ਵੱਡੀ ਮੁਹਿੰਮ ਚਲਾਉਣ ਦੀ ਹੈ ਤਾਂ ਕਿ ਅਜਿਹੀ ਫਜ਼ੂਲ ਖਰਚੀ ਨੂੰ ਰੋਕਿਆ ਜਾ ਸਕੇ। ਸਕੂਲਾਂ, ਕਾਲਜਾਂ ਵਿਚ ਚੇਤਨਾ ਫੈਲਾਉਣ ਨਾਲ ਇਸ ਮੁਹਿੰਮ ਦਾ ਆਗਾਜ਼ ਕੀਤਾ ਜਾ ਸਕਦਾ ਹੈ, ਕਿਉਂਕਿ ਹੁਣ ਨਵੀਂ ਪੀੜੀ ਦੇ ਇਕ ਹਿੱਸੇ ਨੇ ਅਜਿਹੀ ਫਜ਼ੂਲ ਖਰਚੀ ਉਤੇ ਸਵਾਲ ਕਰਨੇ ਸ਼ੁਰੂ ਕਰ ਦਿਤੇ ਹਨ। ਹੁਣ ਮਸਲਾ ਮੁਹਿੰਮ ਦੀ ਸ਼ੁਰੂਆਤ ਕਰਨ ਦਾ ਹੈ। ਇਹ ਸਿਹਰਾ ਪਰਵਾਸੀ ਜਿਊੜੇ ਆਪਣੀ ਸਾਦਗੀ ਮੁਹਿੰਮ ਨਾਲ ਚਲਾ ਕੇ ਆਪਣੇ ਸਿਰ ਸਜਾ ਸਕਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪਰਖ ਸ਼ਰਧਾਂਜਲੀਆਂ ਤੋਂ?*

ਅੱਡੋ ਅੱਡ ਰਹਿੰਦਿਆਂ ਦਿਖਾਉਂਦੇ ਨੇ 'ਅਮੀਰ' ਬਣ, ਸਾਂਝੀ ਨਾ ਰਲਾਉਂਦੇ ਰਹਿੰਦੇ ਦੂਰ ਸਹਿਯੋਗ 'ਤੇ।
ਲੰਬੀ ਸੋਚ ਸਰਫੇ ਸਿਆਣਪਾਂ ਦਾ ਪੱਲਾ ਛੱਡ, ਕਰਜ਼ੇ-ਕਮਾਈਆਂ ਸਭ ਰੋੜ੍ਹਦੇ ਅਯੋਗ 'ਤੇ।
ਹੁੰਦੀਆਂ ਪਲਾਟ ਵੇਚ-ਵੱਟ ਜਾਂ ਸਿਆਸੀ ਗੱਲਾਂ, ਜਦੋਂ ਵੀ ਜਾ ਬੈਠਦੇ ਕਿਸੇ ਦੇ ਹੋਏ ਸੋਗ 'ਤੇ।
ਗੱਡੇ ਜਾਂਦੇ ਟੈਂਟ, ਹਲਵਾਈ ਘਰੇ ਲੱਗਦਾ ਏ, ਉਨਾ ਹੀ ਖਰਚ ਹੁੰਦਾ ਸ਼ਾਦੀ ਜਾਂ ਵਿਯੋਗ 'ਤੇ।
ਛਕਦੇ ਜਲੇਬੀਆਂ-ਪਕੌੜੇ ਇਹ ਨਾ ਪੁੱਛੇ ਕੋਈ, ਹੋਈ ਸੀ ਕਿੰਨੀ ਕੁ 'ਸੇਵਾ' ਵਿਛੜੇ ਦੇ ਰੋਗ 'ਤੇ।
'ਸੋਭਾ' ਮਰੇ ਬੰਦੇ ਦੀ ਦਾ ਬਣਿਆ 'ਪੈਮਾਨਾ' ਇਹੋ, ਕੌਣ ਤੇ ਕਿੰਨੇ ਕੁ ਜਣੇ 'ਬੋਲੇ' ਉਹਦੇ ਭੋਗ 'ਤੇ!

# ਕਿਸਾਨ ਕਰਜ਼ਾ ਮੁਆਫੀ ਨਾਲ ਵੀ ਬੇੜਾ ਪਾਰ ਨਹੀਂ ਲੱਗਣਾ

*ਪੰਜਾਬ ਵਿਚ ਕਿਸਾਨਾਂ ਦੀ ਕਰਜ਼ਾ ਮੁਆਫੀ ਦਾ ਮਸਲਾ ਫਿਲਹਾਲ ਕਿਸੇ ਤਣ-ਪੱਤਣ ਲਗਦਾ ਨਜ਼ਰ ਨਹੀਂ ਆ ਰਿਹਾ। ਵਿੱਤੀ ਸੰਕਟ ਵਿਚ ਘਿਰੀ ਕੈਪਟਨ ਸਰਕਾਰ ਨੇ ਆਪਣੇ ਚੋਣ ਵਾਅਦੇ ਮੁਤਾਬਕ ਕਰਜ਼ਾ ਮੁਆਫੀ ਸਕੀਮ ਸ਼ੁਰੂ ਤਾਂ ਕੀਤੀ ਹੈ, ਪਰ ਇਹ ਸਕੀਮ ਕਿਸਾਨਾਂ ਦੀ ਮੁਕਤੀ ਦੀ ਥਾਂ ਮਹਿਜ਼ ਖਾਨਾਪੂਰਤੀ ਹੀ ਜਾਪਦੀ ਹੈ। ਇਹ ਸਕੀਮ ਇਸ ਢੰਗ ਨਾਲ ਲਾਗੂ ਕੀਤੀ ਜਾ ਰਹੀ ਹੈ ਕਿ ਬਹੁਤੇ ਕਿਸਾਨ ਤਾਂ ਇਸ ਸਕੀਮ ਦੇ ਘੇਰੇ ਵਿਚੋਂ ਹੀ ਬਾਹਰ ਹੋ ਗਏ ਹਨ। ਇਸ ਬਾਰੇ ਪ੍ਰਸਿੱਧ ਅਰਥ ਸ਼ਾਸਤਰੀ ਸੁੱਚਾ ਸਿੰਘ ਗਿੱਲ ਨੇ ਆਪਣੇ ਇਸ ਲੇਖ ਵਿਚ ਗੰਭੀਰ ਟਿੱਪਣੀ ਕੀਤੀ ਹੈ। -ਸੰਪਾਦਕ*

ਪੰਜਾਬ ਸਰਕਾਰ ਵਲੋਂ 7 ਜਨਵਰੀ 2018 ਤੋਂ ਮਾਨਸਾ ਸ਼ਹਿਰ ਤੋਂ ਪੰਜ ਜ਼ਿਲਿਆਂ ਦੇ ਸੀਮਾਂਤ ਕਿਸਾਨਾਂ ਲਈ ਕਰਜ਼ਾ ਮੁਆਫੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਨੂੰ ਦੋ ਪੜਾਵਾਂ ਵਿਚ ਲਾਗੂ ਕਰਨ ਦੀ ਯੋਜਨਾ ਬਣਾਈ ਗਈ ਹੈ। ਪਹਿਲੇ ਪੜਾਅ ਵਿਚ 1.60 ਲੱਖ ਕਿਸਾਨਾਂ ਨੂੰ ਕਰਜ਼ਾ ਮੁਆਫੀ ਸਰਟੀਫਿਕੇਟ ਜਾਰੀ ਕੀਤੇ ਜਾਣਗੇ। ਪਹਿਲੇ ਪੜਾਅ ਵਿਚ ਇਸ ਕੰਮ ਨੂੰ ਮਾਨਸਾ ਤੋਂ ਸ਼ੁਰੂ ਕਰ ਕੇ ਮਾਨਸਾ, ਬਠਿੰਡਾ, ਮੁਕਤਸਰ, ਫਰੀਦਕੋਟ ਅਤੇ ਮੋਗਾ ਦੇ 40,000

**ਸੁੱਚਾ ਸਿੰਘ ਗਿੱਲ**

ਸੀਮਾਂਤ ਕਿਸਾਨਾਂ ਨੂੰ ਕਰਜ਼ਾ ਮੁਆਫੀ ਦੇ ਸਰਟੀਫਿਕੇਟ ਮੁਖ ਮੰਤਰੀ ਵਲੋਂ ਜਾਰੀ ਕੀਤੇ ਗਏ। ਬਾਕੀ ਜ਼ਿਲ੍ਹਿਆਂ ਵਿਚ ਇਸੇ ਪੈਟਰਨ 'ਤੇ ਮੰਤਰੀ ਅਤੇ ਵਿਧਾਇਕ ਆਪਣੇ ਹਲਕਿਆਂ ਵਿਚ ਕਰਜ਼ਾ ਮੁਆਫੀ ਸਰਟੀਫਿਕੇਟ ਵੰਡਣਗੇ। ਇਸ ਵਾਸਤੇ 748 ਕਰੋੜ ਦਾ ਖਰਚ ਕੀਤਾ ਜਾਵੇਗਾ। ਦੂਜੇ ਪੜਾਅ ਵਿਚ ਛੋਟੇ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣਗੇ। ਕਰਜ਼ਾ ਮੁਆਫੀ ਵਾਸਤੇ ਪੰਜਾਬ ਸਰਕਾਰ ਵਲੋਂ 4680 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ। ਇਹ ਪ੍ਰੋਗਰਾਮ ਲਾਗੂ ਹੋਣ ਨਾਲ ਸੂਬੇ ਦੇ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ ਕਰਜ਼ੇ ਤੋਂ ਕੁਝ ਰਹਿਤ ਮਿਲ ਜਾਵੇਗੀ।

ਛੋਟੇ ਅਤੇ ਸੀਮਾਂਤ ਕਿਸਾਨ ਇਸ ਵੇਲੇ ਘੋਰ ਸੰਕਟ ਦੀ ਅਵਸਥਾ ਵਿਚੋਂ ਗੁਜ਼ਰ ਰਹੇ ਹਨ। ਉਨ੍ਹਾਂ ਦੀ ਖੇਤੀ ਲਾਹੇਵੰਦ ਨਹੀਂ ਹੈ। ਇਨ੍ਹਾਂ ਕਿਸਾਨਾਂ ਵਾਸਤੇ ਕਰਜ਼ਾ ਮੁਆਫੀ ਉਨ੍ਹਾਂ ਦੇ ਸਿਰ ਤੋਂ ਕਰਜ਼ੇ ਦੀ ਪੰਡ ਖਤਮ ਕਰਨ ਜਾਂ ਘਟਾਉਣ ਵਾਸਤੇ ਕਾਫੀ ਕਾਰਗਰ ਹੋ ਸਕਦੀ ਹੈ। ਉਨ੍ਹਾਂ ਨੂੰ ਕਾਫੀ ਰਾਹਤ ਮਿਲ ਸਕਦੀ ਹੈ, ਪਰ ਜਿਸ ਤਰ੍ਹਾਂ ਇਹ ਸਕੀਮ ਬਣਾਈ ਗਈ ਹੈ, ਤੇ ਜਿਵੇਂ ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਇਹ ਕਾਫੀ ਨੁਕਸਦਾਰ ਹੈ। ਇਸ ਕਰ ਕੇ ਇਸ ਦੇ ਲਾਗੂ ਕਰਨ ਨਾਲ ਕਿਸਾਨੀ ਦੇ ਵੱਡੇ ਹਿੱਸੇ ਵਿਚ ਅਸੰਤੋਖ ਪੈਦਾ ਕਰਨ ਦੀ ਸੰਭਾਵਨਾ ਕਾਫੀ ਬਣ ਗਈ ਹੈ।

ਇਹ ਪ੍ਰੋਗਰਾਮ ਬਣਾਉਣ ਦਾ ਡਿਜ਼ਾਇਨ ਹੀ ਨੁਕਸਦਾਰ ਹੈ। ਇਸ ਨੂੰ ਬਣਾਉਣ ਸਮੇਂ ਪੰਜਾਬ ਸਰਕਾਰ ਦੇ ਸਖਤ ਵਿੱਤੀ ਸੰਕਟ ਨੂੰ ਧਿਆਨ ਵਿਚ ਰੱਖ ਕੇ ਇਸ ਵਿਚੋਂ ਕਿਸਾਨਾਂ ਦੇ ਵੱਡੇ ਹਿੱਸੇ ਨੂੰ ਬਾਹਰ ਰੱਖਿਆ ਗਿਆ ਹੈ। ਇਸ ਸੰਕਟ ਨੂੰ ਧਿਆਨ ਵਿਚ ਰੱਖਦੇ ਹੋਏ ਸਿਰਫ ਸੀਮਾਂਤ (ਢਾਈ ਏਕੜ) ਅਤੇ ਛੋਟੇ (ਪੰਜ ਏਕੜ) ਤਕ ਦੇ ਭੂਮੀ ਮਾਲਕਾਂ ਨੂੰ ਹੀ ਸ਼ਾਮਲ ਕੀਤਾ ਗਿਆ ਹੈ। ਅਜਿਹੇ ਕਿਸਾਨ ਖੇਤੀ ਕਰਦੀ ਕੁਲ ਕਿਸਾਨੀ ਦਾ 34.21 ਪ੍ਰਤੀਸ਼ਤ ਹਨ। ਮੱਧ ਵਰਗੀ ਅਤੇ ਵੱਡੇ ਕਿਸਾਨਾਂ ਨੂੰ ਬਾਹਰ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਜੋ ਕਿਸਾਨ ਜ਼ਮੀਨ ਸਿਰਫ ਠੇਕੇ 'ਤੇ ਲੈ ਕੇ ਖੇਤੀ ਕਰਦੇ ਹਨ, ਜਾਂ ਸਹਾਇਕ ਧੰਦੇ ਚਲਾਉਂਦੇ ਹਨ, ਉਨ੍ਹਾਂ ਨੂੰ ਵੀ ਇਸ ਸਕੀਮ ਤੋਂ ਬਾਹਰ ਰੱਖਿਆ ਗਿਆ ਹੈ। ਇਸ ਕਰ ਕੇ ਇਸ ਸਕੀਮ ਤੋਂ ਕਿਸਾਨੀ ਦੇ ਕਾਫੀ ਛੋਟੇ ਹਿੱਸੇ ਨੂੰ ਹੀ ਫਾਇਦਾ ਹੋਣ ਦੀ ਸੰਭਾਵਨਾ ਹੈ। ਇਸ ਦਾ ਡਿਜ਼ਾਇਨ ਤਿਆਰ ਕਰਦੇ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ ਹੈ ਕਿ ਸਰਕਾਰੀ ਖਜ਼ਾਨੇ ਉਪਰ ਘੱਟੋ ਘੱਟ ਬੋਝ ਪਾਇਆ ਜਾਵੇ। ਇਸ ਕਰ ਕੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਕਈ ਹਿੱਸਿਆਂ ਨੂੰ ਵੀ ਇਸ ਤੋਂ ਬਾਹਰ ਕਰ ਦਿਤਾ ਗਿਆ ਹੈ। ਸਾਰੀ ਸਕੀਮ ਸਹਿਕਾਰੀ ਬੈਂਕਾਂ ਦੇ ਫਸਲੀ ਕਰਜ਼ੇ ਨੂੰ ਨਜਿਠਣ ਲਈ ਹੀ ਬਣਾਈ ਗਈ ਹੈ। ਕਿਸਾਨਾਂ ਸਿਰ ਬੱਚਿਆਂ ਦੀ ਪੜ੍ਹਾਈ, ਬਿਮਾਰੀ ਜਾਂ ਕਿਸੇ ਹੋਰ ਕਾਰਨ ਕਰਜ਼ੇ ਨੂੰ ਇਸ ਸਕੀਮ ਤੋਂ ਬਾਹਰ ਰੱਖਿਆ ਗਿਆ ਹੈ। ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਫਸਲੀ ਕਰਜ਼ਾ 40,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦਿਤਾ ਜਾਂਦਾ ਹੈ।

ਇਸ ਕਰ ਕੇ ਸੀਮਾਂਤ ਕਿਸਾਨ ਨੂੰ ਵਧ ਤੋਂ ਵਧ ਇਕ ਲੱਖ ਰੁਪਿਆ ਅਤੇ ਛੋਟੇ ਕਿਸਾਨ ਨੂੰ ਦੋ ਲਖ ਰੁਪਏ ਤਕ ਕਰਜ਼ਾ ਮਿਲ ਸਕਦਾ ਹੈ। ਜੇ ਕਿਸੇ ਸੀਮਾਂਤ ਕਿਸਾਨ ਉਪਰ ਇਕ ਲਖ ਰੁਪਏ ਤੋਂ ਵਧ ਕਰਜ਼ਾ ਹੈ ਤਾਂ ਉਸ ਨੂੰ ਕਰਜ਼ਾ ਮੁਆਫੀ ਨਹੀਂ ਦਿਤੀ ਜਾਵੇਗੀ। ਇਸੇ ਤਰ੍ਹਾਂ ਜੇ ਕਿਸੇ ਛੋਟੇ ਕਿਸਾਨ ਸਿਰ ਦੋ ਲਖ ਰੁਪਏ ਤੋਂ ਵਧ ਕਰਜ਼ਾ ਹੋਵੇਗਾ ਤਾਂ ਉਸ ਦਾ ਵੀ ਕਰਜ਼ਾ ਮੁਆਫ ਨਹੀਂ ਕੀਤਾ ਜਾਵੇਗਾ। ਇਸ ਪਿਛੇ ਸਰਕਾਰ ਦੀ ਸਮਝ ਹੈ ਕਿ ਅਜਿਹੇ ਕਿਸਾਨਾਂ ਨੇ ਖੇਤੀ ਵਿਚ ਪੈਦਾਵਾਰ ਤੋਂ ਇਲਾਵਾ ਗੈਰ-ਉਤਪਾਦਿਕ ਕੰਮਾਂ ਲਈ ਕਰਜ਼ਾ ਲਿਆ ਹੈ। ਇਸ ਕਰ ਕੇ ਅਜਿਹੇ ਕਿਸਾਨ ਕਰਜ਼ਾ ਮੁਆਫੀ ਦੇ ਹੱਕਦਾਰ ਨਹੀਂ ਹਨ। ਵਪਾਰਿਕ (ਕਮਰਸ਼ੀਅਲ) ਬੈਂਕਾਂ ਦੇ ਕਰਜ਼ੇ ਬਾਰੇ ਇਹ ਸਕੀਮ ਅਜੇ ਚੁੱਪ ਹੈ।

ਕਿਸਾਨਾਂ ਦੇ ਵੱਡੇ ਹਿਸੇ ਨੂੰ ਕਰਜ਼ਾ ਮੁਆਫੀ ਦੀ ਸਕੀਮ ਤੋਂ ਬਾਹਰ ਰਖਣ ਅਤੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਕਾਫੀ ਹਿਸੇ ਨੂੰ ਬਾਹਰ ਰਖਣ ਪਿਛੇ ਦੋ ਮੁਖ ਕਾਰਨ ਹਨ। ਪਹਿਲਾ ਕਾਰਨ ਹੈ ਕਿ ਸਰਕਾਰ ਦੀ ਆਪਣੀ ਵਿਤੀ ਹਾਲਤ ਕਾਫੀ ਕਮਜ਼ੋਰ ਹੈ। ਉਸ ਪਾਸ ਸਿਰਫ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ ਅਤੇ ਰਿਟਾਇਰ ਮੁਲਾਜ਼ਮਾਂ ਦੇ ਰਿਟਾਇਰਮੈਂਟ ਲਾਭ ਦੇਣ ਵਾਸਤੇ ਅਦਾਇਗੀਆਂ ਕਰਨ ਵਾਸਤੇ ਹੀ ਸਾਧਨ ਹਨ। ਸਰਕਾਰ ਪਾਸ ਵਿਕਾਸ ਦੇ ਕੰਮਾਂ ਜਾਂ ਕਰਜ਼ਾ ਮੁਆਫੀ ਵਾਸਤੇ ਸਾਧਨ ਨਹੀਂ ਹਨ। ਉਹ ਉਧਾਰ ਚੁੱਕ ਕੇ ਹੀ ਇਕ ਸੀਮਤ ਕਰਜ਼ਾ ਮੁਆਫੀ ਦੀ ਸਕੀਮ ਕਿਸਾਨਾਂ ਸਾਹਮਣੇ ਲੈ ਕੇ ਆਈ ਹੈ। ਦੂਸਰਾ ਕਾਰਨ ਹੈ ਕਿ ਇਸ ਸਕੀਮ ਨੂੰ ਬਣਾਉਣ ਵਾਸਤੇ ਬਣਾਈ ਕਮੇਟੀ ਵਿਚ ਕੁਝ ਅਜਿਹੇ ਮਾਹਰ ਸ਼ਾਮਲ ਕੀਤੇ ਗਏ ਜੋ ਅਸੂਲੀ ਤੌਰ 'ਤੇ ਕਿਸਾਨੀ ਦਾ ਕਰਜ਼ਾ ਮੁਆਫ ਕਰਨ ਦੇ ਖਿਲਾਫ ਹਨ। ਉਨ੍ਹਾਂ ਵਲੋਂ ਕੁਝ ਅਖਬਾਰਾਂ ਵਿਚ ਕਿਸਾਨੀ ਕਰਜ਼ਾ ਮੁਆਫੀ ਖਿਲਾਫ ਲੇਖ ਵੀ ਲਿਖੇ ਗਏ। ਫਿਰ ਵੀ ਇਨ੍ਹਾਂ ਨੂੰ ਕਮੇਟੀ ਵਿਚ ਸ਼ਾਮਲ ਰਖਿਆ ਗਿਆ। ਇਨ੍ਹਾਂ ਕਾਰਨਾਂ ਕਰ ਕੇ ਜੋ ਕਰਜ਼ਾ ਮੁਆਫੀ ਦੀ ਸਕੀਮ ਕਿਸਾਨਾਂ ਸਾਹਮਣੇ ਪੇਸ਼ ਕੀਤੀ ਗਈ, ਉਹ ਬੁਨਿਆਦੀ ਤੌਰ 'ਤੇ ਕਿਸਾਨਾਂ ਦੇ ਵੱਡੇ ਹਿਸੇ ਨੂੰ ਬਾਹਰ ਰਖਣ ਵਾਲੀ ਹੈ। ਇਸ ਕਰ ਕੇ ਇਹ ਸਕੀਮ ਗਰੀਬ ਕਿਸਾਨਾਂ ਜਾਂ ਸੰਕਟ ਵਿਚ ਫਸੇ ਕਿਸਾਨਾਂ ਵਾਸਤੇ ਰਹਿਤ ਲਿਆਉਣ ਦੀ ਬਜਾਏ ਉਨ੍ਹਾਂ ਵਾਸਤੇ ਛਲਾਵਾ ਲੈ ਕੇ ਆਈ ਹੈ। ਕਾਫੀ ਯੋਗ ਕਿਸਾਨਾਂ ਦੇ ਨਾਮ ਸਰਕਾਰ ਵਲੋਂ ਤਿਆਰ ਲਿਸਟਾਂ ਤੋਂ ਬਾਹਰ ਰਹਿ ਗਏ ਹਨ।

> *ਇਹ ਸਾਰੇ ਵਰਤਾਰੇ ਤੋਂ ਲਗਦਾ ਹੈ ਕਿ ਸਕੀਮ ਬਣਾਉਣ ਅਤੇ ਲਾਗੂ ਕਰਨ ਵਾਲਿਆਂ ਦੀ ਮਨਸ਼ਾ ਸੀਮਾਂਤ ਅਤੇ ਛੋਟੇ ਕਿਸਾਨ ਨੂੰ ਫਾਇਦਾ ਦੇਣ ਦੀ ਬਜਾਏ ਉਨ੍ਹਾਂ ਨੂੰ ਬਾਹਰ ਰਖਣ ਦੀ ਜ਼ਿਆਦਾ ਹੈ। ਇਸ ਰੁਝਾਨ ਕਾਰਣ ਇਸ ਸਕੀਮ ਦੇ ਲਾਗੂ ਕਰਨ ਨਾਲ ਕਿਸਾਨਾਂ ਦੇ ਵੱਡੇ ਹਿੱਸੇ ਵਿਚ ਗੁੱਸਾ ਪੈਦਾ ਹੋਵੇਗਾ ਜਿਸ ਨਾਲ ਸਰਕਾਰ ਨੂੰ ਚੋਣ ਵਾਅਦਾ ਪੂਰਾ ਕਰਨ ਦੇ ਫਾਇਦਾ ਹੋਣ ਦੀ ਬਜਾਏ ਸਿਆਸੀ ਨੁਕਸਾਨ ਹੋ ਸਕਦਾ ਹੈ। ਇਕ ਚੰਗੀ ਕਰਜ਼ਾ ਮੁਆਫੀ ਦੀ ਸਕੀਮ ਬਹੁਤ ਸਰਲ ਹੋਣੀ ਚਾਹੀਦੀ ਹੈ। ਇਸ ਅਨੁਸਾਰ ਹਰ ਖੇਤੀ ਕਰ ਰਹੇ ਸੀਮਾਂਤ ਅਤੇ ਛੋਟੇ ਕਿਸਾਨ ਨੂੰ ਇਕ ਸੀਮਾ ਤਕ ਕਰਜ਼ਾ ਮੁਆਫ ਕੀਤਾ ਜਾਂਦਾ। ਇਸ ਨਾਲ ਕੋਈ ਸ਼ਰਤ ਜਿਵੇਂ ਕਰਜ਼ੇ ਦਾ ਪੱਧਰ, ਜ਼ਮੀਨ ਦੀ ਮਾਲਕੀ ਜਾਂ ਆਧਾਰ ਕਾਰਡ ਦੀ ਸ਼ਰਤ ਨਹੀਂ ਲਗਣੀ ਚਾਹੀਦੀ ਸੀ।*

ਕਿਸਾਨੀ ਦੇ ਵੱਡੇ ਹਿਸੇ ਨੂੰ ਕਰਜ਼ਾ ਮੁਆਫੀ ਤੋਂ ਬਾਹਰ ਰਖਣ ਵਾਲੀ ਸਕੀਮ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵਿਚ ਅਫਸਰਸ਼ਾਹੀ ਨੇ ਇਕ ਹੋਰ ਅੜਿਕਾ ਆਪਣੇ ਤੌਰ 'ਤੇ ਲਗਾ ਦਿਤਾ ਹੈ। ਸਹਿਕਾਰੀ ਕਰਜ਼ਾ ਜ਼ਮੀਨ ਮਾਲਕਾਂ ਨੂੰ ਜ਼ਮੀਨ ਦੀ ਮਾਲਕੀ ਅਨੁਸਾਰ ਵਧ ਤੋਂ ਵਧ 40,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦਿਤਾ ਜਾਂਦਾ ਹੈ। ਕਰਜ਼ਾ ਦੇਣ ਸਮੇਂ ਜ਼ਮੀਨ ਦੀ ਮਾਲਕੀ ਦੇ ਕਾਗਜ਼ ਦੇਖੇ ਜਾਂਦੇ ਹਨ। ਪੰਜਾਬ ਵਿਚ ਅੱਜ ਕੱਲ੍ਹ ਜ਼ਮੀਨ ਮਾਲਕੀ ਦੇ ਰਿਕਾਰਡ ਦਾ ਕੰਪਿਊਟਰੀਕਰਨ ਕਰ ਦਿਤਾ ਗਿਆ ਹੈ। ਇਹ ਰਿਕਾਰਡ ਦੇਖ ਕੇ ਜਿਸ ਕਿਸਾਨ ਦਾ ਕਰਜ਼ਾ ਨਿਰਧਾਰਿਤ ਸੀਮਾ ਤੋਂ ਘਟ ਹੈ, ਉਸ ਨੂੰ ਮੁਆਫ ਕੀਤਾ ਜਾ ਸਕਦਾ ਹੈ। ਜ਼ਮੀਨ ਮਾਲਕੀ ਦਾ ਰਿਕਾਰਡ ਪਿਛਲੇ ਇਕ ਦੋ ਸਾਲਾਂ ਵਿਚ ਹੀ ਅਧੁਨਿਕ ਬਣਾਇਆ ਗਿਆ ਹੈ। ਇਸ ਨੂੰ ਆਧਾਰ ਮੰਨਣ ਦੇ ਨਾਲ ਅਫਸਰਸ਼ਾਹੀ ਵਲੋਂ ਆਧਾਰ ਕਾਰਡ ਦੀ ਸ਼ਰਤ ਨਾਲ ਜੋੜ ਦਿਤੀ ਗਈ ਹੈ। ਇਸ ਕਾਰਨ ਜਿਨ੍ਹਾਂ ਸੀਮਾਂਤ ਤੇ ਛੋਟੇ ਕਿਸਾਨਾਂ ਪਾਸ ਆਧਾਰ ਕਾਰਡ ਨਹੀਂ ਹਨ, ਉਹ ਇਸ ਤੋਂ ਬਾਹਰ ਹੋ ਗਏ ਹਨ। ਇਸ ਤੋਂ ਇਲਾਵਾ ਜਿਨ੍ਹਾਂ ਅਜਿਹੇ ਕਿਸਾਨਾਂ ਪਾਸ ਆਧਾਰ ਕਾਰਡ ਹਨ, ਪਰ ਉਨ੍ਹਾਂ ਦੇ ਨਾਮ ਜ਼ਮੀਨ ਦੀ ਮਾਲਕੀ ਦੇ ਕਾਗਜ਼ਾਂ ਨਾਲ ਮੇਚ ਨਹੀਂ ਆਉਂਦੇ, ਉਹ ਵੀ ਇਸ ਸਕੀਮ ਤਹਿਤ ਕਰਜ਼ਾ ਮੁਆਫੀ ਨਹੀਂ ਲੈ ਸਕਣਗੇ।

ਇਸ ਸਾਰੇ ਵਰਤਾਰੇ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਸਕੀਮ ਨੂੰ ਬਣਾਉਣ ਅਤੇ ਲਾਗੂ ਕਰਨ ਵਾਲਿਆਂ ਦੀ ਮਨਸ਼ਾ ਸੀਮਾਂਤ ਅਤੇ ਛੋਟੇ ਕਿਸਾਨ ਨੂੰ ਫਾਇਦਾ ਦੇਣ ਦੀ ਬਜਾਏ ਉਨ੍ਹਾਂ ਨੂੰ ਬਾਹਰ ਰਖਣ ਦੀ ਜ਼ਿਆਦਾ ਹੈ। ਇਸ ਬਾਹਰ ਰਖਣ ਵਾਲੇ ਰੁਝਾਨ ਕਾਰਣ ਇਸ ਸਕੀਮ ਦੇ ਲਾਗੂ ਕਰਨ ਨਾਲ ਕਿਸਾਨਾਂ ਦੇ ਵੱਡੇ ਹਿੱਸੇ ਵਿਚ ਗੁੱਸਾ ਪੈਦਾ ਹੋਵੇਗਾ ਜਿਸ ਨਾਲ ਸਰਕਾਰ ਨੂੰ ਚੋਣ ਵਾਅਦਾ ਪੂਰਾ ਕਰਨ ਦੇ ਫਾਇਦਾ ਹੋਣ ਦੀ ਬਜਾਏ ਸਿਆਸੀ ਨੁਕਸਾਨ ਹੋ ਸਕਦਾ ਹੈ। ਇਕ ਚੰਗੀ ਕਰਜ਼ਾ ਮੁਆਫੀ ਦੀ ਸਕੀਮ ਬਹੁਤ ਸਰਲ ਹੋਣੀ ਚਾਹੀਦੀ ਹੈ। ਇਸ ਅਨੁਸਾਰ ਹਰ ਖੇਤੀ ਕਰ ਰਹੇ ਸੀਮਾਂਤ ਅਤੇ ਛੋਟੇ ਕਿਸਾਨ ਨੂੰ ਇਕ ਸੀਮਾ ਤਕ ਕਰਜ਼ਾ ਮੁਆਫ ਕੀਤਾ ਜਾਂਦਾ। ਇਸ ਨਾਲ ਕੋਈ ਸ਼ਰਤ ਜਿਵੇਂ ਕਰਜ਼ੇ ਦਾ ਪੱਧਰ, ਜ਼ਮੀਨ ਦੀ ਮਾਲਕੀ ਜਾਂ ਆਧਾਰ ਕਾਰਡ ਦੀ ਸ਼ਰਤ ਨਹੀਂ ਲਗਣੀ ਚਾਹੀਦੀ ਸੀ। ਇਹ ਸਕੀਮ ਸਾਰੇ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ ਕਰਜ਼ਾ ਮੁਆਫ ਕਰਨ ਵਾਲੀ ਹੋਣੀ ਚਾਹੀਦੀ ਸੀ, ਨਾ ਕਿ ਕਰਜ਼ਾ ਮੁਆਫੀ ਤੋਂ ਬਾਹਰ ਕਰਨ ਵਾਲੀ।

ਕਿਸਾਨੀ ਦੇ ਮਧ ਵਰਗੀ ਅਤੇ ਵੱਡੇ ਹਿਸੇ ਵਲੋਂ ਉਨ੍ਹਾਂ ਦੇ ਕਰਜ਼ੇ ਮੁਆਫੀ ਦੀ ਮੰਗ ਉਭਰੇਗੀ ਅਤੇ ਲਾਮਬੰਦੀ ਵੀ ਹੋਵੇਗੀ। ਬੇਜ਼ਮੀਨੇ ਕਿਸਾਨ ਅਤੇ ਖੇਤ ਮਜ਼ਦੂਰ ਵੀ ਕਰਜ਼ੇ ਮੁਆਫੀ ਦੀ ਮੰਗ ਕਰਨਗੇ। ਬੇਜ਼ਮੀਨੇ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਮੁਆਫੀ ਦੇ ਸਭ ਤੋਂ ਵੱਧ ਹੱਕਦਾਰ ਹਨ, ਕਿਉਂਕਿ ਉਹ ਪੇਂਡੂ ਸਮਾਜ ਦੇ ਸਭ ਤੋਂ ਹੇਠਲੇ ਵਰਗ ਨਾਲ ਸਬੰਧਤ ਹਨ ਜਿਨ੍ਹਾਂ ਉਪਰ ਖੇਤੀ ਸੰਕਟ ਦਾ ਸਭ ਤੋਂ ਵਧ ਮਾਰੂ ਅਸਰ ਪੈ ਰਿਹਾ ਹੈ। ਸਮੇਂ ਦੀ ਨਜ਼ਾਕਤ ਮੰਗ ਕਰਦੀ ਹੈ ਕਿ ਇਸ ਚੰਗੀ ਸਕੀਮ ਨੂੰ ਮੁੜ ਵਿਚਾਰਿਆ ਜਾਵੇ, ਇਸ ਦੀਆਂ ਤਰੁਟੀਆਂ ਦੂਰ ਕੀਤੀਆਂ ਜਾਣ ਅਤੇ ਇਸ ਨੂੰ ਸਰਲ ਬਣਾਇਆ ਜਾਵੇ ਅਤੇ ਅਫਸਰਸ਼ਾਹੀ ਦੇ ਅੜਿਕਿਆਂ ਤੋਂ ਬਚਾਇਆ ਜਾਵੇ ਤਾਂ ਕਿ ਗਰੀਬ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਸਾਰੇ ਹਿਸਿਆਂ ਨੂੰ ਸ਼ਾਮਲ ਕਰ ਕੇ ਉਨ੍ਹਾਂ ਨੂੰ ਵਾਜਬ ਰਾਹਤ ਦਿਤੀ ਜਾ ਸਕੇ।

# ਭੀਮਾ-ਕੋਰੇਗਾਓਂ, ਨਫਰਤ ਦੀ ਸਿਆਸਤ ਤੇ ਦੱਬੇਕੁਚਲਿਆਂ ਦੀ ਸਾਂਝੀ ਚੁਣੌਤੀ

***ਮਹਾਰਾਸ਼ਟਰ ਦੇ ਪਿੰਡ ਭੀਮਾ-ਕੋਰੇਗਾਓਂ ਵਿਚ ਦਲਿਤਾਂ ਖਿਲਾਫ ਹਿੰਦੂਤਵੀ ਹਿੰਸਾ ਤੋਂ ਬਾਅਦ ਦਲਿਤਾਂ ਨੇ ਜਿਸ ਢੰਗ ਨਾਲ ਸਮੁੱਚੇ ਮਹਾਰਾਸ਼ਟਰ ਵਿਚ ਇਸ ਹਿੰਸਾ ਖਿਲਾਫ ਆਪਣਾ ਰੋਸ ਪ੍ਰਗਟ ਕੀਤਾ ਹੈ, ਉਸ ਨੂੰ ਸਭ ਹਲਕਿਆਂ ਵੱਲੋਂ ਭਰਪੂਰ ਹਮਾਇਤ ਮਿਲੀ ਹੈ। ਅਸਲ ਵਿਚ ਹਿੰਦੂਤਵੀ ਤਾਕਤਾਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰ ਦੇਣਾ ਚਾਹੁੰਦੀਆਂ ਹਨ। ਉਂਜ ਤਸੱਲੀ ਵਾਲੀ ਗੱਲ ਇਹ ਹੈ ਕਿ ਹਿੰਦੂਤਵੀ ਤਾਕਤਾਂ ਨੇ ਜਦੋਂ ਵੀ ਅਜਿਹੀ ਵਧੀਕੀ ਕਰਨ ਦਾ ਯਤਨ ਕੀਤਾ ਹੈ, ਇਸ ਦਾ ਕਰਾਰਾ ਜਵਾਬ ਇਸ ਨੂੰ ਮਿਲਿਆ ਹੈ। ਆਪਣੇ ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਭਖਦੇ ਮਸਲੇ ਬਾਰੇ ਚਰਚਾ ਕੀਤੀ ਹੈ। ਹੇਠਾਂ ਛਾਪੇ ਜਾ ਰਹੇ ਅਨਿਲ ਤੇਲਤੁੰਬੜੇ ਦੇ ਲੇਖ ਦਾ ਅਨੁਵਾਦ ਵੀ ਬੂਟਾ ਸਿੰਘ ਨੇ ਹੀ ਕੀਤਾ ਹੈ। -ਸੰਪਾਦਕ***

ਪਹਿਲੀ ਜਨਵਰੀ 2018 ਨੂੰ ਮਹਾਰਾਸ਼ਟਰ ਦੇ ਪਿੰਡ ਭੀਮਾ-ਕੋਰੇਗਾਓਂ ਵਿਖੇ ਈਸਟ ਇੰਡੀਆ ਕੰਪਨੀ ਦੀ ਤਰਫ਼ੋਂ ਪੇਸ਼ਵਾ ਰਾਜ ਦੀ ਫ਼ੌਜ ਨਾਲ ਲੜਾਈ ਵਿਚ ਮਰਨ ਵਾਲੇ ਫ਼ੌਜੀਆਂ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ। ਇਸ 200 ਸਾਲਾ ਸਮਾਰੋਹ ਵਿਚ ਸ਼ਾਮਲ ਦਲਿਤਾਂ ਅਤੇ ਬੋਧੀਆਂ

**ਬੂਟਾ ਸਿੰਘ**
ਫੋਨ: +91-94634-74342

ਉਪਰ ਹਿੰਦੂਤਵੀ ਹਮਲਿਆਂ ਨੇ ਨਾ ਸਿਰਫ਼ ਸੰਘ ਪਰਿਵਾਰ ਦਾ ਦੋਹਰਾ ਕਿਰਦਾਰ ਬੇਨਕਾਬ ਕਰ ਦਿੱਤਾ ਹੈ, ਸਗੋਂ ਸੰਘ ਪਰਿਵਾਰ ਅਤੇ ਹਿੰਦੂਤਵੀ ਵਿਰੋਧੀ ਤਾਕਤਾਂ ਨੂੰ ਇਕ ਵਾਰ ਫਿਰ ਆਹਮੋ-ਸਾਹਮਣੇ ਲਿਆ ਖੜ੍ਹਾ ਕੀਤਾ ਹੈ।

ਹਿੰਦੂਤਵੀ ਫਰੰਟ ਜਥੇਬੰਦੀਆਂ ਸ਼ਿਵ ਪ੍ਰਤਿਸ਼ਠਾਨ ਹਿੰਦੁਸਤਾਨ, ਰਾਸ਼ਟਰੀਆ ਏਕਤਮਤਾ ਰਾਸ਼ਟਰ ਅਭਿਆਨ, ਅਖਿਲ ਭਾਰਤੀ ਬ੍ਰਾਹਮਣ ਸਭਾ, ਸਮੱਸਤ ਹਿੰਦੂ ਅਗ਼ਾਡੀ ਆਦਿ ਵਲੋਂ ਸਾਂਬਾ ਜੀ ਭਿਡੇ (ਜਿਸ ਨੂੰ 2014 ਦੀ ਚੋਣ ਮੁਹਿੰਮ ਵਿਚ ਨਰੇਂਦਰ ਮੋਦੀ ਨੇ 'ਗੁਰੂ ਜੀ' ਦਾ ਖ਼ਿਤਾਬ ਦਿੱਤਾ ਸੀ) ਅਤੇ ਹੋਰ ਆਗੂਆਂ ਦੀ ਅਗਵਾਈ ਹੇਠ ਇਸ ਸਮਾਰੋਹ ਨੂੰ ਸਾਬੋਤਾਜ ਕਰਨ ਦੀ ਯੋਜਨਾਬੱਧ ਹਿੰਸਕ ਮੁਹਿੰਮ ਵਿੱਢ ਦਿੱਤੀ ਗਈ। ਇਸ ਹਿੰਸਕ ਮੁਹਿੰਮ ਬਾਰੇ 'ਮੁੱਖ ਧਾਰਾ' ਮੀਡੀਆ ਖ਼ਾਮੋਸ਼ ਰਿਹਾ, ਪਰ ਜਦੋਂ ਇਸ ਦੇ ਪ੍ਰਤੀਕਰਮ ਵਿਰੁਧ ਦਲਿਤ ਸਮਾਜ ਦਾ ਆਪਮੁਹਾਰਾ ਵਿਰੋਧ ਸੜਕਾਂ ਉਪਰ ਆ ਨਿਕਲਿਆ ਤਾਂ ਜਾਤੀ ਨਫ਼ਰਤ ਵਿਚ ਗ੍ਰਸੇ ਇਨ੍ਹਾਂ ਮੀਡੀਆ ਹਿੱਸਿਆਂ ਨੇ ਇਸ ਨੂੰ ਲੈ ਕੇ 'ਹਿੰਸਾ, ਹਿੰਸਾ' ਦੀ ਹਾਲ-ਦੁਹਾਈ ਮਚਾ ਦਿੱਤੀ; ਪਰ ਇਹ ਮੀਡੀਆ ਉਨ੍ਹਾਂ ਤਾਕਤਾਂ ਦੇ ਮਨਸੂਬਿਆਂ ਬਾਰੇ ਖ਼ਾਮੋਸ਼ ਹੈ ਜੋ ਨਾ ਸਿਰਫ਼ ਦਲਿਤਾਂ ਉਪਰ ਜਾਤਪਾਤੀ ਧੌਂਸ ਥੋਪਣ ਲਈ ਬਹਾਨੇ ਤਲਾਸ਼ਦੀਆਂ ਹਨ, ਸਗੋਂ ਪੇਸ਼ਵਾ ਰਾਜ ਦੀ ਹਾਰ ਨੂੰ ਰਾਸ਼ਟਰਵਾਦ ਦਾ ਮੁੱਦਾ ਬਣਾ ਕੇ ਆਪਣੇ ਹਿੰਦੂਤਵੀ ਮਨਸੂਬਿਆਂ ਅਨੁਸਾਰ ਫਿਰਕੂ ਅਤੇ ਜਾਤਪਾਤੀ ਨਫ਼ਰਤ ਫੈਲਾਉਣ ਲਈ ਬੇਸ਼ਰਮੀ ਨਾਲ ਇਸਤੇਮਾਲ ਕਰ ਰਹੀਆਂ ਹਨ।

ਉਪਰੋਕਤ ਸਮਾਰੋਹ ਤੋਂ ਦੋ ਦਿਨ ਪਹਿਲਾਂ ਹਿੰਦੂਤਵੀ ਤਾਕਤਾਂ ਵਲੋਂ ਗੋਬਿੰਦ ਗੋਪਾਲ ਮਹਾਰ ਗਾਇਕਵਾੜ ਦੀ ਯਾਦਗਾਰ ਦੀ ਤੋੜ ਫੋੜ ਕਰ ਕੇ ਸ਼ਰਾਰਤ ਕੀਤੀ ਗਈ; ਜਦ ਕਿ ਇਸ ਮਹਾਨ ਦਲਿਤ ਦਾ ਮਜਾਰ ਸ਼ਿਵਾਜੀ ਦੇ ਬੇਟੇ ਸਾਂਬਾ ਜੀ ਦੀ ਯਾਦਗਾਰ ਨਾਲ ਇਸ ਕਰ ਕੇ ਬਣਾਇਆ ਗਿਆ ਹੈ ਕਿ ਉਸ ਨੇ ਮੁਗਲ ਫ਼ਰਮਾਨ ਤੋਂ ਬਾਗ਼ੀ ਹੋ ਕੇ ਸਾਂਬਾ ਜੀ ਦਾ ਸਸਕਾਰ ਕੀਤਾ ਸੀ ਤੇ ਬਾਅਦ ਵਿਚ ਅੰਗਰੇਜ਼ ਕੰਪਨੀ ਨੇ ਉਸ ਨੂੰ ਸ਼ਹੀਦ ਕਰ ਦਿੱਤਾ ਸੀ। ਇਸ ਇਤਿਹਾਸਕ ਸਚਾਈ ਨੂੰ ਮਿਟਾ ਕੇ ਹਿੰਦੂਤਵੀ ਤਾਕਤਾਂ ਆਪਣੀ ਨਫ਼ਰਤ ਦੀ ਸਿਆਸਤ ਨੂੰ ਅੰਜਾਮ ਦੇਣ ਵਿਚ ਮਸਰੂਫ਼ ਹਨ।

ਇਹ ਦਲਿਤਾਂ ਦੀ ਹਿੰਦੂਆਂ ਵਿਰੁਧ ਹਿੰਸਾ ਨਹੀਂ, ਜਿਵੇਂ ਮੀਡੀਏ ਦੇ ਇਕ ਹਿੱਸੇ ਵਿਚ ਇਸ ਦੀ ਗ਼ਲਤ ਤਸਵੀਰ ਪੇਸ਼ ਕੀਤੀ ਹੈ, ਇਹ ਜਾਤਪਾਤੀ ਧੌਂਸ ਵਿਰੁਧ ਦਲਿਤ ਸਮਾਜ ਦੀ ਸਮਾਜਿਕ ਬਰਾਬਰੀ



ਲਈ ਰੀਝ ਦਾ ਇਜ਼ਹਾਰ ਹੈ ਜੋ ਸਦੀਆਂ ਤੋਂ ਉਚ ਜਾਤੀ ਦਾਬੇ ਅਤੇ ਜ਼ੁਲਮਾਂ ਦਾ ਸੰਤਾਪ ਝੱਲ ਰਹੇ ਹਨ।

ਮੋਦੀ ਸਰਕਾਰ ਵਲੋਂ ਤੇਜ਼ੀ ਨਾਲ ਥੋਪਿਆ ਜਾ ਰਿਹਾ ਮੌਜੂਦਾ ਕਾਰਪੋਰੇਟ ਪੱਖੀ ਆਰਥਿਕ ਮਾਡਲ ਦਲਿਤ ਸਮੂਹਾਂ ਨੂੰ ਹੋਰ ਵੀ ਘੋਰ ਬੇਕਾਰੀ ਦੇ ਮੂੰਹ ਧੱਕ ਕੇ ਉਨ੍ਹਾਂ ਦੀ ਹਾਲਤ ਨੂੰ ਪਹਿਲਾਂ ਨਾਲੋਂ ਹੋਰ ਵੀ ਬਦਤਰ ਬਣਾ ਰਿਹਾ ਹੈ।

ਜਦੋਂ ਬਰਤਾਨਵੀ ਸਾਮਰਾਜਵਾਦ ਦੀ ਚਾਕਰੀ ਕਰਨ ਵਾਲੇ ਸੰਘ ਪਰਿਵਾਰ ਦੇ ਆਗੂ ਹਰ ਹਰਬਾ ਇਸਤੇਮਾਲ ਕਰ ਕੇ ਇਸ ਸ਼ਤਾਬਦੀ ਸਮਾਰੋਹ ਨੂੰ ਰੋਕਣ ਵਿਚ ਨਾਕਾਮ ਰਹੇ, ਫਿਰ ਇਹ ਆਪਣੀ ਘਿਨਾਉਣੀ ਰਵਾਇਤ ਅਨੁਸਾਰ, ਇਸ ਸਮਾਰੋਹ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਦਲਿਤਾਂ ਅਤੇ ਇਸ ਸਮਾਰੋਹ ਵਿਚ ਸ਼ਾਮਲ ਸ਼ਖਸੀਅਤਾਂ ਨੂੰ ਭੰਡਣ ਵਿਚ ਜੁਟ ਗਏ। ਸਮਾਰੋਹ ਦੇ ਇਕ ਕੂਚ ਵਿਚ ਸ਼ਾਮਲ ਇਕ ਮੁਸਲਿਮ ਸੰਸਥਾ ਦੇ ਝੰਡੇ ਨੂੰ ਪਾਕਿਸਤਾਨ ਦਾ ਝੰਡਾ ਦੱਸ ਕੇ ਸੋਸ਼ਲ ਮੀਡੀਆ ਉਪਰ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਕਿ ਇਸ ਇਕੱਠ ਵਿਚ ਪਾਕਿਸਤਾਨ ਦੇ ਝੰਡੇ ਲਹਿਰਾਏ ਗਏ, ਇਹ ਦੇਸ਼ਧ੍ਰੋਹੀ ਇਕੱਠ ਸੀ। ਡਾ. ਅੰਬੇਡਕਰ ਦੇ ਪੋਤਰੇ ਪ੍ਰਕਾਸ਼ ਅੰਬੇਡਕਰ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ। ਦਲਿਤ ਆਗੂ ਜਿਗਨੇਸ਼ ਮੇਵਾਨੀ ਅਤੇ ਜੇ.ਐਨ.ਯੂ. ਦੇ ਵਿਦਿਆਰਥੀ ਉਮਰ ਖ਼ਾਲਿਦ ਦੇ ਖ਼ਿਲਾਫ਼ ਭੜਕਾਊ ਤਕਰੀਰਾਂ ਕਰ ਕੇ ਹਿੰਸਾ ਭੜਕਾਉਣ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਦਰਅਸਲ ਇਹ ਸੰਘ ਪਰਿਵਾਰ ਦੇ ਹਮਲਿਆਂ ਦੇ ਸਤਾਏ ਦਲਿਤਾਂ, ਮੁਸਲਮਾਨਾਂ, ਬੋਧੀਆਂ, ਈਸਾਈਆਂ ਅਤੇ ਹੋਰ ਦੱਬੇ-ਕੁਚਲਿਆਂ ਦੀ ਉਸਰ ਰਹੀ ਇਕਜੁਟਤਾ ਦਾ ਸਬੂਤ ਸੀ ਜਿਨ੍ਹਾਂ ਦੀ ਬਣ ਰਹੀ ਸਾਂਝ ਨੇ ਸੰਘ ਪਰਿਵਾਰ ਦੀ ਨੀਂਦ ਉਡਾ ਦਿੱਤੀ ਹੈ। ਇਸ ਸਮਾਰੋਹ ਵਿਚ ਜਿਗਨੇਸ਼ ਮੇਵਾਨੀ, ਉਮਰ ਖ਼ਾਲਿਦ, ਸੋਨੀ ਸੋਰੀ, ਰੋਹਿਤ ਵੇਮੂਲਾ ਦੀ ਮਾਤਾ ਵੇਮੂਲਾ ਅਤੇ ਹੋਰ ਸ਼ਖਸੀਅਤਾਂ ਦੀ ਹਾਜ਼ਰੀ ਦਿਖਾਉਂਦੀ ਹੈ ਕਿ ਇਹ ਸਮੂਹ ਤਾਕਤਾਂ ਸੰਘ ਪਰਿਵਾਰ ਵਿਰੁਧ ਸਾਂਝੀ ਲੜਾਈ ਦੀ ਜ਼ਰੂਰਤ ਨੂੰ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕਰ ਰਹੀਆਂ ਹਨ ਅਤੇ ਇਸ ਖ਼ਾਤਰ ਸੰਜੀਦਾ ਯਤਨ ਜੁਟਾ ਰਹੀਆਂ ਹਨ।

ਆਪਣੀ ਇਕ ਹਾਲੀਆ ਟਿੱਪਣੀ ਅੰਦਰ ਬੇਬਾਕ ਪੱਤਰਕਾਰ ਰਵੀਸ਼ ਕੁਮਾਰ ਨੇ ਸੰਘ ਪਰਿਵਾਰ ਦੇ ਦੋਹਰੇ ਕਿਰਦਾਰ ਦਾ ਤੱਥਪੂਰਨ ਵਿਸ਼ਲੇਸ਼ਣ ਕੀਤਾ ਹੈ। ਚੋਟੀ ਦੇ ਦਲਿਤ ਚਿੰਤਕ ਡਾ. ਆਨੰਦ ਤੇਲਤੁੰਬੜੇ, ਜੋ ਗੋਆ ਇੰਸਟੀਚਿਊਟ ਆਫ ਮੈਨੇਜਮੈਂਟ ਵਿਖੇ ਸੀਨੀਅਰ ਪ੍ਰੋਫੈਸਰ ਹਨ, ਨੇ ਭੀਮਾ-ਕੋਰੇਗਾਓਂ ਸਮਾਰੋਹ ਬਾਰੇ ਆਪਣੀ ਟਿੱਪਣੀ ਅੰਦਰ ਇਤਿਹਾਸ ਵਿਚ ਮਿੱਥਾਂ ਦੀ ਰਲ਼ਾਵਟ ਵਿਚ ਸਮੋਏ ਖ਼ਤਰਿਆਂ ਤੋਂ ਖ਼ਬਰਦਾਰ ਕਰਦਿਆਂ ਦਲਿਤਾਂ ਨੂੰ ਹਕੀਕਤ-ਮੁਖੀ ਹੋਣ ਅਤੇ ਇਹਨਾਂ ਮਿੱਥਾਂ ਤੋਂ ਉਪਰ ਉਠ ਕੇ 'ਨਵੇਂ ਪੇਸ਼ਵਾ ਰਾਜ' ਵਿਰੁਧ ਲੜਨ ਦੀ ਜ਼ਰੂਰਤ ਦੇ ਰੂਬਰੂ ਕੀਤਾ ਹੈ।

# ਦਲਿਤਾਂ ਦੀ ਹਿੰਦੂਤਵ ਨਾਲ ਲੜਨ ਦੀ ਦ੍ਰਿੜਤਾ

ਦੋ ਸੌ ਸਾਲ ਪਹਿਲਾਂ ਪੁਣੇ ਨੇੜੇ ਭੀਮਾ ਨਦੀ ਦੇ ਕੰਢੇ ਉਪਰ ਕੋਰੇਗਾਓਂ ਪਿੰਡ ਵਿਖੇ ਆਖ਼ਰੀ ਅੰਗਰੇਜ਼-ਮਰਾਠਾ ਜੰਗ ਲੜੀ ਗਈ ਸੀ। ਇਹ ਲੜਾਈ ਹਿੰਦੁਸਤਾਨ ਵਿਚ ਬਰਤਾਨਵੀ ਸਲਤਨਤ ਦੇ ਪੱਕੇ ਪੈਰੀਂ ਹੋਣ ਦੀ ਸੂਚਕ ਸੀ। ਬਰਤਾਨਵੀਆਂ ਨੇ ਮ੍ਰਿਤਕਾਂ ਦੀ ਯਾਦ ਵਿਚ ਮੈਦਾਨੇ-ਜੰਗ ਵਿਖੇ ਸਮਾਰਕ ਬਣਾਇਆ। ਇਸ ਉਪਰ 49 ਨਾਂ ਉਕਰੇ ਹੋਏ ਹਨ, ਇਨ੍ਹਾਂ ਵਿਚੋਂ 22 ਦੀ ਪਛਾਣ ਮਹਾਰ ਵਜੋਂ ਦਰਜ ਕੀਤੀ ਗਈ ਹੈ। ਇਹ ਮਹਾਰ ਫ਼ੌਜੀਆਂ ਦੀ ਬਹਾਦਰੀ ਦੀ ਗਵਾਹੀ ਸੀ। 1893 ਵਿਚ ਬਰਤਾਨਵੀ ਫ਼ੌਜ ਵਿਚ ਭਰਤੀ ਬੰਦ ਕੀਤੇ ਜਾਣ 'ਤੇ ਜਦੋਂ ਗੋਪਾਲ ਬਾਬਾ ਵਾਲੰਗਕਰ, ਸ਼ਿਵਰਾਮ ਜਾਨਬਾ

**ਆਨੰਦ ਤੇਲਤੁੰਬੜੇ**

ਕਾਂਬਲੇ ਅਤੇ ਬੀ.ਆਰ. ਅੰਬੇਡਕਰ ਦੇ ਪਿਤਾ ਰਾਮਜੀ ਅੰਬੇਡਕਰ ਵਲੋਂ ਮਹਾਰਾਂ ਦੀ ਭਰਤੀ ਬਹਾਲ ਕੀਤੇ ਜਾਣ ਦੀ ਗੁਜ਼ਾਰਿਸ਼ ਕੀਤੀ ਗਈ ਤਾਂ ਉਦੋਂ ਮਹਾਰ ਆਗੂਆਂ ਦੇ ਇਸ ਪਹਿਲੇ ਪੂਰ ਦਾ ਇਸ ਗਵਾਹੀ ਨੂੰ ਇਨ੍ਹਾਂ ਅਰਥਾਂ ਵਿਚ ਇਸਤੇਮਾਲ ਕਰਨਾ ਦਰੁਸਤ ਸੀ। ਮਹਾਰਾਂ ਦੀ ਭਰਤੀ ਬੰਦ ਕਰਨਾ 1857 ਦੇ ਹਿੰਦੁਸਤਾਨੀ ਗ਼ਦਰ ਦਾ ਨਤੀਜਾ ਸੀ ਜਿਸ ਤੋਂ ਬਾਅਦ ਅੰਗਰੇਜ਼ਾਂ ਨੇ ਆਪਣੀ ਭਰਤੀ ਦੀਆਂ ਯੁੱਧਨੀਤੀਆਂ ਦਾ ਮੁੜ ਜਾਇਜ਼ਾ ਲੈਂਦੇ ਹੋਏ ਫ਼ੌਜ ਵਿਚ ਸਿਰਫ਼ 'ਮਾਰਸ਼ਲ ਨਸਲਾਂ' ਨੂੰ ਹੀ ਲੈਣਾ ਸ਼ੁਰੂ ਕੀਤਾ; ਲੇਕਿਨ ਜਦੋਂ ਬਾਬਾਸਾਹਿਬ ਅੰਬੇਡਕਰ ਵਲੋਂ ਭੀਮਾ-ਕੋਰੇਗਾਓਂ ਦੀ ਲੜਾਈ ਦੀ ਤਸਵੀਰ ਪੇਸ਼ਵਾ ਰਾਜ ਵਿਚ ਜਾਤਪਾਤੀ ਦਾਬੇ ਵਿਰੁਧ ਮਹਾਰ ਫ਼ੌਜੀਆਂ ਦੀ ਲੜਾਈ ਵਜੋਂ ਕੀਤੀ ਗਈ ਤਾਂ ਉਹ ਨਿਰੋਲ ਮਿਥ ਸਿਰਜ ਰਹੇ ਸਨ। ਲਹਿਰਾਂ ਉਸਾਰਨ ਲਈ ਕਿਉਂਕਿ ਮਿੱਥਾਂ ਦੀ ਜ਼ਰੂਰਤ ਪੈਂਦੀ ਹੈ, ਉਨ੍ਹਾਂ ਨੇ ਸ਼ਾਇਦ ਉਦੋਂ ਇਹ ਜ਼ਰੂਰਤ ਸਮਝੀ ਸੀ; ਪਰ ਇਕ ਸਦੀ ਬਾਅਦ, ਜਦੋਂ ਇਸ ਨੇ ਨੀਮ-ਇਤਿਹਾਸ ਵਜੋਂ ਠੋਸ ਰੂਪ ਅਖ਼ਤਿਆਰ ਕਰ ਲਿਆ ਹੈ ਅਤੇ ਇਸ ਦਾ ਝੁਕਾਅ ਦਲਿਤਾਂ ਨੂੰ ਪਛਾਣਾਂ ਦੀ ਦਲਦਲ ਵਿਚ ਧੱਕਣ ਦਾ ਬਣ ਚੁੱਕਾ ਹੈ ਤਾਂ ਹੁਣ ਇਹ ਫ਼ਿਕਰਮੰਦੀ ਦਾ ਮਾਮਲਾ ਹੋਣਾ ਚਾਹੀਦਾ ਹੈ। ਪਿਛਲੇ ਦਿਨੀਂ ਬਹੁਤ ਸਾਰੀਆਂ ਦਲਿਤ ਜਥੇਬੰਦੀਆਂ ਨੇ ਨਵੀਂ ਪੇਸ਼ਵਾਈ, ਯਾਨੀ ਹਿੰਦੂਤਵੀ ਤਾਕਤਾਂ ਦੇ ਬ੍ਰਾਹਮਣਵਾਦੀ ਰਾਜ ਦੀ ਵਧ ਰਹੀ ਕਾਂਗ ਨੂੰ ਨਿਸ਼ਾਨਾ ਬਣਾਉਣ ਦੀ ਮਨਸ਼ਾ ਨਾਲ ਇਸ ਲੜਾਈ ਦਾ 200 ਸਾਲਾ ਮਨਾਉਣ ਲਈ ਸਾਂਝਾ ਮੁਹਾਜ਼ ਬਣਾਇਆ। ਉਨ੍ਹਾਂ ਦੇ ਇਸ ਲੰਮੇ ਕੂਚ ਦਾ ਸਿਖ਼ਰ ਸੀ 31 ਦਸੰਬਰ ਨੂੰ ਪੁਣੇ ਵਿਖੇ ਸ਼ਨੀਵਾਰਵਾੜਾ ਵਿਖੇ ਹੋਈ ਐਲਗਰ ਪ੍ਰੀਸ਼ਦ (ਮਹਾਂ ਇਕੱਠ)। ਹਿੰਦੂਤਵੀ ਤਾਕਤਾਂ ਨਾਲ ਟੱਕਰ ਲੈਣ ਦਾ ਦ੍ਰਿੜ ਇਰਾਦਾ ਤਾਂ ਕਾਬਲੇਤਾਰੀਫ਼ ਹੈ, ਪਰ ਇਸ ਮਨੋਰਥ ਲਈ ਜੋ ਮਿਥ ਇਸਤੇਮਾਲ ਕੀਤੀ ਗਈ, ਉਹ ਪਛਾਣਾਂ ਦੀਆਂ ਰੁਚੀਆਂ ਨੂੰ ਮਜ਼ਬੂਤ ਕਰਦੀ ਹੋਣ ਕਰ ਕੇ ਘੋਰ ਗ਼ੈਰਉਪਜਾਊ ਹੋ ਸਕਦੀ ਹੈ, ਕਿਉਂਕਿ ਜ਼ਰੂਰਤ ਤਾਂ ਇਨ੍ਹਾਂ ਤੋਂ ਉਪਰ ਉਠਣ ਦੀ ਹੈ।

ਜਿਥੋਂ ਤਕ ਇਤਿਹਾਸ ਦਾ ਸਬੰਧ ਹੈ, ਇਹ ਤੱਥ ਹੈ ਕਿ ਜਦੋਂ ਈਸਟ ਇੰਡੀਆ ਕੰਪਨੀ ਅੰਦਰ ਫ਼ੌਜੀ ਰੀਝਾਂ ਪ੍ਰਫੁੱਲਤ ਹੋ ਗਈਆਂ ਤਾਂ ਇਸ ਨੇ ਸ਼ਾਇਦ ਦਲਿਤਾਂ ਦੀ ਅਡੋਲ ਵਫ਼ਾਦਾਰੀ ਅਤੇ ਭਰੋਸੇਯੋਗਤਾ ਅਤੇ ਨਾਲ ਹੀ ਉਨ੍ਹਾਂ ਦੀਆਂ ਸਸਤੇ ਵਿਚ ਹਾਸਲ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਗ਼ੈਰ-ਅਨੁਪਾਤਕ ਰੂਪ ਵਿਚ ਭਰਤੀ ਕਰ ਲਿਆ। ਕੰਪਨੀ ਦੀ ਫ਼ੌਜ ਵਿਚ ਬੰਗਾਲ ਵਿਚ ਨਮ-ਸ਼ੂਦਰਾਂ, ਮਦਰਾਸ ਵਿਚ ਪਰਾਇਯਾ ਅਤੇ ਮਹਾਰਾਸ਼ਟਰ ਵਿਚ ਮਹਾਰਾਂ ਦੀ ਗ਼ੈਰ-ਅਨੁਪਾਤਕ ਤਾਦਾਦ ਵਿਚ ਭਰਤੀ ਸਾਫ਼ ਦੇਖੀ ਜਾ ਸਕਦੀ ਹੈ। ਜੇ ਦਲਿਤਾਂ ਦੀ ਮਨਸ਼ਾ ਇਹ ਦਾਅਵਾ ਕਰਨ ਦੀ ਹੈ ਕਿ ਹਿੰਦੁਸਤਾਨ ਵਿਚ ਬਰਤਾਨਵੀ ਰਾਜ ਦੀ ਸਥਾਪਨਾ ਵਿਚ ਉਨ੍ਹਾਂ ਦਾ ਗਿਣਨਯੋਗ ਯੋਗਦਾਨ ਸੀ ਤਾਂ ਇਸ ਨੂੰ ਆਪਣੇ ਆਪ ਵਿਚ ਗ਼ਲਤ ਨਹੀਂ ਕਿਹਾ ਜਾ ਸਕਦਾ, ਪਰ ਆਪਣੀ ਫ਼ੌਜੀ ਭੂਮਿਕਾ ਨਾਲ ਜਾਤਪਾਤੀ ਦਾਬੇ ਵਿਰੁਧ ਲੜਨ ਦਾ ਮਨੋਰਥ ਜੋੜ ਲੈਣਾ ਅਸੰਭਵ ਨੂੰ ਸੰਭਵ ਬਣਾਉਣਾ ਹੋਵੇਗਾ ਅਤੇ ਇਹ ਗ਼ੈਰਇਤਿਹਾਸਕ ਹੋਵੇਗਾ।

ਈਸਟ ਇੰਡੀਆ ਕੰਪਨੀ ਨੇ 1757 ਵਿਚ ਪਲਾਸੀ ਦੀ ਪਹਿਲੀ ਲੜਾਈ ਤੋਂ ਲੈ ਕੇ ਆਖ਼ਰੀ ਅੰਗਰੇਜ਼-ਮਰਾਠਾ ਜੰਗ ਤਕ ਬਹੁਤ ਸਾਰੀਆਂ ਲੜਾਈਆਂ ਲੜੀਆਂ ਅਤੇ ਜਿੱਤੀਆਂ। ਪ੍ਰਤੱਖ ਤੌਰ 'ਤੇ, ਇਹ ਸਾਰੀਆਂ ਪੇਸ਼ਵਾ ਹੁਕਮਰਾਨਾਂ ਵਿਰੁਧ ਨਹੀਂ ਸਨ। ਜ਼ਿਆਦਾਤਰ ਤਾਂ ਹਿੰਦੂਆਂ ਵਿਰੁਧ ਵੀ ਨਹੀਂ ਸਨ। ਇਹ ਤਾਂ ਬਸ ਦੋ ਸੱਤਾਧਾਰੀ ਤਾਕਤਾਂ ਦਰਮਿਆਨ ਸੱਤਾ ਲਈ ਭੇੜ ਸਨ ਜੋ ਉਨ੍ਹਾਂ ਦੇ ਫ਼ੌਜੀਆਂ ਨੇ ਆਪਣੇ ਫਰਜ਼ ਦੇ ਤੌਰ 'ਤੇ ਲੜੀਆਂ। ਉਨ੍ਹਾਂ ਦੀ ਦਿੱਖ ਜਾਤਪਾਤ ਵਿਰੋਧੀ ਜਾਂ ਧਰਮ ਵਿਰੋਧੀ ਬਣਾ ਦੇਣਾ ਨਾ ਸਿਰਫ਼ ਤੱਥਾਂ ਦੇ ਤੌਰ 'ਤੇ ਗ਼ਲਤ ਹੋਵੇਗਾ। 19ਵੀਂ ਸਦੀ ਦੇ ਅਖ਼ੀਰ ਤਕ ਜਾਤ ਲੋਕਾਂ ਦਾ ਜੀਵਨ-ਸੰਸਾਰ ਸੀ, ਕਿਉਂਕਿ ਦਲਿਤਾਂ ਅੰਦਰ ਸਿੱਖਿਆ ਦਾ ਗਿਣਨਯੋਗ ਪਸਾਰ ਇਸ ਤੋਂ ਬਾਅਦ ਹੀ ਹੁੰਦਾ ਹੈ। ਉਹ ਜਾਤ ਨੂੰ ਕੁਦਰਤੀ ਵਿਵਸਥਾ ਵਜੋਂ ਅਤੇ ਆਪਣੇ ਉਪਰ ਦਾਬੇ ਨੂੰ ਆਪਣੀ ਹੋਣੀ ਵਜੋਂ ਲੈਂਦੇ ਸਨ ਜਿਸ ਨੂੰ ਉਨ੍ਹਾਂ ਨੂੰ ਨਿਮਾਣੇ ਬਣ ਕੇ ਝੱਲਣਾ ਹੀ ਪਵੇਗਾ। ਲਿਹਾਜ਼ਾ, ਜਾਤਪਾਤ ਦੇ ਵਿਰੋਧ ਦਾ ਕੋਈ ਸਵਾਲ ਨਹੀਂ ਸੀ, ਇਸ ਵਿਰੁਧ ਜਿਸਮਾਨੀ ਜੰਗ ਦੀ ਤਾਂ ਗੱਲ ਹੀ ਛੱਡੋ!

ਜਿਥੋਂ ਤਕ ਲੜਨ ਵਾਲੀਆਂ ਫ਼ੌਜਾਂ ਦੀ ਬਣਤਰ ਦਾ ਤਾਅਲੁਕ ਹੈ, ਇਹ ਨਿਰੋਲ ਜਾਤ/ਫਿਰਕੇ ਦੀਆਂ ਲੀਹਾਂ ਉਪਰ ਬਣੀਆਂ ਹੋਈਆਂ ਨਹੀਂ ਸਨ; ਭਾਵੇਂ ਬਰਤਾਨਵੀ ਫ਼ੌਜ ਅੰਦਰ ਦਲਿਤ ਮੁਕਾਬਲਤਨ ਵੱਡੀ ਤਾਦਾਦ ਵਿਚ ਹੋ ਸਕਦੇ ਹਨ, ਇਹ ਗੱਲ ਨਹੀਂ ਸੀ ਕਿ ਮੁਸਲਿਮ ਜਾਂ ਮਰਾਠਾ ਫ਼ੌਜਾਂ ਅੰਦਰ ਉਨ੍ਹਾਂ ਦੀ ਹੋਂਦ ਨਹੀਂ ਸੀ। ਜਿਥੋਂ ਤਕ ਫਿਰਕਿਆਂ/ਜਾਤਾਂ ਦਾ ਸਵਾਲ ਹੈ, ਤਮਾਮ ਫ਼ੌਜਾਂ ਅੰਦਰ ਤਮਾਮ ਜਾਤਾਂ ਦੀ ਹੋਂਦ ਸੀ। ਕੋਰੇਗਾਓਂ ਦੀ ਲੜਾਈ ਵਿਚ ਪੇਸ਼ਵਾ ਪੈਦਲ ਫ਼ੌਜ ਦੇ ਤਿੰਨ ਵਿੰਗਾਂ ਵਿਚੋਂ ਇਕ ਵਿੰਗ ਅਰਬ ਲੋਕਾਂ ਦਾ ਸੀ; ਜਿਸ ਬਾਰੇ ਰਿਪੋਰਟ ਹੈ ਕਿ ਉਨ੍ਹਾਂ ਨੇ ਸਭ ਤੋਂ ਵੱਧ ਗਹਿਗੱਚ ਲੜਾਈ ਲੜੀ ਅਤੇ ਉਨ੍ਹਾਂ ਦਾ ਜਾਨੀ ਨੁਕਸਾਨ ਸਭ ਤੋਂ ਜ਼ਿਆਦਾ ਹੋਇਆ ਸੀ। ਉਨ੍ਹਾਂ ਦੀ ਪ੍ਰੇਰਨਾ ਕੀ ਹੋ ਸਕਦੀ ਸੀ? ਕੀ ਉਹ ਇਹ ਚਾਹੁੰਦੇ ਸਨ ਕਿ ਪੇਸ਼ਵਾ ਦੇ ਬ੍ਰਾਹਮਣਵਾਦੀ ਰਾਜ ਦੀ ਜਿੱਤ ਹੋਵੇ? ਤੱਥ ਇਹ ਹੈ ਕਿ ਉਹ ਤਾਂ ਮਹਿਜ਼ ਆਪਣੇ ਮਾਲਕਾਂ ਦੀ ਖ਼ਾਤਰ ਲੜੇ, ਜਿਵੇਂ ਦਲਿਤ ਆਪਣੇ ਮਾਲਕਾਂ ਦੀ ਖ਼ਾਤਰ ਲੜੇ।

ਪਹਿਲੀ ਜਨਵਰੀ 1818 ਨੂੰ ਹੋਈ ਕੋਰੇਗਾਓਂ ਦੀ ਲੜਾਈ ਤੋਂ ਪਹਿਲਾਂ ਹੀ ਪਹਿਲੀਆਂ ਦੋ ਅੰਗਰੇਜ਼-ਮਰਾਠਾ ਜੰਗਾਂ ਨੇ ਪੇਸ਼ਵਿਆਂ ਦੇ ਹੌਸਲੇ ਪਸਤ ਕਰ ਦਿੱਤੇ ਸਨ। ਤੱਥ ਇਹ ਸੀ ਕਿ ਪੇਸ਼ਵਾ ਬਾਜੀਰਾਓ ਦੂਜਾ ਪੁਣੇ ਛੱਡ ਕੇ ਭੱਜ ਗਿਆ ਸੀ ਅਤੇ ਬਾਹਰੋਂ ਪੁਣੇ ਉਪਰ ਹਮਲੇ ਕਰ ਰਿਹਾ ਸੀ। ਪੇਸ਼ਵਾ ਫ਼ੌਜ ਵਿਚ ਵੀਹ ਹਜ਼ਾਰ ਘੋੜ ਸਵਾਰ ਅਤੇ 8000 ਪੈਦਲ ਫ਼ੌਜੀ ਸਨ ਜਿਨ੍ਹਾਂ ਵਿਚੋਂ ਤਕਰੀਬਨ 2000 ਤਿੰਨ ਪੈਦਲ ਟੁਕੜੀਆਂ ਵਿਚ ਵੰਡੇ ਹੋਏ ਸਨ ਜਿਨ੍ਹਾਂ ਵਿਚੋਂ 600 ਅਰਬ, 600 ਗੋਸਾਈਂ ਅਤੇ ਹੋਰ ਫ਼ੌਜੀਆਂ ਨੂੰ ਲੈ ਕੇ ਬਣਾਈਆਂ ਗਈਆਂ ਸਨ, ਹਮਲਾ ਇਨ੍ਹਾਂ ਨੇ ਕੀਤਾ ਸੀ। ਹਮਲਾ ਕਰਨ ਵਾਲੇ ਬਹੁਗਿਣਤੀ ਅਰਬ ਸਨ ਜਿਨ੍ਹਾਂ ਨੂੰ ਪੇਸ਼ਵਾ ਫ਼ੌਜੀਆਂ ਵਿਚੋਂ ਬਿਹਤਰੀਨ ਮੰਨਿਆ ਜਾਂਦਾ ਸੀ। ਕੰਪਨੀ ਦੇ ਫ਼ੌਜੀ ਦਸਤਿਆਂ ਵਿਚ 834 ਫ਼ੌਜੀ ਸਨ ਜਿਨ੍ਹਾਂ ਵਿਚ ਬੰਬੇ ਨੇਟਿਸ ਪੈਦਲ ਫ਼ੌਜ ਦੀ ਪਹਿਲੀ ਰਜਮੈਂਟ ਦੀ ਦੂਜੀ ਬਟਾਲੀਅਨ ਦੇ 500 ਦੇ ਕਰੀਬ ਫ਼ੌਜੀ ਸ਼ਾਮਲ ਸਨ ਜੋ ਭਾਰੂ ਤੌਰ 'ਤੇ ਮਹਾਰ ਫ਼ੌਜੀ ਸਨ। ਹਾਲਾਂਕਿ ਉਨ੍ਹਾਂ ਦੀ ਸਹੀ ਤਾਦਾਦ ਦਾ ਕੋਈ ਰਿਕਾਰਡ ਮੌਜੂਦ ਨਹੀਂ, ਪਰ ਇਹ ਜ਼ਾਹਿਰ ਹੈ ਕਿ ਉਹ ਸਾਰੇ ਮਹਾਰ ਨਹੀਂ ਸਨ। ਜਾਨੀ ਨੁਕਸਾਨ ਦੇ ਹਿਸਾਬ ਨਾਲ ਦੇਖਿਆਂ ਵੀ ਲੜਾਈ ਵਿਚ ਮਰਨ ਵਾਲਿਆਂ ਦੀ ਬਹੁਗਿਣਤੀ (49 ਵਿਚੋਂ 27) ਮਹਾਰ ਨਹੀਂ ਸੀ। ਓੜਕ ਪੇਸ਼ਵਾ ਫ਼ੌਜ ਜਨਰਲ ਜੋਸਫ਼ ਸਮਿਥ ਦੀ ਅਗਵਾਈ ਵਿਚ ਹੋਰ ਜ਼ਿਆਦਾ ਤਾਦਾਦ ਵਿਚ ਬਰਤਾਨਵੀ ਫ਼ੌਜੀ ਕੁਮਕ ਦੇ ਆਉਣ ਤੋਂ ਡਰ ਕੇ ਪਿੱਛੇ ਹਟ ਗਈ। ਇਸ ਤੱਥਪੂਰਨ ਵੇਰਵੇ ਦੇ ਮੱਦੇਨਜ਼ਰ ਇਸ ਲੜਾਈ ਨੂੰ ਪੇਸ਼ਵਿਆਂ ਦੇ ਬ੍ਰਾਹਮਣਵਾਦੀ ਰਾਜ ਵਿਰੁਧ ਮਹਾਰਾਂ ਵਲੋਂ ਬਦਲਾਲਊ ਭਾਵਨਾ ਨਾਲ ਲੜੀ ਗਈ ਲੜਾਈ ਬਣਾ ਕੇ ਪੇਸ਼ ਕਰਨਾ ਗੁਮਰਾਹਕੁਨ ਹੋਵੇਗਾ।

ਇਸ ਦਾ ਕੋਈ ਸਬੂਤ ਨਹੀਂ ਕਿ ਪੇਸ਼ਵਾਈ ਹਾਰ ਤੋਂ ਬਾਅਦ ਮਹਾਰਾਂ ਨੂੰ ਕੋਈ ਰਾਹਤ ਹਾਸਲ ਹੋ ਗਈ ਸੀ। ਤੱਥ ਇਹ ਸੀ ਕਿ ਉਨ੍ਹਾਂ ਦਾ ਜਾਤਪਾਤੀ ਦਾਬਾ ਬੇਰੋਕ ਜਾਰੀ ਸੀ; ਸਗੋਂ ਜਿਵੇਂ ਪਹਿਲਾਂ ਇਸ਼ਾਰਾ ਕੀਤਾ ਗਿਆ ਹੈ, ਗ਼ੈਰ-ਸ਼ੁਕਰਗੁਜ਼ਾਰ ਬਰਤਾਨਵੀਆਂ ਨੇ ਉਨ੍ਹਾਂ ਦੀ ਪਿਛਲੀ ਬਹਾਦਰੀ ਨੂੰ ਮੰਨਣ ਤੋਂ ਇਨਕਾਰ ਕਰਦੇ ਹੋਏ ਫ਼ੌਜ ਵਿਚ ਉਨ੍ਹਾਂ ਦੀ ਭਰਤੀ ਬੰਦ ਕਰ ਦਿੱਤੀ। ਜਦੋਂ ਤਕ ਪਹਿਲੀ ਆਲਮੀ ਜੰਗ ਦਾ ਖ਼ਤਰਾ ਨਹੀਂ ਬਣਿਆ, ਉਨ੍ਹਾਂ ਦੀ ਭਰਤੀ ਬਹਾਲ ਕਰਨ ਦੀਆਂ ਗੁਜ਼ਾਰਿਸ਼ਾਂ ਨੂੰ ਦਰਕਿਨਾਰ ਕੀਤਾ ਜਾਂਦਾ ਰਿਹਾ, ਇਸ ਤੋਂ ਬਾਅਦ ਹੀ ਉਨ੍ਹਾਂ ਦੀ ਭਰਤੀ ਦੁਬਾਰਾ ਸ਼ੁਰੂ ਕੀਤੀ ਗਈ। ਇਸ ਨੂੰ ਲੈ ਕੇ ਕੋਈ ਰੱਟਾ ਨਹੀਂ ਕਿ ਬਰਤਾਨਵੀ ਬਸਤੀਵਾਦੀ ਰਾਜ ਨਾਲ ਦਲਿਤਾਂ ਨੂੰ ਬਹੁਤ ਸਾਰੇ ਲਾਭ ਮਿਲੇ, ਇਥੋਂ ਤਕ ਕਿ ਦਲਿਤ ਲਹਿਰ ਦਾ ਮੁੱਢ ਹੀ ਇਸ ਰਾਜ ਵਿਚ ਬੱਝਦਾ ਹੈ, ਪਰ ਇਹ ਵੀ ਸਮਝਣਾ ਪਵੇਗਾ ਕਿ ਇਹ ਲਾਭ ਦੇਣ ਦੀ ਮਨਸ਼ਾ ਨਾਲ ਦਿੱਤੇ ਲਾਭ ਨਹੀਂ ਸਨ ਅਤੇ ਇਨ੍ਹਾਂ ਪਿੱਛੇ ਮੂਲ ਰੂਪ ਵਿਚ ਉਨ੍ਹਾਂ ਦਾ ਬਸਤੀਵਾਦ ਤਰਕ ਕੰਮ ਕਰਦਾ ਸੀ। ਦਲਿਤ ਦੀਆਂ ਅੱਖਾਂ ਉਪਰ ਪਛਾਣਾਂ ਦੀ ਪੱਟੀ ਬੰਨੇ ਜਾਣ ਕਰ ਕੇ ਉਹ ਇਸ ਹਕੀਕਤ ਨੂੰ ਨਹੀਂ ਦੇਖਦੇ।

ਇਹ ਕਹਿਣਾ ਵੀ ਗ਼ਲਤ ਹੋਵੇਗਾ ਕਿ ਪੇਸ਼ਵਾ ਤਾਕਤਾਂ ਕਿਉਂਕਿ ਮਰਾਠਾ ਰਾਜ ਨਾਲ ਸਬੰਧਤ ਸਨ, ਇਸ ਲਈ ਉਹ ਰਾਸ਼ਟਰਵਾਦੀ ਤਾਕਤਾਂ ਸਨ ਅਤੇ ਹਾਰਨ ਵਾਲੀਆਂ ਬਰਤਾਨਵੀ ਤਾਕਤਾਂ ਸਾਮਰਾਜਵਾਦੀ ਸਨ। ਜਿਸ ਰਾਸ਼ਟਰ ਦੀ ਹੋਂਦ ਹੀ ਨਹੀਂ, ਉਸ ਦੀਆਂ ਐਨਕਾਂ ਰਾਹੀਂ ਇਤਿਹਾਸਕ ਤੱਥਾਂ ਨੂੰ ਦੇਖਣਾ ਵੀ ਉਨਾ ਹੀ ਨਿਖੇਧੀਯੋਗ ਹੈ। ਉਦੋਂ ਭਾਰਤੀ ਰਾਸ਼ਟਰ ਦੀ ਕੋਈ ਧਾਰਨਾ ਨਹੀਂ ਸੀ; ਤੱਥ ਤਾਂ ਇਹ ਹੈ ਕਿ ਇਹ ਧਾਰਨਾ ਅੱਜ ਵੀ ਸਾਨੂੰ ਧੋਖਾ ਦੇ ਰਹੀ ਹੈ। ਕੁਲ-ਮਿਲਾ ਕੇ ਭਾਰਤ ਤਾਂ ਖ਼ੁਦ ਬਰਤਾਨਵੀ ਰਾਜ ਦੀ ਦਿੱਤੀ ਸੁਗਾਤ ਹੈ, ਜਿਸ ਨੇ ਉਪਮਹਾਂਦੀਪ ਦੀ ਵਿਸ਼ਾਲ ਜ਼ਮੀਨ ਨੂੰ ਸਿਆਸੀ ਏਕਤਾ ਵਿਚ ਪਰੋ ਦਿੱਤਾ। ਜੋ ਲੋਕ ਅੱਜ ਆਪਣੇ ਸੌੜੇ ਸਵਾਰਥਾਂ ਲਈ ਇਸ ਨੂੰ ਰਾਸ਼ਟਰ ਬਣਾ ਕੇ ਪੇਸ਼ ਕਰ ਰਹੇ ਹਨ, ਉਹ ਅਸਲ ਵਿਚ ਪੇਸ਼ਵਿਆਂ ਵਾਂਗ ਬਦਕਾਰ ਅਤੇ ਸਭ ਤੋਂ ਵੱਡੇ ਰਾਸ਼ਟਰ ਵਿਰੋਧੀ ਹਨ।

ਜ਼ਰੂਰਤ ਇਸ ਗੱਲ ਦੀ ਹੈ ਕਿ ਦਲਿਤ ਹਿੰਦੂਤਵੀ ਧਾੜਵੀਆਂ ਵਲੋਂ ਮੁੜ ਸਿਰਜੇ ਇਸ ਨਵੇਂ ਪੇਸ਼ਵਾਈ ਰਾਜ ਵਿਰੁਧ ਲੜਨ। ਇਸ ਲਈ ਜ਼ਰੂਰੀ ਹੈ, ਉਹ ਸ਼ੁਤਰਮੁਰਗ ਵਾਂਗ ਬੀਤੇ ਦੀਆਂ ਮਿਥਾਂ ਉਪਰ ਨਜ਼ਰਾਂ ਗੱਡ ਕੇ ਆਪਣੀ ਮਹਾਨਤਾ ਦੀ ਕਲਪਨਾ ਵਿਚ ਗੁਆਚਣ ਦੀ ਬਜਾਏ ਹਕੀਕਤ ਨੂੰ ਦੇਖਣ ਲਈ ਆਪਣੀਆਂ ਅੱਖਾਂ ਖੋਲ੍ਹਣ।

# ਲੀਹੋਂ ਲੱਥ ਚੁਕੀ ਹੈ, ਆਮ ਆਦਮੀ ਪਾਰਟੀ

ਕੋਈ ਵੀ ਸਿਆਸੀ ਨਿਜ਼ਾਮ ਕਿਸੇ ਵੀ ਦੇਸ਼ ਦੀ ਹੋਣੀ ਭਾਵ ਦਸ਼ਾ ਤੇ ਦਿਸ਼ਾ ਨੂੰ ਗਤੀ ਪ੍ਰਦਾਨ ਕਰਨ ਦਾ ਚਾਲਕ ਹੁੰਦਾ ਹੈ। ਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਅਤੇ ਬਦਹਾਲੀ ਦਾ ਵੀ ਇਹ ਜ਼ਿੰਮੇਵਾਰ ਹੁੰਦਾ ਹੈ। ਲੋਕਾਂ ਨੂੰ ਤਣਾਅ ਜਾਂ ਡਰ-ਭੈਅ ਤੋਂ ਰਹਿਤ ਜ਼ਿੰਦਗੀ ਜਿਉਣ ਦੇ ਮੌਕੇ ਦੇਣੇ ਉਸ ਦੀ ਜ਼ਿੰਮੇਵਾਰੀ ਹੁੰਦੀ ਹੈ। ਅਜਿਹੇ ਸਿਆਸੀ ਪ੍ਰਬੰਧ ਨੂੰ ਚਲਾਉਣ ਵਾਸਤੇ ਸਿਆਸੀ ਪਾਰਟੀਆਂ ਦਾ ਗਠਨ ਹੁੰਦਾ ਹੈ ਜੋ ਆਪਣੇ ਲੋਕਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਸ ਕਰਕੇ ਜਰੂਰੀ ਹੈ ਕਿ



**ਕੇਹਰ ਸ਼ਰੀਫ਼**
ਫੋਨ: 0049-173-354-6050

ਪਾਰਟੀਆਂ ਦੇ ਆਗੂ ਸੂਝਵਾਨ, ਇਮਾਨਦਾਰ ਅਤੇ ਲੋਕਾਂ ਦਾ ਦਰਦ ਸਮਝਣ ਵਾਲੇ ਹੋਣ।

ਹਰ ਸਿਆਸੀ ਪਾਰਟੀ ਦੇ ਆਪਣੇ ਉਦੇਸ਼ ਤੇ ਆਦਰਸ਼ ਹੁੰਦੇ ਹਨ। ਲੋਕਾਂ ਨਾਲ ਪ੍ਰਤੀਬੱਧ ਨੇਤਾ ਆਪਣੇ ਸਿਆਸੀ, ਸਮਾਜੀ ਅਤੇ ਨਿਜੀ ਅਨੁਭਵ ਨੂੰ ਲੋਕ ਸੇਵਾ ਦੇ ਅਰਪਣ ਕਰ ਦਿੰਦੇ ਹਨ ਤਾਂ ਕਿ ਜਿਸ ਲੋਕਾਈ ਵਾਸਤੇ ਉਨ੍ਹਾਂ ਨੇ ਸਿਆਸਤ ਵਿਚ ਦਾਖਲਾ ਲਿਆ ਹੈ, ਉਸ ਨੂੰ ਸਮੇਂ ਦੇ ਹਾਣ ਦਾ ਕਰਕੇ ਆਪਣੇ ਮਿੱਥੇ ਨਿਸ਼ਾਨੇ ਵੱਲ ਵਧਦੇ ਰਹਿਣ। ਲੋਕਾਂ ਦੇ ਕਾਫਲਿਆਂ ਨੂੰ ਆਪਣੇ ਨਾਲ ਜੋੜ ਸਕਣ। ਪਹਿਲਾਂ ਤੋਂ ਚੱਲ ਰਹੇ ਰਾਜ ਪ੍ਰਬੰਧ ਦੇ ਮੁਕਾਬਲੇ ਲੋਕ ਪੱਖੀ ਜਮਹੂਰੀ ਪ੍ਰਬੰਧ ਦੇ ਸਕਦੇ ਹੋਣ, ਸਮਾਂ ਵਿਹਾ ਚੁਕੇ 'ਮਾਡਲਾਂ' ਦੀ ਥਾਂ ਬਦਲਵਾਂ ਲੋਕ ਪੱਖੀ ਰਾਜ ਪ੍ਰਬੰਧ ਕਾਇਮ ਕਰ ਸਕਣ। ਨਹੀਂ ਤਾਂ ਦੂਜਿਆਂ ਨੂੰ ਰਵਾਇਤੀ ਪਾਰਟੀਆਂ ਕਹਿਣ ਵਾਲੇ ਆਪ ਵੀ ਜਲਦੀ ਹੀ ਰਵਾਇਤੀ ਪਾਰਟੀਆਂ ਵਰਗਾ ਰੂਪ ਧਾਰ ਲੈਂਦੇ ਹਨ।

ਆਮ ਆਦਮੀ ਪਾਰਟੀ (ਆਪ) ਵੀ ਕੁਝ ਅਜਿਹੀ ਸੋਚ ਲੈ ਕੇ ਭਾਰਤ ਦੇ ਸਿਆਸੀ ਦ੍ਰਿਸ਼ 'ਤੇ ਆਈ ਸੀ। ਕਿਹਾ ਗਿਆ ਸੀ ਕਿ ਅਸੀਂ ਰਾਜ ਪ੍ਰਬੰਧ (ਸਿਸਟਮ) ਬਦਲਣ ਆਏ ਹਾਂ। ਇਹ ਪਾਰਟੀ ਜੰਮੀ ਤਾਂ ਸੀ ਅੰਨਾ ਹਜਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿਚੋਂ, ਰਾਜ ਸੱਤਾ ਤਾਂ 'ਪੈਰਾਂ ਹੇਠ ਬਟੇਰਾ' ਆ ਜਾਣ ਵਾਲੀ ਗੱਲ ਹੋਈ। ਬਦਲਵੀਂ ਸਿਆਸਤ ਦਾ ਰੌਲਾ ਪਾਉਣ ਵਾਲੇ ਸਮੁੱਚਤਾ ਵਿਚ ਅਜੇ ਤੱਕ ਆਪਣੇ ਕਹੇ 'ਤੇ ਪੂਰਾ ਨਹੀਂ ਉਤਰ ਸਕੇ। ਹਾਂ, ਜੇ ਕੋਈ ਕਹੇ ਕਿ ਉਨ੍ਹਾਂ ਨੇ ਕੁਝ ਵੀ ਨਹੀਂ ਕੀਤਾ ਤਾਂ ਇਹ ਵੀ ਗਲਤ ਹੋਵੇਗਾ।

ਦਿੱਲੀ ਵਿਚ ਦੋ ਪੱਖਾਂ ਤੋਂ 'ਆਪ' ਦੀ ਸਰਕਾਰ ਦਾ ਕੰਮ ਸਲਾਹੁਣਯੋਗ ਹੈ। ਵਿੱਦਿਆ ਅਤੇ ਸਿਹਤ ਦੇ ਖੇਤਰ ਵਿਚ ਇਸ ਨੇ ਕਾਫੀ ਕੁਝ ਕੀਤਾ ਹੈ ਪਰ ਦਿੱਲੀ ਵਿਚ ਜਿਸ ਕੀਤੇ ਕਾਰਜ ਦੀਆਂ ਢੋਲ ਵਜਾ ਕੇ ਹਰ ਥਾਂ ਸਿਫਤਾਂ ਕਰ ਰਹੇ ਹਨ, ਉਸੇ ਨੂੰ ਪੰਜਾਬ ਵਿਚ ਹੋਰ ਪਾਰਟੀਆਂ ਵਾਂਗ ਹੀ ਡਟ ਕੇ ਭੰਡਦੇ ਵੀ ਸਨ। ਆਖਰ ਕਿਉਂ? ਜਦੋਂ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਦੀਆਂ ਐਂਬੂਲੈਂਸ ਗੱਡੀਆਂ ਜਾਂ ਲੜਕੀਆਂ ਨੂੰ ਵੰਡੇ ਸਾਈਕਲ ਜਾਂ ਕਈ ਕਿਸਮ ਦੇ ਕਾਰਡਾਂ ਉਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫੋਟੋ ਲਗਦੀ ਸੀ ਤਾਂ ਗਲਤ ਕਿਹਾ ਗਿਆ (ਜੋ ਗਲਤ ਹੀ ਸੀ) ਪਰ ਦਿੱਲੀ ਦੇ ਮੁਹੱਲਾ ਕਲਿਨਿਕ ਦੇ ਬਾਹਰ ਕੇਜਰੀਵਾਲ ਦੀਆਂ ਵੱਡ ਆਕਾਰੀ ਤਸਵੀਰਾਂ ਕਿਵੇਂ ਠੀਕ ਹੋਈਆਂ? ਕੀ ਇਹ ਕਿਸੇ ਰਵਾਇਤੀ ਪਾਰਟੀ ਦੀ ਨਕਲ ਨਹੀਂ? ਲੋਕਾਂ ਦੇ ਟੈਕਸਾਂ ਵਾਲੇ ਪੈਸੇ ਖਰਚਣ ਵੇਲੇ ਵਿਅਕਤੀ ਵਿਸ਼ੇਸ਼ ਦੀ ਖਾਹਮਖਾਹ ਦੀ ਵਡਿਆਈ ਕਿਉਂ ਤੇ ਕਿਵੇਂ ਜਾਇਜ਼ ਆਖੀ ਜਾ ਸਕਦੀ ਹੈ? ਗੱਲ ਕੀ, ਨੈਤਿਕਤਾ ਪੱਖੋਂ 'ਆਪ' ਉਹ ਕੁਝ ਨਹੀਂ ਕਰ ਸਕੀ ਜਿਸ ਦਾ ਵਾਅਦਾ ਕਰਕੇ ਸਿਆਸੀ ਪਿੜ 'ਚ ਉਤਰੀ ਸੀ। ਹਮ ਯੇਹ ਬਰਦਾਸ਼ਤ ਨਹੀਂ ਕਰੇਂਗੇ, ਵੋਹ ਬਰਦਾਸ਼ਤ ਨਹੀਂ ਕਰੇਂਗੇ, ਸਭ ਫੋਕੀਆਂ ਫੜ੍ਹਾਂ ਅਤੇ ਬੇਅਰਥ ਗੱਲਾਂ ਹੋ ਨਿੱਬੜੀਆਂ ਹਨ।

'ਆਪ' ਬਾਰੇ ਵਿਚਾਰ ਕਰਦਿਆਂ ਦੋ ਵੱਡੇ ਮਸਲੇ ਵਿਚਾਰੇ ਜਾ ਸਕਦੇ ਹਨ ਜਿਸ ਦੇ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਵਾਅਦੇ ਵੀ ਕੀਤੇ ਸਨ। ਅੰਨਾ ਹਜਾਰੇ ਦੇ ਅੰਦੋਲਨ ਵੇਲੇ ਵੱਡਾ ਮੁੱਦਾ ਭ੍ਰਿਸ਼ਟਾਚਾਰ ਸੀ, ਇਸ ਵਾਸਤੇ 'ਲੋਕਪਾਲ' ਬਾਰੇ ਚਰਚਾ ਹੁੰਦੀ ਸੀ। ਜਿਵੇਂ ਹਰ ਮਰਜ਼ ਦੀ 'ਦਵਾਈ' ਸਿਰਫ ਲੋਕਪਾਲ ਹੀ ਹੋਵੇ। ਪਰ ਜੰਤਰ-ਮੰਤਰ 'ਤੇ ਲੋਕਪਾਲ ਦੇ ਤਿਆਰ ਕੀਤੇ ਡਰਾਫਟ ਨੂੰ ਪਾਸ ਕਰਨ ਵੇਲੇ ਬਦਲ ਦਿੱਤਾ ਗਿਆ। ਇਹ ਦੋਸ਼ ਵੀ ਉਹੀ ਲੋਕ ਲਾਉਂਦੇ ਹਨ ਜਿਨ੍ਹਾਂ ਪਹਿਲਾ 'ਲੋਕਪਾਲ' ਵਾਲਾ ਖਰੜਾ (ਡਰਾਫਟ) ਲਿਖਿਆ ਸੀ। ਪਰ ਕੇਜਰੀਵਾਲ ਦੀ ਅਗਵਾਈ ਵਿਚ ਵਿਧਾਨ ਸਭਾ ਵਲੋਂ ਮਤਾ ਪਾਸ ਕੁਝ ਹੋਰ ਕੀਤਾ ਗਿਆ। ਕਿਉਂ? ਪਾਸ ਕਰਨ ਤੋਂ ਪਹਿਲਾਂ ਆਪਣੇ ਕਰਾਕੁਨਾਂ ਨੂੰ ਕਿਉਂ ਨਾ ਪੁੱਛਿਆ (ਡਰਾਫਟ ਲਿਖਣ ਵਾਲਿਆਂ ਨੂੰ ਵੀ ਪੁੱਛਣਾ ਚਾਹੀਦਾ ਸੀ)?

ਸੁਪਰੀਮ ਕੋਰਟ ਵਲੋਂ ਵੀ ਉਪ ਰਾਜਪਾਲ ਨੂੰ ਕਾਫੀ ਅਹਿਮੀਅਤ ਦਿੱਤੀ ਗਈ ਕਿ ਹਰ ਕੰਮ ਉਸ ਦੀ ਮਨਜੂਰੀ ਨਾਲ ਹੀ ਹੋਵੇਗਾ। ਇਸ ਕਰਕੇ ਸਭ ਜਾਣਦੇ ਹਨ ਕਿ ਕੇਂਦਰ ਸਰਕਾਰ ਆਪਣੇ ਲੈਫਟੀਨੈਂਟ ਗਵਰਨਰ ਰਾਹੀਂ 'ਆਪ' ਦੀ ਸਰਕਾਰ ਵਲੋਂ ਪਾਸ ਕੀਤੇ ਮਤਿਆਂ ਅਤੇ ਕਾਨੂੰਨ ਬਣਨ ਵਾਲੇ ਬਿੱਲਾਂ ਨੂੰ ਸੌਖਿਆਂ ਹੀ ਹਾਂ ਨਹੀਂ ਕਰਦਾ। ਕੀ ਲੋਕਾਂ ਦੇ ਅੱਖੀਂ ਘੱਟਾ ਪਾਉਣ ਵਾਸਤੇ ਹੀ ਮਤਾ ਪਾਸ ਕਰ ਦਿੱਤਾ ਗਿਆ ਸੀ? ਫੇਰ ਉਸ ਦੀ ਪੈਰਵੀ ਕੀਹਨੇ ਕਰਨੀ ਸੀ?



*ਅਰਵਿੰਦ ਕੇਜਰੀਵਾਲ*

ਸਿਰ ਹੇਠ ਬਾਂਹ ਰੱਖ ਕੇ ਸੌਂ ਗਏ! ਲੋਕਾਂ ਨੂੰ ਅੰਦੋਲਨ ਦੀ ਆਸ ਸੀ। ਅਗਲੀਆਂ ਚੋਣਾਂ ਤੱਕ ਉਡੀਕ ਕਰਨੀ ਬੁਰਜੂਆ ਪਾਰਟੀਆਂ ਦਾ ਕੰਮ ਹੁੰਦਾ ਹੈ। ਲੋਕ ਪੱਖੀ ਸਿਆਸਤ ਕਰਨ ਵਾਲੇ ਮਤਾ ਪਾਸ ਕਰਨ ਤੋਂ ਬਾਅਦ ਚੁੱਪ ਨਹੀਂ ਕਰ ਜਾਂਦੇ ਸਗੋਂ ਉਸ 'ਤੇ ਅਮਲ ਕਰਵਾਉਣ ਵਾਸਤੇ ਅੰਦੋਲਨ ਵੀ ਕਰਦੇ ਹਨ। ਇਸ ਬਾਰੇ ਉਹ ਬੇਪ੍ਰਵਾਹ ਕਿਉਂ ਹੋ ਗਏ? ਕਿਉਂ ਉਕ ਗਏ?

ਦੂਜਾ ਅਹਿਮ ਮੁੱਦਾ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣਾ ਸੀ (ਅਜੇ ਵੀ ਹੈ) ਤਾਂ ਕਿ ਚੁਣੀ ਹੋਈ ਸਰਕਾਰ ਆਪਣੀ ਮਰਜ਼ੀ ਨਾਲ ਕੰਮ ਕਰ ਸਕੇ। ਯਾਦ ਰਹੇ, ਸਮੇਂ ਸਮੇਂ ਭਾਜਪਾ ਤੇ ਕਾਂਗਰਸ ਵੀ ਦਿੱਲੀ ਨੂੰ ਪੂਰੇ ਰਾਜ ਦਾ ਦਰਜਾ ਦੇਣ ਦੀ ਮੰਗ ਕਰਦੀਆਂ ਰਹੀਆਂ ਹਨ। ਹੁਣ ਸ਼ਾਇਦ ਉਨ੍ਹਾਂ ਵਾਸਤੇ ਇਹ ਮੁੱਦਾ ਨਹੀਂ ਰਿਹਾ। ਪਰ ਕੇਜਰੀਵਾਲ ਦੀ ਸਰਕਾਰ ਵਾਰ ਵਾਰ ਉਪ ਰਾਜਪਾਲ ਨਾਲ ਹੀ ਉਲਝਦੀ ਰਹੀ। ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਵਾਸਤੇ ਅੰਦੋਲਨ ਦੇ ਰਾਹ ਕਿਉਂ ਨਾ ਪਈ? ਕੀ 'ਆਪ' ਦਾ ਵੀ ਰਵਾਇਤੀ ਪਾਰਟੀਆਂ ਵਰਗਾ ਹੀ ਵਤੀਰਾ ਨਹੀਂ ਹੋ ਗਿਆ? ਆਪਣੇ ਆਪ ਨੂੰ ਬਦਲਵੀਂ ਸਿਆਸਤ ਦੇ ਆਪੇ ਹੀ ਚੈਂਪੀਅਨ ਕਹੀ ਜਾਣਾ ਜਚਦਾ ਨਹੀਂ ਕਿਉਂਕਿ ਇਹ ਸੱਚ ਨਹੀਂ। ਇਹ ਤਾਂ 'ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ' ਵਾਲੀ ਗੱਲ ਹੋਈ। ਸੱਚ ਤਾਂ ਦਿੱਲੀ ਨੂੰ ਪੂਰਾ ਰਾਜ ਬਣਾਉਣ ਵਾਸਤੇ ਅੰਦੋਲਨ ਕਰਨਾ ਹੀ ਹੋਣਾ ਚਾਹੀਦਾ ਸੀ। 'ਆਪ' ਨੇ ਲੋਕਾਂ ਨਾਲ ਵਾਅਦਾ ਵੀ ਇਹੋ ਕੀਤਾ ਸੀ। ਅਗਲੀਆਂ ਚੋਣਾਂ ਵਿਚ ਇਸ ਮਸਲੇ ਬਾਰੇ ਕੀ ਜਵਾਬ ਦੇਣਗੇ?

ਜਮਹੂਰੀ ਪ੍ਰਬੰਧ ਅੰਦਰ ਕਿਸੇ ਵੀ ਪਾਰਟੀ ਦਾ ਕਿਰਦਾਰ ਲੋਕਰਾਜੀ ਹੋਣਾ ਚਾਹੀਦਾ ਹੈ ਅਰਥਾਤ ਪਾਰਟੀ ਦੇ ਅਹੁਦੇਦਾਰਾਂ ਦੀ ਚੋਣ ਪਾਰਟੀ ਦੀ ਮੈਂਬਰਸ਼ਿੱਪ ਦੇ ਆਧਾਰ 'ਤੇ ਹੋਵੇ। ਅਜੇ ਤੱਕ ਆਮ ਆਦਮੀ ਪਾਰਟੀ ਇਸ ਰਾਹੇ ਨਹੀਂ ਪੈ ਸਕੀ। ਬਾਕੀ ਦੀਆਂ ਸਿਆਸੀ ਧਨਾਢ ਪਾਰਟੀਆਂ-ਭਾਜਪਾ, ਕਾਂਗਰਸ, ਅਕਾਲੀ ਦਲ ਵਾਂਗ ਉਪਰੋਂ ਹੀ ਅਹੁਦੇਦਾਰ ਥਾਪੇ ਜਾਂਦੇ ਹਨ। ਅਜੇ ਤੱਕ ਕਿਸੇ ਵੀ ਪੱਧਰ 'ਤੇ 'ਆਪ' ਦੀ ਕਦੇ ਚੋਣ ਨਹੀਂ ਹੋਈ। ਅਹੁਦੇਦਾਰ 'ਹਾਈ ਕਮਾਂਡ' ਵਲੋਂ ਹੀ ਥਾਪੇ ਜਾਂਦੇ ਹਨ ਜੋ ਸੂਬੇਦਾਰ ਹੀ ਕਹੇ ਜਾ ਸਕਦੇ ਹਨ। ਫੇਰ ਇਹ ਕਿਹੜੀ 'ਬਦਲਵੀਂ ਸਿਆਸਤ' ਹੋਈ? ਪੰਜ ਸਾਲ ਲੰਘ ਗਏ ਹਨ, ਹੁਣ ਤਾਂ ਇਸ ਬਾਰੇ ਸੋਚਿਆ ਹੀ ਜਾਣਾ ਚਾਹੀਦਾ ਹੈ। ਵਾਲੰਟੀਅਰਾਂ ਨੂੰ ਪੁੱਛ ਕੇ ਹਰ ਕੰਮ ਕਰਨ ਦੀਆਂ ਗੱਲਾਂ 'ਟਾਹਰਾਂ' ਬਣ ਕੇ ਰਹਿ ਗਈਆਂ ਹਨ। ਲੋਕਾਂ ਨੂੰ ਜੁਮਲਿਆਂ ਨਾਲ ਪਰਚਾ ਕੇ ਚੋਣਾਂ ਜਿੱਤ ਲੈਣੀਆਂ ਹੋਰ ਗੱਲ ਹੈ, ਵਾਅਦਿਆਂ ਦੀ ਪੂਰਤੀ ਵਾਸਤੇ ਸੰਘਰਸ਼ ਕਰਨਾ ਹੋਰ ਗੱਲ।

ਕਿਸੇ ਪਾਰਟੀ ਦਾ ਵਿਧਾਨ ਪਾਰਟੀ ਲਈ ਜ਼ਾਬਤਾ ਕਾਇਮ ਕਰਦਾ ਹੈ। ਪ੍ਰੋਗਰਾਮ ਪਾਰਟੀ ਅੰਦਰ ਅਨੁਸਾਸ਼ਨ ਕਾਇਮ ਰੱਖਣ ਅਤੇ ਸੇਧ ਦੇਣ ਵਾਸਤੇ ਹੁੰਦਾ ਹੈ ਪਰ ਇਸ ਪਾਰਟੀ ਵਾਲੇ ਵਿਧਾਨ, ਪ੍ਰੋਗਰਾਮ ਵਰਗੇ ਦਸਤਾਵੇਜ਼ਾਂ ਨੂੰ ਜਾਣਦੇ ਹੀ ਕੁਝ ਨਹੀਂ। ਪਾਰਟੀ ਵਿਧਾਨ ਕਹਿੰਦਾ ਹੈ ਕਿ ਇਕ ਵਿਅਕਤੀ ਕੋਲ ਦੋ ਅਹੁਦੇ ਨਹੀਂ ਹੋ ਸਕਦੇ, ਪਰ ਅਰਵਿੰਦ ਕੇਜਰੀਵਾਲ ਸ਼ੁਰੂ ਤੋਂ ਹੀ ਦੋ ਅਹੁਦਿਆਂ 'ਤੇ ਬਿਰਾਜਮਾਨ ਹਨ। ਕਿਉਂ? ਕੋਈ ਨਹੀਂ ਕੁਸਕਦਾ। ਪਿਛਲੀਆਂ ਚੋਣਾਂ ਵੇਲੇ ਬੜੇ ਜ਼ੋਰ-ਸ਼ੋਰ ਨਾਲ ਕਿਹਾ ਗਿਆ, ਸਾਡੀ ਪਾਰਟੀ ਦਾ ਵਿਧਾਨ ਕਿਸੇ ਹੋਰ ਸਿਆਸੀ ਪਾਰਟੀ ਨਾਲ ਗੱਠਜੋੜ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਨਾਲ ਹੋਣ ਵਾਲਾ ਸਮਝੌਤਾ ਇਸੇ ਹੰਕਾਰ ਥੱਲੇ ਰੱਦ ਕੀਤਾ ਗਿਆ। ਫੇਰ ਪਾਰਟੀ ਵਿਧਾਨ ਵਿਚ ਤਬਦੀਲੀ ਕੀਤੇ ਬਿਨਾ ਹੀ ਲੁਧਿਆਣੇ ਵਾਲੇ ਬੈਂਸ ਭਰਾਵਾਂ ਨਾਲ ਸਮਝੌਤਾ ਕਰ ਵੀ ਲਿਆ। ਇਸ ਦਾ ਕੀ ਰਾਜ਼ ਹੋ ਸਕਦਾ ਹੈ? ਇਹ ਸਮਝੌਤਾ ਸੀ ਕਿ ਸੌਦਾ? ਕੀ ਪਾਰਟੀ ਦੇ ਲੀਡਰਾਂ ਨੇ ਆਪਣੇ ਵਾਲੰਟੀਅਰਾਂ ਨੂੰ ਇਸ ਬਾਰੇ ਦੱਸਿਆ? ਜਾਂ ਉਨ੍ਹਾਂ ਤੋਂ ਮਨਜੂਰੀ ਲਈ, ਜਿਸ ਦਾ ਉਹ ਆਮ ਪ੍ਰਚਾਰ ਕਰਦੇ ਥੱਕਦੇ ਹੀ ਨਹੀਂ।

ਪੰਜਾਬ ਨੇ ਆਮ ਆਦਮੀ ਪਾਰਟੀ ਦੀਆਂ ਜੜ੍ਹਾਂ ਲਾਉਣ ਦਾ ਕੰਮ ਕੀਤਾ ਪਰ ਦਿੱਲੀ ਵਾਲਿਆਂ ਇਸ ਚਾਰ ਮੈਂਬਰੀਂ ਪਾਰਲੀਮੈਂਟ ਗਰੁਪ ਨੂੰ ਚੱਲਣ ਹੀ ਨਾ ਦਿੱਤਾ। ਦੋ ਮੈਂਬਰ ਪਾਰਟੀ ਤੋਂ ਸਸਪੈਂਡ ਕਰ ਦਿੱਤੇ, ਨਾ ਉਨ੍ਹਾਂ ਨੂੰ ਪਾਰਟੀ 'ਚੋਂ ਕੱਢਿਆ ਤੇ ਨਾ ਮੋੜ ਕੇ ਲਿਆਉਣ ਵਾਸਤੇ ਗੱਲ ਕੀਤੀ। ਹੁਣ ਦੋ ਤਾਂ ਸਿਰਫ ਤਨਖਾਹ ਹੀ ਲੈ ਰਹੇ ਹਨ। ਪੰਜਾਬ 'ਚੋਂ 'ਆਪ' ਦੇ ਚੁਣੇ ਹੋਏ ਚਾਰ ਮੈਂਬਰਾਂ ਵਿਚੋਂ ਜੇ



*ਸੁੱਚਾ ਸਿੰਘ ਛੋਟੇਪੁਰ*

ਕੋਈ ਪਾਰਲੀਮੈਂਟ ਵਿਚ ਮਸਲੇ ਉਠਾ ਰਿਹਾ ਹੈ, ਉਹ ਸਿਰਫ ਧਰਮਵੀਰ ਗਾਂਧੀ ਹੀ ਹੈ, ਜੋ ਆਪਣੇ ਹਲਕੇ ਅਤੇ ਨਾਲ ਹੀ ਪੰਜਾਬ ਦੇ ਮਸਲੇ ਵੀ ਉਠਾਉਂਦਾ ਹੈ। ਭਗਵੰਤ ਮਾਨ ਪਹਿਲਾਂ ਬਹੁਤ ਸਰਗਰਮ ਰਿਹਾ ਪਰ ਹੁਣ ਉਹ ਗੱਲ ਨਹੀਂ। ਹੁਣ ਉਹ ਪੰਜਾਬ ਪਾਰਟੀ ਦਾ ਪ੍ਰਧਾਨ ਬਣਾਇਆ ਹੋਇਆ ਹੈ ਪਰ ਪਾਰਟੀ ਨੂੰ ਸਾਂਭਣਾ, ਅਗਵਾਈ ਦੇਣੀ ਸ਼ਾਇਦ ਉਸ ਦੇ ਵਸ ਦਾ ਕੰਮ ਨਹੀਂ। ਚੰਗਾ ਹੋਵੇ ਜੇ ਅਜੇ ਵੀ ਪੰਜਾਬ ਦੀ ਪ੍ਰਧਾਨਗੀ ਪਾਰਟੀ ਨੂੰ ਸਿਆਸੀ ਅਤੇ ਜਥੇਬੰਦਕ ਪੱਖੋਂ ਅਗਵਾਈ ਦੇ ਸਕਣ ਵਾਲੇ ਕਿਸੇ ਆਗੂ ਦੇ ਹਵਾਲੇ ਕਰ ਦਿੱਤੀ ਜਾਵੇ। ਚਾਹੀਦਾ ਤਾਂ ਇਹ ਹੈ ਕਿ ਥੱਲੇ ਦੀ ਇਕਾਈ ਤੋਂ ਕੇਂਦਰੀ ਕਮੇਟੀ ਤੱਕ ਚੋਣਾਂ ਕਰਵਾ ਕੇ ਪਾਰਟੀ ਨੂੰ ਜਮਹੂਰੀ ਬਣਾਇਆ ਜਾਵੇ। ਸ਼ਾਇਦ ਇਹ ਪਾਰਟੀ 'ਤੇ ਕਾਬਜ ਲੋਕਾਂ ਨੂੰ ਪੁੱਗਦਾ ਨਹੀਂ। ਪਾਰਟੀ ਦੇ ਕਾਰਕੁਨਾਂ ਨੂੰ ਇਸ ਸਬੰਧੀ ਆਪਣੀ ਆਵਾਜ਼ ਉਠਾਉਣੀ ਚਾਹੀਦੀ ਹੈ। ਆਮ ਹੀ ਕਿਹਾ ਜਾਂਦਾ ਹੈ, ਸਾਡੀ ਤਾਂ ਅੰਦੋਲਨ ਦੀ ਪਾਰਟੀ ਹੈ ਪਰ ਜਦੋਂ ਆਪਣੀ ਗੱਲ ਹੋਵੇ ਤਾਂ 'ਸਿਰ ਸੁੱਟ ਅੰਦੋਲਨ' ਚੱਲ ਪੈਂਦਾ ਹੈ।

ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਲੋਕਾਂ ਦੀ ਇੱਛਾ ਸੀ ਕਿ 'ਆਪ' ਜਿੱਤ ਜਾਵੇ, ਪਰਵਾਸੀ ਪੰਜਾਬੀਆਂ ਨੇ ਵਿਤੋਂ ਵੱਧ ਜ਼ੋਰ ਲਾਇਆ ਪਰ ਧੜੇਬੰਦੀ ਤੇ ਜ਼ਾਤੀ ਗਰਜ਼ਾਂ ਵਿਚ ਫਸੇ 'ਆਪ' ਦੇ ਲੀਡਰਾਂ ਨੇ ਆਪਣੀਆਂ ਸਿਆਸੀ ਚਾਲਾਂ ਚੱਲ ਕੇ ਪੰਜਾਬੀਆਂ ਨੂੰ ਨਿਰਾਸ਼ ਕੀਤਾ। ਹਾਲਾਂਕਿ ਪਰਵਾਸੀ ਪੰਜਾਬੀਆਂ ਨੇ ਪਾਰਟੀ ਦੇ ਖਜ਼ਾਨੇ ਮਾਇਆ ਨਾਲ ਉਛਲਣ ਲਾ ਦਿੱਤੇ ਸਨ। ਮਿਹਨਤ ਕਰਕੇ ਪੰਜਾਬ ਅੰਦਰ ਪਾਰਟੀ ਖੜ੍ਹੀ ਕਰਨ ਵਾਲੇ ਸੁੱਚਾ ਸਿੰਘ ਛੋਟੇਪੁਰ ਉਤੇ ਲਾਏ ਦੋਸ਼ ਅਜੇ ਤੱਕ ਲੋਕਾਂ ਨੂੰ ਦੱਸੇ ਹੀ ਨਹੀਂ ਗਏ ਪਰ ਛੋਟੇਪੁਰ ਨੂੰ ਪਾਰਟੀ 'ਚੋਂ ਕੱਢ ਦਿੱਤਾ। ਰੌਲਾ ਦੋ ਲੱਖ ਰੁਪਏ ਦਾ ਪੈਂਦਾ ਰਿਹਾ। ਕਮਾਲ ਦੇਖੋ ਕਿ ਉਸ ਸਮੇਂ ਪੰਜਾਬ ਦੇ ਥਾਪੇ ਨਵੇਂ ਪ੍ਰਧਾਨ ਗੁਰਪ੍ਰੀਤ ਸਿੰਘ ਘੁੱਗੀ ਨੂੰ ਰੌਲਾ ਪਾਉਣ ਦੇ ਬਾਵਜੂਦ 'ਸਬੂਤਾਂ' ਵਾਲੀ ਵੀਡੀਓ ਨਾ ਵਿਖਾਈ ਗਈ ਪਰ ਦਿੱਲੀ ਵਾਲਿਆਂ 'ਤੇ ਯੌਨ ਸੋਸ਼ਣ ਦੇ ਨਾਲ ਹੀ ਕਰੋੜਾਂ ਦੇ ਘਪਲਿਆਂ ਦੇ ਦੋਸ਼ ਲੱਗੇ, ਕਿਸੇ ਨੇ ਅਜੇ ਤੱਕ ਵੀ ਜਾਂਚ ਨਹੀਂ ਕੀਤੀ। ਉਹ ਲੋਕ ਹਾਈ ਕਮਾਂਡ ਵਿਚ ਹਨ, ਸ਼ਾਇਦ ਇਸ ਕਰਕੇ ਜਾਂਚ ਤੋਂ ਬਚੇ ਹੋਏ ਹਨ। ਫੇਰ ਪਾਰਦਰਸ਼ਤਾ ਦੇ ਅਰਥਾਂ ਦਾ ਖੁਲਾਸਾ ਕੌਣ ਕਰੇਗਾ? ਸੋਚਣਾ ਤਾਂ ਬਣਦਾ ਹੀ ਹੈ।



*ਸੰਜੇ ਸਿੰਘ*

'ਆਪ' ਵਿਚ ਬਹੁਤ ਕੁਝ ਹੈ, ਜਿਸ ਬਾਰੇ ਸੋਚਣ ਦੀ ਲੋੜ ਹੈ। ਪੰਜਾਬ ਵਿਧਾਨ ਸਭਾ ਅੰਦਰ ਮੁੱਖ ਵਿਰੋਧੀ ਧਿਰ ਹੋਣ ਕਰਕੇ ਵੱਡੀ ਜ਼ਿੰਮੇਵਾਰੀ ਹੈ 'ਆਪ' ਵਾਲਿਆਂ ਦੀ ਕਿ ਉਹ ਲੋਕਾਂ ਦੀ ਆਵਾਜ਼ ਬਣ ਕੇ ਵਿਧਾਨ ਸਭਾ ਵਿਚ ਜਾਣ। ਪਰ ਹਾਲ ਦੀ ਘੜੀ ਲਗਦਾ ਨਹੀਂ ਕਿ ਉਹ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਯੋਗ ਹਨ। ਜਦੋਂ ਲੋਕਾਂ ਦੇ ਮਸਲਿਆਂ ਦੀ ਥਾਂ ਆਪਣੇ ਜਾਤੀ ਮਸਲਿਆਂ ਨੂੰ ਪਹਿਲ ਦੇਣ ਲੱਗ ਪੈਣ ਤਾਂ ਲੋਕ ਕੀ ਆਸ ਰੱਖਣ?

ਵਿਧਾਨ ਸਭਾ ਅੰਦਰ ਮਸਲੇ ਉਠਾਉਣ ਨਾਲੋਂ ਵਾਕ-ਆਊਟ ਵਰਗਾ ਰਾਹ ਭਾਲ ਕੇ ਬਾਹਰ ਖੜ੍ਹੇ ਹੋ ਕੇ ਕੀ ਖੱਟਣਗੇ? ਲੋਕਾਂ ਦੇ ਮਸਲੇ ਕੌਣ ਉਠਾਊ? ਵਿਧਾਨ ਸਭਾ ਦੇ ਸਪੀਕਰ ਤੇ ਮੁੱਖ ਮੰਤਰੀ ਨਾਲ ਮਿਲ ਕੇ ਵਿਧਾਨ ਸਭਾ ਸੈਸ਼ਨ ਲੰਬੇ ਕਰਵਾਉਣ ਤਾਂ ਕਿ ਲੋਕਾਂ ਦੇ ਮਸਲੇ ਵਿਚਾਰੇ ਜਾਣ। ਵਾਕ-ਆਊਟ ਦਾ ਰਾਹ ਬਿਲਕੁੱਲ ਕਿਸੇ ਸੂਰਤ ਵਿਚ ਵੀ ਨਾ ਅਪਨਾਉਣ। ਅਕਾਲੀ ਤਾਂ ਇਹ ਹੀ ਚਾਹੁੰਦੇ ਹਨ ਕਿ 'ਆਪ' ਵਾਲੇ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਜੋਗੇ ਹੀ ਨਾ ਰਹਿਣ। ਉਹ ਅਕਾਲੀਆਂ ਦੀ ਚਾਲ ਨੂੰ ਸਮਝਣ ਤੋਂ ਅਸਮਰੱਥ ਹਨ। ਲੋਕਾਂ ਨੇ ਇਨ੍ਹਾਂ ਨੂੰ ਵਿਧਾਨ ਸਭਾ ਦੇ ਅੰਦਰ ਭੇਜਿਆ ਹੈ, ਬਾਹਰ ਖੜ੍ਹਨ ਵਸਤੇ ਨਹੀਂ।

ਪਾਰਟੀ ਅੰਦਰਲੀ ਧੜੇਬੰਦੀ ਪਾਰਟੀ ਪੱਧਰ 'ਤੇ ਅੰਦਰ ਬਹਿ ਕੇ ਵਿਚਾਰੀ ਜਾਣੀ ਚਾਹੀਦੀ ਹੈ। ਜਿਨ੍ਹਾਂ ਨੂੰ ਵੱਡੇ ਅਹੁਦਿਆਂ ਦਾ ਲਾਲਚ ਹੈ, ਉਨ੍ਹਾਂ ਨੂੰ ਵੀ ਸਮਝਾਉਣਾ ਚਾਹੀਦਾ ਹੈ। ਦੂਜੀਆਂ ਪਾਰਟੀਆਂ ਵਲੋਂ 'ਆਪ' ਅੰਦਰ 'ਡੈਪੂਟੇਸ਼ਨ' 'ਤੇ ਆਏ ਕੁਝ ਵੀ ਕਰ ਸਕਦੇ ਹਨ। ਕਿਸੇ ਵੀ ਪਾਰਟੀ ਲਈ ਪਾਰਟੀ ਦੀ ਏਕਤਾ ਬਹੁਤ ਵੱਡੀ ਗੱਲ ਹੁੰਦੀ ਹੈ। ਅਹੁਦੇ ਦਬਕੇ ਨਾਲ ਨਾ ਲਏ ਜਾਣ। ਪਾਰਟੀ ਅੰਦਰ ਐਚ. ਐਸ. ਫੂਲਕਾ ਨਾਲ ਜੋ ਹੋਈ, ਨਹੀਂ ਸੀ ਹੋਣੀ ਚਾਹੀਦੀ। ਸੂਝ-ਸਿਆਣਪ ਪੱਖੋਂ ਉਹ ਅਹਿਮ ਅਤੇ ਸਾਊ ਵੀ ਹਨ। ਅਜਿਹੇ ਲੋਕਾਂ ਨੂੰ ਹਾਸ਼ੀਏ 'ਤੇ ਨਹੀਂ ਧੱਕਣਾ ਚਾਹੀਦਾ। ਕੀ ਕੋਈ ਜਵਾਬ ਦੇ ਸਕਦਾ ਹੈ ਕਿ ਜਿਸ ਨੂੰ ਵਿਧਾਨ ਸਭਾ ਦੇ ਗਰੁਪ ਅੰਦਰ 'ਵਿੱਪ' ਦਾ ਅਹੁਦਾ ਮਿਲਿਆ ਸੀ, ਉਸ ਨੇ ਹੋਰ ਵੱਡਾ ਅਹੁਦਾ ਕਿਵੇਂ ਤੇ ਕਿਹੜੇ 'ਦਬਕੇ' ਨਾਲ ਪ੍ਰਾਪਤ ਕੀਤਾ?

ਪਿਛਲੇ ਸਮੇਂ ਤੋਂ ਰਾਜ ਸਭਾ ਅੰਦਰ ਜਾਣ ਦਾ ਕਈਆਂ ਵਿਚਾਲੇ ਘੋਲ ਚੱਲ ਰਿਹਾ ਸੀ। ਇਸ ਬਾਰੇ ਕਿਹਾ ਜਾ ਰਿਹਾ ਸੀ ਕਿ ਜਿਨ੍ਹਾਂ 'ਤੇ ਕਿਸੇ ਵੀ ਚੋਣ ਸਮੇਂ ਟਿਕਟਾਂ ਵੇਚਣ ਦੇ ਦੋਸ਼ ਲੱਗੇ ਹੋਣ, ਉਹ ਲੋਕ ਬਿਲਕੁਲ ਰਾਜ ਸਭਾ ਵਿਚ ਨਹੀਂ ਭੇਜੇ ਜਾਣੇ ਚਾਹੀਦੇ। ਕੁਮਾਰ ਵਿਸ਼ਵਾਸ ਕਾਫੀ ਦੇਰ ਤੋਂ ਆਪਣੇ ਆਪ ਨੂੰ ਪਾਰਟੀ ਦਾ ਮੋਢੀ ਮੈਂਬਰ ਦੱਸ ਕੇ ਰਾਜ ਸਭਾ ਦੀ ਮੈਂਬਰੀ 'ਤੇ ਆਪਣਾ ਹੱਕ ਜਤਾਈ ਜਾ ਰਿਹਾ ਸੀ। ਪੱਤਰਕਾਰ ਤੋਂ ਨੇਤਾ ਬਣੇ ਆਸ਼ੂਤੋਸ਼ ਦਾ ਨਾਂ ਵੀ ਚੁਣੇ ਜਾਣ ਵਾਲਿਆਂ ਵਿਚ ਬੋਲਦਾ ਸੀ। ਪਰ ਪਾਰਟੀ ਦੇ ਦੋ ਵੱਡੇ ਲੀਡਰਾਂ ਨੇ ਆਪਣਿਆਂ ਨੂੰ ਛੱਡ ਕੇ ਪਾਰਟੀ ਤੋਂ ਬਾਹਰਲੇ ਸਰਮਾਏਦਾਰ ਲੋਕਾਂ ਵੱਲ ਪਹੁੰਚ ਕੀਤੀ। ਕਿਉਂ? ਕੀ 'ਆਪ' 'ਚ ਅਕਲਮੰਦਾਂ ਦਾ ਏਨਾ ਕਾਲ ਪਿਆ ਹੋਇਆ ਹੈ ਕਿ ਗੈਰ ਪਾਰਟੀ ਮੈਂਬਰਾਂ ਨੂੰ ਰਾਜ ਸਭਾ ਵਾਸਤੇ ਨਾਮਜ਼ਦ ਕਰ ਦਿੱਤਾ ਗਿਆ? ਕਾਰਨ ਯੋਗਤਾ ਨਹੀਂ, ਕੁਝ ਹੋਰ ਲਗਦਾ ਹੈ। ਕੀ ਇਸ ਬਾਰੇ ਪਾਰਟੀ ਵਾਲੰਟੀਅਰਾਂ ਨੂੰ ਪੁੱਛਿਆ ਗਿਆ?

ਪੰਜਾਬ ਵਿਚ ਆਪਣੇ 'ਅਨੈਤਿਕ ਕਾਰਨਾਮਿਆਂ' ਕਰਕੇ ਪਾਰਟੀ ਦੀ ਹੋਈ ਬਦਨਾਮੀ ਅਤੇ ਹਾਰ ਦੇ ਜ਼ਿੰਮੇਵਾਰ ਸੰਜੇ ਸਿੰਘ ਨੂੰ ਕਿਸ ਖੂਬੀ ਕਰਕੇ ਨਾਮਜ਼ਦ ਕੀਤਾ ਗਿਆ? ਸਿਰਫ ਉਪਰਲਿਆਂ ਦਾ ਆਗਿਆਕਾਰੀ (ਯੈਸ ਮੈਨ) ਹੋਣਾ ਹੀ ਸਭ ਤੋਂ ਵੱਡੀ ਖੂਬੀ ਗਿਣੀ ਜਾਂਦੀ ਹੈ, ਇਸ ਪਾਰਟੀ ਵਿਚ? ਯੈਸ ਮੈਨ ਨਾ ਬਣਨ ਵਾਲੇ ਆਪਣੇ ਹੀ ਪਾਰਟੀ ਤੋਂ ਬਾਹਰ ਕੀਤਿਆਂ ਨੂੰ ਹੁਣ ਤੱਕ ਵਾਪਸ ਪਾਰਟੀ ਅੰਦਰ ਮੋੜ ਕੇ ਲਿਆਉਣ ਦੇ ਯਤਨ ਕਿਉਂ ਨਹੀਂ ਕੀਤੇ ਗਏ? ਆਪਣੀ ਹੀ ਪਾਰਟੀ ਦੀ ਜ਼ਾਬਤਾ ਕਮੇਟੀ ਦੇ ਮੁਖੀ ਨੂੰ ਸ਼ਾਇਦ ਇਹ ਹੀ ਪਾਰਟੀ ਬਾਹਰ ਕੱਢ ਸਕਦੀ ਹੈ ਤੇ ਇਨ੍ਹਾਂ ਨੇ ਕੱਢਿਆ ਵੀ-ਬੁੱਧੀਜੀਵੀ, ਦਰਵੇਸ਼ ਮਨੁੱਖ ਡਾ. ਦਲਜੀਤ ਸਿੰਘ (ਹੁਣ ਸਵਰਗਵਾਸੀ) ਨੂੰ। ਕਿਸੇ ਵੀ ਸਿਆਸੀ ਪਾਰਟੀ ਨੂੰ 'ਪ੍ਰਾਈਵੇਟ ਲਿਮਟਿਡ' ਬਣਾ ਕੇ ਨਹੀਂ ਚਲਾਇਆ ਜਾ ਸਕਦਾ। ਆਮ ਆਦਮੀ ਪਾਰਟੀ ਦੀ ਲੀਡਰਸ਼ਿੱਪ ਇਸ ਨੂੰ ਇਵੇਂ ਹੀ ਚਲਾਉਣ ਵਾਸਤੇ ਯਤਨਸ਼ੀਲ ਹੈ। ਇਹ 'ਬਦਲਵੀਂ ਸਿਆਸਤ' ਵਾਲੇ ਜੁਮਲੇ ਨੂੰ ਕਦੋਂ ਦੇ ਭੁੱਲ ਚੁਕੇ ਹਨ। ਕਿਸੇ ਵੀ ਲੋਕਰਾਜੀ ਜਾਂ ਕਹੀਏ ਸਵਰਾਜ ਦੇ ਸਿਧਾਂਤ ਨੂੰ ਪ੍ਰਣਾਈ ਪਾਰਟੀ ਵਾਸਤੇ ਇਹ ਘਾਤਕ ਰਾਹ ਹੈ। ਬੁਨਿਆਦੀ ਸਿਧਾਂਤ ਵਾਲੀ ਇਹ ਪਾਰਟੀ ਲੀਹੋਂ ਲੱਥ ਚੁਕੀ ਹੈ ਜਿਸ ਕਰਕੇ ਅਗਲੇ ਸਮੇਂ ਪਾਰਟੀ ਦਾ ਹੋਰ ਖਿਲਾਰਾ ਪੈਣ ਦੀਆਂ ਸੰਭਾਵਨਾਵਾਂ ਵੀ ਹਨ। ਕੁਮਾਰ ਵਿਸ਼ਵਾਸ ਵਰਗੇ 'ਆਪ ਦੇ ਸ਼ਹੀਦ' ਚੁੱਪ-ਚਾਪ ਨਹੀਂ ਬੈਠਣ ਲੱਗੇ। ਲੋਕ ਸਭਾ ਵਾਲਾ ਲਾਲੀ ਪੌਪ ਉਹਨੂੰ ਪੁੱਗਣਾ ਨਹੀਂ? ਉਹ ਜਾਵੇਗਾ, ਸਵਾਲ ਇਹ ਹੈ ਕਿ ਉਹ ਕਦੋਂ ਕੁ ਅਤੇ ਉਸ ਦੇ ਨਾਲ ਕਿੰਨੇ ਕੁ ਹੋਰ ਜਾਣਗੇ।

ਆਮ ਆਦਮੀ ਪਾਰਟੀ ਨੇ ਜੇ ਮੁੜ ਲੀਹ 'ਤੇ ਆਉਣਾ ਹੈ ਤਾਂ ਯਤਨ ਕੀਤੇ ਜਾਣੇ ਚਾਹੀਦੇ ਹਨ ਕਿ ਉਹ ਸੂਝਵਾਨ ਲੋਕ, ਜਿਨ੍ਹਾਂ ਪਾਰਟੀ ਉਸਾਰਨ ਵਿਚ ਯੋਗਦਾਨ ਪਾਇਆ, ਕਿਸੇ ਵੀ ਕਾਰਨ ਪਾਰਟੀ ਨੇ ਬਾਹਰ ਕੱਢੇ ਹੋਏ ਹਨ ਜਾਂ ਸਸਪੈਂਡ/ਮੁਅੱਤਲ ਕੀਤੇ ਹੋਏ ਹਨ, ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਕੇ ਵਾਪਸ ਲਿਆਂਦਾ ਜਾਵੇ।



*ਧਰਮਵੀਰ ਗਾਂਧੀ*

ਪਾਰਟੀ ਮੈਂਬਰਾਂ ਦੇ ਆਸਰੇ ਹੀ ਉਸਰਦੀ ਹੈ ਪਰ ਨਾਲ ਹੀ ਸੇਧ ਦੇਣ ਵਾਲੇ ਸੂਝਵਾਨ ਆਗੂ ਵੀ ਚਾਹੀਦੇ ਹਨ। ਇਸ ਸਮੇਂ ਸੂਝਵਾਨ ਆਗੂਆਂ ਦੀ ਘਾਟ ਬਾਰੇ ਗੱਲ ਕਰਦਿਆਂ ਕਈ ਸਿਆਸੀ ਟਿੱਪਣੀਕਾਰ ਆਮ ਆਦਮੀ ਪਾਰਟੀ ਦੀ ਤੁਲਨਾ 'ਸ਼ਿਵ ਜੀ ਦੀ ਬਰਾਤ' ਨਾਲ ਵੀ ਕਰਦੇ ਹਨ। ਇਸ ਤੋਂ ਬਚਣ ਦੀ ਲੋੜ ਹੈ। ਪਾਰਟੀ ਨੂੰ ਅੰਦਰੂਨੀ ਜਮਹੂਰੀਅਤ ਬਾਰੇ ਵੀ ਨਹੀਂ ਭੁੱਲਣਾ ਚਾਹੀਦਾ ਤਾਂ ਕਿ ਪਾਰਟੀ ਲੋਕਰਾਜੀ ਕਦਰਾਂ-ਕੀਮਤਾਂ ਵਾਲੀ ਵੀ ਹੋਵੇ। ਆਮ ਆਦਮੀ ਪਾਰਟੀ ਅਜੇ ਤੱਕ ਬਦਲਵੀਂ ਸਿਆਸਤ ਜਾਂ ਬਦਲਵੇਂ ਪ੍ਰਬੰਧ ਦੇ ਨਾਅਰੇ ਤੱਕ ਹੀ ਮਸਾਂ ਪਹੁੰਚੀ ਹੈ, ਅਮਲ ਵਿਚ ਇਸ ਤੋਂ ਬਹੁਤ ਦੂਰ ਹੈ। ਆਪਣੇ ਜ਼ਾਤੀ ਫਾਇਦਿਆਂ ਵਾਸਤੇ ਲੜਨਾ ਜਾਂ ਲੋਕ ਹਿਤਾਂ ਵਾਸਤੇ ਸਿਆਸਤ ਕਰਨੀ-ਇਸ ਵਿਚ ਬਹੁਤ ਵੱਡਾ ਫਰਕ ਹੈ, ਬੱਸ ਸਮਝਣ ਵਾਲੀ ਇਮਾਨਦਾਰੀ ਦੀ ਲੋੜ ਹੈ।

# ਰੂਹਾਂ, ਫੁੱਲ ਲੈ ਉਡੀਆਂ

*ਅੱਖਾਂ ਦੇ ਸਰਜਨ ਡਾ. ਦਲਜੀਤ ਸਿੰਘ (11 ਅਕਤੂਬਰ 1934-27 ਦਸੰਬਰ 2017) ਆਪਣੇ ਪੇਸ਼ੇ ਦੇ ਮਾਹਿਰ ਸਨ। 1976 ਵਿਚ ਭਾਰਤ ਅੰਦਰ ਲੈਂਜ਼ ਲਿਆਉਣ ਵਾਲੇ ਡਾਕਟਰਾਂ ਵਿਚੋਂ ਉਹ ਇਕ ਸਨ। ਆਪਣੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਉਨ੍ਹਾਂ ਨੂੰ 1987 ਵਿਚ ਪਦਮਸ੍ਰੀ ਨਾਲ ਨਵਾਜਿਆ ਗਿਆ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਹ ਲਗਾਤਾਰ ਸਮਾਜਿਕ, ਆਰਥਿਕ ਤੇ ਸਿਆਸੀ ਮੁੱਦਿਆਂ ਬਾਰੇ ਲਿਖਦੇ ਵੀ ਰਹੇ। 'ਪੰਜਾਬ ਟਾਈਮਜ਼' ਦੇ ਪਾਠਕ ਉਨ੍ਹਾਂ ਦੀਆਂ ਇੱਕਾ-ਦੁੱਕਾ ਰਚਨਾਵਾਂ ਪੜ੍ਹ ਚੁੱਕੇ ਹਨ। ਐਤਕੀਂ ਅਸੀਂ ਉਨ੍ਹਾਂ ਵੱਲੋਂ ਪੋਲੈਂਡ ਦੇ ਟ੍ਰੇਬਲਿੰਕਾ ਕੈਂਪ ਬਾਰੇ ਲਿਖਿਆ ਇਹ ਲੇਖ ਛਾਪ ਰਹੇ ਹਾਂ ਜੋ ਆਪਣੇ ਆਪ ਵਿਚ ਬੜਾ ਨਿਆਰਾ ਅਤੇ ਮਿੱਟੀ ਫਰੋਲਣ ਵਾਲਾ ਹੈ। -ਸੰਪਾਦਕ*



*ਪੋਲੈਂਡ ਵਿਚ ਸਥਿਤ ਟ੍ਰੇਬਲਿੰਕਾ ਕੈਂਪ ਦਾ ਸਕੈੱਚ।*

ਇਤਿਹਾਸ ਵਿਚ ਮਨੁੱਖਤਾ ਦੇ ਅਜਿਹੇ ਮਹਾਂ ਵਿਨਾਸ਼ ਦਰਜ ਹਨ, ਜਿਨ੍ਹਾਂ ਨੂੰ ਸਰਸਰੀ ਨਜ਼ਰ ਨਾਲ ਪੜ੍ਹਨਾ, ਇਤਿਹਾਸ ਤੇ ਮਨੁੱਖਤਾ, ਦੋਵਾਂ ਨਾਲ ਅਨਿਆਂ ਮੰਨਣਾ ਚਾਹੀਦਾ ਹੈ। ਅਜਿਹੇ ਮਹਾਂ ਵਿਨਾਸ਼ਾਂ ਵਿਚ ਆਉਂਦੀ ਹੈ ਦੂਜੀ ਸੰਸਾਰ ਜੰਗ ਦੌਰਾਨ ਛੇ ਮਿਲੀਅਨ (ਸੱਠ ਲੱਖ) ਯਹੂਦੀਆਂ ਦੀ ਦੁਖਦਾਈ ਮੌਤ, ਜਿਸ ਲਈ ਸਾਂਝੇ ਤੌਰ 'ਤੇ ਕੇਵਲ ਯਹੂਦੀਆਂ ਉਤੇ ਲਾਗੂ ਹੁੰਦਾ ਸ਼ਬਦ 'ਹੋਲੋਕਾਸਟ' ਵਰਤਿਆ ਜਾਂਦਾ ਹੈ। ਇਤਿਹਾਸ/ਲਿਟਰੇਚਰ ਅੰਦਰ ਦਰਜ ਹੈ ਕਿ ਪੋਲੈਂਡ (ਜਿਸ ਉਤੇ ਦੂਜੀ ਜੰਗ ਸਮੇਂ ਨਾਜ਼ੀ ਜਰਮਨੀ ਦਾ ਕਬਜ਼ਾ ਸੀ) ਅੰਦਰ ਛੇ ਥਾਵਾਂ ਉਤੇ ਯਹੂਦੀਆਂ ਨੂੰ 'ਮਾਰ ਮਿਟਾਉਣ' (ਐਕਸਟਰਮੀਨੇਸ਼ਨ) ਦੇ ਟਿਕਾਣੇ/ਕੈਂਪ



**ਡਾ. ਦਲਜੀਤ ਸਿੰਘ**

ਸਨ। ਇਨ੍ਹਾਂ ਵਿਚੋਂ ਚਾਰ ਕੈਂਪਾਂ ਟ੍ਰੇਬਲਿੰਕਾ, ਬੈਲਜ਼ੈਕ, ਸੋਬੀਬੋਰ ਅਤੇ ਚੈਲਮਨੋ ਅੰਦਰ ਉੱਨੀ ਲੱਖ ਯਹੂਦੀਆਂ ਦਾ ਸਫ਼ਾਇਆ ਕੀਤਾ ਗਿਆ। ਕਿਹਾ ਜਾ ਰਿਹਾ ਹੈ ਕਿ ਸਭ ਤੋਂ ਮਾਰੂ ਅਤੇ ਭਿਆਨਕ ਥਾਂ ਸੀ ਟ੍ਰੇਬਲਿੰਕਾ।

ਵਿਕੀਪੀਡੀਆ ਅੰਦਰ ਟ੍ਰੇਬਲਿੰਕਾ ਬਾਰੇ ਅੰਦਰਾਜ ਹੈ: "22 ਜੁਲਾਈ 1942 ਅਤੇ 19 ਅਕਤੂਬਰ 1943 ਵਿਚਕਾਰ ਇਥੇ ਸਾਢੇ ਅੱਠ ਲੱਖ ਲੋਕ ਮਾਰੇ ਗਏ, ਜਿਨ੍ਹਾਂ ਵਿਚੋਂ ਅੱਠ ਲੱਖ ਯਹੂਦੀ ਸਨ। ਅਖੀਰ ਵਿਚ ਕੈਦੀਆਂ ਨੇ ਬਗਾਵਤ ਕੀਤੀ ਤਾਂ ਕੈਂਪ ਬੰਦ ਕਰ ਦਿੱਤਾ ਗਿਆ। ਕੁਝ ਕੁ ਯਹੂਦੀ ਬਚ ਨਿਕਲੇ। ਟ੍ਰੇਬਲਿੰਕਾ ਕੈਂਪ ਕਾਹਦਾ ਸੀ, ਮੌਤ ਦਾ ਕਾਰਖਾਨਾ ਸੀ। ਇਥੇ ਆਉਣ ਵਾਲਿਆਂ ਵਿਚੋਂ 99 ਫੀਸਦੀ ਸਿੱਧੇ ਗੈਸ ਚੈਂਬਰ ਅੰਦਰ ਭੇਜੇ ਜਾਂਦੇ ਸਨ, ਜਦ ਕਿ ਬਾਕੀ ਇਕ ਫੀਸਦੀ ਨੂੰ ਸਮੂਹਿਕ ਕਬਰਾਂ ਪੁੱਟਣ ਅਤੇ ਲਾਸ਼ਾਂ ਦੱਬਣ ਲਈ ਵਰਤਿਆ ਜਾਂਦਾ ਸੀ। 19 ਅਕਤੂਬਰ 1943 ਪਿੱਛੋਂ ਨਾਜ਼ੀਆਂ ਨੇ ਮੌਤ ਦੇ ਇਸ ਕੈਂਪ ਦਾ ਖੁਰਾ-ਖੋਜ ਮਿਟਾਉਣ ਲਈ ਨਵੇਂ ਕੈਦੀਆਂ ਕੋਲੋਂ ਕਬਰਾਂ ਪੁਟਵਾ ਕੇ ਲਾਸ਼ਾਂ ਖੁੱਲ੍ਹੀਆਂ ਚਿਤਾਵਾਂ ਉਤੇ ਫੂਕ ਦਿੱਤੀਆਂ। ਇਸ ਜ਼ਾਲਮ ਅਮਲ ਦਾ ਹੁਣ ਸਬੂਤ ਲੱਭਣਾ ਵੀ ਔਖਾ ਹੈ।"

ਵਿਕੀਪੀਡੀਆ ਨੇ ਇਹ ਨਹੀਂ ਦੱਸਿਆ ਕਿ 19 ਅਕਤੂਬਰ 1943 ਪਿਛੋਂ 8.5 ਲੱਖ ਮੁਰਦਿਆਂ ਨੂੰ ਕਬਰਾਂ ਵਿਚੋਂ ਕੱਢਣ ਅਤੇ ਅੰਗੀਠਿਆਂ/ਚਿਤਾਵਾਂ ਉਤੇ ਸਾੜਨ ਵਿਚ ਕਿੰਨੀ ਕੁ ਦੇਰ ਲੱਗੀ।

ਇਕ ਸਰੀਰ ਦੇ ਸਸਕਾਰ/ਸਾੜਨ ਲਈ ਕੋਈ ਸੱਤ ਮਣ ਲੱਕੜ ਕੰਮ ਆਉਂਦੀ ਹੈ। ਕੋਈ ਤਿੰਨ ਘੰਟੇ ਲੱਗਦੇ ਹਨ, ਤੇਜ਼ ਅੱਗ ਨੂੰ ਆਪਣਾ ਕੰਮ ਪੂਰਾ ਕਰਨ ਲਈ। ਸਿਰਫ ਮਾਸ ਮਾਸ ਹੀ ਸੜਦਾ ਹੈ, ਹੱਡੀਆਂ ਅਤੇ ਦੰਦ ਨਹੀਂ। ਤਦੇ ਹੀ ਚਿਤਾ ਠੰਢੀ ਕਰ ਕੇ ਚੌਵੀ ਘੰਟਿਆਂ ਪਿੱਛੋਂ ਮ੍ਰਿਤਕ ਦੇ ਹੱਡੀਨੁਮਾ ਅੰਗ ਜਾਂ ਫੁੱਲ ਚੁਗੇ ਜਾਂਦੇ ਹਨ, ਜਿਨ੍ਹਾਂ ਨੂੰ ਜਲ ਪ੍ਰਵਾਹ ਕੀਤਾ ਜਾਂਦਾ ਹੈ। ਇਕ ਸਰੀਰ ਪਿਛੇ ਤਕਰੀਬਨ ਦੋ ਕਿੱਲੋ ਫੁੱਲ ਬਚਦੇ ਹਨ। ਬਾਲਣ ਤੋਂ ਉਪਜੀ ਸਵਾਹ ਇਸ ਤੋਂ ਵੱਖਰੀ ਹੁੰਦੀ ਹੈ।

ਟ੍ਰੇਬਲਿੰਕਾ ਦਾ ਮੌਤ ਕੈਂਪ ਤਕਰੀਬਨ ਫੁੱਟਬਾਲ ਦੇ ਮੈਦਾਨ ਜਿੰਨਾ ਸੀ। ਮੀਡੀਆ ਅੰਦਰ ਇਹ ਪੜ੍ਹਾਇਆ ਜਾਂਦਾ ਹੈ ਕਿ ਇਥੇ ਛੇ 'ਬਹੁਤ ਵੱਡੀਆਂ ਸਮੂਹਿਕ ਕਬਰਾਂ' ਪੁੱਟੀਆਂ ਗਈਆਂ ਸਨ, ਜਿਨ੍ਹਾਂ ਵਿਚ ਅੰਦਰ ਸਾਢੇ ਅੱਠ ਲੱਖ ਲੋਕ ਦੱਬੇ ਗਏ ਹਨ। ਇਸੇ ਹੀ 100×50 ਗਜ਼ ਮੈਦਾਨ (ਇਕ ਏਕੜ ਤੋਂ ਵੱਧ) ਅੰਦਰ ਪ੍ਰਸ਼ਾਸਨਿਕ ਅਤੇ ਗੈਸ ਨਾਲ ਮਾਰਨ ਵਾਲੀਆਂ ਇਮਾਰਤਾਂ ਵੀ ਸਨ। ਤਾਂ ਫਿਰ ਹਰ ਇਕ ਸਮੂਹਿਕ ਕਬਰ ਕਿੰਨੀ ਕੁ ਵਿਸ਼ਾਲ ਅਤੇ ਡੂੰਘੀ ਹੋਵੇਗੀ, ਜਿਸ ਅੰਦਰ ਡੇਢ ਲੱਖ ਲਾਸ਼ਾਂ ਸਮਾਂ ਗਈਆਂ? ਏਨੀਆਂ ਲਾਸ਼ਾਂ ਲਈ ਘੱਟੋ ਘੱਟ ਛੇ ਲੱਖ ਕਿਊਬਿਕ ਫੁੱਟ ਥਾਂ ਚਾਹੀਦੀ ਹੈ। ਪੜ੍ਹਾਈ ਜਾਂਦੀ ਸਮੱਗਰੀ ਅਨੁਸਾਰ ਕਰੀਬ 450 ਦਿਨ, ਹਰ ਰੋਜ਼ 200 ਲੋਕ ਮਾਰ ਕੇ ਦੱਬੇ ਗਏ। ਸਮੂਹਿਕ ਕਬਰ ਰੋਜ਼ਾਨਾ ਲਾਸ਼ਾਂ ਦੀ ਆਮਦ ਦੇ ਨਾਲ-ਨਾਲ ਕਿਵੇਂ ਡੂੰਘੀ ਕੀਤੀ ਜਾ ਸਕਦੀ ਹੈ? ਡੂੰਘੀ ਤਾਂ ਹੀ ਹੋ ਸਕਦੀ ਸੀ, ਜੇ ਪਹਿਲਾਂ ਸਾਰੀਆਂ ਲਾਸ਼ਾਂ ਕੱਢੀਆਂ ਜਾਂਦੀਆਂ ਅਤੇ ਮਿੱਟੀ ਹੋਰ ਡੂੰਘੀ ਪੁੱਟੀ ਜਾਂਦੀ। ਇੰਜ ਹੋ ਸਕਣਾ ਅਸੰਭਵ ਹੈ।

ਇਕ ਇਨਸਾਨੀ ਲਾਸ਼ ਘੱਟੋ ਘੱਟ 4 ਕਿਊਬਿਕ ਫੁੱਟ ਜਗ੍ਹਾ ਘੇਰਦੀ ਹੈ। ਜੇ ਛੇ ਮੌਤ ਦੇ ਟੋਏ ਪਹਿਲਾਂ ਹੀ ਤਿਆਰ ਕੀਤੇ ਗਏ ਸਨ ਤਾਂ ਹਰ ਇਕ ਦੀ ਮਿਣਤੀ ਸੀ ਸੌ ਫ਼ੁੱਟ ਲੰਮਾ, ਸੌ ਫੁੱਟ ਚੌੜਾ ਅਤੇ ਸੱਠ ਫੁੱਟ ਡੂੰਘਾ ਖੂਹਨੁਮਾ ਟੋਇਆ। ਟ੍ਰੇਬਲਿੰਕਾ ਮੌਤ ਕੈਂਪ ਅੰਦਰ ਏਨੀ ਥਾਂ ਹੀ ਨਹੀਂ ਸੀ, ਜੋ ਸਾਢੇ ਅੱਠ ਲੱਖ ਲੋਕਾਂ ਲਈ ਸਮੂਹਿਕ ਕਬਰਾਂ ਪੁੱਟੀਆਂ ਜਾ ਸਕਦੀਆਂ। ਨਾਲੇ ਨਵੀਆਂ ਲਾਸ਼ਾਂ ਲਈ ਥਾਂ ਬਣਾਉਣ ਵਾਸਤੇ ਨਾਲ ਦੀ ਨਾਲ ਕਬਰਾਂ ਡੂੰਘੀਆਂ ਕਰਦੇ ਜਾਣਾ ਅਸੰਭਵ ਹੈ। ਹਰ ਵੱਡੇ ਟੋਏ ਵਿਚੋਂ ਪੁੱਟੀ ਹੋਈ ਛੇ ਕਿਊਬਿਕ ਫੁੱਟ ਮਿੱਟੀ ਦੇ ਹਰ ਪਾਸੇ ਅੰਬਾਰ ਲੱਗ ਗਏ ਹੋਣਗੇ!



*ਪੋਲੈਂਡ ਦੇ ਸ਼ਹਿਰ ਵਾਰਸਾਅ ਤੋਂ ਚਾਰ ਕਿਲੋਮੀਟਰ ਦੂਰ ਸਥਿਤ ਟ੍ਰੇਬਲਿੰਕਾ ਕੈਂਪ ਯਾਦਗਾਰ ਦੀ ਤਸਵੀਰ।*

ਪੜ੍ਹਾਇਆ ਜਾਂਦਾ ਹੈ ਕਿ 19 ਅਕਤੂਬਰ 1943 ਪਿੱਛੋਂ ਨਾਜ਼ੀਆਂ ਦੇ ਇਸ (ਹੋਰਨਾਂ ਕੈਂਪਾਂ ਅੰਦਰ ਵੀ) ਕੈਂਪ ਦਾ ਖੁਰਾ-ਖੋਜ ਮਿਟਾਉਣ ਲਈ ਨਵੇਂ ਆਉਂਦੇ ਕੈਦੀਆਂ ਕੋਲੋਂ ਕਬਰਾਂ ਪੁਟਵਾ ਕੇ ਲਾਸ਼ਾਂ ਬਾਹਰ ਕੱਢੀਆਂ ਤੇ ਖੁੱਲ੍ਹੀਆਂ ਚਿਤਾਵਾਂ/ਅੰਗੀਠਿਆਂ ਉਤੇ ਸਾੜ ਕੇ ਸਵਾਹ ਕਰ ਦਿੱਤੀਆਂ, ਬਲਕਿ ਇੰਜ ਖੁਰਾ-ਖੋਜ ਮਿਟਾਇਆ ਕਿ ਨਾਜ਼ੀਆਂ ਦੇ ਇਸ ਭਿਆਨਕ ਜੁਰਮ ਦਾ ਸਬੂਤ ਲੱਭਣਾ ਵੀ ਔਖਾ ਹੈ।

ਪੋਲੈਂਡ ਠੰਢਾ ਮੁਲਕ ਹੈ। ਵਧੀਆ ਮੌਸਮ ਹੈ ਜੁਲਾਈ ਦਾ, ਜਦੋਂ ਤਾਪਮਾਨ 18 ਡਿਗਰੀ ਸੈਂਟੀਗ੍ਰੇਡ ਹੁੰਦਾ ਹੈ (ਪੰਜਾਬੀਆਂ ਲਈ ਤਾਂ ਇਹ ਵੀ ਸਰਦੀ ਗਿਣੀ ਜਾਂਦੀ ਹੈ)। ਅਗਸਤ ਪਿੱਛੋਂ ਠੰਢ ਵਧ ਜਾਂਦੀ ਹੈ ਅਤੇ ਸਰਦੀਆਂ ਵਿਚ ਤਾਪਮਾਨ ਮਨਫ਼ੀ 20 ਡਿਗਰੀ ਸੈਂਟੀਗ੍ਰੇਡ ਤੱਕ ਜਾਂਦਾ ਹੈ। ਜ਼ਾਹਿਰ ਹੈ ਕਿ ਟ੍ਰੇਬਲਿੰਕਾ ਅਤੇ ਹੋਰ ਮੌਤ ਕੈਂਪਾਂ ਅੰਦਰ ਵੀ ਅੰਤਾਂ ਦੀ ਸਰਦੀ ਹੀ ਹੋਵੇਗੀ। ਰੂਸੀ ਫੌਜਾਂ ਨੇ ਟ੍ਰੇਬਲਿੰਕਾ ਨੂੰ ਜੁਲਾਈ 1944 ਵਿਚ ਆਜ਼ਾਦ ਕਰਵਾਇਆ। ਉਸ ਤੋਂ ਕੁਝ ਚਿਰ ਪਹਿਲਾਂ ਹੀ ਜਰਮਨਾਂ ਨੇ ਇਸ ਕੈਂਪ ਨੂੰ ਉਖਾੜ ਕੇ 'ਨਿਸ਼ਾਨ ਤੱਕ ਮਲੀਆਮੇਟ' ਕਰ ਦਿੱਤਾ ਸੀ। ਇੰਟਰਨੈਟ ਤੋਂ ਦੋ ਤਸਵੀਰਾਂ ਮਿਲੀਆਂ ਹਨ, ਜੋ ਰੂਸੀਆਂ ਦੇ ਉਥੇ ਪਹੁੰਚਣ ਉਤੇ ਖਿੱਚੀਆਂ ਗਈਆਂ ਸਨ। ਇਕ ਤਸਵੀਰ ਵਿਚ ਕੁਝ ਰੂਸੀ ਫੌਜੀ ਤੇ ਕੈਂਪ ਵਾਸੀ ਗਰਮਜੋਸ਼ੀ ਨਾਲ ਮਿਲ ਰਹੇ ਹਨ। ਦੋ ਜਵਾਨ ਕੈਦੀਆਂ ਨੇ ਭਾਰੇ ਕੋਟ ਪਾਏ ਹੋਏ ਹਨ ਅਤੇ ਦੇਖਣ ਵਿਚ ਸਿਹਤਮੰਦ ਲੱਗਦੇ ਹਨ। ਦੂਜੀ ਤਸਵੀਰ ਵਿਚ 16 ਵਿਚਲੀ ਉਮਰ ਦੇ ਆਦਮੀ ਅਤੇ ਇਕ ਔਰਤ ਹਨ। ਸਭਨਾਂ ਨੇ ਭਾਰੀ ਗਰਮ ਸੂਟ ਪਾਏ ਹੋਏ ਹਨ ਤੇ ਹਰ ਇਕ ਦੇ ਸਿਰ ਉਤੇ ਗਰਮ ਟੋਪੀ ਹੈ। ਚੰਗੇ ਸਿਹਤਮੰਦ ਅਤੇ ਖੁਸ਼ ਨਜ਼ਰ ਆਉਂਦੇ ਹਨ। ਆਜ਼ਾਦ ਹੋਣ ਉਤੇ ਕੌਣ ਨਹੀਂ ਖੁਸ਼ ਹੁੰਦਾ? ਇਕ ਆਦਮੀ ਨੇ ਐਨਕ ਲਾਈ ਹੋਈ ਹੈ। ਬਹੁਤਿਆਂ ਨੇ ਗਲੇ ਉਤੇ ਮਫ਼ਲਰ ਵਲੇਟਿਆ ਹੋਇਆ ਹੈ। ਕੀ ਇਹ ਉਹੀ ਆਖਰੀ ਬਚੇ-ਖੁਚੇ ਲੋਕ ਹਨ, ਜਿਨ੍ਹਾਂ ਨੇ ਲੱਖਾਂ ਲਾਸ਼ਾਂ ਨੂੰ ਆਪਣੇ ਹੱਥੀਂ ਸਮੂਹਿਕ ਕਬਰਾਂ ਵਿਚੋਂ ਕੱਢ ਕੇ ਸਾੜਿਆ ਸੀ?

ਟ੍ਰੇਬਲਿੰਕਾ ਦੀ ਕਹਾਣੀ ਵਿਚ ਇਹ ਨਹੀਂ ਦੱਸਿਆ ਗਿਆ ਕਿ ਸਾਢੇ ਅੱਠ ਲੱਖ ਲਾਸ਼ਾਂ ਦਾ ਸਸਕਾਰ ਕਾਹਦੇ ਨਾਲ ਕੀਤਾ ਗਿਆ। ਲੱਕੜ, ਕੋਲੇ ਜਾਂ ਕਿਸੇ ਹੋਰ ਚੀਜ਼ ਨਾਲ? ਹਾਂ, ਇੰਨਾ ਦੱਸਿਆ ਜਾਂਦਾ ਹੈ ਕਿ ਲਾਸ਼ਾਂ ਨੂੰ ਖੁੱਲ੍ਹੀਆਂ ਭੱਠੀਆਂ ਵਿਚ ਸਾੜਿਆ ਗਿਆ। ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਪਹਿਲਾਂ ਤਾਂ ਗੈਸ ਨਾਲ ਮਾਰੇ ਹੋਏ ਲੋਕਾਂ ਦੀਆਂ ਲਾਸ਼ਾਂ ਸਾੜੀਆਂ ਜਾਂਦੀਆਂ ਹਨ, ਪਰ ਅਖੀਰ ਉਤੇ ਨਵੇਂ ਆਉਂਦੇ ਯਹੂਦੀ ਕੈਦੀਆਂ ਨੂੰ ਜਿਊਂਦਿਆਂ ਹੀ, ਸਿੱਧਾ ਭੱਠੀ ਵਿਚ ਸੁੱਟ ਦਿੱਤਾ ਜਾਂਦਾ ਸੀ।

ਬੰਦੇ ਨੂੰ ਮਾਰਨ ਉਪਰੰਤ ਖੁਰਾ-ਖੋਜ ਮਿਟਾਉਣਾ ਬੜਾ ਔਖਾ ਹੈ, ਬਲਕਿ ਅਸੰਭਵ ਹੈ। ਫੋਰੈਂਸਿਕ (ਜੁਰਮ ਖੋਜੀ) ਲੋਕ/ਮਾਹਿਰਾਂ ਨੇ ਹਜ਼ਾਰਾਂ ਸਾਲ ਪਹਿਲਾਂ ਦੇ ਮਰੇ ਲੋਕਾਂ ਦੇ ਟਿਕਾਣੇ ਲੱਭ ਲਏ; ਬਲਕਿ ਉਨ੍ਹਾਂ ਸਮਿਆਂ ਦੇ ਰਹਿਣ-ਬਹਿਣ ਆਦਿ ਬਾਰੇ ਜਾਣਕਾਰੀ ਵਿਸਥਾਰ ਵਿਚ ਲੈ ਲਈ। ਟ੍ਰੇਬਲਿੰਕਾ, ਬੈਲਜ਼ੈਕ, ਸੋਬੀਬੋਰ ਅਤੇ ਚੈਲਮਨੋ ਅੰਦਰ 19 ਲੱਖ ਲੋਕ ਮਾਰ ਕੇ ਮਿਟਾ ਦਿੱਤੇ ਹੋਣ ਅਤੇ ਫੋਰੈਂਸਿਕ ਲੋਕ ਸੁੱਤੇ ਰਹਿ ਜਾਣ, ਇਹ ਕਿਵੇਂ ਹੋ ਸਕਦਾ ਸੀ? ਉਨ੍ਹਾਂ ਦੇ ਸਾਹਮਣੇ ਉਹ ਮੈਦਾਨ ਸਨ, ਜਿਥੇ ਮਾਨਵਤਾ ਦਾ ਮਹਾਨ ਕਤਲ ਹੋਇਆ ਦੱਸਿਆ ਜਾਂਦਾ ਹੈ, ਤੇ ਜੋ ਵੇਖਣ ਵਿਚ ਇੰਜ ਲੱਗਦੇ ਹਨ, ਜਿਵੇਂ ਇਥੇ ਕਦੇ ਕੁਝ ਹੋਇਆ ਹੀ ਨਹੀਂ।

ਲੋਕਾਂ ਅੰਦਰ ਹੋਲੋਕਾਸਟ ਬਾਰੇ ਨਾਂਹ ਦੇ ਬਰਾਬਰ ਜਾਣਕਾਰੀ ਹੋਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਰਵਾਇਤੀ ਕਹਾਣੀ ਬਾਰੇ ਬੇਅੰਤ ਲਿਖਤਾਂ ਪਾਠ ਪੁਸਤਕਾਂ ਅਤੇ ਐਨਸਾਈਕਲੋਪੀਡੀਆ ਅੰਦਰ ਥਾਂ-ਥਾਂ ਭਰ ਦਿੱਤੀਆਂ ਗਈਆਂ। ਇਤਿਹਾਸਕਾਰਾਂ ਨੇ ਆਪਣੀਆਂ ਕੁਰਸੀਆਂ ਤੇ ਇਜ਼ਤਾਂ ਦਾਅ ਉਤੇ ਲਗਾ ਦਿੱਤੀਆਂ। ਸਿਆਸਤਦਾਨਾਂ ਨੇ ਰਵਾਇਤੀ ਕਹਾਣੀ ਦੇ ਹੱਕ ਵਿਚ ਕਾਨੂੰਨ ਪੈਦਾ ਕਰ ਦਿੱਤੇ। ਅਮੀਰ ਤੇ ਸ਼ਕਤੀਵਰ ਤਾਕਤਾਂ ਨੂੰ ਵੀ ਇਹ ਚੰਗਾ ਜਾਪਦਾ ਹੈ ਕਿ ਮਾਮਲੇ ਨੂੰ ਜਿਉਂ ਦਾ ਤਿਉਂ ਰੱਖਿਆ ਜਾਵੇ ਤੇ ਬਹਿਸ ਬਿਲਕੁਲ ਨਾ ਹੋਵੇ। ਜਿਹੜਾ ਵੀ ਖੋਜ ਰਾਹੀਂ ਸੱਚ ਤੱਕ ਪਹੁੰਚਣਾ ਚਾਹੁੰਦਾ ਹੈ, ਉਸ ਦਾ ਮਾਇਕ ਠੂੰਮ੍ਹਣਾ ਖੁੱਸ ਜਾਂਦਾ ਹੈ ਅਤੇ ਨੌਕਰੀ ਤੋਂ ਵੀ ਧੱਕਾ ਮਿਲ ਜਾਂਦਾ ਹੈ।

ਜੁਰਮ ਖੋਜੀ (ਫੋਰੈਂਸਿਕ) ਇਤਿਹਾਸਕਾਰਾਂ ਲਈ ਤਾਂ ਖੋਜ ਦਾ ਕੋਈ ਵਿਸ਼ਾ ਹੋਣਾ ਚਾਹੀਦਾ। 'ਸਮੂਹਿਕ ਕਬਰਾਂ ਦੇ ਜਾਦੂਈ ਢੰਗ ਨਾਲ ਗਾਇਬ ਹੋਣ' ਨਾਲੋਂ ਵਧੀਕ ਰੋਚਕ ਵਿਸ਼ਾ ਕਿਹੜਾ ਹੋ ਸਕਦਾ ਹੈ ਇਨ੍ਹਾਂ ਖੋਜੀਆਂ ਲਈ? ਜਦੋਂ ਉਹ ਮੈਦਾਨ ਵਿਚ ਖੋਜ ਲਈ ਆਉਂਦੇ ਹਨ ਤਾਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਂਦਾ ਹੈ। ਨੈਸ਼ਨਲ ਐਸੋਸੀਏਸ਼ਨ ਆਫ਼ ਫੋਰੈਂਸਿਕ ਹਿਸਟੋਰੀਅਨਜ਼ ਕਹਿੰਦੇ ਹਨ: "ਪੋਲੈਂਡ ਅੰਦਰ ਸਭ ਤੋਂ ਵੱਡੀ ਦੱਬਣਗਾਹ/ਮੜ੍ਹੀ ਐਨੇ ਵੱਡੇ ਟੋਏ... ਬਿਲਕੁਲ ਸਾਫ਼ ਕਰ ਦਿੱਤੇ ਗਏ... ਨਾਮ ਮਾਤਰ ਵੀ ਕੁਝ ਨਹੀਂ ਬਚਿਆ।" ਇਹ ਕਿਵੇਂ ਹੋ ਸਕਦਾ ਹੈ ਕਿ ਏਡਾ ਵੱਡਾ ਜੁਰਮ ਹੋ ਜਾਵੇ ਅਤੇ ਕੋਈ ਨਿਸ਼ਾਨੀ ਵੀ ਨਾ ਛੱਡੀ ਜਾਵੇ। ਫੁੱਟਬਾਲ ਦੇ ਮੈਦਾਨ ਜਿੱਡੀ ਥਾਂ ਵਿਚ ਲੱਖਾਂ ਹੀ ਲੋਕ ਮਾਰ ਕੇ ਸਾੜ ਦਿੱਤੇ ਜਾਣ ਅਤੇ ਕੇਵਲ ਮਿੱਟੀ ਦੀ ਇਕ ਤਹਿ ਹੇਠ ਹੀ ਸਾਰਾ ਜੁਰਮ ਛੁਪ ਜਾਵੇ, ਬਲਕਿ ਜਾਦੂਮਈ ਢੰਗ ਨਾਲ ਗਾਇਬ ਹੀ ਹੋ ਜਾਵੇ, ਇਹ ਤਾਂ ਸਰਾਸਰ ਬੱਚਿਆਂ ਵਾਲੀ ਗੱਲ ਹੈ। ਹਰ ਸਸਕਾਰੀ ਲਾਸ਼ ਨੇ ਦੋ ਕਿੱਲੋ ਹੱਡੀਆਂ ਤੇ ਦੰਦਾਂ ਦੇ ਫੁੱਲ ਅਤੇ ਉਸ 'ਤੇ ਖਰਚੇ ਗਏ ਸੱਤ ਮਣ ਬਾਲਣ ਨੇ ਆਪਣੀ ਸਵਾਹ ਛੱਡਣੀ ਹੈ। ਉਨ੍ਹਾਂ ਦੀ ਕੁੱਲ ਮਾਤਰਾ 8.5 ਲੱਖ ਗੁਣਾ ਕਰ ਕੇ ਸੋਚ ਲਵੋ ਰਤਾ!

ਪੋਲੈਂਡ ਦੇ ਚਾਰਾਂ ਮੌਤ ਕੈਂਪਾਂ ਵਿਚ ਕੁੱਲ 54 ਸਮੂਹਿਕ ਕਬਰਾਂ ਦੱਸੀਆਂ ਜਾਂਦੀਆਂ ਹਨ ਜੋ ਜਾਦੂਈ ਢੰਗ ਨਾਲ ਅਦਿਖ ਹੋ ਗਈਆਂ ਹਨ। ਸਾਨੂੰ ਪੜ੍ਹਾਇਆ ਜਾਂਦਾ ਹੈ ਕਿ ਉਥੇ ਉੱਨੀ ਲੱਖ ਲੋਕਾਂ ਦਾ ਸਫ਼ਾਇਆ ਹੋਇਆ; ਨੈਸ਼ਨਲ ਐਸੋਸੀਏਸ਼ਨ ਆਫ਼ ਫੋਰੈਂਸਿਕ ਹਿਸਟੋਰੀਅਨਜ਼ ਮੁਤਾਬਕ, ਉਨ੍ਹਾਂ 54 ਕਬਰਾਂ ਵਿਚ ਇਕ ਕਰੋੜ ਤੀਹ ਲੱਖ ਪੌਂਡ ਇਨਸਾਨੀ ਹੱਡੀਆਂ/ਫੁੱਲ ਅਤੇ ਕਰੀਬ ਛੇ ਕਰੋੜ ਦੰਦ ਹੋਣੇ ਚਾਹੀਦੇ ਹਨ। ਸੰਸਥਾ ਨੇ 54,000 ਅਮਰੀਕਨ ਡਾਲਰਾਂ ਦਾ ਇਨਾਮ ਰੱਖਿਆ, ਜੇ ਕੋਈ ਦੱਬੀ ਹੋਈ ਇਨਸਾਨੀ ਸਮੱਗਰੀ ਵਿਚੋਂ ਇਕ ਫ਼ੀਸਦੀ ਦਾ 1000ਵਾਂ ਹਿੱਸਾ ਵੀ ਲੱਭ ਕੇ ਦਿਖਾ ਦੇਵੇ ਤਾਂ...।

ਟ੍ਰੇਬਲਿੰਕਾ ਸਾਕੇ ਦੀ ਯਾਦ ਵਿਚ ਉਥੇ ਉਚੀ ਹਰਿਆਵਲ ਦੇ ਵਿਚਕਾਰ, ਅਦਭੁਤ ਯਾਦਗਾਰ ਕਾਇਮ ਕੀਤੀ ਗਈ ਹੈ। ਗੋਲ ਚੱਕਰ ਦੀ ਸ਼ਕਲ ਵਿਚ ਸੀਮੈਂਟ ਤੋਂ ਬਣੇ ਵੱਖ ਵੱਖ ਰੰਗਾਂ ਅਤੇ ਸ਼ਕਲਾਂ ਦੇ 17000 ਪੱਥਰ ਸਜਾਏ ਗਏ ਹਨ। 130 ਪੱਥਰਾਂ ਉਤੇ ਸ਼ਹਿਰਾਂ ਦੇ ਨਾਂ ਲਿਖੇ ਹੋਏ ਹਨ, ਜਿਥੋਂ ਦੇ ਵਸਨੀਕ ਇਥੇ ਮਾਰੇ ਗਏ। ਮਹਿਮਾਨਾਂ/ਯਾਤਰੂਆਂ ਲਈ ਬਣੇ ਪੈਂਫਲਿਟ ਵਿਚ ਇੰਜ ਲਿਖਿਆ ਹੈ; "ਟ੍ਰੇਬਲਿੰਕਾ ਅੰਦਰ ਇਹ ਮਹਾਨ ਯਾਦਗਾਰ ਉਨ੍ਹਾਂ ਪੋਲਿਸ਼/ਪੋਲਈ ਲੋਕਾਂ ਲਈ ਸ਼ਰਧਾਂਜਲੀ ਹੈ, ਜਿਨ੍ਹਾਂ ਦੀ ਰਾਖ, ਕੰਕਰੀਟ ਦੀਆਂ ਪਲੇਟਾਂ ਤੋਂ ਬਣੇ, ਮੜ੍ਹੀਆਂ ਦੇ ਵਿਸ਼ਾਲ ਚਿੰਨ੍ਹਾਂ ਦੇ ਥੱਲੇ ਹੈ। ਪੋਲੈਂਡ ਅੰਦਰ ਇਹ ਅਤਿਅੰਤ ਦੁਖਾਂਤ ਨਾਲ ਭਰੀ ਯਾਦਗਾਰ ਹੈ।" ਇਸੇ ਗੋਲ ਮੜ੍ਹੀ ਇਲਾਕੇ ਦੇ ਵਿਚਕਾਰ 24 ਫੁੱਟ ਉਚਾ ਗ੍ਰੇਨਾਈਟ ਦਾ ਯਾਦਗਾਰ ਚਿੰਨ੍ਹ ਹੈ, ਜੋ ਕਬਰ ਉਤੇ ਰੱਖੇ ਭਾਰੀ ਪੱਥਰ ਨੂੰ ਦਰਸਾਉਂਦਾ ਹੈ। ਟ੍ਰੇਬਲਿੰਕਾ ਯਾਦਗਾਰ 1959 ਤੋਂ 1963 ਵਿਚਕਾਰ ਉਸਾਰੀ ਗਈ। ਪੱਥਰਾਂ ਦੀ ਮਦਦ ਨਾਲ ਵਿਸ਼ਾਲ ਚਿਤਾ ਅਤੇ ਸਮੂਹਿਕ ਕਬਰ ਨੂੰ ਦਰਸਾਇਆ ਗਿਆ ਹੈ। ਤਸਵੀਰਾਂ ਦੇਖ ਕੇ ਬੰਦਾ ਭਾਵੁਕ ਹੋ ਆਪ ਮੁਹਾਰੇ ਅੱਥਰੂ ਵਹਾਉਣ ਲਈ ਤਿਆਰ ਹੋ ਜਾਂਦਾ ਹੈ।

ਐਨਸਾਈਕਲੋਪੀਡੀਆ ਆਫ਼ ਹੋਲੋਕਾਸਟ (1997) ਲਿਖਦਾ ਹੈ; "ਜੁਲਾਈ 1942 ਤੇ ਅਪਰੈਲ 1943 ਵਿਚਕਾਰ ਟ੍ਰੇਬਲਿੰਕਾ ਵਿਚ 8,70,000 ਲੋਕ ਮਾਰ ਕੇ ਦੱਬ ਦਿੱਤੇ ਗਏ। ਇਸ ਉਪਰੰਤ ਅਪਰੈਲ ਤੇ ਜੁਲਾਈ 1943 ਵਿਚਕਾਰ ਲੱਖਾਂ ਹੀ ਲਾਸ਼ਾਂ ਕੱਢ ਲਈਆਂ ਗਈਆਂ ਤੇ ਦੋ-ਢਾਈ ਹਜ਼ਾਰ ਦੇ ਜਥਿਆਂ ਵਿਚ 'ਰੇਲਵੇ ਟਾਈ' ਦੇ ਜਾਲ ਉਤੇ ਸਾੜ ਦਿੱਤੀਆਂ ਗਈਆਂ।"

ਅਕਤੂਬਰ 1999 ਵਿਚ ਆਸਟ੍ਰੇਲੀਆਈ ਵਿਗਿਆਨੀ ਰਿਚਰਡ ਕ੍ਰੇਗ (ਸਨਦ-ਯਾਫ਼ਤਾ ਇਲੈਕਟ੍ਰਾਨਿਕ ਇੰਜੀਨੀਅਰ) ਟ੍ਰੇਬਲਿੰਕਾ ਦਾ ਅਧਿਐਨ ਕਰਨ ਆਇਆ। ਉਹ ਆਪਣੇ ਨਾਲ ਧਰਤੀ ਜਾਂਚਣ ਵਾਲਾ ਅਤਿ ਸੂਖਮ ਰਡਾਰ ਲੈ ਕੇ ਗਿਆ। ਉਸ ਯੰਤਰ ਨੂੰ ਕਹਿੰਦੇ ਹਨ, 'ਗਰਾਊਂਡ ਪੈਨੀਟ੍ਰੇਸ਼ਨ ਰੇਡਾਰ' ਜਾਂ ਜੀ.ਪੀ.ਆਰ.। ਜੀ.ਪੀ.ਆਰ. ਧਰਤੀ ਵੱਲ ਸਿੱਧੇ ਸੰਕੇਤ ਭੇਜਦਾ ਹੈ, ਜਿਨ੍ਹਾਂ ਨੂੰ ਕੰਪਿਊਟਰ ਸਕਰੀਨ ਉਤੇ ਵੇਖਿਆ ਜਾਂਦਾ ਹੈ। ਜੀ.ਪੀ.ਆਰ. ਨਾਲ ਚਾਰ, ਪੰਜ ਜਾਂ ਕਈ ਵਾਰ 10 ਮੀਟਰ ਤੱਕ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਕ੍ਰੇਗ ਦੀ ਟੀਮ ਨੇ ਧਰਤੀ ਦਾ ਮੁਆਇਨਾ ਕੀਤਾ ਅਤੇ ਡਰਿਲ ਦੀ ਮਦਦ ਨਾਲ ਧਰਤੀ ਹੇਠੋਂ ਚੋਖੇ ਨਮੂਨੇ/ਸੈਂਪਲ ਕੱਢੇ ਜਿਨ੍ਹਾਂ ਨੂੰ ਲੈਬਾਰਟਰੀ ਵਿਚ ਘੋਖਿਆ ਗਿਆ।

ਕ੍ਰੇਗ ਦੀ ਟੀਮ ਨੇ ਕੁੱਲ ਟ੍ਰੇਬਲਿੰਕਾ ਕੈਂਪ ਅਤੇ ਇਸ ਦੇ ਆਲੇ-ਦੁਆਲੇ ਦਾ ਮੁਆਇਨਾ ਕੀਤਾ। ਉਸ ਦੀ ਟੀਮ ਨੂੰ ਕੁੱਲ ਇਲਾਕੇ ਵਿਚ ਇਕ ਵੀ ਥਾਂ ਨਹੀਂ ਲੱਭੀ, ਜਿਥੋਂ ਦੀ ਮਿੱਟੀ ਵਿਚ ਕਿਸੇ ਵੀ ਤਰ੍ਹਾਂ ਹਿਲਜੁਲ ਹੋਈ ਹੋਵੇ, ਕਬਰਾਂ ਦੀ ਤਾਂ ਗੱਲ ਹੀ ਛੱਡੋ! ਨਾ ਹੀ ਉਨ੍ਹਾਂ ਨੂੰ ਕੋਈ ਨਿੱਜੀ ਕਬਰ, ਹੱਡੀ ਦਾ ਕੋਈ ਟੁਕੜਾ, ਕੋਈ ਇਨਸਾਨੀ ਰਾਖ/ਫੁੱਲ ਜਾਂ ਕੋਈ ਲੱਕੜ ਦੀ ਸਵਾਹ ਹੀ ਲੱਭੀ।

ਕ੍ਰੇਗ ਦਾ ਕਹਿਣਾ ਹੈ ਕਿ ਉਸ ਦੀ ਖੋਜ ਦੱਸਦੀ ਹੈ ਕਿ ਟ੍ਰੇਬਲਿੰਕਾ ਕੈਂਪ ਟਿਕਾਣੇ ਉਤੇ ਕਦੇ ਵੀ ਕੋਈ ਸਮੂਹਕ ਕਬਰਾਂ ਨਹੀਂ ਸਨ। ਉਸ ਦਾ ਕਹਿਣਾ ਹੈ ਕਿ ਹੋਰਨਾਂ ਨੂੰ ਵੀ ਇਸ ਖੋਜ ਨਾਲ ਜੁੜਨਾ ਚਾਹੀਦਾ ਹੈ। ਉਹ ਕਹਿੰਦਾ ਹੈ: "ਇਤਿਹਾਸਕਾਰ ਕਹਿੰਦੇ ਹਨ ਕਿ 1943 ਵਿਚ ਇਥੇ ਕਬਰਾਂ ਵਿਚੋਂ ਪੁੱਟ ਕੇ ਲੋਕਾਂ ਨੂੰ ਸਾੜਿਆ ਗਿਆ, ਪਰ ਸਾਨੂੰ ਕੋਈ ਸੰਕੇਤ ਨਹੀਂ ਮਿਲਿਆ ਜੋ ਸਮੂਹ ਕਬਰਾਂ ਦਾ ਸੰਕੇਤ ਦੇਵੇ। ਮੇਰਾ ਜ਼ਾਤੀ ਖਿਆਲ ਇਹ ਹੈ ਕਿ ਇਥੇ ਕੋਈ ਘੋਰ ਨਰਸੰਘਾਰ ਜਿਹਾ ਕੁਝ ਨਹੀਂ ਵਾਪਰਿਆ।"

ਟ੍ਰੇਬਲਿੰਕਾ ਦੇ ਫੁੱਟਬਾਲ ਜਿਡੇ ਮੈਦਾਨ ਵਿਚ ਜੇ ਐਨਾ ਕੁਝ ਵਾਪਰਿਆ, ਜਿਸ ਦਾ ਨਾਂ ਨਿਸ਼ਾਨ ਵੀ ਨਹੀਂ ਲੱਭ ਰਿਹਾ ਤਾਂ ਇਕੋ ਹੀ ਨਤੀਜਾ ਨਿਕਲਦਾ ਹੈ: ਮਹਾਨ ਮ੍ਰਿਤਕ ਰੂਹਾਂ, ਸਰੀਰਾਂ ਨੂੰ ਨਾਲ ਹੀ ਲੈ ਗਈਆਂ ਅਤੇ ਜਾਂਦਿਆਂ ਜਾਂਦਿਆਂ ਧਰਤੀ ਨੂੰ ਵੀ ਵਾਪਸ ਸਵਾਰਦੀਆਂ ਗਈਆਂ!

*ਵਿਕੀਪੀਡੀਆ ਅੰਦਰ ਟ੍ਰੇਬਲਿੰਕਾ ਬਾਰੇ ਅੰਦਰਾਜ ਹੈ: "22 ਜੁਲਾਈ 1942 ਅਤੇ 19 ਅਕਤੂਬਰ 1943 ਵਿਚਕਾਰ ਇਥੇ ਸਾਢੇ ਅੱਠ ਲੱਖ ਲੋਕ ਮਾਰੇ ਗਏ, ਜਿਨ੍ਹਾਂ ਵਿਚੋਂ ਅੱਠ ਲੱਖ ਯਹੂਦੀ ਸਨ।... ਆਸਟ੍ਰੇਲੀਆਈ ਵਿਗਿਆਨੀ ਰਿਚਰਡ ਕ੍ਰੇਗ ਦੀ ਟੀਮ ਨੇ ਕੁੱਲ ਟ੍ਰੇਬਲਿੰਕਾ ਕੈਂਪ ਅਤੇ ਇਸ ਦੇ ਆਲੇ-ਦੁਆਲੇ ਦਾ ਮੁਆਇਨਾ ਕੀਤਾ। ਉਸ ਦੀ ਟੀਮ ਨੂੰ ਕੁੱਲ ਇਲਾਕੇ ਵਿਚ ਇਕ ਵੀ ਥਾਂ ਨਹੀਂ ਲੱਭੀ, ਜਿਥੋਂ ਦੀ ਮਿੱਟੀ ਵਿਚ ਕਿਸੇ ਵੀ ਤਰ੍ਹਾਂ ਹਿਲਜੁਲ ਹੋਈ ਹੋਵੇ, ਕਬਰਾਂ ਦੀ ਤਾਂ ਗੱਲ ਹੀ ਛੱਡੋ! ਉਸ ਦੀ ਖੋਜ ਦੱਸਦੀ ਹੈ ਕਿ ਕੈਂਪ ਟਿਕਾਣੇ ਉਤੇ ਸਮੂਹਕ ਕਬਰਾਂ ਨਹੀਂ ਸਨ।*

# ਪੰਜਾਬੀਆਂ ਨੇ ਫੀਨਿਕਸ 'ਚ ਲਾਇਆ ਫੀਲਡ ਹਾਕੀ ਦਾ ਬੂਟਾ

**ਫੀਨਿਕਸ, ਐਰੀਜ਼ੋਨਾ (ਸੁਖਵੀਰ ਗਰੇਵਾਲ):** ਪੰਜਾਬੀ ਦੁਨੀਆਂ ਦੇ ਜਿਸ ਖਿੱਤੇ ਵਿਚ ਗਏ ਹਨ, ਆਪਣਾ ਖੇਡ ਵਿਰਸਾ ਨਾਲ ਲੈ ਕੇ ਗਏ ਹਨ। ਐਰੀਜ਼ੋਨਾ ਸਟੇਟ ਦੇ ਇਸ ਸ਼ਹਿਰ ਵਿਚ ਫੀਲਡ ਹਾਕੀ ਦੀਆਂ ਜੜ੍ਹਾਂ ਲਾਉਣ ਦਾ ਸਿਹਰਾ ਪੰਜਾਬੀਆਂ ਨੂੰ ਜਾਂਦਾ ਹੈ। ਇਥੇ ਉਨ੍ਹਾਂ ਨੇ ਆਪਣੀ ਅਗਲੀ ਪੀੜ੍ਹੀ ਨੂੰ ਸਿਹਤ ਪੱਖੋਂ ਨਰੋਆ ਬਣਾਉਣ ਲਈ ਆਪਣੀ ਮਨਪਸੰਦ ਖੇਡ ਫੀਲਡ ਹਾਕੀ ਨਾਲ ਜੋੜਿਆ ਤੇ ਹੁਣ ਇਹ ਉਦਮ ਇੱਕ ਵੱਡੇ ਟੂਰਨਾਮੈਂਟ ਦਾ ਰੂਪ ਧਾਰ ਚੁਕਾ ਹੈ। ਫੀਨਿਕਸ ਸਕੌਰਪੀਅਨ ਫੀਲਡ ਹਾਕੀ ਕਲੱਬ ਦਾ ਇਹ ਉਦਮ ਸਿਰਫ ਟੂਰਨਾਮੈਂਟ ਤੱਕ ਸੀਮਿਤ ਨਹੀਂ ਸਗੋਂ ਇਸ ਕਲੱਬ ਦੇ ਪੰਜਾਬੀ ਖਿਡਾਰੀ ਹੁਣ ਅਮਰੀਕਾ ਦੀਆਂ ਟੀਮਾਂ ਵਲੋਂ ਵੀ ਖੇਡਣ ਲੱਗ ਪਏ ਹਨ।

ਇਸ ਸ਼ਹਿਰ ਵਿਚ ਫੀਲਡ ਹਾਕੀ ਦਾ ਨਾਮੋ ਨਿਸ਼ਾਨ ਨਹੀਂ ਸੀ ਪਰ ਇਹ ਬੂਟਾ ਲਾਉਣ ਦਾ ਸਿਹਰਾ ਪੰਜਾਬੀਆਂ ਨੂੰ ਜਾਂਦਾ ਹੈ ਜੋ ਪਿਛਲੇ 20 ਸਾਲਾਂ ਤੋਂ ਨਵੀਂ ਪੀੜ੍ਹੀ ਨੂੰ ਫੀਲਡ ਹਾਕੀ ਦੇ ਜ਼ਰੀਏ ਸਹੀ ਪਾਸੇ ਤੋਰਨ ਦਾ ਉਪਰਾਲਾ ਕਰ ਰਹੇ ਹਨ। 20 ਅਤੇ 21 ਜਨਵਰੀ ਨੂੰ ਕਲੱਬ ਵਲੋਂ ਇਥੇ 11ਵਾਂ ਸਾਲਾਨਾ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਭਾਰਤ, ਅਮਰੀਕਾ ਅਤੇ ਕੈਨੇਡਾ ਤੋਂ ਨਾਮੀ ਖਿਡਾਰੀ ਭਾਗ ਲੈਣਗੇ।



*ਫੀਨਿਕਸ ਸਕੌਰਪੀਅਨ ਫੀਲਡ ਹਾਕੀ ਟੂਰਨਾਮੈਂਟ ਦੀ ਇਕ ਫਾਈਲ ਫੋਟੋ*

ਕਲੱਬ ਦੇ ਮੋਹਰੀ ਮੈਂਬਰਾਂ ਵਿਚੋਂ ਇੱਕ ਸਿਮਰਜੀਤ ਸਿੰਘ ਦਾ ਖੇਡ ਪਿਛੋਕੜ ਫੀਲਡ ਹਾਕੀ ਨਾਲ ਹੋਣ ਕਰਕੇ ਉਨ੍ਹਾਂ ਇਸ ਖੇਡ ਦਾ ਬੂਟਾ ਇਸ ਰੇਗਿਸਤਾਨੀ ਸ਼ਹਿਰ ਵਿਚ ਲਾਉਣ ਦਾ ਬੀੜਾ ਚੁੱਕਿਆ ਸੀ। ਸਿਮਰਜੀਤ ਸਿੰਘ ਦਾ ਪਰਿਵਾਰ ਨਾਭਾ ਦੇ ਲਿਬਰਲਜ਼ ਹਾਕੀ ਟੂਰਨਾਮੈਂਟ ਨਾਲ ਜੁੜਿਆ ਰਿਹਾ ਹੈ। ਇਸ ਮਿਸ਼ਨਰੀ ਕੰਮ ਦੇ ਸ਼ੁਰੂਆਤੀ ਸਾਲਾਂ ਵਿਚ ਕੁਝ ਚੁਣੌਤੀਆਂ ਜ਼ਰੂਰ ਆਈਆਂ ਪਰ ਸਿਮਰਜੀਤ ਸਿੰਘ, ਬਲਜੀਤ ਹੁੰਦਲ, ਬਲਜਿੰਦਰ ਖੋਸਲਾ ਅਤੇ ਮਨਮੋਹਨ ਬਰਾੜ ਦੇ ਸਾਥ ਨਾਲ ਇੱਕ ਚੰਗੀ ਟੀਮ ਤਿਆਰ ਹੋ ਗਈ ਜਿਸ ਨੇ ਦਿਨ ਰਾਤ ਇੱਕ ਕਰਕੇ ਇਸ ਸੁਪਨੇ ਨੂੰ ਨੇਪਰੇ ਚਾੜ੍ਹਿਆ।

ਕਲੱਬ ਦੇ ਕੋਚ ਲਵੀਨ ਅਤੇ ਅਰੁਨ ਪੂਰਾ ਸਾਲ ਬੱਚਿਆਂ ਨੂੰ ਕੋਚਿੰਗ ਦਿੰਦੇ ਹਨ ਪਰ ਨਾਲ ਹੀ ਹੋਰ ਕਈ ਨਾਮੀ ਖਿਡਾਰੀ ਤੇ ਕੋਚ ਸਮੇਂ-ਸਮੇਂ ਖਿਡਾਰੀਆਂ ਨੂੰ ਕੋਚਿੰਗ ਦੇਣ ਲਈ ਆਉਂਦੇ ਰਹਿੰਦੇ ਹਨ। ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕੋਚ ਸ਼ਿਵ ਜਗਦੇ ਹਰ ਸਾਲ ਇਸ ਕਲੱਬ ਦੇ ਬੱਚਿਆਂ ਨੂੰ ਕੋਚਿੰਗ ਦਿੰਦੇ ਹਨ। ਇਸ ਤੋਂ ਇਲਾਵਾ ਉਲੰਪੀਅਨ ਦੀਪਕ ਠਾਕੁਰ, ਉਲੰਪੀਅਨ ਪ੍ਰਭਜੋਤ ਸਿੰਘ, ਜੁਗਰਾਜ ਸਿੰਘ, ਕੌਮਾਂਤਰੀ ਖਿਡਾਰੀ ਦਲਜੀਤ ਢਿੱਲੋਂ ਅਤੇ ਇੰਦਰਜੀਤ ਚੱਢਾ ਹਰ ਸਾਲ ਇਸ ਕਲੱਬ ਦੇ ਬੱਚਿਆਂ ਲਈ ਫੀਲਡ ਹਾਕੀ ਦੇ ਵਿਸ਼ੇਸ਼ ਕੈਂਪ ਲਾਉਂਦੇ ਹਨ।

ਨਵੀਂ ਪੀੜ੍ਹੀ ਲਈ ਮਿਸਾਲ ਪੈਦਾ ਕਰਨ ਲਈ ਪਹਿਲਾਂ ਕਲੱਬ ਦੇ ਸੀਨੀਅਰ ਖਿਡਾਰੀਆਂ ਦੀ ਟੀਮ ਨੇ ਕੈਨੇਡਾ ਅਤੇ ਅਮਰੀਕਾ ਦੇ ਟੂਰਨਾਮੈਂਟਾਂ ਵਿਚ ਭਾਗ ਲੈਣਾ ਸ਼ੁਰੂ ਕੀਤਾ। ਸਾਲ 1998 ਵਿਚ ਕਲੱਬ ਦੀ ਟੀਮ ਕੈਲੀਫੋਰਨੀਆ ਕੱਪ ਵਿਚ ਪਹਿਲੀ ਵਾਰ ਹਿੱਸਾ ਲੈਣ ਲਈ ਗਈ ਤੇ ਉਸ ਤੋਂ ਬਾਅਦ ਦਾ ਸਫਰ ਚੱਲ ਸੋ ਚੱਲ ਹੈ। ਸਾਲ 2008 ਵਿਚ ਇਸ ਕਲੱਬ ਦੀ ਟੀਮ ਨੇ ਕੈਲ ਕੱਪ ਦੇ ਕੰਪੀਟੀਟਿਵ ਗਰੁਪ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਸਾਲ ਮੂਰਪਾਰਕ ਦੇ ਗੁਰੂ ਨਾਨਕ ਟੂਰਨਮੈਂਟ 'ਚ ਦੂਜੇ ਥਾਂ ਰਹੀ।

ਸੀਨੀਅਰ ਖਿਡਾਰੀਆਂ ਦੀ ਸਰਗਰਮੀ ਦਾ ਜੂਨੀਅਰ ਖਿਡਾਰੀਆਂ ਉਪਰ ਕਾਫੀ ਅਸਰ ਪਿਆ ਹੈ। ਕਲੱਬ ਦੇ ਚਾਰ ਖਿਡਾਰੀ ਅਮਰੀਕਾ ਦਾ ਜੂਨੀਅਰ ਕੈਂਪ ਲਾ ਚੁਕੇ ਹਨ। ਮਨਰਾਜ ਸਿੰਘ ਤੇ ਜੀਵੀ ਹੁੰਦਲ ਨੇ ਕੁਝ ਸਾਲ ਪਹਿਲਾਂ ਅਮਰੀਕਾ ਦਾ ਜੂਨੀਅਰ ਕੈਂਪ ਲਾਇਆ ਸੀ ਤੇ ਗੁਰਚਰਨ ਗੈਰੀ ਜੌਹਲ ਅਤੇ ਨਮਿਤ ਮਾਂਗਟ ਅਮਰੀਕਾ ਦੀ ਜੂਨੀਅਰ ਟੀਮ ਲਈ ਚੁਣੇ ਗਏ ਹਨ। ਕਲੱਬ ਦੇ ਬੁਲਾਰੇ ਸਿਮਰਜੀਤ ਸਿੰਘ ਨੇ ਦੱਸਿਆ ਕਿ ਫੀਲਡ ਹਾਕੀ ਤੋਂ ਕਲੱਬ ਵਲੋਂ ਹੋਰ ਕਈ ਗਤੀਵਿਧੀਆਂ ਸਾਰਾ ਸਾਲ ਚਲਦੀਆਂ ਰਹਿੰਦੀਆਂ ਹਨ।

## ਉਡਦੇ ਜਹਾਜ਼ 'ਚ ਹੱਥੋਪਾਈ ਹੋਏ ਪਾਇਲਟ

**ਮੁੰਬਈ:** ਜੈੱਟ ਏਅਰਵੇਜ਼ ਨੇ ਆਪਣੇ ਦੋ ਸੀਨੀਅਰ ਪਾਇਲਟਾਂ ਨੂੰ ਉਡਾਨ ਦੌਰਾਨ ਝਗੜਾ ਕਰਨ ਉਤੇ ਮੁਅੱਤਲ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਕਾਕਪਿਟ 'ਚ ਕਿਸੇ ਗੱਲ ਤੋਂ ਹੋਏ ਝਗੜੇ ਦੌਰਾਨ ਜੈੱਟ ਏਅਰਵੇਜ਼ ਦੇ ਪੁਰਸ਼ ਪਾਇਲਟ ਨੇ ਆਪਣੀ ਸਾਥੀ ਮਹਿਲਾ ਪਾਇਲਟ ਨੂੰ ਥੱਪੜ ਮਾਰ ਦਿੱਤਾ ਜਿਸ ਕਾਰਨ ਉਹ ਰੋਂਦੀ ਹੋਈ ਕਾਕਪਿਟ ਤੋਂ ਬਾਹਰ ਆ ਗਈ। ਜਦੋਂ ਇਨ੍ਹਾਂ ਦੋਹਾਂ ਵਿਚਾਲੇ ਝਗੜਾ ਹੋਇਆ, ਉਸ ਸਮੇਂ ਜਹਾਜ਼ ਈਰਾਨ-ਪਾਕਿਸਤਾਨ ਦੇ ਹਵਾਈ ਖੇਤਰ 'ਚ ਉਡ ਰਿਹਾ ਸੀ, ਉਨ੍ਹਾਂ ਦੇ ਇਸ ਵਿਵਾਦ ਨੇ ਜਹਾਜ਼ ਸਵਾਰ 324 ਲੋਕਾਂ ਦੀ ਜਾਨ ਲਈ ਖਤਰਾ ਪੈਦਾ ਕਰ ਦਿੱਤਾ। ਝਗੜੇ ਦੀ ਪੁਸ਼ਟੀ ਕਰਦਿਆਂ ਜੈੱਟ ਏਅਰਵੇਜ਼ ਦੇ ਬੁਲਾਰੇ ਨੇ ਦੱਸਿਆ ਕਿ ਦੋਹਾਂ ਪਾਇਲਟਾਂ ਵਿਚਾਲੇ ਹੋਈ ਗਲਤਫਹਿਮੀ ਨੂੰ ਅਮਲੇ ਦੇ ਹੋਰ ਮੈਂਬਰਾਂ ਨੇ ਸਮਝਾ-ਬੁਝਾ ਕੇ ਤੁਰਤ ਸੁਲਝਾ ਦਿੱਤਾ ਸੀ। ਇਹ ਦੋਵੇਂ ਪਾਇਲਟ ਕਈ ਸਾਲਾਂ ਤੋਂ ਇਕੱਠੇ ਕੰਮ ਕਰ ਰਹੇ ਹਨ ਤੇ ਪਹਿਲਾਂ ਵੀ ਕਈ ਵਾਰ ਝਗੜੇ ਹਨ ਪਰ ਹੱਥੋਪਾਈ ਹੋਣ ਦੀ ਨੌਬਤ ਪਹਿਲੀ ਵਾਰ ਆਈ ਹੈ।

## ਹਿੰਦੂ ਔਰਤਾਂ ਦੇ ਹੱਕ ਵਿਚ ਸਿੰਧ ਹਾਈ ਕੋਰਟ ਦੇ ਹੁਕਮ

**ਇਸਲਾਮਾਬਾਦ:** ਪਾਕਿਸਤਾਨ 'ਚ ਹਿੰਦੂ ਔਰਤਾਂ ਦੀ ਜ਼ਬਰਨ ਧਰਮ ਤਬਦੀਲੀ ਦੀਆਂ ਖਬਰਾਂ ਪਿੱਛੋਂ ਇਕ ਹਿੰਦੂ ਔਰਤ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਸਿੰਧ ਹਾਈ ਕੋਰਟ ਨੇ ਇਸ ਦਾ ਖੁਦ ਨੋਟਿਸ ਲੈਂਦਿਆਂ ਪੀੜਤ ਔਰਤ ਨੂੰ ਸੁਰੱਖਿਆ ਦੇਣ ਅਤੇ ਦੋਸ਼ੀ ਖਿਲਾਫ ਕਾਰਵਾਈ ਦਾ ਹੁਕਮ ਦਿੱਤਾ ਹੈ। ਔਰਤ ਨਾਲ ਪਿਛਲੇ ਮਹੀਨੇ ਬਲਾਤਕਾਰ ਕੀਤਾ ਗਿਆ ਸੀ, ਪਰ ਰਸੂਖ ਕਾਰਨ ਦੋਸ਼ੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

'ਡਾਨ ਨਿਊਜ਼' ਮੁਤਾਬਕ ਸਿੰਧ ਹਾਈ ਕੋਰਟ ਦੇ ਜੱਜ ਅਹਿਮਦ ਅਲੀ ਐਮ. ਸ਼ੇਖ ਨੇ ਸੂਬੇ ਦੇ ਉਮਰਕੋਟ ਜਿਲ੍ਹੇ ਦੇ ਕੁਨਰੀ ਇਲਾਕੇ 'ਚ ਹੋਏ ਬਲਾਤਕਾਰ ਦੇ ਕੇਸ ਦਾ ਖੁਦ ਨੋਟਿਸ ਲਿਆ।

## ਤਜਰਬੇ ਦੌਰਾਨ ਆਪਣੇ ਹੀ ਸ਼ਹਿਰ 'ਤੇ ਮਿਜ਼ਾਈਲ ਸੁੱਟ ਬੈਠਾ ਸੀ ਕੋਰੀਆ

**ਪਿਓਗਯਾਂਗ:** ਉਤਰੀ ਕੋਰੀਆ ਭਾਵੇਂ ਅਮਰੀਕਾ ਨੂੰ ਚੁਣੌਤੀ ਦੇਣ ਲਈ ਮਿਜ਼ਾਈਲ ਪ੍ਰੀਖਣ ਕਰ ਰਿਹਾ ਹੋਵੇ ਪਰ ਇਹ ਉਸ ਲਈ ਵੀ ਘਾਤਕ ਸਾਬਤ ਹੋ ਰਹੀਆਂ ਹਨ। ਉਤਰੀ ਕੋਰੀਆ ਵੱਲੋਂ ਦਾਗੀ ਗਈ ਇਕ ਬੈਲਿਸਟਿਕ ਮਿਜ਼ਾਈਲ ਉਸ ਦੇ ਆਪਣੇ ਹੀ ਸ਼ਹਿਰ 'ਚ ਜਾ ਡਿੱਗੀ। ਇਸ ਕਾਰਨ ਹੋਈਆਂ ਮੌਤਾਂ ਬਾਰੇ ਪਤਾ ਨਹੀਂ ਲੱਗ ਸਕਿਆ।

ਅਮਰੀਕੀ ਅਧਿਕਾਰੀਆਂ ਅਨੁਸਾਰ ਪਿਛਲੇ ਸਾਲ 28 ਅਪਰੈਲ ਨੂੰ ਸਵਾਸਾਂਗ-12 ਨਾਂ ਦੀ ਬੈਲਿਸਟਿਕ ਮਿਜ਼ਾਈਲ ਸਬੰਧੀ ਸ਼ੁਰੂ 'ਚ ਇਹ ਸਮਝਿਆ ਜਾ ਰਿਹਾ ਸੀ ਕਿ ਉਹ ਤਬਾਹ ਹੋ ਗਈ ਸੀ, ਪਰ ਨਵੇਂ ਤੱਥਾਂ ਅਨੁਸਾਰ ਉਹ ਮਿਜ਼ਾਈਲ ਉਤਰੀ ਕੋਰੀਆ ਦੀ ਰਾਜਧਾਨੀ ਪਿਓਗਯਾਂਗ ਤੋਂ ਕਰੀਬ 90 ਮੀਲ ਦੂਰ ਟੋਕਚੋਨ ਸ਼ਹਿਰ 'ਤੇ ਜਾ ਡਿੱਗੀ ਸੀ। ਸ਼ਹਿਰ ਦੀ ਆਬਾਦੀ 2 ਲੱਖ ਤੋਂ ਵੱਧ ਹੈ। 'ਡਿਪਲੋਮੈਟ' ਮੈਗਜ਼ੀਨ ਨੇ ਅਮਰੀਕੀ ਖੁਫੀਆ ਸੂਤਰਾਂ ਤੇ ਉਪਗ੍ਰਹਿ ਦੀਆਂ ਤਸਵੀਰਾਂ ਦੇ ਹਵਾਲੇ ਨਾਲ ਦੱਸਿਆ ਕਿ ਮੰਨਿਆ ਜਾ ਰਿਹਾ ਹੈ ਕਿ ਸ਼ਹਿਰ 'ਤੇ ਆ ਕੇ ਮਿਜ਼ਾਈਲ ਦੇ ਫਟ ਜਾਣ ਕਾਰਨ ਇਮਾਰਤਾਂ ਦਾ ਕਾਫੀ ਨੁਕਸਾਨ ਹੋਇਆ ਹੈ।

## ਬਿਹਾਰ ਸਰਕਾਰ ਦੇ 28 ਵਿਚੋਂ 22 ਮੰਤਰੀ ਕਰੋੜਪਤੀ

**ਨਵੀਂ ਦਿੱਲੀ:** ਭਾਰਤ ਦੇ ਗਰੀਬ ਸੂਬਿਆਂ ਵਿਚੋਂ ਇਕ ਬਿਹਾਰ ਦੇ ਮੰਤਰੀ ਕਰੋੜਪਤੀ ਹਨ। ਬਿਹਾਰ ਵਿਚ ਨਿਤੀਸ਼ ਕੁਮਾਰ ਦੇ 28 ਵਿਚੋਂ 22 ਮੰਤਰੀ ਅਜਿਹੇ ਹਨ ਜੋ ਕਰੋੜਪਤੀ ਹਨ। ਖੁਦ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਵੀ ਕਰੋੜਪਤੀ ਹਨ।

ਜਾਇਦਾਦ ਦੇ ਸਾਲਾਨਾ ਐਲਾਨ ਵਿਚ ਇਹ ਗੱਲ ਸਾਹਮਣੇ ਆਈ ਹੈ। ਖਾਸ ਗੱਲ ਇਹ ਹੈ ਕਿ ਨਿਤੀਸ਼ ਕੁਮਾਰ ਦੇ ਕੋਲ ਆਪਣੇ ਬੇਟੇ ਤੋਂ ਘੱਟ ਜਾਇਦਾਦ ਹੈ ਉਥੇ ਹੀ ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਜਾਇਦਾਦ ਦੇ ਮਾਮਲੇ ਵਿਚ ਆਪਣੀ ਪਤਨੀ ਤੋਂ ਪਿੱਛੇ ਹਨ। ਜਾਇਦਾਦ ਦੇ ਐਲਾਨ ਮੁਤਾਬਕ ਨਿਤੀਸ਼ ਕੈਬਨਿਟ ਵਿਚ ਭਾਜਪਾ ਦੇ ਸੁਰੇਸ਼ ਕੁਮਾਰ ਸ਼ਰਮਾ ਸਭ ਤੋਂ ਅਮੀਰ ਮੰਤਰੀ ਹਨ। ਸੁਰੇਸ਼ ਕੁਮਾਰ ਸ਼ਰਮਾ ਕੋਲ 10 ਕਰੋੜ ਤੋਂ ਵਧੇਰੇ ਜਾਇਦਾਦ ਹੈ।

ਸੁਰੇਸ਼ ਕੁਮਾਰ ਸ਼ਰਮਾ ਬਿਹਾਰ ਦੇ ਸ਼ਹਿਰੀ ਵਿਕਾਸ ਮੰਤਰੀ ਹਨ। ਨਿਤੀਸ਼ ਸਰਕਾਰ ਦੇ ਮੰਤਰੀ ਤੇ ਭਾਜਪਾ ਵਿਧਾਇਕ ਰਾਣਾ ਰਣਧੀਰ ਕੋਲ ਸਭ ਤੋਂ ਘੱਟ 23.10 ਲੱਖ ਦੀ ਜਾਇਦਾਦ ਹੈ। ਬਿਹਾਰ ਦੇ ਮੰਤਰੀਆਂ ਕੋਲ ਹਥਿਆਰ ਵੀ ਹਨ।

ਨਿਤੀਸ਼ ਕੁਮਾਰ ਦੇ 6 ਮੰਤਰੀਆਂ ਨੇ ਦੱਸਿਆ ਕਿ ਉਨ੍ਹਾਂ ਕੋਲ ਲਾਇਸੈਂਸ ਵਾਲੇ ਹਥਿਆਰ ਹਨ। ਮੁੱਖ ਮੰਤਰੀ ਨੇ ਸਾਲ 2011 ਵਿਚ ਹੀ ਸਾਰਿਆਂ ਮੰਤਰੀਆਂ ਦਾ ਸਾਲਾਨਾ ਬਿਊਰਾ ਲਾਜ਼ਮੀ ਕੀਤਾ ਸੀ। ਨਿਤੀਸ਼ ਕੁਮਾਰ ਕੋਲ 57 ਲੱਖ ਰੁਪਏ ਦੀ ਪ੍ਰਾਈਵੇਟ ਪ੍ਰਾਪਰਟੀ ਹੈ। ਅੰਗਰੇਜ਼ੀ ਅਖਬਾਰ 'ਦਾ ਇੰਡੀਅਨ ਐਕਸਪ੍ਰੈਸ' ਮੁਤਾਬਕ ਨਿਤੀਸ਼ ਕੋਲ 9 ਗਾਵਾਂ ਤੇ 7 ਵੱਛੇ ਹਨ, ਜਿਨ੍ਹਾਂ ਦੀ ਕੀਮਤ 1.45 ਲੱਖ ਰੁਪਏ ਹੈ। ਨਿਤੀਸ਼ ਕੁਮਾਰ ਦੇ ਬੇਟੇ ਨਿਸ਼ਾਂਤ ਕੁਮਾਰ ਕੋਲ 2.37 ਕਰੋੜ ਤੋਂ ਵਧੇਰੇ ਦੀ ਜਾਇਦਾਦ ਹੈ।

## ਸੁਸਤ ਵਿਕਾਸ ਦਰ ਬਣੀ ਰਹੇਗੀ ਮੋਦੀ ਲਈ ਚੁਣੌਤੀ

**ਨਵੀਂ ਦਿੱਲੀ:** ਖੇਤੀਬਾੜੀ ਅਤੇ ਨਿਰਮਾਣ ਖੇਤਰ ਦੀ ਮਾੜੀ ਕਾਰਗੁਜ਼ਾਰੀ ਕਾਰਨ 2017-18 ਵਿਚ ਆਰਥਿਕ ਵਿਕਾਸ ਦਰ ਦੇ ਚਾਰ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 6.5 ਫੀਸਦੀ ਰਹਿਣ ਦੀ ਸੰਭਾਵਨਾ ਹੈ, ਜੋ ਮੋਦੀ ਦੀ ਅਗਵਾਈ ਵਾਲੀ ਸਰਕਾਰ ਤਹਿਤ ਸਭ ਤੋਂ ਘੱਟ ਹੈ। 2016-17 ਵਿਚ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) 7.1 ਫੀਸਦੀ ਸੀ ਅਤੇ ਇਸ ਤੋਂ ਪਹਿਲੇ ਸਾਲ ਜੀ.ਡੀ.ਪੀ. 8 ਫੀਸਦੀ ਸੀ। 2014-15 ਵਿਚ ਵਿਕਾਸ ਦਰ 7.5 ਫੀਸਦੀ ਸੀ। ਨਰੇਂਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਮਈ 2014 ਵਿਚ ਕਾਰਜਭਾਰ ਸੰਭਾਲਿਆ ਸੀ।




ਕੇਂਦਰੀ ਅੰਕੜਾ ਦਫਤਰ (ਸੀ.ਐਸ.ਓ.) ਨੇ 2017-18 ਕੌਮੀ ਆਮਦਨ ਦੇ ਅਗਾਊਂ ਅਨੁਮਾਨ ਐਲਾਨਦਿਆਂ ਦੱਸਿਆ ਕਿ 2017-18 ਦੌਰਾਨ ਜੀ.ਡੀ.ਪੀ. ਦੇ 6.5 ਫੀਸਦੀ ਰਹਿਣ ਦਾ ਅਨੁਮਾਨ ਹੈ। 2016-17 ਵਿਚ ਵਿਕਾਸ ਦਰ 7.1 ਫੀਸਦੀ ਸੀ। 2017-18 ਵਿਚ ਗਰੌਸ ਵੈਲਿਊ ਐਡਿਡ (ਜੀ.ਵੀ.ਏ.) ਦਰ 6.1 ਫੀਸਦੀ ਰਹਿਣ ਦੀ ਸੰਭਾਵਨਾ ਹੈ, ਜੋ ਪਿਛਲੇ ਸਾਲ 6.6 ਫੀਸਦੀ ਸੀ। ਦੱਸਣਯੋਗ ਹੈ ਕਿ ਅੱਠ ਨਵੰਬਰ, 2016 ਨੂੰ ਨੋਟਬੰਦੀ ਬਾਅਦ ਪਹਿਲੀ ਜੁਲਾਈ ਨੂੰ ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਲਾਗੂ ਕੀਤੇ ਜਾਣ ਕਾਰਨ ਆਰਥਿਕ ਗਤੀਵਿਧੀਆਂ ਪ੍ਰਭਾਵਿਤ ਹੋਈਆਂ ਹਨ।

ਸੀ.ਐਸ.ਓ. ਦੇ ਅੰਕੜਿਆਂ ਮੁਤਾਬਕ ਮੌਜੂਦਾ ਵਿੱਤੀ ਵਰ੍ਹੇ 'ਖੇਤੀਬਾੜੀ, ਜੰਗਲਾਤ ਅਤੇ ਮੱਛੀ ਪਾਲਣ' ਸੈਕਟਰਾਂ ਵਿਚ ਗਤੀਵਿਧੀਆਂ ਦਾ ਵਿਸਤਾਰ ਘਟ ਕੇ 2.1 ਫੀਸਦੀ ਰਹੇਗਾ, ਜੋ ਪਿਛਲੇ ਸਾਲ 4.9 ਫੀਸਦੀ ਸੀ। ਨਿਰਮਾਣ ਸੈਕਟਰ 'ਚ ਵਿਕਾਸ ਦਰ ਦੇ ਘਟ ਕੇ 4.6 ਫੀਸਦੀ ਰਹਿਣ ਦੀ ਸੰਭਾਵਨਾ ਹੈ, ਜੋ 2016-17 ਵਿਚ 7.9 ਫੀਸਦੀ ਸੀ।


**Friends Of Punjab Foundation**




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਆਪਣੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਪਿਆਰ ਨੂੰ ਚੇਤੇ ਕਰਨ ਲਈ ਹੇਠਾਂ ਦਿੱਤੀ ਵੈਬਸਾਈਟ 'ਤੇ ਜਰੂਰ ਜਾਓ:

www.friendsofpunjabfoundation.org

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

# ਮੇਅਰ ਜ਼ਿਮ ਫੈਰਲ ਨੂੰ ਸਿਆਟਲ ਦੇ ਸਿੱਖਾਂ ਵਲੋਂ ਮੈਮੋਰੰਡਮ

**ਸਿਆਟਲ (ਬਿਊਰੋ):** ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਨੂੰ ਨਫਰਤੀ ਵਿਤਕਰੇ ਕਾਰਨ ਆ ਰਹੀਆਂ ਮੁਸ਼ਕਿਲਾਂ ਬਾਰੇ ਸਿੱਖ ਜਥੇਬੰਦੀ ਯੂਨਾਈਟਿਡ ਸਿੱਖਸ ਦੇ ਸਹਿਯੋਗ ਨਾਲ ਸਿੱਖ ਭਾਈਚਾਰੇ ਵਲੋਂ ਇਥੋਂ ਨਜ਼ਦੀਕ ਸ਼ਹਿਰ ਫੈਡਰਲ ਵੇਅ ਦੇ ਮੇਅਰ ਜ਼ਿਮ ਫੈਰਲ ਨੂੰ ਇੱਕ ਮੈਮੋਰੰਡਮ



ਦਿੱਤਾ ਗਿਆ। ਮੈਮੋਰੰਡਮ ਵਿਚ ਪੁਲਿਸ ਵਲੋਂ ਇਨ੍ਹਾਂ ਹਮਲਿਆਂ ਪ੍ਰਤੀ ਅਣਦੇਖੀ ਕਰਨ ਦਾ ਮਾਮਲਾ ਉਠਾਉਣ ਦੇ ਨਾਲ ਨਾਲ ਸ਼ਹਿਰ ਵਿਚ ਹੋਰ ਵੀਡੀਓ ਕੈਮਰੇ ਲਾਉਣ, ਸਟੋਰਾਂ ਤੇ ਗੈਸ ਸਟੇਸ਼ਨਾਂ ਦੀ ਫੋਨ ਕਾਲ ਨੂੰ ਐਮਰਜੈਂਸੀ ਵਜੋਂ ਲੈਣ, ਸਿੱਖ ਭਾਈਚਾਰੇ ਤੇ ਕਾਰੋਬਾਰੀਆਂ ਨਾਲ ਤਿਮਾਹੀ ਮੀਟਿੰਗ ਕਰਨੀ, ਪੁਲਿਸ ਨਾਲ ਸਿੱਖਾਂ ਦੀ ਪਛਾਣ ਬਾਰੇ ਵਰਕਸ਼ਾਪ ਲਾਉਣੀ ਅਤੇ ਗੁਰਦੁਆਰਿਆਂ ਵਿਖੇ ਆ ਕੇ ਭਾਈਚਾਰਕ ਨੇੜਤਾ ਵਧਾਉਣ ਦੇ ਮਾਮਲੇ ਉਠਾਏ ਗਏ। ਇਸ ਕੇਸ ਦਾ ਮੁੱਖ ਆਧਾਰ 8 ਦਸੰਬਰ 2017 ਨੂੰ ਹਰਿੰਦਰ ਸਿੰਘ ਬਾਪਲਾ ਦੇ ਫੈਡਰਲ ਵੇਅ ਗੈਸ ਸਟੇਸ਼ਨ 'ਤੇ ਕੰਮ ਕਰਦੇ ਦੀਪਇੰਦਰ ਸਿੰਘ 'ਤੇ ਹੋਇਆ ਹਮਲਾ ਹੈ।

ਮੀਟਿੰਗ ਵਿਚ ਹਰਸ਼ਿੰਦਰ ਸਿੰਘ ਸੰਧੂ, ਅਵਤਾਰ ਸਿੰਘ ਆਦਮਪੁਰੀ, ਹਰਿੰਦਰ ਸਿੰਘ ਬਾਪਲਾ, ਤਨਵੀਰ ਸਿੰਘ, ਹਰਪ੍ਰੀਤ ਸਿੰਘ ਪਰਮਾਰ ਅਤੇ ਸੁਖਜੀਤ ਸਿੰਘ ਮਿਨਹਾਸ ਸ਼ਾਮਲ ਹੋਏ। ਬੜੇ ਹੀ ਸਦਭਾਵਨਾ ਵਾਲੇ ਮਾਹੌਲ ਵਿਚ ਇੱਕ ਘੰਟੇ ਤੋਂ ਵੱਧ ਚਲੀ ਇਸ ਮੀਟਿੰਗ ਵਿਚ ਮੇਅਰ ਜ਼ਿਮ ਫੈਰਲ ਨੇ ਕੁਝ ਮੰਗਾਂ ਤਾਂ ਮੰਨ ਲਈਆਂ ਅਤੇ ਬਾਕੀ ਬਾਰੇ ਛੇਤੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਯਾਦ ਰਹੇ, ਮੇਅਰ ਨੇ ਚੋਣ ਜਿੱਤਣ ਤੋਂ ਬਾਅਦ ਆਪਣੇ ਪਹਿਲੇ ਭਾਸ਼ਣ ਵਿਚ ਕਿਹਾ ਸੀ ਕਿ ਮੈਂ ਵੋਟਾਂ ਤੋਂ ਪਹਿਲਾਂ ਗੁਰਦੁਆਰਾ ਸਿੰਘ ਸਭਾ ਰੈਂਟਨ ਗਿਆ ਸੀ ਤਾਂ ਜਿੱਤਿਆਂ ਹਾਂ।

# ਪੰਜਾਬੀ ਫਿਲਮ 'ਆਸੀਸ' ਦੀ ਸ਼ੂਟਿੰਗ ਮੁਕੰਮਲ

ਇੱਕ ਸਮਾਂ ਸੀ ਜਦੋਂ ਪੰਜਾਬੀ ਫਿਲਮਾਂ ਦਾ ਦਾਇਰਾ ਹਾਸੇ-ਮਜ਼ਾਕ ਤੇ ਦੋਹਰੇ ਅਰਥੀ ਸੰਵਾਦਾਂ ਕਰਕੇ ਸਿਰਫ ਪਿੰਡਾਂ ਦੇ ਦਰਸ਼ਕਾਂ ਤੱਕ ਹੀ ਸੀਮਤ ਸੀ। ਪੜ੍ਹਿਆ-ਲਿਖਿਆ ਸ਼ਹਿਰੀ ਦਰਸ਼ਕ ਪੰਜਾਬੀ ਫਿਲਮਾਂ ਨੂੰ ਨੱਕ ਮਾਰਦਾ ਸੀ ਪਰ ਪਿਛਲੇ ਸਮਿਆਂ ਵਿਚ ਬਣੀਆਂ ਮਿਆਰੀ ਤੇ ਸਮਾਜਕ ਵਿਸ਼ਿਆਂ 'ਤੇ ਆਧਾਰਤ ਪੰਜਾਬੀ ਫਿਲਮਾਂ ਨੇ ਪੰਜਾਬੀ ਸਿਨਮੇ ਤੋਂ ਨਿਰਾਸ਼ ਇਨ੍ਹਾਂ ਦਰਸ਼ਕਾਂ ਨੂੰ ਆਪਣੇ ਨਾਲ ਤੋਰਨ ਦਾ ਕੰਮ ਕੀਤਾ ਹੈ। ਪੰਜਾਬੀ ਫਿਲਮਾਂ ਪ੍ਰਤੀ ਦਰਸ਼ਕਾਂ ਦਾ ਠਾਠਾਂ ਮਾਰਦਾ ਪਿਆਰ ਅਤੇ ਉਤਸ਼ਾਹ ਪਿਛਲੇ ਦਿਨੀਂ ਰਾਣਾ ਰਣਬੀਰ ਵਲੋਂ ਬਣਾਈ ਜਾ ਰਹੀ ਫਿਲਮ 'ਆਸੀਸ' ਦੀ ਸ਼ੂਟਿੰਗ ਦੌਰਾਨ ਵੇਖਣ ਨੂੰ ਮਿਲਿਆ।

ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ, ਬਸੰਤ ਐਂਟਰਟੇਨਮੈਂਟ ਅਤੇ ਜ਼ਿੰਦਗੀ ਜ਼ਿੰਦਾਬਾਦ ਲਿਮਟਿਡ ਦੇ ਬੈਨਰ ਹੇਠ ਬਣ ਰਹੀ ਪੰਜਾਬੀ ਫੀਚਰ ਫਿਲਮ 'ਆਸੀਸ' ਦੀ ਸ਼ੂਟਿੰਗ ਬੀਤੇ ਦਿਨੀਂ ਪਿੰਡ ਟਿੱਬਾ ਵਿਖੇ ਮੁਕੰਮਲ ਹੋ ਗਈ। ਇਹ ਪਹਿਲੀ ਵਾਰ ਹੈ ਕਿ ਕਿਸੇ ਫਿਲਮ ਦੀ ਸ਼ੂਟਿੰਗ ਬਿਨਾ ਕਿਸੇ ਬਰੇਕ ਸਿਰਫ ਵੀਹ ਦਿਨਾਂ ਵਿਚ ਮੁਕੰਮਲ ਕੀਤੀ ਗਈ ਹੋਵੇ। ਭਾਵੇਂ ਸ਼ੂਟਿੰਗ ਦੌਰਾਨ ਮੌਸਮ ਨੇ ਵੀ ਆਪਣੇ ਠੰਡੇ-ਤੱਤੇ ਮਿਜ਼ਾਜ ਵਿਖਾਏ ਪਰ ਫਿਲਮ ਦੀ ਟੀਮ ਨੇ ਬੜੇ ਜੋਸ਼ ਅਤੇ ਲਗਨ ਨਾਲ ਆਪਣਾ ਕੰਮ ਜਾਰੀ ਰੱਖਿਆ।

ਜਿਲਾ ਸੰਗਰੂਰ ਦੇ ਪਿੰਡ ਟਿੱਬਾ ਵਿਚ ਸ਼ੂਟਿੰਗ ਦੌਰਾਨ ਵਿਆਹ ਵਰਗਾ ਮਾਹੌਲ ਸੀ। ਪੰਜਾਬੀ ਫਿਲਮਾਂ ਦੇ ਕਲਾਕਾਰ ਸਰਦਾਰ ਸੋਹੀ ਨੇ ਇਸੇ ਪਿੰਡ ਦਾ ਜੰਮਪਲ ਹੋਣ ਕਰਕੇ ਇਸ ਫਿਲਮ ਲਈ ਆਪਣਾ ਵਿਸ਼ੇਸ਼ ਸਹਿਯੋਗ ਦਿੱਤਾ। ਕੈਨੇਡਾ ਵਾਸੀ ਨਿਰਮਾਤਾ ਲਵਪ੍ਰੀਤ ਸਿੰਘ ਸੰਧੂ ਵੀ ਇਸੇ ਪਿੰਡ ਦੇ ਜੰਮਪਲ ਹਨ। ਉਨ੍ਹਾਂ ਕਿਹਾ ਕਿ ਫਿਲਮ ਟੀਮ ਦੇ ਸਪੌਟ ਬੁਆਏ ਤੋਂ ਲੈ ਕੇ ਵੱਡੇ ਕਲਾਕਾਰ ਤੱਕ ਹਰੇਕ ਨੇ ਬੜੀ ਮਿਹਨਤ ਅਤੇ ਲਗਨ ਨਾਲ ਦਿਲੋਂ ਸਹਿਯੋਗ ਦਿੱਤਾ।

ਫਿਲਮ ਦੀ ਸ਼ੂਟਿੰਗ ਦੇ ਆਖਰੀ ਦਿਨ ਰਾਣਾ ਰਣਬੀਰ ਅਤੇ ਨੇਹਾ ਪਵਾਰ ਦੇ ਕੁਝ ਹਾਸੇ-ਮਜ਼ਾਕ ਵਾਲੇ ਦ੍ਰਿਸ਼ ਫਿਲਮਾਏ ਗਏ। ਸ਼ਾਮੀਂ ਨਿਰਮਾਤਾ ਲਵਪ੍ਰੀਤ ਲੱਕੀ ਸੰਧੂ ਦੇ ਘਰ ਇੱਕ ਸ਼ਾਨਦਾਰ ਪਾਰਟੀ ਕੀਤੀ ਗਈ। ਇਸ ਮੌਕੇ ਅਚਾਨਕ ਪੁੱਜੇ ਗਾਇਕ ਫਿਰੋਜ ਖਾਨ ਨੇ ਆਪਣੇ ਗੀਤਾਂ ਨਾਲ ਮਾਹੌਲ ਨੂੰ ਸੰਗੀਤਕ ਰੰਗਤ ਦਿੱਤੀ। ਹੋਰਨਾਂ ਤੋਂ ਇਲਾਵਾ ਸੰਗੀਤਕਾਰ ਤੇਜਵੰਤ ਕਿੱਟੂ, ਸਰਦਾਰ ਸੋਹੀ, ਰਾਣਾ ਰਣਬੀਰ, ਰੁਪਿੰਦਰ ਰੂਪੀ, ਨੇਹਾ ਪਵਾਰ, ਰਾਜਵੀਰ ਬੋਪਾਰਾਏ, ਪਰਦੀਪ ਸੰਧੂ, ਨਵਤੇਜ ਸੰਧੂ ਅਤੇ ਪੂਰੀ ਟੀਮ ਨੇ ਇਸ ਜਸ਼ਨ ਦਾ ਅਨੰਦ ਮਾਣਿਆ।




ਜ਼ਿਕਰਯੋਗ ਹੈ ਕਿ ਫਿਲਮ 'ਆਸੀਸ' ਲਈ ਬਤੌਰ ਨਿਰਮਾਤਾ ਬਲਦੇਵ ਸਿੰਘ ਬਾਠ, ਲਵਪ੍ਰੀਤ ਸਿੰਘ 'ਲੱਕੀ ਸੰਧੂ' ਤੇ ਰਾਣਾ ਰਣਬੀਰ ਨੇ ਸਾਂਝੇ ਤੌਰ 'ਤੇ ਯੋਗਦਾਨ ਪਾਇਆ ਹੈ। ਫਿਲਮ ਦੀ ਕਹਾਣੀ, ਡਾਇਲਾਗ ਖੁਦ ਰਾਣਾ ਰਣਬੀਰ ਨੇ ਲਿਖੇ ਹਨ। ਨਿਰਦੇਸ਼ਕ ਵਜੋਂ ਇਹ ਉਸ ਦੀ ਪਹਿਲੀ ਫਿਲਮ ਹੈ। ਰਾਣਾ ਰਣਬੀਰ, ਨੇਹਾ ਪਵਾਰ, ਸਰਦਾਰ ਸੋਹੀ, ਸੀਮਾ ਕੌਸ਼ਲ, ਰੁਪਿੰਦਰ ਰੂਪੀ, ਗੁਰਪ੍ਰੀਤ ਕੌਰ ਭੰਗੂ, ਅਨੀਤਾ ਮੀਤ, ਵਿਜੈ ਟੰਡਨ, ਮਲਕੀਤ ਰੌਣੀ, ਕੁਲਜਿੰਦਰ ਸਿੱਧੂ, ਸ਼ੇਵਿਨ ਰੇਖੀ, ਦਿਲਰਾਜ ਕੌਰ, ਅਰਵਿੰਦਰ ਕੌਰ, ਜੱਗੀ ਧੂਰੀ, ਰਾਜਵੀਰ ਬੋਪਾਰਾਏ ਰੁਪਿੰਦਰਜੀਤ ਸ਼ਰਮਾ, ਸ਼ਵਿੰਦਰ ਵਿੱਕੀ, ਸੰਦੀਪ ਕੌਰ, ਜੋਤੀ ਅਰੋੜਾ, ਉਮੰਗ ਸ਼ਰਮਾ, ਰਘਬੀਰ ਬੋਲੀ, ਸੈਮੂਅਲ ਜੌਹਨ ਤੇ ਪਰਦੀਪ ਸਰਾਂ ਆਦਿ ਕਲਾਕਾਰਾਂ ਨੇ ਇਸ ਫਿਲਮ ਵਿਚ ਕੰਮ ਕੀਤਾ ਹੈ। ਫੋਟੋਗ੍ਰਾਫੀ ਬਾਲੀਵੁਡ ਫਿਲਮਾਂ ਦੇ ਨਾਮੀ ਕੈਮਰਾਮੈਨ ਰੰਗਾਨਾਥ ਨੇ ਕੀਤੀ ਹੈ। ਲਾਈਨ ਪ੍ਰੋਡਿਊਸਰ ਦੀ ਜ਼ਿੰਮੇਵਾਰੀ ਪਰਦੀਪ ਸੰਧੂ ਨੇ ਨਿਭਾਈ ਹੈ। ਡਾਇਰੈਕਸ਼ਨ ਟੀਮ ਵਿਚ ਤਕਨੀਕੀ ਸਲਾਹਕਾਰ ਵਜੋਂ ਨਵਤੇਜ ਸੰਧੂ ਅਹਿਮ ਰਹੇ। ਫਿਲਮ ਦੇ ਗੀਤ ਅਮਰ ਕਵੀ, ਗਿੱਲ ਰੌਤਾਂ ਤੇ ਰਾਣਾ ਰਣਬੀਰ ਨੇ ਲਿਖੇ ਹਨ, ਜੋ ਤੇਜਵੰਤ ਕਿੱਟੂ ਦੇ ਸੰਗੀਤ ਵਿਚ ਲਖਵਿੰਦਰ ਵਡਾਲੀ, ਫਿਰੋਜ ਖਾਨ, ਪਰਦੀਪ ਸਰਾਂ, ਗੁਰਲੇਜ਼ ਅਖਤਰ, ਕੁਲਵਿੰਦਰ ਕੈਲੀ, ਕੰਵਰ ਗਰੇਵਾਲ ਗਾਇਕਾਂ ਨੇ ਗਾਏ ਹਨ।

ਨਿਰਮਾਤਾ ਲੱਕੀ ਸੰਧੂ ਨੇ ਦੱਸਿਆ ਕਿ ਫਿਲਮ ਆਮ ਲੋਕਾਂ ਦੀ ਕਹਾਣੀ ਹੈ। ਸਮਾਜਿਕ ਮੁੱਦਿਆਂ 'ਤੇ ਆਧਾਰਤ ਇਸ ਫਿਲਮ ਵਿਚ ਰਿਸ਼ਤੇ-ਨਾਤਿਆਂ ਦੀ ਅਹਿਮੀਅਤ ਨੂੰ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਇਸ ਫਿਲਮ ਦੀ ਸ਼ੂਟਿੰਗ ਪੂਰੀ ਹੋ ਚੁਕੀ ਹੈ ਅਤੇ 22 ਜੂਨ 2018 ਨੂੰ ਰਿਲੀਜ਼ ਕੀਤੀ ਜਾਵੇਗੀ।

*-ਸੁਰਜੀਤ ਜੱਸਲ*
*ਫੋਨ: 91-98146-07737*

# ਕੁਲਭੂਸ਼ਣ ਜਾਧਵ ਦੇ 'ਕਬੂਲਨਾਮੇ' ਦਾ ਇਕ ਹੋਰ ਵੀਡੀਓ ਜਾਰੀ

**ਨਵੀਂ ਦਿੱਲੀ:** ਪਾਕਿਸਤਾਨ ਨੇ ਕੁਲਭੂਸ਼ਣ ਜਾਧਵ ਦੇ 'ਕਬੂਲਨਾਮੇ' ਨਾਲ ਸਬੰਧਤ ਇਕ ਹੋਰ ਵੀਡੀਓ ਜਾਰੀ ਕੀਤਾ ਹੈ ਜਿਸ 'ਚ ਉਹ ਦਾਅਵਾ ਕਰ ਰਿਹਾ ਹੈ ਕਿ ਹਿਰਾਸਤ ਵਿਚ ਉਸ ਨਾਲ ਕੋਈ ਕੁੱਟਮਾਰ ਨਹੀਂ ਹੋਈ। ਭਾਰਤ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਇਸ ਨੂੰ ਇਕ ਤਰ੍ਹਾਂ ਦਾ ਕੂੜ ਪ੍ਰਚਾਰ ਦੱਸਿਆ ਹੈ ਜੋ ਭਰੋਸੇਯੋਗ ਨਹੀਂ ਹੈ।

ਪਾਕਿਸਤਾਨੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ 'ਕਬੂਲਨਾਮੇ' ਵਾਲੇ ਵੀਡੀਓ 'ਚ ਜਾਧਵ ਨੇ ਦਾਅਵਾ ਕੀਤਾ ਹੈ ਕਿ ਉਹ ਅਜੇ ਵੀ ਭਾਰਤੀ ਜਲ ਸੈਨਾ ਦਾ ਕਮਿਸ਼ਨਡ ਅਧਿਕਾਰੀ ਹੈ ਅਤੇ ਖੁਫੀਆ ਏਜੰਸੀ ਲਈ ਕੰਮ ਨਾ ਕਰਨ ਦੇ ਭਾਰਤ ਵੱਲੋਂ ਕੀਤੇ ਜਾ ਰਹੇ ਦਾਅਵਿਆਂ 'ਤੇ ਉਸ ਨੇ ਸਵਾਲ ਉਠਾਏ ਹਨ।

ਵੀਡੀਓ ਵਿਚ ਉਸ ਨੇ ਕਿਹਾ, "ਮੇਰੀ ਮਾਂ ਜਿਵੇਂ ਹੀ ਬੈਠਕ ਮਗਰੋਂ ਬਾਹਰ ਨਿਕਲੀ ਤਾਂ ਭਾਰਤੀ ਦੂਤ ਨੇ ਉਸ 'ਤੇ ਗੁੱਸਾ ਕੀਤਾ। ਬੈਠਕ ਸਾਕਾਰਾਤਮਕ ਪਹਿਲ ਸੀ ਤਾਂ ਜੋ ਮੇਰੀ ਮਾਂ ਅਤੇ ਮੈਂ ਖੁਸ਼ ਰਹਿ ਸਕੀਏ।"

ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਜਾਧਵ ਨੂੰ ਭਾਰਤੀ ਡਿਪਟੀ ਹਾਈ ਕਮਿਸ਼ਨਰ ਦੇ ਰਵੱਈਏ ਦਾ ਕਿਵੇਂ ਪਤਾ ਲੱਗਿਆ। ਇਸ ਦੇ ਜਵਾਬ 'ਚ ਵਿਦੇਸ਼ ਮਾਮਲਿਆਂ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਜਬਰੀ ਵੀਡੀਓ ਉਤੇ ਬਿਆਨ ਦਿਵਾਏ ਜਾ ਰਹੇ ਹਨ।

ਤੁਹਾਡੀ ਆਪਣੀ
MJSB Transportation

ਓਨਰ ਅਪਰੇਟਰਾਂ ਅਤੇ ਅਨੁਭਵੀ ਡਰਾਈਵਰਾਂ ਦੀ ਲੋੜ ਹੈ

Wanted Owner Operators and Experienced Drivers.

Long and Local Routes, all 50 states. Drivers: 42 cents to 50 cents per mile.




Owner Operators: With own Truck/Trailer get 92% of gross (6% Dispatch+ Insurance). Using company trailer get 80% of gross. Direct deposit available. Money goes next day after load in your account.

■ਜੇ ਤੁਹਾਨੂੰ ਟਰੱਕ ਦੇ ਲੋਡ ਬੁਕ ਕਰਨ ਵਾਸਤੇ ਡਿਸਪੈਚ ਦੀ ਲੋੜ ਹੈ
(ਤੁਸੀਂ 6000 ਤੋਂ 8000 ਡਾਲਰ ਪ੍ਰਤੀ ਹਫਤੇ ਕਮਾ ਸਕਦੇ ਹੋ, ਗਾਰੰਟੀ)
■ਜੇ ਤੁਹਾਨੂੰ ਟਰੱਕ ਡਰਾਈਵਰ ਦੀ ਨੌਕਰੀ ਚਾਹੀਦੀ ਹੋਵੇ
(ਨਵੇਂ ਲਾਈਸੈਂਸ ਵਾਲੇ ਸਟੂਡੈਂਟਸ ਵੀ ਟਰੱਕ ਡਰਾਈਵਰ ਦੀ ਨੌਕਰੀ ਵਾਸਤੇ ਸੰਪਰਕ ਕਰ ਸਕਦੇ ਹਨ)
■ਜੇ ਤੁਹਾਨੂੰ ਟਰੱਕ ਜਾਂ ਟਰੇਲਰ ਫਾਇਨਾਂਸ ਕਰਵਾਉਣਾ ਹੋਵੇ

ਸੰਪਰਕ ਕਰੋ:
ਗਗਨ ਸਿੰਘ 917-518-5125
ਸਿਮਰਨ ਸਿੰਘ 469-235-3077

51-2

# ਸੁਰੀਲੀ ਆਵਾਜ਼ ਵਾਲੀ ਜ਼ੀਨਤ ਬੇਗਮ

**ਲਾਹੌਰ ਦੀ ਹੀਰਾ ਮੰਡੀ ਤੋਂ ਉਠ ਕੇ ਸੰਗੀਤ ਦੀ ਦੁਨੀਆਂ 'ਚ ਛਾ ਜਾਣ ਵਾਲੀ ਜ਼ੀਨਤ ਬੇਗ਼ਮ ਨੂੰ ਭਾਵੇਂ ਅੱਜ ਦੀ ਪੀੜ੍ਹੀ ਬਹੁਤਾ ਨਹੀਂ ਜਾਣਦੀ, ਪਰ ਉਸ ਵੱਲੋਂ ਗਾਏ ਗੀਤ ਅੱਜ ਵੀ ਕੰਨਾਂ 'ਚ ਰਸ ਘੋਲ ਜਾਂਦੇ ਹਨ। ਹੀਰਾ ਮੰਡੀ ਦੀ ਕਹਾਣੀ ਮਨੋਰੰਜਨ ਨਾਲ ਸ਼ੁਰੂ ਹੁੰਦੀ ਸੀ ਅਤੇ ਇਸੇ ਸਿਲਸਿਲੇ ਵਿਚ ਇਸ ਨਾਲ ਹੋਰ ਵੀ ਬਹੁਤ ਕਿੱਸੇ-ਕਹਾਣੀਆਂ ਜੁੜੇ ਹੋਏ ਹਨ। ਜ਼ੀਨਤ ਬੇਗਮ ਵਰਗੀਆਂ ਕਲਾਕਾਰਾਂ ਦਾ ਮਾਮਲਾ ਇਸ ਪ੍ਰਸੰਗ ਵਿਚ ਸਦਾ ਨਿਵੇਕਲਾ ਰਿਹਾ ਹੈ। ਹਰਦਿਆਲ ਸਿੰਘ ਥੂਹੀ ਨੇ ਆਪਣੇ ਇਸ ਸੰਖੇਪ ਜਿਹੇ ਲੇਖ ਵਿਚ ਜ਼ੀਨਤ ਦੀ ਕਲਾ ਦੀ ਬਾਤ ਪਾਈ ਹੈ। -ਸੰਪਾਦਕ**

ਕਲਾ ਪਰਿਕਰਮਾ

ਹਰਦਿਆਲ ਸਿੰਘ ਥੂਹੀ
ਫੋਨ: +91-84271-00341

ਲਾਹੌਰ ਦੀ ਹੀਰਾ ਮੰਡੀ ਤਵਾਇਫ਼ਾਂ, ਭਾਵ ਕੋਠੇ ਵਾਲੀਆਂ ਦਾ ਗੜ੍ਹ ਸੀ। ਨੱਚਣਾ, ਗਾਉਣਾ, ਇਨ੍ਹਾਂ ਕੋਠੇ ਵਾਲੀਆਂ ਬਾਈਆਂ ਦਾ ਕਿੱਤਾ ਹੋਣ ਕਾਰਨ ਇਨ੍ਹਾਂ ਕੋਠਿਆਂ 'ਤੇ ਰੋਜ਼ਾਨਾ ਸੰਗੀਤ ਮਹਿਫ਼ਲਾਂ ਜੁੜਦੀਆਂ ਸਨ। ਇਨ੍ਹਾਂ ਵਿਚੋਂ ਹੀ ਕਿਸੇ ਕੋਠੇ 'ਤੇ ਜ਼ੀਨਤ ਬੇਗ਼ਮ ਦਾ ਵਸੇਰਾ ਸੀ।

ਸੁਰੀਲੇ ਗਲੇ ਦੀ ਮਾਲਕ ਜ਼ੀਨਤ ਕਲਾਸੀਕਲ ਸੰਗੀਤ ਵਿਚ ਪ੍ਰਪੱਕ ਸੀ। ਕੋਠੇ ਵਾਲੀ ਹੋਣ ਕਾਰਨ ਉਸ ਦੇ ਮੁੱਢਲੇ ਜੀਵਨ ਬਾਰੇ ਕੋਈ ਪੁਖ਼ਤਾ ਜਾਣਕਾਰੀ ਨਹੀਂ ਮਿਲਦੀ। ਆਪਣੇ ਸਮੇਂ ਦੇ ਪ੍ਰਸਿਧ ਸੰਗੀਤਕਾਰ ਪੰਡਿਤ ਅਮਰ ਨਾਥ ਸਿਰਕਾ ਨੇ ਇਸ ਅੰਦਰਲੀ ਕਲਾ ਨੂੰ ਪਛਾਣਿਆ ਅਤੇ 1937 ਵਿਚ ਇਸ ਨੂੰ ਲੋਕਾਂ ਸਾਹਮਣੇ ਲਿਆਂਦਾ। ਉਸ ਸਮੇਂ ਇਹ ਭਰ ਜਵਾਨੀ ਵਿਚ ਸੀ। ਲਾਹੌਰ ਰੇਡੀਓ ਸਟੇਸ਼ਨ ਤੋਂ ਇਸ ਨੇ ਆਪਣੀ ਗਾਇਕੀ ਦਾ ਸਫ਼ਰ ਆਰੰਭ ਕੀਤਾ। ਜਲਦੀ ਹੀ ਇਹ ਰੇਡੀਓ ਸਟੇਸ਼ਨ ਦੀ ਪੱਕੀ ਕਲਾਕਾਰ ਬਣ ਗਈ। ਇਥੇ ਇਸ ਨੇ ਉਸ ਸਮੇਂ ਦੇ ਮਹਾਨ ਸੰਗੀਤਕਾਰਾਂ ਦੀ ਅਗਵਾਈ ਵਿਚ ਆਪਣੀ ਕਲਾ ਨੂੰ ਨਿਖ਼ਾਰਿਆ। ਜ਼ੀਨਤ, ਲਾਹੌਰ ਰੇਡੀਓ ਦੀ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਭੈਣਾਂ ਤੋਂ ਸੀਨੀਅਰ ਕਲਾਕਾਰ ਸੀ।

ਅਨ 1942 ਵਿਚ ਜ਼ੀਨਤ ਬੇਗਮ ਨੂੰ ਪ੍ਰਸਿਧ ਫ਼ਿਲਮਸਾਜ਼ ਗੋਬਿੰਦ ਰਾਮ ਦੀ ਪੰਜਾਬੀ ਫ਼ਿਲਮ 'ਮੰਗਤੀ' ਵਿਚ ਗੀਤ ਗਾਉਣ ਦਾ ਮੌਕਾ ਮਿਲਿਆ। ਨੰਦ ਲਾਲ ਨੂਰਪੁਰੀ ਦੇ ਗੀਤ 'ਏਥੋਂ ਉਡ ਜਾ ਭੋਲਿਆ ਪੰਛੀਆ' ਜੋ ਉਸ ਨੇ ਦਿਲਾਵਰ ਹੁਸੈਨ ਨਾਲ ਮਿਲ ਕੇ ਗਾਇਆ ਹੈ, ਨੇ ਜ਼ੀਨਤ ਨੂੰ ਪ੍ਰਸਿਧੀ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਲਾਹੌਰ ਵਿਚ ਬਣੀ ਇਹ ਪਹਿਲੀ ਫ਼ਿਲਮ ਸੀ ਜਿਸ ਨੇ ਗੋਲਡਨ ਜੁਬਲੀ ਮਨਾਈ। ਇਸ ਫ਼ਿਲਮ ਦੇ ਕੁਝ ਹੋਰ ਪ੍ਰਸਿਧ ਗੀਤਾਂ ਦੇ ਮੁਖੜੇ ਜੋ ਜ਼ੀਨਤ ਦੀ ਆਪਣੀ ਆਵਾਜ਼ ਵਿਚ ਅਤੇ ਸਾਥੀ ਕਲਾਕਾਰਾਂ ਨਾਲ ਸਾਂਝੇ ਹਨ, ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ।

*1942 ਵਿਚ ਜ਼ੀਨਤ ਬੇ.ਗਮ ਨੂੰ ਪ੍ਰਸਿਧ ਫ਼ਿਲਮਸਾਜ਼ ਗੋਬਿੰਦ ਰਾਮ ਦੀ ਪੰਜਾਬੀ ਫ਼ਿਲਮ 'ਮੰਗਤੀ' ਵਿਚ ਗੀਤ ਗਾਉਣ ਦਾ ਮੌਕਾ ਮਿਲਿਆ। ਨੰਦ ਲਾਲ ਨੂਰਪੁਰੀ ਦੇ ਗੀਤ 'ਏਥੋਂ ਉਡ ਜਾ ਭੋਲਿਆ ਪੰਛੀਆ' ਜੋ ਉਸ ਨੇ ਦਿਲਾਵਰ ਹੁਸੈਨ ਨਾਲ ਮਿਲ ਕੇ ਗਾਇਆ ਹੈ, ਨੇ ਜ਼ੀਨਤ ਨੂੰ ਪ੍ਰਸਿਧੀ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਲਾਹੌਰ ਵਿਚ ਬਣੀ ਇਹ ਪਹਿਲੀ ਫ਼ਿਲਮ ਸੀ ਜਿਸ ਨੇ ਗੋਲਡਨ ਜੁਬਲੀ ਮਨਾਈ।*



ਜ਼ੀਨਤ ਬੇ.ਗਮ

ਨਾ ਛੇੜ ਬਾਬੂ, ਪੀੜ ਕਰੇਂਦੇ ਨਾਜ਼ੁਕ ਬੁੰਦੇ...
ਮੈਨੂੰ ਸੁੱਤਿਆਂ ਨੀਂਦ ਨਾ ਆਏ
ਮਾਹੀ ਨੀ ਮੇਰਾ ਗੁੱਸੇ ਗੁੱਸੇ
ਮੇਰਾ ਜੋਬਨ ਡੁੱਲ੍ਹ ਡੁੱਲ੍ਹ ਜਾਏ
ਮਾਹੀ ਨੀ ਮੇਰਾ ਗੁੱਸੇ ਗੁੱਸੇ...
ਦਿਨ ਚੜ੍ਹਿਆ ਤੇ ਬਾਂਕੀਆਂ ਨਾਰਾਂ
ਖੂਹ ਵੱਲ ਚੱਲੀਆਂ ਬੰਨ੍ਹ ਕਤਾਰਾਂ...
ਆਵੀਂ ਚੰਨ ਵੇ, ਆਵੀਂ ਚੰਨ ਵੇ,
ਨਹਿਰ ਦੇ ਕੰਢੇ ਦੇ ਉਤੇ ਆਵੀਂ ਚੰਨ ਵੇ...

ਇਸ ਤਰ੍ਹਾਂ 1944 ਤਕ ਲਾਹੌਰ ਵਿਖੇ ਉਸ ਨੂੰ ਬਹੁਤ ਜ਼ਿਆਦਾ ਪ੍ਰਸਿਧੀ ਮਿਲ ਚੁੱਕੀ ਸੀ। 1944 ਵਿਚ ਜ਼ੀਨਤ ਬੇਗ਼ਮ ਪ੍ਰਸਿਧ ਸੰਗੀਤ ਨਿਰਦੇਸ਼ਕ ਗ਼ੁਲਾਮ ਹੈਦਰ ਦੇ ਸੱਦੇ 'ਤੇ ਲਾਹੌਰ ਤੋਂ ਬੰਬਈ (ਹੁਣ ਮੁੰਬਈ) ਆ ਗਈ। ਇਥੇ ਉਸ ਨੇ ਵੱਖ-ਵੱਖ ਸੰਗੀਤ ਨਿਰਦੇਸ਼ਕਾਂ ਦੀ ਨਿਰਦੇਸ਼ਨਾ ਅਧੀਨ ਫ਼ਿਲਮਾਂ ਲਈ ਗੀਤ ਗਾਏ। ਇਨ੍ਹਾਂ ਸੰਗੀਤ ਨਿਰਦੇਸ਼ਕਾਂ ਵਿਚ ਪੰਡਿਤ ਹੁਸਨ ਲਾਲ, ਭਗਤ ਰਾਮ, ਗ਼ੁਲਾਮ ਹੈਦਰ, ਪੰਡਿਤ ਗੋਬਿੰਦ ਰਾਮ, ਖਵਾਜਾ ਖ਼ੁਰਸ਼ੀਦ ਅਨਵਰ ਆਦਿ ਸ਼ਾਮਲ ਹਨ। ਜ਼ੀਨਤ ਕੁਝ ਸਾਲ ਹੀ ਮੁੰਬਈ ਰਹੀ। ਇਥੇ ਉਸ ਨੇ ਬਹੁਤ ਸਾਰੀਆਂ ਫ਼ਿਲਮਾਂ ਲਈ ਗੀਤ ਗਾਏ ਜਿਨ੍ਹਾਂ ਵਿਚ ਚਾਂਦ, ਦਾਸੀ, ਪੰਛੀ, ਰਾਗ਼ਨੀ, ਸ਼ਾਲੀਮਾਰ, ਸ਼ਹਿਰ ਸੇ ਦੂਰ, ਕੋਇਲ, ਝੁਮਕੇ, ਰਿਹਾਨਾ, ਪਗਡੰਡੀ, ਪਪੀਹਾ ਰੇ, ਬਿੱਲੋ ਆਦਿ ਸ਼ਾਮਲ ਹਨ। ਇਧਰ ਉਸ ਨੇ ਆਖ਼ਰੀ ਫ਼ਿਲਮ 'ਮੁਖੜਾ' ਲਈ ਗੀਤ ਗਾਏ। ਉਹ ਮੁੜ ਕੇ ਫਿਰ ਆਪਣੇ ਜੱਦੀ ਸ਼ਹਿਰ ਲਾਹੌਰ ਚਲੀ ਗਈ। ਇਥੇ ਉਸ ਨੇ ਮੁੜ ਤੋਂ ਰੇਡੀਓ ਸਟੇਸ਼ਨ ਜੁਆਇਨ ਕਰ ਲਿਆ। 1950 ਦੇ ਆਖੀਰ ਤਕ ਉਹ ਇਥੇ ਬਤੌਰ ਗਾਇਕਾ ਕੰਮ ਕਰਦੀ ਰਹੀ। ਉਸ ਦੀ ਆਵਾਜ਼ ਨੂੰ ਰੇਡੀਓ ਤੋਂ ਇਲਾਵਾ ਪ੍ਰਸਿਧ ਰਿਕਾਰਡਿੰਗ ਕੰਪਨੀਆਂ ਐਚ.ਐਮ.ਵੀ. ਅਤੇ ਯੰਗ ਇੰਡੀਆ ਨੇ ਵੀ ਰਿਕਾਰਡ ਕੀਤਾ। ਉਸ ਦੇ ਗਾਏ ਪੰਜਾਬੀ ਗੀਤਾਂ ਵਿਚੋਂ ਕੁਝ ਇਕ ਦੇ ਮੁਖੜੇ ਹਨ:

ਧੀਰੇ ਧੀਰੇ ਬੋਲ ਪਪੀਹਾ
ਹੌਲੇ ਹੌਲੇ ਬੋਲ
ਸੁਣ ਸੁਣ ਤੇਰੀ ਦਰਦ ਕਹਾਣੀ,
ਯਾਦ ਆਉਂਦਾ ਏ ਆਪਣਾ ਹਾਣੀ...
ਦੋ ਅੱਖੀਆਂ ਦਾ ਸਾਇਆ
ਉਡਦਾ ਉਡਦਾ ਆਇਆ
ਲੰਘਦਾ ਲੰਘਦਾ ਨੈਣਾਂ 'ਤੇ
ਪਰਛਾਵਾਂ ਬਣ ਕੇ ਛਾਇਆ...
ਆ ਵੇ ਪੰਛੀ ਦੇਸ ਦਿਆ
ਕੀਕਣ ਭੁੱਲਿਆ ਏਂ ਰਾਹ
ਓ ਮਾਹੀ ਤੂੰ ਮੇਰਾ ਹਾਣੀ
ਮੈਂ ਤੇਰੇ ਨਾਂ ਨੂੰ ਹੋਈ ਦੀਵਾਨੀ...

ਇਸੇ ਤਰ੍ਹਾਂ ਯੰਗ ਇੰਡੀਆ ਕੰਪਨੀ ਦੇ ਇਕ ਤਵੇ ਦੇ ਇਕ ਪਾਸੇ ਜ਼ੀਨਤ ਬੇਗ਼ਮ ਦਾ ਮਿਸਟਰ ਕੁਮਾਰ ਨਾਲ ਦੋਗਾਣਾ 'ਤਲੀਆਂ ਨੂੰ ਲਾ ਮਹਿੰਦੀ' ਹੈ। ਲਾਹੌਰ ਵਿਖੇ ਹੀ 12 ਨਵੰਬਰ 1966 ਨੂੰ ਉਹ ਇਸ ਫਾਨੀ ਜਹਾਨ ਨੂੰ ਸਦਾ ਲਈ ਅਲਵਿਦਾ ਆਖ ਗਈ।



*ਲਾਹੌਰ ਦੀ ਹੀਰਾ ਮੰਡੀ ਦੀ ਇਕ ਝਲਕ ਜਿਥੋਂ ਉਠ ਕੇ ਜ਼ੀਨਤ ਬੇਗ਼ਮ ਨੇ ਸੰਗੀਤ ਦੀ ਦੁਨੀਆਂ ਵਿਚ ਆਪਣੀ ਨਿਵੇਕਲੀ ਥਾਂ ਬਣਾਈ।*

# ਆਖ ਤਸਵੀਰਾਂ ਬੋਲਦੀਆਂ

**ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਜਨਵਰੀ 2018 ਹੈ। -ਸੰਪਾਦਕ**

## ਕੈਪਸ਼ਨ ਮੁਕਾਬਲਾ-307



*ਸੋਹਣਾ ਪੁੱਤਰ ਮਾਂ ਆਪਣੀ ਤੋਂ ਸਿਰ ਕਰਵਾ ਰਿਹਾ ਜੂੜਾ।
ਪਹੁੰਚ ਸਕੂਲੇ 'ਏ ਬੀ ਸੀ' ਤੇ ਨਾਲ ਪੜ੍ਹੇਗਾ ਊੜਾ।*

## ਕੈਪਸ਼ਨ ਮੁਕਾਬਲਾ-306



ਨਾਲ ਜੀਨ ਦੇ ਕੋਟੀ ਪਾ ਕੇ
ਸਿਰ 'ਤੇ ਲੈ ਲਈ ਟੋਪੀ।
ਸਾਂਭਣ ਦੇ ਲਈ ਇੱਜੜ ਤਾਈਂ
ਹੱਥਾਂ 'ਚ ਫੜ੍ਹ ਲਈ ਸੋਟੀ।
ਕੈਮਰੇ ਵਾਲਾ ਭਾਈ ਦੇਖ ਕੇ
ਆਪਾਂ ਪੂਰਾ ਪੋਜ਼ ਬਣਾਇਆ।
ਨਾਲ ਖੁਸ਼ੀ ਦੇ ਮਿਚ ਗੀਆਂ ਅੱਖਾਂ
ਜਦ ਉਸ ਨੇ ਬਟਣ ਦਬਾਇਆ।
**-ਜਗਮੀਤ ਸਿੰਘ ਪੰਧੇਰ**

---

ਸੁੱਖਾਂ ਸੁੱਖ ਸੁੱਖ ਮਾਪੇ ਮੰਗਣ,
ਜੰਮੇ ਸਾਡੇ ਸੋਹਣਾ ਲਾਲ।
ਭੋਰਾ ਭਰ ਨੂੰ ਆਜੜੀ ਬਣਾ ਕੇ,
ਕੀ ਰਹੇ ਨੇ ਉਹ ਭਾਲ।
ਜੇਰਾ ਕਰਕੇ ਪੜ੍ਹਨ ਜੇ ਭੇਜਣ,
ਜੀਵਨ ਹੋ ਜਾਊ ਖੁਸ਼ਹਾਲ।
**-ਦਵਿੰਦਰ ਕੌਰ**

---

ਡੰਡਾ ਦੇ ਕੇ ਹੱਥ ਕਾਕੇ ਦੇ
ਆਜੜੀ ਦਾ ਪੋਜ਼ ਬਣਾਇਆ।
ਹਰਾ ਕਚੂਰ ਘਾਹ ਚੁਗਦੀਆਂ ਭੇਡਾਂ
ਪਰ ਮੁੰਡਾ ਜਾਪੇ ਸ਼ਰਮਾਇਆ।
ਰੋਕਿਆ ਭੀ ਨਾ ਰੁਕਿਆ ਹਾਸਾ
ਖਿੜ ਖਿੜ ਮੀਟੀਆਂ ਅੱਖਾਂ।
ਸਰਦਾਰਾਂ ਦਾ ਪੁੱਤ ਇੱਜੜ ਚਾਰੇ?
ਜਾਣੋ ਹੌਲਾ ਹੋਇਆ ਵਾਂਗ ਕੱਖਾਂ।
**-ਸੇਵਾ ਸਿੰਘ ਨੂਰਪੁਰੀ, ਬੰਗਾ**

---

ਆਜੜੀ ਦੇ ਘਰ ਜੰਮੇ ਆਜੜੀ,
ਇਹ ਕਿੱਥੋਂ ਦਾ ਦਸਤੂਰ।
ਕਲਮਾਂ ਸੀ ਫੜ੍ਹਨੀਆਂ ਜਿਨ੍ਹਾਂ ਹੱਥਾਂ ਨੇ,
ਉਹ ਡੰਡੇ ਫੜ੍ਹਨ ਲਈ ਮਜਬੂਰ।

ਜਮਦਿਆਂ ਸਿਰ ਕਰਜਾ ਜਿੱਥੇ,
ਸੁਪਨੇ ਹੋਵਣ ਚਕਨਾਚੂਰ।
ਰੱਬ ਹੋਵੇ ਤਾਂ ਵੇਖੇ ਦੁਰਗਤ,
ਹੁੰਦੀ ਜਿੱਥੇ ਬਚਪਨ ਦੀ,
ਕੁੱਲੀ, ਗੁੱਲੀ, ਜੁੱਲੀ ਦਾ ਹੱਲ,
ਇੱਥੇ ਲਗਦੈ ਬਹੁਤ ਦੂਰ।
**-ਗੁਰਦੇਵ ਸਿੰਘ ਘਿਪਾਲੀ, ਬਠਿੰਡਾ**

---

ਪਤਾ ਨ੍ਹੀਂ ਕਿਸੇ ਨੂੰ ਕਿਵੇਂ ਜਚਿਆ
ਭੋਲਾ ਜਿਹਾ ਮੁੰਡਾ ਬਣਜੂ ਚਰਵਾਹਾ।
ਛਿੜਿਆ ਹਾਸਾ ਰੋਕਿਆ ਨਾ ਜਾਵੇ
ਕਿਵੇਂ ਸਾਂਭੂ ਇੱਜੜ ਸਾਰਾ!
ਇੱਜੜ ਕਾਬੂ ਕਰਨ ਲਈ ਪ੍ਰੌੜ ਬੰਦੇ
ਸ਼ਿਕਾਰੀ ਕੁੱਤਿਆਂ ਦਾ ਲੈਣ ਸਹਾਰਾ।
**-ਅਮਰਜੀਤ ਸਿੰਘ ਤੂਰ**

---

ਭੇਡਾਂ 'ਚ ਭੇਡਾਂ ਜਿਹਾ ਬਣਨਾ ਪੈਂਦਾ
ਸੋਟੀ ਫੜ੍ਹਾ'ਤੀ ਇਹ ਕੂਲਾ ਜਵਾਕ।
ਉਮਰ ਨਾ ਇਹ ਭੇਡਾਂ ਚਾਰਨ ਵਾਲੀ
ਕਿਤੇ ਭੋਲੇ ਹਾਸੇ ਨਾ ਜਾਣ ਗਵਾਚ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਭੇਡਾਂ ਤਾਂ ਹਨ ਬੜੀਆਂ ਹੀ ਸੀਲ
ਤੰਗ ਨਹੀਂ ਕਰਦੀਆਂ ਕਿਸੇ ਨੂੰ।
ਦੇ ਹੱਥ ਡੰਡਾ ਬੇਚਾਰੇ ਬੱਚੇ ਦੇ
ਤੋਰ ਦਿੱਤਾ ਚਾਰਨ ਭੇਡਾਂ।
ਓਡਾ ਕੱਦ ਨਾ, ਜਿੱਡੀ ਲਾਠੀ ਫੜ੍ਹੀ
ਲੱਗਦਾ ਗਲ ਪਿਆ ਢੋਲ ਵਜਾਉਂਦਾ।
**-ਦਰਸ਼ਨਪਾਲ ਦੋਸਾਂਝ**

---

ਮੈਂ ਸਕੂਲ ਨਹੀਂ ਜਾਣਾ
ਨਾ ਮੈਂ ਮੰਨਣਾ ਵੱਡਿਆਂ ਦਾ ਕਹਿਣਾ।
ਚਾਰਨੀਆਂ ਭੇਡਾਂ ਖੁਸ਼ੀ ਨਾਲ
ਇਸ ਕੰਮ 'ਚ ਮੈਂ ਖੁਸ਼ ਰਹਿਣਾ।
ਪੜ੍ਹਾਈ ਕਰਨੀ ਲੱਗਦੀ ਔਖੀ
ਭੇਡਾਂ ਚਾਰਨ ਦਾ ਕੰਮ ਸੁਖਾਲਾ।
ਆਮਦਨ ਦਾ ਇਹ ਕਿੱਤਾ
ਕਿਸੇ ਪੱਖੋਂ ਨਹੀਂ ਮਾੜਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**

## ਕੈਪਸ਼ਨ ਮੁਕਾਬਲਾ-305

ਖਾ ਪਰੌਂਠਾ ਮੂਲੀ ਦਾ ਯਾਰਾ।
ਇਸ ਦਾ ਆਊ ਖੂਬ ਨਜ਼ਾਰਾ।
**-ਹਰਭਜਨ ਸਿੰਘ ਸੰਧੂ**
**ਫੋਨ: 916-582-9863**

# ਵਿਦੇਸ਼ੀ ਪਤੀਆਂ ਦੀਆਂ ਸਤਾਈਆਂ ਪੰਜਾਬਣਾਂ ਦਾ ਦਰਦ ਕੌਣ ਸੁਣੇ !

**ਚੰਡੀਗੜ੍ਹ:** ਵਿਆਹ ਕਰਵਾ ਕੇ ਵਿਦੇਸ਼ ਉਡਾਰੀ ਮਾਰਨ ਵਾਲੇ ਪਤੀਆਂ ਦੀਆਂ ਸਤਾਈਆਂ ਪੰਜਾਬ ਦੀਆਂ ਮੁਟਿਆਰਾਂ ਇਨਸਾਫ ਲਈ ਦਰ-ਦਰ ਠੋਕਰਾਂ ਖਾਣ ਨੂੰ ਮਜਬੂਰ ਹਨ। ਵਿਦੇਸ਼ ਲਿਜਾਣ ਦਾ ਲਾਰਾ ਲਾ ਕੇ ਜਹਾਜ਼ ਚੜ੍ਹਨ ਵਾਲੇ ਆਪਣੇ ਪਤੀਆਂ ਦੇ ਵਤਨ ਨਾ ਪਰਤਣ ਕਾਰਨ ਇਨ੍ਹਾਂ ਮੁਟਿਆਰਾਂ ਦੀਆਂ ਖੁਸ਼ੀਆਂ ਗਮਾਂ ਵਿਚ ਬਦਲ ਗਈਆਂ ਹਨ। ਉਧਰੋਂ ਪਤੀ ਵਿਦੇਸ਼ੋਂ ਨਹੀਂ ਮੁੜੇ ਤੇ ਇਧਰੋਂ ਸਹੁਰਿਆਂ ਨੇ ਵੀ ਬੂਹੇ ਬੰਦ ਕਰ ਲਏ ਹਨ।

ਪੰਜਾਬ ਦੀਆਂ ਤਕਰੀਬਨ ਅੱਧਾ ਦਰਜਨ ਧੀਆਂ ਫਰਿਆਦ ਲੈ ਕੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਕੋਲ ਪੁੱਜੀਆਂ। ਉਨ੍ਹਾਂ ਭਗਵੰਤ ਮਾਨ ਕੋਲੋਂ ਮੰਗ ਕੀਤੀ ਕਿ ਵਿਆਹ ਕਰਵਾ ਕੇ ਵਿਦੇਸ਼ਾਂ ਤੋਂ ਧਮਕੀਆਂ ਦੇ ਰਹੇ ਉਨ੍ਹਾਂ ਦੇ ਪਤੀਆਂ ਨੂੰ ਵਾਪਸ ਬੁਲਾਇਆ ਜਾਵੇ। ਜ਼ਿਲ੍ਹਾ ਮੋਗਾ ਦੀ ਵਸਨੀਕ 29 ਸਾਲਾ ਕਿਰਨਦੀਪ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ 26 ਅਕਤੂਬਰ 2014 ਨੂੰ ਪ੍ਰਿਤਪਾਲ ਸਿੰਘ ਨਾਲ ਹੋਇਆ ਸੀ, ਜੋ ਇਕ ਸਾਲ ਬਾਅਦ ਹਾਂਗਕਾਂਗ ਚਲਾ ਗਿਆ ਤੇ ਵਾਪਸ ਨਹੀਂ ਮੁੜਿਆ। ਪਿੱਛੋਂ ਸਹੁਰਾ ਪਰਿਵਾਰ ਨੇ ਉਸ ਨੂੰ ਆਪਣੇ ਘਰ ਨਹੀਂ ਵਸਾਇਆ ਤੇ ਉਹ ਦੋ ਸਾਲ ਤੋਂ ਪੇਕੇ ਰਹਿ ਰਹੀ ਹੈ। ਵਿਦੇਸ਼ ਵਿਚ ਬੈਠਾ ਉਸ ਦਾ ਪਤੀ ਅਤੇ



ਸਹੁਰਾ ਪਰਿਵਾਰ ਉਸ ਨੂੰ ਧਮਕਾ ਰਿਹਾ ਹੈ ਕਿ ਉਹ ਆਪਣਾ ਸਾਮਾਨ ਚੁੱਕ ਲਵੇ।

ਜ਼ਿਲ੍ਹਾ ਲੁਧਿਆਣਾ ਦੀ ਵਸਨੀਕ ਸਤਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਫਰਵਰੀ 2009 ਵਿਚ ਅਰਵਿੰਦਰਪਾਲ ਸਿੰਘ ਨਾਲ ਹੋਇਆ ਸੀ। ਉਸ ਦਾ ਪਤੀ 2010 ਵਿੱਚ ਵਿਦੇਸ਼ ਚਲਾ ਗਿਆ ਤੇ 2015 ਵਿਚ ਵਾਪਸ ਆਇਆ। ਸਹੁਰਾ ਪਰਿਵਾਰ ਨੇ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਬੇਦਖਲ ਕਰ ਦਿੱਤਾ। ਪਤੀ ਉਸ ਨੂੰ ਲੈ ਕੇ ਕੁਝ ਦਿਨ ਕਿਰਾਏ ਦੇ ਮਕਾਨ ਵਿਚ ਰਿਹਾ ਤੇ ਫਿਰ ਵਾਪਸ ਆਉਣਾ ਦਾ ਭਰੋਸਾ ਦੇ ਕੇ ਵਿਦੇਸ਼ ਚਲਾ ਗਿਆ। ਉਸ ਨੇ ਦੱਸਿਆ ਕਿ ਉਹ ਲੈਕਚਰਾਰ ਸੀ, ਪਰ ਪਤੀ ਨੇ ਨੌਕਰੀ ਵੀ ਛੁਡਵਾ ਦਿੱਤੀ। ਉਸ ਨੂੰ ਇਨਸਾਫ ਤਾਂ ਕੀ ਮਿਲਣਾ ਸੀ, ਸਗੋਂ ਸਹੁਰਾ ਪਰਿਵਾਰ ਨੇ ਉਸ ਖਿਲਾਫ ਹੀ ਕੇਸ ਦਰਜ ਕਰਵਾ ਦਿੱਤਾ।

ਜ਼ਿਲ੍ਹਾ ਲੁਧਿਆਣਾ ਦੀ ਵਸਨੀਕ ਪਲਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਹਰਿਆਣਾ ਦੇ ਜ਼ਿਲ੍ਹਾ ਕਰਨਾਲ ਦੇ ਵਸਨੀਕ ਸ਼ਿੰਦਰ ਸਿੰਘ ਨਾਲ 2016 ਵਿਚ ਹੋਇਆ ਸੀ, ਜੋ ਵਿਆਹ ਤੋਂ ਸਾਲ ਮਗਰੋਂ ਹੀ ਵਿਦੇਸ਼ ਚਲਾ ਗਿਆ, ਪਰ ਵਾਪਸ ਨਹੀਂ ਆਇਆ। ਪਤੀ ਵਿਦੇਸ਼ ਤੋਂ ਉਸ ਨੂੰ ਧਮਕਾ ਰਿਹਾ ਹੈ। ਜਗਰਾਉਂ ਦੀ ਵਸਨੀਕ ਸੀਮਾ ਨੇ ਦੱਸਿਆ ਕਿ ਉਸ ਦਾ ਵਿਆਹ ਦਸੰਬਰ 2012 ਵਿਚ ਲਖਵੀਰ ਨਾਲ ਹੋਇਆ ਸੀ।

2013 ਵਿਚ ਉਸ ਦੇ ਬੇਟੀ ਪੈਦਾ ਹੋਈ, ਜਿਸ ਤੋਂ ਦੋ ਮਹੀਨੇ ਬਾਅਦ ਹੀ ਪਤੀ ਨੇ ਉਸ ਨੂੰ ਲਿਜਾਣ ਤੋਂ ਇਨਕਾਰ ਕਰ ਦਿੱਤਾ। 2015 ਵਿਚ ਉਸ ਨੂੰ ਬਿਨਾਂ ਦੱਸੇ ਹੀ ਕੁਵੈਤ ਚਲਾ ਗਿਆ। ਉਹ ਆਪਣੀ ਬੇਟੀ ਸਮੇਤ ਪੇਕੇ ਘਰ ਰਹਿ ਰਹੀ ਹੈ। ਇਨਸਾਫ ਲਈ ਠੋਕਰਾਂ ਖਾ ਰਹੀਆਂ ਇਨ੍ਹਾਂ ਮੁਟਿਆਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਤੀ ਸ਼ਰੇਆਮ ਆਖਦੇ ਹਨ ਕਿ ਜਿਹੜੀ ਸਰਕਾਰ ਵਿਜੇ ਮਾਲਿਆ ਨੂੰ ਵਿਦੇਸ਼ ਵਿਚੋਂ ਡਿਪੋਰਟ ਨਹੀਂ ਕਰਵਾ ਸਕੀ, ਉਹ ਸਾਨੂੰ ਕੀ ਵਾਪਸ ਬੁਲਾਏਗੀ। ਉਨ੍ਹਾਂ ਕੇਂਦਰ ਅਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਇਨਸਾਫ ਦਿਵਾਇਆ ਜਾਵੇ। ਇਸ ਸਬੰਧੀ ਸੰਸਦ ਮੈਂਬਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਲੜਕੀਆਂ ਦਾ ਮੁੱਦਾ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕੋਲ ਉਠਾਉਣਗੇ।

### ਸਰਕਾਰ ਦੀ ਘੇਸਲ ਉਤੇ ਸਵਾਲ

**ਚੰਡੀਗੜ੍ਹ:** ਸੂਬੇ ਵਿਚ ਮਹਿਲਾ ਕਮਿਸ਼ਨ, ਐਨ.ਆਰ.ਆਈ. ਕਮਿਸ਼ਨ ਅਤੇ ਏ.ਡੀ.ਜੀ.ਪੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਵਿਚ ਐਨ.ਆਰ.ਆਈ. ਸੈੱਲ ਸਥਾਪਤ ਕੀਤੇ ਗਏ ਹਨ, ਪਰ ਵਿਦੇਸ਼ ਰਹਿੰਦੇ ਕਿਸੇ ਵਿਅਕਤੀ ਨੂੰ ਵਾਪਸ ਲੈ ਆਉਣ ਦਾ ਮਾਮਲਾ ਸਿੱਧਾ ਅਤੇ ਸੁਖਾਲਾ ਨਹੀਂ ਹੈ। ਸਰਕਾਰ ਉਤੇ ਮਾਮਲੇ 'ਤੇ ਗੌਰ ਕਰਦੀ ਹੈ ਜੋ ਸੁਰਖੀਆਂ ਵਿਚ ਆਉਂਦਾ ਹੈ। ਇਕ ਗੈਰ ਸਰਕਾਰੀ ਸੰਸਥਾ ਦੇ ਅਨੁਮਾਨ ਅਨੁਸਾਰ ਵੱਖ-ਵੱਖ ਦੇਸ਼ਾਂ ਵਿਚ ਸ਼ਾਦੀਸ਼ੁਦਾ ਪੰਜਾਬ ਦੀਆਂ ਵੀਹ ਹਜ਼ਾਰ ਤੋਂ ਵੱਧ ਮੁਟਿਆਰਾਂ ਆਪਣੇ ਪਤੀਆਂ ਨੂੰ ਉਡੀਕਦੀਆਂ ਉਮਰ ਦਰਾਜ਼ ਹੋ ਚੁੱਕੀਆਂ ਹਨ ਅਤੇ ਹੋ ਰਹੀਆਂ ਹਨ।

# ਨਸ਼ਾ ਤਸਕਰੀ: ਭੋਲੇ ਨੇ ਮਜੀਠੀਆ ਖਿਲਾਫ ਮੁੜ ਉਠਾਈ ਆਵਾਜ਼





**ਬਠਿੰਡਾ:** ਜਗਦੀਸ਼ ਭੋਲੇ ਨੇ ਬਿਕਰਮਜੀਤ ਸਿੰਘ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਮਾਮਲੇ ਵਿਚ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਉਸ ਨੇ ਕਿਹਾ ਕਿ ਸੀ.ਬੀ.ਆਈ. ਜਾਂਚ ਵਿਚ 'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਹੋ ਜਾਵੇਗਾ। ਜਗਦੀਸ਼ ਭੋਲਾ ਬਠਿੰਡਾ ਦੀ ਜ਼ਿਲ੍ਹਾ ਸੈਸ਼ਨ ਅਦਾਲਤ ਵਿਚ ਪੇਸ਼ ਹੋਇਆ ਸੀ।

ਭੋਲੇ ਵਿਰੁੱਧ ਰਾਮਪੁਰਾ ਫੂਲ ਥਾਣੇ ਵਿਚ ਨਸ਼ੇ ਸਬੰਧੀ ਦੋ ਮਾਮਲੇ ਦਰਜ ਹੋਏ ਹਨ। ਪੰਜਾਬ ਪੁਲਿਸ ਵਿਚ ਬਤੌਰ ਡੀ.ਐਸ.ਪੀ. ਰਹੇ ਭਲਵਾਨ ਜਗਦੀਸ਼ ਭੋਲਾ ਦੀ ਇਨ੍ਹਾਂ ਦੋਵਾਂ ਮਾਮਲਿਆਂ ਵਿਚ ਅਦਾਲਤ ਵਿਚ ਪੇਸ਼ੀ ਸੀ। ਉਸ ਨੇ ਅਦਾਲਤ ਤੋਂ ਬਾਹਰ ਆ ਕੇ ਸਾਬਕਾ ਮਾਲ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਬਾਰੇ ਸੀ.ਬੀ.ਆਈ. ਜਾਂਚ ਕਰਵਾਉਣ ਦੀ ਗੱਲ ਕੀਤੀ।

## ਮਾਂ ਨੂੰ ਛੱਤ ਤੋਂ ਸੁੱਟਣ ਵਾਲੇ ਪ੍ਰੋਫੈਸਰ ਦੀ ਖੁੱਲ੍ਹੀ ਪੋਲ

**ਨਵੀਂ ਦਿੱਲੀ:** ਗੁਜਰਾਤ ਦੇ ਰਾਜਕੋਟ ਇਲਾਕੇ ਤੋਂ ਇਕ ਦਿਲ ਦਹਿਲਾ ਦੇਣ ਵਾਲੀ ਖਬਰ ਸਾਹਮਣੇ ਆਈ ਹੈ। ਕਾਲਜ ਵਿਚ ਪੜ੍ਹਾਉਣ ਵਾਲੇ ਪ੍ਰੋਫੈਸਰ ਸੰਦੀਪ ਨੇ ਆਪਣੀ ਹੀ ਮਾਂ ਦਾ ਕਤਲ ਕਰ ਦਿੱਤਾ। ਉਸ ਦੀ ਮਾਂ ਬਿਮਾਰ ਰਹਿੰਦੀ ਸੀ। ਇਸੇ ਕਾਰਨ ਪਰਿਵਾਰ ਵਿਚ ਤਣਾਅ ਚੱਲ ਰਿਹਾ ਸੀ। ਇਸੇ ਝਗੜੇ ਤੋਂ ਪਰੇਸ਼ਾਨ ਪ੍ਰੋਫੈਸਰ ਨੇ ਆਪਣੀ ਮਾਂ ਨੂੰ ਛੱਤ ਤੋਂ ਥੱਲੇ ਸੁੱਟ ਦਿੱਤਾ। ਉਸ ਦੀ ਮਾਂ ਅਧਿਆਪਕਾ ਰਹਿ ਚੁੱਕੀ ਸੀ। ਦਿੱਲੀ ਦੇ ਸਾਇਕੋਲੋਜੀਕਲ ਡਾਕਟਰ ਅਨੁਨੀਤ ਸਭਰਵਾਲ ਦਾ ਕਹਿਣਾ ਹੈ ਕਿ ਲੱਗਦਾ ਹੈ ਕਿ ਇਹ ਇਨਸਾਨ ਕਿਸੇ ਮਾਨਸਿਕ ਪਰੇਸ਼ਾਨੀ ਤੋਂ ਲੰਘ ਰਿਹਾ ਹੋਵੇਗਾ। ਗੁੱਸੇ ਵਿਚ ਕਤਲ ਕਰਨਾ ਅਲੱਗ ਗੱਲ ਹੁੰਦੀ ਹੈ ਪਰ ਜਿਸ ਤਰ੍ਹਾਂ ਉਸ ਨੇ ਸੋਚ-ਸਮਝ ਕੇ ਆਪਣੀ ਮਾਂ ਨੂੰ ਥੱਲੇ ਸੁੱਟਿਆ, ਉਸ ਤੋਂ ਲੱਗਦਾ ਹੈ ਕਿ ਜਾਂ ਤਾਂ ਉਹ ਪਰੇਸ਼ਾਨ ਸੀ ਜਾਂ ਨਿਰਾਸ਼। ਹੋ ਸਕਦਾ ਹੈ ਕਿ ਉਸ ਨੇ ਇਹ ਸੋਚਿਆ ਹੋਵੇ ਕਿ ਇਸ ਤਰ੍ਹਾਂ ਉਹ ਆਪਣੀ ਮਾਂ ਨੂੰ ਪਰੇਸ਼ਾਨ ਜ਼ਿੰਦਗੀ ਤੋਂ ਮੁਕਤ ਕਰ ਦੇਵੇਗਾ। ਪੁਲਿਸ ਨੂੰ ਇਹ ਮਾਮਲਾ ਇਕ ਹਾਦਸਾ ਹੀ ਲੱਗ ਰਿਹਾ ਸੀ ਪਰ ਉਸ ਨੂੰ ਇਕ ਗੁਮਨਾਮ ਚਿੱਠੀ ਮਿਲੀ।

ਪੁਲਿਸ ਨੇ ਜਦ ਸੀ.ਸੀ.ਟੀ.ਵੀ. ਕੈਮਰੇ ਚੈੱਕ ਕੀਤੇ ਤਾਂ ਮਾਮਲਾ ਖੁੱਲ੍ਹ ਗਿਆ। ਸੀ.ਸੀ.ਟੀ.ਵੀ. ਵਿਚ ਸਾਫ ਨਜ਼ਰ ਆ ਰਿਹਾ ਸੀ ਕਿ ਕਿਸ ਤਰ੍ਹਾਂ ਸੰਦੀਪ ਆਪਣੀ ਮਾਂ ਨੂੰ ਛੱਤ 'ਤੇ ਲੈ ਕੇ ਗਿਆ ਤੇ ਉਥੋਂ ਧੱਕਾ ਮਾਰ ਦਿੱਤਾ। ਇਸ ਤੇਜ਼ ਰਫਤਾਰ ਜ਼ਿੰਦਗੀ ਵਿਚ ਬੱਚਿਆਂ ਕੋਲ ਆਪਣੇ ਮਾਂ-ਪਿਉ ਲਈ ਵਕਤ ਨਹੀਂ ਹੈ। ਅਜਿਹੇ ਵਿਚ ਬਜ਼ੁਰਗਾਂ ਦੀ ਦੇਖਭਾਲ ਇਕ ਵੱਡਾ ਮਸਲਾ ਬਣਦਾ ਜਾ ਰਿਹਾ ਹੈ।

# ਕਰੋੜਾਂ ਦੀ ਠੱਗੀ ਮਾਰਨ ਵਾਲਾ ਸਾਬਕਾ ਜੱਜ ਕਾਬੂ

**ਬਠਿੰਡਾ:** ਪ੍ਰੋਫ਼ੈਕਟ ਟ੍ਰੇਡਿੰਗ ਚਿੱਟ ਫੰਡ ਕੰਪਨੀ ਬਣਾ ਕੇ ਲੋਕਾਂ ਨਾਲ 10 ਕਰੋੜ 30 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਸਾਬਕਾ ਜੱਜ ਐਚ.ਐਲ. ਕੁਮਾਰ ਤੇ ਉਸ ਦੇ ਪੁੱਤਰ ਪ੍ਰਦੀਪ ਕੁਮਾਰ ਨੂੰ ਪੁਲਿਸ ਨੇ ਨਵੀਂ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ ਹੈ। ਜੱਜ ਐਚ.ਐਲ. ਕੁਮਾਰ, ਉਸ ਦੇ ਲੜਕੇ ਪ੍ਰਦੀਪ ਕੁਮਾਰ, ਅਜੇ ਮਹੇਸ਼ਵਰੀ ਅਤੇ ਤਿੰਨ ਹੋਰ ਵਿਅਕਤੀਆਂ ਨੇ ਰਲ ਕੇ ਪ੍ਰੋਫ਼ੈਕਟ ਟ੍ਰੇਡਿੰਗ ਨਾਂ ਦੀ ਇਕ ਕੰਪਨੀ 2010 'ਚ ਬਣਾਈ ਸੀ, ਜਿਸ ਦਾ ਦਫਤਰ ਬਠਿੰਡਾ ਦੇ ਭੱਟੀ ਰੋਡ ਉਤੇ ਖੋਲ੍ਹਿਆ ਸੀ।

ਇਸ ਕੰਪਨੀ ਦੇ ਦਫਤਰ ਉਪਰ ਬਾਕਾਇਦਾ ਐਚ.ਐਲ. ਕੁਮਾਰ ਸਾਬਕਾ ਜੱਜ ਲਿਖ ਕੇ ਇਸ ਅਹੁਦੇ ਦੀ ਦੁਰਵਰਤੋਂ ਕਰਦਿਆਂ ਐਚ.ਐਲ. ਕੁਮਾਰ ਅਤੇ ਉਸ ਦੇ ਲੜਕੇ ਪ੍ਰਦੀਪ ਕੁਮਾਰ ਵੱਲੋਂ ਲੋਕਾਂ ਨੂੰ ਬੈਂਕ ਨਾਲੋਂ ਵੱਧ ਵਿਆਜ ਦੇਣ ਅਤੇ



ਤਿੰਨ ਸਾਲਾਂ ਵਿਚ ਰਕਮ ਦੁੱਗਣੀ ਕਰਨ ਦਾ ਝਾਂਸਾ ਦੇ ਕੇ ਕਰੋੜਾਂ ਰੁਪਏ ਠੱਗੇ। ਪੈਸਾ ਨਾ ਮੁੜਦਾ ਦੇਖ ਕੇ ਕਈ ਨਿਵੇਸ਼ਕਾਂ ਨੇ ਇਸ ਦੀ ਸ਼ਿਕਾਇਤ ਬਠਿੰਡਾ ਪੁਲਿਸ ਨੂੰ ਕਰ ਦਿੱਤੀ, ਜਿਸ ਦੀ ਤਤਕਾਲੀ ਐਸ.ਪੀ. ਹੈੱਡ ਕੁਆਟਰ ਜਾਂਚ ਨਾਨਕ ਸਿੰਘ ਦੀ ਅਗਵਾਈ 'ਚ ਬਣੀ ਵਿਸ਼ੇਸ਼ ਜਾਂਚ ਟੀਮ ਵੱਲੋਂ ਕਰ ਕੇ ਪ੍ਰਦੀਪ ਕੁਮਾਰ, ਐਚ.ਐਲ. ਕੁਮਾਰ, ਸ਼ੈਰੀ ਪਤਨੀ ਪ੍ਰਦੀਪ ਕੁਮਾਰ, ਅਜੇ ਮਹੇਸ਼ਵਰੀ ਅਤੇ ਵਿਸ਼ਾਲ ਸ਼ਰਮਾ ਵਿਰੁੱਧ ਪਰਚਾ ਦਰਜ ਕਰਨ ਦੀ ਸਿਫਾਰਸ਼ ਕੀਤੀ ਗਈ।

# ਕੌਮੀ ਪੱਧਰ ਦੇ ਪੰਜ ਭਲਵਾਨਾਂ ਦੀ ਸੜਕ ਹਾਦਸੇ 'ਚ ਮੌਤ

**ਕੁਰੂਕਸ਼ੇਤਰ:** ਮੂਰਥਲ ਢਾਬੇ ਤੋਂ ਦੋਸਤ ਦਾ ਜਨਮ ਦਿਨ ਮਨਾ ਕੇ ਨਿਕਲੇ ਚਾਰ ਕੌਮੀ ਖਿਡਾਰੀਆਂ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਪਿੰਡ ਅਲੀਪੁਰ ਨੇੜੇ ਸੰਘਣੀ ਧੁੰਦ ਕਾਰਨ ਵਾਪਰੇ ਹਾਦਸੇ ਵਿਚ ਮਾਰੇ ਗਏ 24 ਸਾਲਾ ਯੋਗੇਸ਼ ਉਰਫ ਆਕਾਸ਼ ਦਾ ਫਰਵਰੀ 'ਚ ਵਿਆਹ ਹੋਣਾ ਸੀ।

ਮ੍ਰਿਤਕਾਂ ਦੀ ਸ਼ਨਾਖਤ ਦਿੱਲੀ ਤੀਮਾਰਪੁਰ ਵਾਸੀ ਟੀਮਕਚੰਦ (27), ਸੂਰਜ (18), 24 ਸਾਲਾ ਯੋਗੇਸ਼ ਉਰਫ ਆਕਾਸ਼ ਤੇ ਹਰੀਸ਼ ਰਾਏ (20) ਵਜੋਂ ਹੋਈ ਹੈ। ਇਨ੍ਹਾਂ ਵਿਚੋਂ ਕੋਈ ਸਟੇਟ ਤੇ ਕੋਈ ਨੈਸ਼ਨਲ ਪੱਧਰ ਦਾ ਭਾਰ ਤੋਲਕ ਖਿਡਾਰੀ ਸੀ। ਹਾਦਸੇ 'ਚ ਨਾਂਗਲੋਈ ਦੇ ਕੌਮਾਂਤਰੀ ਭਾਰ ਤੋਲਕ ਸਕਸ਼ਮ ਯਾਦਵ ਤੇ ਨੈਸ਼ਨਲ ਪਲੇਅਰ ਰਾਹੁਲ ਉਰਫ ਬਾਲੀ ਗੰਭੀਰ ਜ਼ਖਮੀ ਹੋ ਗਏ।

ਰਾਹੁਲ ਉਰਫ ਬਾਲੀ ਦਾ ਜਨਮ ਦਿਨ ਸੀ, ਜਿਸ ਨੂੰ ਮਨਾ ਕੇ ਇਹ ਸਾਰੇ ਦੋਸਤ ਆ ਰਹੇ ਸਨ। ਖਿਡਾਰੀ ਸਵਿਫਟ ਡਿਜ਼ਾਇਰ ਕਾਰ 'ਚ ਜਦੋਂ ਕੁੰਡਲੀ ਬਾਰਡਰ ਉਤੇ ਪਿੰਡ ਅਲੀਪੁਰ ਨੇੜੇ ਪੁੱਜੇ ਤਾਂ ਉਨ੍ਹਾਂ ਦੀ ਕਾਰ ਹਾਈਵੇ ਦੇ ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਇਹ ਪਲਟੀਆਂ ਖਾਂਦੀ ਬਿਜਲੀ ਦੇ ਇਕ ਖੰਭੇ ਨਾਲ ਜਾ ਟਕਰਾਈ। ਖੰਭੇ ਨਾਲ ਟੱਕਰ ਤੋਂ ਬਾਅਦ ਕਾਰ ਦੀ ਛੱਤ ਵੱਖਰੀ ਹੋ ਗਈ ਤੇ ਮ੍ਰਿਤਕਾਂ ਦੇ ਹਾਈਵੇ ਉਤੇ ਕਈ ਮੀਟਰਾਂ ਤੱਕ ਮਾਸ ਦੇ ਲੋਥੜੇ ਖਿੱਲਰ ਗਏ। ਜ਼ਖਮੀ ਰਾਹੁਲ ਉਰਫ ਬਾਲੀ ਕੌਮੀ ਪੱਧਰ ਦੇ ਖਿਡਾਰੀ ਰਹਿ ਚੁੱਕਾ ਹੈ ਜਦ ਕਿ ਸਕਸ਼ਮ ਯਾਦਵ ਅੰਤਰਰਾਸ਼ਟਰੀ ਪੱਧਰ ਦਾ ਖਿਡਾਰੀ ਹੈ, ਜਿਸ ਨੇ ਮਾਸਕੋ 'ਚ ਦਸੰਬਰ ਵਿਚ ਹੋਈ ਵਰਲਡ ਕੱਪ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚ ਸੋਨੇ ਦਾ ਤਗਮਾ ਜਿੱਤਿਆ ਸੀ।

# ਸ਼ਹੀਦੀ ਸਭਾ 'ਤੇ ਅਖੰਡ ਪਾਠ ਬੁੱਕ ਕਰਵਾਉਣ ਦਾ ਮਾਮਲਾ ਭਖਿਆ

**ਫਤਹਿਗੜ੍ਹ ਸਾਹਿਬ:** ਫਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਖੰਡ ਪਾਠ ਦਿੱਲੀ ਦੇ ਇਕ ਸਿੱਖ ਸ਼ਰਧਾਲੂ ਦੇ ਨਾਮ ਉਤੇ ਪ੍ਰਕਾਸ਼ ਕਰਾਉਣ ਦਾ ਮੁੱਦਾ ਭਖਦਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਅਵਤਾਰ ਸਿੰਘ ਰਿਆ ਤੇ ਰਵਿੰਦਰ ਸਿੰਘ ਖ਼ਾਲਸਾ ਵੱਲੋਂ ਦਿੱਤੇ ਸਪਸ਼ਟੀਕਰਨ ਨੂੰ ਮੁੱਢੋਂ ਨਕਾਰਦਿਆਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਸੰਗਤ ਦੀਆਂ ਅੱਖਾਂ ਵਿਚ ਘੱਟਾ ਪਾ ਰਹੇ ਹਨ, ਜਿਨ੍ਹਾਂ ਫਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਮੌਕੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪ੍ਰਕਾਸ਼ ਕਰਵਾਏ ਅਖੰਡ ਪਾਠ ਬਾਰੇ ਛਿੜੇ ਵਿਵਾਦ ਨੂੰ ਸੁਲਝਾਉਣ ਲਈ ਭੁਲੇਖਾਪਾਊ ਸਪਸ਼ਟੀਕਰਨ ਦਿੱਤਾ ਹੈ, ਪਰ ਸਿੱਖ ਸੰਗਤ ਦੇ ਮੁਢਲੇ ਇਤਰਾਜ਼ਾਂ ਬਾਰੇ ਚੁੱਪ ਧਾਰ ਰੱਖੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਸੰਗਤ ਦਾ ਮੁਢਲਾ ਇਤਰਾਜ਼ ਹੈ ਕਿ 25 ਦਸੰਬਰ ਨੂੰ ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਜੋ ਅਖੰਡ ਪਾਠ ਆਰੰਭ



ਕਰਵਾਏ ਸਨ, ਉਹ ਦਿੱਲੀ ਦੇ ਇਕ ਗੁਰਸਿੱਖ ਦਲਵਿੰਦਰ ਸਿੰਘ ਨੇ ਆਰੰਭ ਕਰਵਾਏ ਸਨ। ਅਖੰਡ ਪਾਠ ਦੇ ਆਰੰਭ ਤੋਂ ਬਾਅਦ ਪਾਠੀਆਂ ਅਤੇ ਸੇਵਾਦਾਰਾਂ ਦੇ ਡਿਊਟੀ ਚਾਰਟ ਦੀ ਰੱਖੀ ਤਖ਼ਤੀ 'ਤੇ ਵੀ ਪਾਠ ਦਲਵਿੰਦਰ ਸਿੰਘ ਵੱਲੋਂ ਆਰੰਭ ਕਰਵਾਉਣ ਦਾ ਜ਼ਿਕਰ ਹੈ।

ਦਲਵਿੰਦਰ ਸਿੰਘ ਵੱਲੋਂ ਆਰੰਭ ਕਰਵਾਏ ਅਖੰਡ ਪਾਠ ਦੇ ਡਿਊਟੀ ਚਾਰਟ ਦੀ ਰਸੀਦ ਦੀ ਫੋਟੋ ਸਿੱਖ ਸੰਗਤ ਵੱਲੋਂ ਲਈ ਗਈ ਹੈ, ਜਿਸ ਉਤੇ ਗੁਰਦੁਆਰਾ ਜੋਤੀ ਸਰੂਪ ਦੇ ਮੈਨੇਜਰ ਅਤੇ ਅਖੰਡ ਪਾਠਾਂ ਦੇ ਇੰਚਾਰਜ ਦੇ ਦਸਤਖਤ ਵੀ ਹਨ। ਜਿਸ ਗੁਰਸਿੱਖ ਵੱਲੋਂ ਅਖੰਡ ਪਾਠ ਆਰੰਭ ਕਰਵਾਏ ਗਏ ਹਨ, ਉਸ ਦਾ ਨਾਮ ਵੀ ਦਰਜ ਹੈ, ਪਰ ਇਸ ਤਖ਼ਤੀ ਉਤੇ ਕਿਸੇ ਵੀ ਥਾਂ ਸ਼੍ਰੋਮਣੀ ਕਮੇਟੀ ਜਾਂ ਸਥਾਨਕ ਗੁਰਦੁਆਰਾ ਪ੍ਰਬੰਧਕਾਂ ਦਾ ਜ਼ਿਕਰ ਨਹੀਂ ਹੈ।

### ਪਾਠ ਬੁੱਕ ਕਰਾਉਣ ਲਈ ਭੇਟਾ ਦੀ ਪੇਸ਼ਕਸ਼

**ਫਤਹਿਗੜ੍ਹ ਸਾਹਿਬ:** ਬੀਰਦਵਿੰਦਰ ਸਿੰਘ ਵੱਡੀ ਗਿਣਤੀ ਸੰਗਤ ਨਾਲ ਗੁਰਦੁਆਰਾ ਫਤਹਿਗੜ੍ਹ ਸਾਹਿਬ ਪੁੱਜ ਗਏ ਤੇ ਉਨ੍ਹਾਂ ਇਕ ਬੇਨਤੀ ਪੱਤਰ ਨਾਲ 7100 ਦੀ ਭੇਟਾ ਪੇਸ਼ ਕਰਦਿਆਂ ਮੰਗ ਕੀਤੀ ਕਿ 11 ਪੋਹ 2018 ਨੂੰ ਹੋਣ ਵਾਲੀ ਸ਼ਹੀਦੀ ਸਭਾ ਦੌਰਾਨ ਸਾਹਿਬਜ਼ਾਦਿਆਂ ਦੀ ਯਾਦ ਵਿਚ ਉਨ੍ਹਾਂ ਵੱਲੋਂ ਦਿੱਤੀ ਭੇਟਾ ਨਾਲ ਅਖੰਡ ਪਾਠ ਦਾ ਪ੍ਰਕਾਸ਼ ਕਰਵਾਇਆ ਜਾਵੇ। ਗੁਰਦੁਆਰੇ ਚ ਕੁਰੀਤੀਆਂ ਖ਼ਿਲਾਫ਼ ਗੁਰਦੁਆਰਾ ਸੁਧਾਰ ਲਹਿਰ ਦਾ ਆਗਾਜ਼ ਕੀਤਾ ਜਾਵੇਗਾ। ਉਨ੍ਹਾਂ 14 ਜਨਵਰੀ ਤੱਕ ਦਾ ਸਮਾਂ ਦਿੰਦਿਆਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਅਖੰਡ ਮਾਮਲੇ ਵਿਚ ਉਣਤਾਈਆਂ ਲਈ ਜ਼ਿੰਮੇਵਾਰਾਂ ਖਿਲਾਫ ਕਾਰਵਾਈ ਨਹੀਂ ਕਰਦੀ ਤਾਂ ਉਹ ਸੰਗਤ ਨਾਲ ਸਲਾਹ ਮਸ਼ਵਰਾ ਕਰ ਕੇ ਮਰਿਆਦਾ ਬਹਾਲ ਕਰਵਾਉਣ ਲਈ ਧਰਮ ਯੁੱਧ ਮੋਰਚਾ ਲਾਉਣਗੇ।

# ਇਤਿਹਾਸ, ਮਹਾਰ ਫੌਜੀ ਅਤੇ ਪ੍ਰਧਾਨ ਮੰਤਰੀ ਮੋਦੀ

ਅਪਰੈਲ 2015 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਫਰਾਂਸ ਦੇ ਲਿਲ ਸਥਿਤ ਨਿਊ ਚੈਪਲ ਯੁੱਧ ਸਮਾਰਕ ਗਏ ਸਨ। ਉਥੇ ਜਾ ਕੇ ਉਹਨਾਂ ਨੇ ਬਰਤਾਨਵੀ ਫ਼ੌਜ ਦੀ ਤਰਫ਼ੋਂ ਫਰਾਂਸ ਦੀ ਜ਼ਮੀਨ ਉਪਰ ਮਾਰੇ ਗਏ 10000 ਭਾਰਤੀ ਫ਼ੌਜੀਆਂ ਦੀ ਸ਼ਹਾਦਤ ਨੂੰ ਸਲਾਮੀ ਦਿੱਤੀ ਸੀ। ਐਸਾ ਕਰਨ ਵਾਲੇ ਉਹ ਪਹਿਲੇ ਪ੍ਰਧਾਨ ਮੰਤਰੀ ਬਣੇ ਸਨ। ਉਹਨਾਂ ਨੇ ਕਿਹਾ ਸੀ ਕਿ "ਸਾਡੇ ਜਵਾਨਾਂ ਨੇ ਆਲਮੀ ਯੁੱਧ ਵਿਚ ਬਦੇਸ਼ੀ ਜ਼ਮੀਨ

**ਰਵੀਸ਼ ਕੁਮਾਰ**
**ਅਨੁਵਾਦ: ਬੂਟਾ ਸਿੰਘ**

ਉਪਰ ਲੜਾਈ ਲੜੀ। ਆਪਣੀ ਨਿਹਚਾ, ਬਹਾਦਰੀ ਅਤੇ ਤਿਆਗ ਦੇ ਲਈ ਦੁਨੀਆ ਦੀ ਪ੍ਰਸ਼ੰਸਾ ਹਾਸਲ ਕੀਤੀ। ਮੈਂ ਉਹਨਾਂ ਨੂੰ ਸਲਾਮ ਕਰਦਾ ਹਾਂ।"

ਪ੍ਰਧਾਨ ਮੰਤਰੀ ਮੋਦੀ ਭਾਰਤੀ ਫ਼ੌਜੀਆਂ ਦੀ ਜਿਸ ਨਿਹਚਾ ਅਤੇ ਬਹਾਦਰੀ ਨੂੰ ਸਲਾਮ ਕਰ ਰਹੇ ਸਨ, ਉਹ ਬਰਤਾਨਵੀ ਹਕੂਮਤ ਦੇ ਪ੍ਰਤੀ ਸੀ, ਨਾ ਕਿ ਹਿੰਦੁਸਤਾਨ ਦੇ ਪ੍ਰਤੀ। ਕਿਸੇ ਵੀ ਲਿਹਾਜ਼ ਨਾਲ ਪ੍ਰਧਾਨ ਮੰਤਰੀ ਮੋਦੀ ਦਾ ਇਹ ਕਦਮ ਸਾਹਸੀ ਸੀ ਅਤੇ ਚੰਗਾ ਸੀ। ਉਹਨਾਂ ਨੂੰ ਇਹ ਚੇਤੇ ਨਹੀਂ ਰਿਹਾ ਹੋਵੇਗਾ, ਵਰਨਾ ਸਭ ਤੋਂ ਪਹਿਲਾਂ ਉਹੀ ਭੀਮਾ-ਕੋਰੇਗਾਓਂ ਜਾ ਕੇ ਮਹਾਰ ਫ਼ੌਜੀਆਂ ਦੀ ਬਹਾਦਰੀ ਦਾ ਸਨਮਾਨ ਕਰਦੇ। ਭੀਮਾ ਨਦੀ ਦਾ ਨਾਂ ਹੈ। ਕੋਰੇਗਾਓਂ ਪਿੰਡ ਦਾ ਨਾਂ ਹੈ।

ਮੈਂ ਕਈ ਜਗ੍ਹਾ ਪੜ੍ਹਿਆ ਹੈ ਕਿ ਮਹਾਰ ਜਾਤ ਦੇ ਫ਼ੌਜੀ ਅੰਗਰੇਜ਼ੀ ਹਕੂਮਤ ਲਈ ਲੜੇ ਸਨ। ਉਹਨਾਂ ਦੀ ਬੀਰਤਾ ਦਾ ਗੁਣ-ਗਾਣ ਅੱਜ ਕਿਵੇਂ ਹੋ ਸਕਦਾ ਹੈ। ਪ੍ਰਧਾਨ ਮੰਤਰੀ ਮੋਦੀ ਜਦੋਂ ਬਰਤਾਨਵੀ ਫ਼ੌਜ ਵਿਚ ਸ਼ਾਮਲ ਭਾਰਤੀ ਜਵਾਨਾਂ ਦੀ ਬੀਰਤਾ ਦਾ ਸਨਮਾਨ ਕਰ ਸਕਦੇ ਹਨ ਤਾਂ ਫਿਰ ਕੋਰੇਗਾਓਂ ਦੀ ਗਾਥਾ ਦਾ ਵੀ ਸਨਮਾਨ ਸਭ ਨੂੰ ਕਰਨਾ ਚਾਹੀਦਾ ਹੈ। ਮਰਾਠਿਆਂ ਨੂੰ ਵੀ, ਚਿਤਪਾਵਨਾਂ ਨੂੰ ਵੀ ਅਤੇ ਪ੍ਰਧਾਨ ਮੰਤਰੀ ਨੂੰ ਸਾਰਿਆਂ ਤੋਂ ਪਹਿਲਾਂ। ਉਸ ਜਲਸੇ ਵਿਚ ਜਿਗਨੇਸ਼ (ਦਲਿਤ ਆਗੂ ਜਿਗਨੇਸ਼ ਮੇਵਾਨੀ) ਦੇ ਨਾਲ ਪ੍ਰਧਾਨ ਮੰਤਰੀ ਨੂੰ ਵੀ ਮੰਚ ਸਾਂਝਾ ਕਰਨਾ ਚਾਹੀਦਾ ਸੀ।

ਇਤਿਹਾਸ ਸਾਡੀ ਦੋਚਿਤੀ ਦਾ ਇਮਤਿਹਾਨ ਲੈ ਰਿਹਾ ਹੈ। ਇਸ ਦਾ ਇਕੋ ਇਕ ਕਾਰਨ ਇਹ ਹੈ ਕਿ ਜਦੋਂ ਇਤਿਹਾਸ ਪੜ੍ਹਨ ਦਾ ਵਕਤ ਹੁੰਦਾ ਹੈ, ਉਦੋਂ ਅਸੀਂ ਉਸ ਨੂੰ ਹਿਕਾਰਤ ਦੀ ਨਜ਼ਰ ਨਾਲ ਦੇਖਦੇ ਹਾਂ। ਇਸ ਨੂੰ ਫਾਲਤੂ ਵਿਸ਼ਾ ਸਮਝਦੇ ਹਨ। ਜਦੋਂ ਸਿਆਸਤ ਲਈ ਇਤਿਹਾਸ ਦਾ ਇਸਤੇਮਾਲ ਹੁੰਦਾ ਹੈ, ਉਦੋਂ ਅਸੀਂ ਐਸਾ ਵਰਤਾਓ ਕਰਦੇ ਹਾਂ, ਜਿਵੇਂ ਇਤਿਹਾਸ ਵਿਚ ਅਚਾਰੀਆ ਦੀ ਡਿਗਰੀ ਲਈ ਹੋਵੇ।

ਗੋਦੀ ਮੀਡੀਆ ਦੇ ਗੁੰਡਾ ਐਂਕਰਾਂ ਅਤੇ ਚਾਪਲੂਸ ਸਿਆਸੀ ਪੱਤਰਕਾਰਾਂ ਨੇ ਇਸ ਗੱਲ ਦਾ ਮਜ਼ਾਕ ਉਡਾਇਆ ਹੈ ਕਿ ਬਰਤਾਨਵੀ ਫ਼ੌਜ ਦੇ ਲਈ ਲੜਦੇ ਹੋਏ ਕੋਈ ਬਹਾਦਰੀ ਦਾ ਗੁਣ ਗਾਣ ਕਿਵੇਂ ਕਰ ਸਕਦਾ ਹੈ। ਉਹਨਾਂ ਨੂੰ ਪ੍ਰਧਾਨ ਮੰਤਰੀ ਦੀ ਫਰਾਂਸ ਯਾਤਰਾ ਦੇ ਵਕਤ ਦਿੱਤੀ ਗਈ ਸਲਾਮੀ ਚੇਤੇ ਨਹੀਂ ਰਹੀ। ਪਹਿਲੇ ਆਲਮੀ ਯੁੱਧ ਵਿਚ 11 ਹਿੰਦੋਸਤਾਨੀਆਂ ਨੂੰ ਵਿਕਟੋਰੀਆ ਕ੍ਰਾਸ ਮਿਲਿਆ ਸੀ ਜਿਹਨਾਂ ਵਿਚ ਛੇ ਫਰਾਂਸ ਅਤੇ ਫਲੈਂਡਰਸ ਵਿਚ ਲੜਦੇ ਹੋਏ ਸ਼ਹੀਦ ਹੋ ਗਏ ਸਨ। ਹਾਲ ਹੀ ਵਿਚ ਇਕ ਫਿਲਮ ਆਈ ਸੀ ਡਨਕਰਕ। ਇਸ ਫਿਲਮ ਵਿਚ ਹਿੰਦੁਸਤਾਨੀ ਫ਼ੌਜੀਆਂ ਦਾ ਪੱਖ ਨਾ ਦਿਖਾਏ ਜਾਣ ਦੀ ਬਹੁਤ ਨੁਕਤਾਚੀਨੀ ਹੋਈ ਸੀ। ਇਸ ਗੱਲ ਦੇ ਬਾਵਜੂਦ ਫਿਲਮ ਬੇਹਦ ਸ਼ਾਨਦਾਰ ਸੀ।

ਬਹੁਤ ਸਾਲ ਪਹਿਲਾਂ ਮੈਂ 1857 ਦੇ ਗ਼ਦਰ ਉਪਰ ਇਕ ਖ਼ਾਸ ਰਿਪੋਰਟ ਤਿਆਰ ਕੀਤੀ ਸੀ। ਉਸ ਰਿਪੋਰਟ ਵਿਚ ਮੇਰਠ ਦੇ ਡਾਕਟਰ ਅਤੇ ਇਤਿਹਾਸਕਾਰ ਅਤੇ ਝਾਂਸੀ ਦੀ ਮਿਸਿਜ਼ ਕੈਂਟਮ ਦੇ ਯਤਨਾਂ ਦੀ ਚਰਚਾ ਸੀ। ਇਹਨਾਂ ਲੋਕਾਂ ਨੇ 1857 ਦੇ ਗ਼ਦਰ ਵਿਚ ਮਾਰੇ ਗਏ ਬਰਤਾਨਵੀ ਅਫ਼ਸਰਾਂ ਅਤੇ ਉਹਨਾਂ ਦੀਆਂ ਪਤਨੀਆਂ ਦੇ ਕਬਰਸਤਾਨ ਨੂੰ ਮੁੜ ਠੀਕ-ਠਾਕ ਕਰ ਦਿੱਤਾ ਸੀ। ਉਹਨਾਂ ਨੇ ਇਹਨਾਂ ਕਬਰਾਂ ਨੂੰ 1857 ਨਾਲ ਜੁੜੀਆਂ ਯਾਦਾਂ ਦੇ ਨਕਸ਼ੇ ਉਪਰ ਲਿਆ ਦਿੱਤਾ ਸੀ। ਉਹਨਾਂ ਕਬਰਾਂ ਉਪਰ ਅੰਗਰੇਜ਼ ਅਫ਼ਸਰ ਅਤੇ ਉਹਨਾਂ ਦੀਆਂ ਪਤਨੀਆਂ ਨਾਲ ਹੋਈ ਹਿੰਸਾ ਦੀ ਦਾਸਤਾਨ ਲਿਖੀ ਹੈ। ਅੱਜ ਵੀ ਬਰਤਾਨੀਆ ਤੋਂ ਉਹਨਾਂ ਅਫ਼ਸਰਾਂ ਦੇ ਖ਼ਾਨਦਾਨ ਦੇ ਲੋਕ



ਜੱਥਿਆਂ ਵਿਚ ਆਉਂਦੇ ਹਨ ਅਤੇ ਇਹਨਾਂ ਕਬਰਾਂ ਦੇ ਦੀਦਾਰ ਕਰਦੇ ਹਨ।

ਇਤਿਹਾਸ ਦਾ ਅਪਰਾਧ-ਬੋਧ ਕਿਸੇ ਵੀ ਸਮਾਜ ਨੂੰ ਜਕੜ ਲੈਂਦਾ ਹੈ। ਉਹ ਇਤਿਹਾਸ ਨੂੰ ਸਮਝਣ ਲਾਇਕ ਨਹੀਂ ਰਹਿ ਜਾਂਦਾ। ਨਾਸਮਝੀ ਵਿਚ ਉਹ ਵਰਤਮਾਨ ਤੋਂ ਇਤਿਹਾਸ ਦਾ ਬਦਲਾ ਲੈਣ ਲਗਦਾ ਹੈ। ਇਤਿਹਾਸ ਦੇ ਵਿਸ਼ੇ ਦੀ ਸਿਖਲਾਈ ਨਾਲ ਮੈਂ ਇਸ ਅਪਰਾਧ ਬੋਧ ਵਿਚੋਂ ਨਿਕਲ ਸਕਿਆ ਸੀ ਕਿ ਮੈਂ ਕੋਈ ਗ਼ਲਤੀ ਨਹੀਂ ਕੀਤੀ ਹੈ। ਇਤਿਹਾਸ ਨੂੰ ਹਮੇਸ਼ਾ ਨਵੇਂ ਨਵੇਂ ਨਜ਼ਰੀਏ ਨਾਲ ਦੇਖਦੇ ਰਹਿਣਾ ਚਾਹੀਦਾ ਹੈ। ਸੱਚੀ ਗੱਲ ਇਹ ਹੈ ਕਿ ਜਦੋਂ ਮੈਂ ਇਹ ਰਿਪੋਰਟ ਕੀਤੀ ਸੀ ਤਾਂ ਲੱਗਿਆ ਸੀ ਕਿ ਮੇਰੇ ਕੋਲੋਂ ਕੋਈ ਅਪਰਾਧ ਹੋ ਗਿਆ ਹੈ। ਮੈਨੂੰ ਖ਼ੁਸ਼ੀ ਹੈ ਕਿ ਮੈਂ ਉਹ ਰਿਪੋਰਟ ਕੀਤੀ। ਸਿਪਾਹੀਆਂ ਉਪਰ ਵੱਖਰੇ ਤੌਰ 'ਤੇ ਰਿਪੋਰਟ ਕੀਤੀ।

ਇਹ ਸਹੀ ਹੈ ਕਿ 1857 ਵਿਚ ਬਰਤਾਨਵੀ ਫ਼ੌਜ ਨੇ ਕਈ ਹਜ਼ਾਰ ਭਾਰਤੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ। ਰੁੱਖਾਂ ਨਾਲ ਲਟਕਾ ਦਿੱਤਾ ਸੀ। ਦਿੱਲੀ ਵਿਚ ਲਾਲ ਕਿਲ੍ਹਾ ਅਤੇ ਜਾਮਾ ਮਸਜਿਦ ਦੇ ਇਲਾਕੇ ਵਿਚ ਰਹਿਣ ਵਾਲੇ ਹਜ਼ਾਰਾਂ ਹਿੰਦੋਸਤਾਨੀਆਂ ਨੂੰ ਉਡਾ ਦਿੱਤਾ ਸੀ। ਇਹ ਵੀ ਸਹੀ ਹੈ ਕਿ ਜਵਾਬੀ ਹਮਲੇ ਵਿਚ ਬਰਤਾਨਵੀ ਹਕੂਮਤ ਦੇ ਅਫ਼ਸਰਾਂ ਅਤੇ ਪਤਨੀਆਂ ਉੱਪਰ ਵੀ ਜ਼ੁਲਮ ਢਾਏ ਗਏ।

ਮੇਰਠ ਦੇ ਸੇਂਟ ਜਾਨ ਕਬਰਸਤਾਨ ਵਿਚ ਮੈਂ ਦੇਖਿਆ ਕਿ ਈਸਟ ਇੰਡੀਆ ਕੰਪਨੀ ਦੇ ਬਹਾਦਰ ਅਫ਼ਸਰ ਗਿਲੈਪਸੀ ਦੀ ਕਬਰ ਉਪਰ ਲੋਕ ਫੁੱਲ, ਅਗਰਬੱਤੀਆਂ ਚੜ੍ਹਾਉਂਦੇ ਹਨ ਅਤੇ ਮੰਨਤਾਂ ਮੰਨਦੇ ਹਨ। ਗਿਲੈਪਸੀ ਦੀ ਬਹਾਦਰੀ ਦੇ ਹਿਸਾਬ ਨਾਲ ਉਸ ਦੀ ਕਬਰ ਕਾਫ਼ੀ ਵੱਡੀ ਅਤੇ ਵਿਸ਼ਾਲ ਹੈ। ਇਹਨਾਂ ਤਮਾਮ ਪਹਿਲੂਆਂ ਦਾ ਜ਼ਿਕਰ ਕਰਨਾ ਵਤਨ ਨਾਲ ਗ਼ਦਾਰੀ ਨਹੀਂ, ਬਲਕਿ ਇਤਿਹਾਸ ਨਾਲ ਇਕ ਚੰਗਾ ਇਨਸਾਫ਼ ਹੈ। ਇਤਿਹਾਸ ਦਾ ਮਤਲਬ ਹੁੰਦਾ ਹੈ ਜੋ ਹੋਇਆ ਹੈ, ਉਸ ਨੂੰ ਜਾਣਨਾ।

ਇਤਿਹਾਸ ਦੀ ਕਿਸੇ ਘਟਨਾ ਨੂੰ ਤੁਸੀਂ ਮੌਜੂਦਾ ਪਛਾਣ ਦੀ ਸਿਆਸਤ ਦਾ ਹਿੱਸਾ ਬਣਾਓਗੇ ਤਾਂ ਸਮੱਸਿਆਵਾਂ ਪੈਦਾ ਹੋਣਗੀਆਂ। ਆਨੰਦ ਤੇਲਤੁੰਬੜੇ ਨੇ ਇਸ ਬਾਰੇ ਵਿਸਤਾਰ ਨਾਲ ਲਿਖਿਆ ਹੈ ਕਿ ਭੀਮਾ-ਕੋਰੇਗਾਓਂ ਦੀ ਘਟਨਾ ਬਹਾਦਰੀ ਦੀ ਮਿਸਾਲ ਹੈ, ਪਰ ਇਸ ਨੂੰ ਹੋਰ ਮਿਸਾਲਾਂ ਦਾ ਪ੍ਰਤੀਕ ਬਣਾਉਣਾ ਵੀ ਇਕ ਤਰ੍ਹਾਂ ਨਾਲ ਮਿਥ ਰਚਨਾ ਹੈ। ਲੇਕਿਨ ਇਹ ਮਿਥ ਹੁਣ ਨਕਾਬਲੇ-ਬਰਦਾਸ਼ਤ ਕਿਉਂ ਹੋ ਰਹੀ ਹੈ?

ਨਿਊਜ਼ ਚੈਨਲਾਂ ਉਪਰ ਤਿੰਨ ਸਾਲ ਤੋਂ ਤਰ੍ਹਾਂ ਤਰ੍ਹਾਂ ਦੇ ਇਤਿਹਾਸ ਨੂੰ ਦਰੁਸਤ ਕੀਤਾ ਜਾ ਰਿਹਾ ਹੈ। ਕੁਤਰਕਾਂ ਅਤੇ ਸੱਤਾ ਦੇ ਜ਼ੋਰ ਇਤਿਹਾਸ ਥੋਪਿਆ ਜਾ ਰਿਹਾ ਹੈ। ਮਹਾਰਾਣਾ ਪ੍ਰਤਾਪ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ। ਟੀਵੀ ਉਪਰ ਕਿੰਨਾ ਗੱਜ-ਵੱਜ ਕੇ ਦਾਅਵੇ ਕਰਨ ਵਾਲਿਆਂ ਨੇ ਇਤਿਹਾਸ ਦੇ ਜ਼ਾਬਤੇ ਦੀਆਂ ਧੱਜੀਆਂ ਉਡਾਈਆਂ। ਤੁਸੀਂ ਦੇਖਿਆ ਹੀ ਹੋਵੇਗਾ। ਰਾਣੀ ਪਦਮਿਨੀ ਦੇ ਇਤਿਹਾਸ ਨਾਲ ਰਾਜਸਥਾਨ ਵਿਚ ਜੋ ਹੋਇਆ, ਉਹ ਭੀਮਾ ਕੋਰੇਗਾਓਂ ਦੀ ਘਟਨਾ ਦੀ ਇਤਿਹਾਸਬਾਜ਼ੀ ਤੋਂ ਕਿਵੇਂ ਵੱਖਰਾ ਹੈ।

ਜੇ ਇਕ ਖ਼ਾਸ ਜਾਤ ਨੂੰ ਇਕ ਫਿਲਮ ਦੇ ਬਹਾਨੇ ਤਮਾਮ ਮਿਥਾਂ ਨੂੰ ਇਤਿਹਾਸ ਬਣਾ ਦੇਣ ਦਾ ਦਾਅਵਾ ਸਹੀ ਹੈ ਤਾਂ ਇਕ ਖ਼ਾਸ ਜਾਤ ਨੂੰ ਆਪਣੇ ਸ਼ਾਨਦਾਰ ਇਤਿਹਾਸ ਨਾਲ ਜੋੜ ਕੇ ਨਵੀਆਂ-ਨਵੀਆਂ ਮਿਥਾਂ ਘੜਨ ਦੀ ਛੋਟ ਕਿਉਂ ਨਹੀਂ ਹੈ? ਇਸ ਅੰਤਹੀਣ ਸਵਾਲ ਦਾ ਕੋਈ ਠੋਸ ਜਵਾਬ ਨਹੀਂ ਹੈ। ਇਤਿਹਾਸ ਨੂੰ ਗੌਰਵ ਗਾਥਾ ਦੀ ਕਿਤਾਬ ਵਿਚ ਤੁਸੀਂ ਜਿੰਨਾ ਸਮੇਟੋਗੇ, ਆਪਣਾ ਵਰਤਮਾਨ ਉਨਾ ਹੀ ਸੁੰਗੇੜਦੇ ਜਾਵੋਗੇ।

ਜੇ ਤੁਸੀਂ ਵਾਕਈ ਭੀਮਾ-ਕੋਰੇਗਾਓਂ ਦੀ ਘਟਨਾ ਦੇ ਬਾਰੇ ਵਿਚ ਜਾਣਨਾ ਚਾਹੁੰਦੇ ਹੋ ਤਾਂ 4 ਜਨਵਰੀ ਦੇ ਇੰਡੀਅਨ ਐਕਸਪ੍ਰੈੱਸ ਵਿਚ ਗਿਰੀਸ਼ ਕੁਬੇਰ ਅਤੇ ਸੁਹਾਸ ਪਲਸ਼ਿਕਰ ਦਾ ਲੇਖ ਪੜ੍ਹ ਸਕਦੇ ਹੋ। 'ਦਿ ਵਾਇਰ' ਵਿਚ ਆਨੰਦ ਤੇਲਤੁੰਬੜੇ ਦਾ ਲੇਖ ਸਭ ਤੋਂ ਵਧੀਆ ਹੈ। ਫਿਰ ਉਸ ਤੋਂ ਬਾਅਦ ਹੀ ਤੁਸੀਂ ਇਸ ਬਹਿਸ ਵਿਚ ਕੁੱਦਣਾ।

# ਚੋਣ ਵਰ੍ਹਾ: ਕੀ ਹੋਵੇਗਾ ਜੇਤੂ ਪੱਤਾ?

ਸਾਲ 2018 ਚੋਣਾਂ ਨਾਲ ਸਬੰਧਿਤ ਵਰ੍ਹਾ ਹੋਵੇਗਾ। ਇਹ ਸਿਰਫ ਇਸ ਕਰ ਕੇ ਨਹੀਂ ਕਿ ਇਸ ਸਾਲ ਦੌਰਾਨ ਵਿਧਾਨ ਸਭਾ ਚੋਣਾਂ ਦੇ ਦੋ ਦੌਰ ਹੋਣੇ ਹਨ ਅਤੇ ਨਾ ਹੀ ਇਸ ਕਰ ਕੇ ਕਿ ਇਸ ਵਰ੍ਹੇ ਦੇ ਅੰਤ ਵਿਚ ਅਗਾਊਂ ਲੋਕ ਸਭਾ ਚੋਣਾਂ ਵੀ ਕਰਵਾਈਆਂ ਜਾ ਸਕਦੀਆਂ ਹਨ। ਇਸ ਵਰ੍ਹੇ ਭਾਵੇਂ ਲੋਕ ਸਭਾ ਚੋਣਾਂ ਹੋਣ ਜਾਂ ਨਾ, ਇਹ ਗੱਲ ਪੱਕੀ ਹੈ ਕਿ ਜੋ ਕੁਝ ਵੀ ਹੋਵੇਗਾ, ਉਹ ਅਗਲੀਆਂ ਚੋਣਾਂ ਨਾਲ ਜੁੜਿਆ ਹੀ ਹੋਵੇਗਾ। ਅਗਲੇ ਮਹੀਨੇ ਸੰਸਦ ਵਿਚ ਹੋਣ ਵਾਲਾ ਬਜਟ ਭਾਸ਼ਣ, ਅਗਲੀਆਂ ਚੋਣਾਂ ਦੇ ਝਰੋਖੇ ਰਾਹੀਂ ਹੀ ਮਾਪਿਆ ਪਰਖਿਆ ਜਾਵੇਗਾ। ਇੰਜ ਹੀ ਮੌਨਸੂਨ ਬਾਰੇ ਮੌਸਮ ਵਿਭਾਗ ਦੇ ਅੰਕੜਿਆਂ ਨਾਲ ਕੀਤਾ ਜਾਵੇਗਾ। ਡੋਕਲਾਮ ਵਿਚ ਚੀਨ ਦੀਆਂ ਸਰਗਰਮੀਆਂ ਅਤੇ ਜੰਮੂ

**ਯੋਗੇਂਦਰ ਯਾਦਵ**

ਕਸ਼ਮੀਰ ਨਾਲ ਲਗਦੀ ਸਰਹੱਦ ਤੇ ਕੰਟਰੋਲ ਰੇਖਾ ਉਪਰ ਪਾਕਿਸਤਾਨ ਨਾਲ ਟਕਰਾਓ ਸਿਰਫ ਵਿਦੇਸ਼ੀ ਰਿਸ਼ਤਿਆਂ ਤਕ ਹੀ ਸੀਮਤ ਨਹੀਂ ਰਹਿਣਗੇ, ਸੱਤਾਧਾਰੀ ਧਿਰ ਇਨ੍ਹਾਂ ਨੂੰ ਜਨਤਕ ਰਿਸ਼ਤਿਆਂ ਤੇ ਪ੍ਰਬੰਧਨ ਪੱਖ ਨਾਲ ਜੋੜ ਕੇ ਪੇਸ਼ ਕਰੇਗੀ। ਸੁਪਰੀਮ ਕੋਰਟ ਦਾ ਅਯੁੱਧਿਆ ਬਾਰੇ ਫੈਸਲਾ ਇਸ ਕਰ ਕੇ ਘਟ ਉਡੀਕਿਆ ਗਿਆ ਹੋਵੇਗਾ ਕਿ ਇਸ ਵਿਵਾਦਗ੍ਰਸਤ ਭੂਮੀ ਦਾ ਮਾਲਕ ਕੌਣ ਬਣਦਾ ਹੈ, ਬਲਕਿ ਇਸ ਲਈ ਫੈਸਲੇ ਦੀ ਉਡੀਕ ਜ਼ਿਆਦਾ ਕੀਤੀ ਗਈ ਹੋਵੇਗੀ ਕਿ ਇਸ ਦਾ ਸਿਆਸੀ ਸਮੀਕਰਨਾਂ ਉਪਰ ਕੀ ਪ੍ਰਭਾਵ ਹੋਵੇਗਾ। ਕੌਮੀ ਨਾਗਰਿਕਤਾ ਰਜਿਸਟਰ ਨਾਲ ਜੋੜੇ ਗਏ ਅਸਾਮ ਸੰਕਟ ਨੂੰ ਮਨੁੱਖੀ ਤ੍ਰਾਸਦੀ ਵਜੋਂ ਨਹੀਂ ਵੇਖਿਆ ਜਾਵੇਗਾ, ਸਗੋਂ ਇਹ ਅੰਦਾਜ਼ੇ ਲਾਏ ਜਾਣਗੇ ਕਿ ਇਸ ਦਾ ਸੂਬੇ ਦੇ ਬਾਹਰ ਭਾਵ ਲੋਕ ਸਭਾ ਚੋਣਾਂ ਵਿਚ ਕੀ ਲਾਭ ਮਿਲ ਸਕਦਾ ਹੈ। ਇਸੇ ਕਰ ਕੇ ਮੈਂ ਇਸ ਸਾਲ ਨੂੰ ਚੋਣ ਵਰ੍ਹੇ ਵਜੋਂ ਲੈ ਰਿਹਾ ਹਾਂ।

ਇਸ ਵਾਰ ਚੋਣ ਸਮੀਕਰਨ ਵੱਖਰੇ ਹਨ, ਕਿਉਂਕਿ ਸੱਤਾਧਾਰੀ ਧਿਰ ਲਈ ਕਿਸੇ ਹੱਦ ਤੱਕ ਸਭ ਕੁਝ ਚੋਣ-ਕੇਂਦ੍ਰਿਤ ਹੋ ਕੇ ਰਹਿ ਗਿਆ ਹੈ। ਹੋਰ ਕਿਸੇ ਗੱਲ ਦੀ ਕੋਈ ਅਹਿਮੀਅਤ ਨਹੀਂ! ਨਾ ਲੋਕਾਂ ਵੱਲੋਂ ਕੀਤੀ ਆਲੋਚਨਾ, ਨਾ ਰੋਸ ਪ੍ਰਦਰਸ਼ਨ, ਇਥੋਂ ਤਕ ਕਿ ਲੋਕਾਂ ਦੀ ਦੁਰਦਸ਼ਾ। ਲੋਕਤੰਤਰਿਕ ਜਾਇਜ਼ਤਾ ਚੋਣਾਂ ਵਿਚ ਜਿਤਣ ਤੱਕ ਸੁੰਗੜ ਕੇ ਰਹਿ ਗਈ ਹੈ। ਪ੍ਰਧਾਨ ਮੰਤਰੀ ਦੀ ਚੋਣਾਂ ਦੇ ਹਰ ਪੜਾਅ ਵਿਚ ਸ਼ਮੂਲੀਅਤ ਜ਼ਰੂਰੀ ਬਣ ਗਈ ਹੈ।

ਇਹ ਚੋਣ ਵਰ੍ਹਾ ਅਸਾਧਾਰਨ ਹੋਣ ਜਾ ਰਿਹਾ ਹੈ। ਅਗਲੀਆਂ ਸੰਸਦੀ ਚੋਣਾਂ ਨਰੇਂਦਰ ਮੋਦੀ ਦੀ ਪ੍ਰਧਾਨ ਮੰਤਰੀ ਵਜੋਂ ਦੂਜੀ ਪਾਰੀ ਜਾਂ ਭਾਜਪਾ ਵੱਲੋਂ ਭਾਰਤ ਦੇ ਸਿਆਸੀ ਨਕਸ਼ੇ ਉਪਰ ਪੂਰੀ ਤਰ੍ਹਾਂ ਗਲਬਾ ਪੈ ਲੈਣ ਤੱਕ ਸੀਮਤ ਨਹੀਂ ਹੋਣਗੀਆਂ। ਇਹ ਇਥੋਂ ਤੱਕ ਵੀ ਸੀਮਤ ਨਹੀਂ ਹੋਣਗੀਆਂ ਕਿ ਰਾਹੁਲ ਗਾਂਧੀ ਜਾਂ ਕਾਂਗਰਸ ਪਾਰਟੀ ਦਾ ਭਵਿਖ ਸੁਨਹਿਰੀ ਹੋਵੇਗਾ ਜਾਂ ਨਹੀਂ! ਅਤੇ ਨਾ ਹੀ ਇਥੇ ਤੱਕ ਸੀਮਤ ਹਨ ਕਿ ਖੇਤਰੀ ਪਾਰਟੀਆਂ ਜਿਵੇਂ ਬਸਪਾ, ਇਨੈਲੋ, ਆਮ ਆਦਮੀ ਪਾਰਟੀ ਜਾਂ ਖੱਬੀਆਂ ਪਾਰਟੀਆਂ ਲਈ ਸੱਤਾ ਦਾ ਰਾਹ ਬੰਦ ਹੋ ਜਾਏਗਾ ਜਾਂ ਨਹੀਂ; ਸਗੋਂ ਇਹ ਚੋਣਾਂ ਭਾਰਤੀ ਗਣਰਾਜ ਦੇ ਭਵਿਖ ਦਾ ਫੈਸਲਾ ਕਰਨਗੀਆਂ। ਜਦੋਂ ਦੇ ਮੋਦੀ ਸੱਤਾ ਵਿਚ ਆਏ ਹਨ, ਸਾਡੇ ਗਣਰਾਜ ਦੀਆਂ ਸੰਸਥਾਵਾਂ ਉਪਰ ਵੱਡੇ ਹਮਲੇ ਹੋ ਰਹੇ ਹਨ। ਪਹਿਲਾਂ ਹੀ, ਕਾਂਗਰਸ ਦੇ ਕਾਰਜਕਾਲ ਵਿਚ, ਐਮਰਜੈਂਸੀ ਦੇ ਦਿਨਾਂ ਤੋਂ, ਪ੍ਰਭੂਸੱਤਾ ਸੰਪੰਨ ਸੰਸਥਾਵਾਂ ਦਾ ਵੱਕਾਰ ਘਟ ਕੇ ਹੇਠਲੇ ਪੱਧਰ ਤੱਕ ਚਲਾ ਗਿਆ ਹੈ। ਮੁੱਖ ਧਾਰਾ ਵਾਲਾ ਜ਼ਿਆਦਾਤਰ ਮੀਡੀਆ, ਖਾਸ ਕਰ ਕੇ ਟੈਲੀਵਿਜ਼ਨ, ਸੱਤਾਧਾਰੀ ਪਾਰਟੀ ਦਾ ਹਿੱਸਾ ਬਣ ਕੇ ਰਹਿ ਗਿਆ ਹੈ। ਵਿਭਿੰਨਤਾ ਤੇ ਧਾਰਮਿਕ ਘਟ ਗਿਣਤੀਆਂ ਦੀ ਰੱਖਿਆ ਜਿੰਨੀ ਹੁਣ ਖ਼ਤਰੇ ਵਿਚ ਹੁਣ ਹੈ, ਦੇਸ਼ ਦੀ ਆਜ਼ਾਦੀ ਤੋਂ ਬਾਅਦ ਅਤੇ ਮੋਦੀ ਰਾਜ ਤੋਂ ਪਹਿਲਾਂ ਕਦੇ ਵੀ ਅਜਿਹੀ ਹਾਲਤ ਵਿਚ ਨਹੀਂ ਸੀ। ਸੱਤਾਧਾਰੀ ਧਿਰ ਨੂੰ ਕਾਰਜਕਾਲ ਦਾ ਇਕ ਹੋਰ ਮੌਕਾ ਮਿਲਣ ਨਾਲ ਅਜਿਹੀ ਹੋਰ ਢਾਹ ਲੱਗਣੀ ਨਿਸ਼ਚਿਤ ਹੈ ਅਤੇ ਇਹ ਸਿਆਸਤ ਦਾ ਸਥਾਈ ਹਿੱਸਾ ਬਣ ਸਕਦੀ ਹੈ। ਇਸ ਕਰ ਕੇ ਇਹ ਸਾਲ ਚੋਣਾਂ ਵਿਚ ਜਿੱਤ ਜਾਂ ਹਾਰ ਤੱਕ ਸੀਮਤ ਨਹੀਂ ਹੈ। ਭਾਰਤ ਦਾ ਭਵਿੱਖ ਬਣਨ ਜਾ ਰਿਹਾ ਜਾਂ ਨਹੀਂ, ਇਸ ਪੱਖੋਂ ਵੀ ਇਹ ਸਾਲ ਵੇਖਣ ਵਾਲਾ ਹੋਵੇਗਾ। ਇਸ ਕਰ ਕੇ 2018 ਨੂੰ ਇਸ ਨਜ਼ਰੀਏ ਨਾਲ ਵੇਖਣ ਦੀ ਵੱਧ ਲੋੜ ਹੈ। ਇਸ ਸਾਲ ਦੌਰਾਨ ਜ਼ਿਆਦਾਤਰ ਕਿਆਸਅਰਾਈਆਂ ਚੋਣਾਂ ਬਾਰੇ ਹੀ ਲੱਗਦੀਆਂ ਰਹਿਣਗੀਆਂ, ਜਿਵੇਂ ਇਸ ਵਾਰ ਕਿਨ੍ਹਾਂ ਦਾ ਪੱਲੜਾ ਭਾਰੀ ਹੈ, ਕਿਹੜੀ ਪਾਰਟੀ ਕਿਸ ਨਾਲ ਮਿਲ ਕੇ ਚੱਲੇਗੀ, ਲੋਕ ਸਭਾ ਚੋਣਾਂ 2019 ਵਿਚ ਹੋਣਗੀਆਂ ਜਾਂ ਇਸ ਸਾਲ ਦੇ ਅੰਤ ਵਿਚ ਵਿਧਾਨ ਸਭਾ ਚੋਣਾਂ ਨਾਲ ਹੀ ਕਰਾਈਆਂ ਜਾਣਗੀਆਂ, ਚੋਣ ਗੱਠਜੋੜ ਕਿਸ ਤਰ੍ਹਾਂ ਦੇ ਹੋਣਗੇ, ਜਾਂ ਕੀ ਭਾਜਪਾ ਦੇ ਖ਼ਿਲਾਫ਼ ਕੋਈ ਵੱਡਾ ਗੱਠਜੋੜ ਉਭਰੇਗਾ ਆਦਿ; ਪਰ ਇਹ ਅਸਲ ਸਵਾਲ ਨਹੀਂ ਹਨ। ਇਸ ਦੀ ਬਜਾਏ ਸਾਨੂੰ ਅਸਲ ਮੁੱਦਿਆਂ ਉਪਰ ਕੇਂਦ੍ਰਿਤ ਹੋਣਾ ਹੋਵੇਗਾ, ਭਾਵ ਉਹ ਕਿਹੜੇ ਮੁੱਦੇ ਹੋਣ ਜਿਨ੍ਹਾਂ ਉਪਰ ਅਗਲੀਆਂ ਲੋਕ ਸਭਾ ਚੋਣਾਂ ਲੜੀਆਂ ਜਾਣੀਆਂ ਚਾਹੀਦੀਆਂ ਹਨ।

ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਇਕਤਰਫਾ ਨਹੀਂ ਹੋਣਗੀਆਂ, ਜਿਵੇਂ ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੱਗ ਰਿਹਾ ਸੀ। ਅਸੀਂ ਸਾਰੇ ਕਹਿ ਸਕਦੇ ਹਾਂ ਕਿ ਸੱਤਾਧਾਰੀ ਪਾਰਟੀ ਦਾ ਪਿੰਡਾਂ ਵਿਚ ਅਸੁਖਾਵਾਂ ਮਹਿਸੂਸ ਕਰਨਾ ਗੁਜਰਾਤ ਤੱਕ ਸੀਮਤ ਨਹੀਂ ਰਹੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਨੂੰ ਇਸ ਸਾਲ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਗੁਜਰਾਤ ਨਾਲੋਂ ਵੱਧ ਸਖਤ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ। ਕਾਂਗਰਸ ਐਨਾ ਸੌਖਿਆਂ ਭਾਜਪਾ ਨੂੰ ਕਰਨਾਟਕਾ ਸੌਂਪ ਨਹੀਂ ਦੇਵੇਗੀ ਜਿੰਨਾ ਸੌਖਿਆਂ ਇਸ ਪਾਰਟੀ ਨੇ ਹਿਮਾਚਲ ਪ੍ਰਦੇਸ਼ ਨੂੰ ਸੌਂਪਿਆ ਸੀ। ਆਪਣਾ ਘੱਟ ਆਧਾਰ ਹੋਣ ਕਾਰਨ ਭਾਜਪਾ ਮੇਘਾਲਿਆ, ਮਿਜ਼ੋਰਮ ਤੇ ਤ੍ਰਿਪੁਰਾ ਵਿਚ ਸਿਵਾਏ ਖ਼ਰੀਦੋ-ਫਰੋਖ਼ਤ ਜਾਂ ਕੁਝ ਨਸਲੀ ਹਿੰਸਾ ਦੇ, ਕ੍ਰਿਸ਼ਮਾ ਨਹੀਂ ਕਰ ਪਾਏਗੀ। ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਭਾਜਪਾ ਨੂੰ ਦੇਸ਼ ਅੰਦਰ ਜ਼ਿਆਦਾ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ ਸਿਵਾਏ ਸੰਸਦ ਦੇ, ਜਿਥੇ ਮੋਦੀਵਾਦ ਵਿਰੁਧ ਕੁਝ ਆਵਾਜ਼ਾਂ ਉਠੀਆਂ ਜਾਂ ਰਵਾਇਤੀ ਸ਼ੋਰ-ਸ਼ਰਾਬਾ ਹੋਇਆ।

ਕੀ ਸਾਨੂੰ ਹੁਣ ਜ਼ਮੀਨ ਉਪਰ ਮੋਦੀ ਸਰਕਾਰ ਦਾ ਸੰਜੀਦਾ ਢੰਗ ਨਾਲ ਕੀਤਾ ਵਿਰੋਧ ਨਜ਼ਰ ਆਏਗਾ? ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਤੇ ਬਸਪਾ ਦਾ ਗੱਠਜੋੜ ਹੋ ਜਾਏ, ਉੜੀਸਾ ਵਿਚ ਕਾਂਗਰਸ ਤੇ ਬੀਜੇਡੀ ਵਿਚ ਨੇੜਤਾ ਬਣ ਜਾਏ ਅਤੇ ਕਾਂਗਰਸ ਤੇ ਡੀ.ਐਮ.ਕੇ. ਤਾਮਿਲਨਾਡੂ ਵਿਚ ਰਲ ਕੇ ਚਲਣ ਅਤੇ ਨਿਤੀਸ਼ ਕੁਮਾਰ ਮੁੜ ਵਿਰੋਧੀ ਧਿਰ ਵਿਚ ਪਰਤ ਆਉਣ ਤਾਂ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਬਦਲ ਜਾਣਗੇ। ਫਿਰ ਵੀ, ਭਰੋਸੇਯੋਗ ਵਿਰੋਧੀ ਧਿਰ ਦੀ ਪੇਸ਼ਕਸ਼, ਪਾਰਟੀਆਂ ਨੂੰ ਇਕਮੁਠ ਹੋਈਆਂ ਦੇ ਰੂਪ ਵਿਚ ਨਜ਼ਰ ਨਹੀਂ ਆਵੇਗੀ।

ਦਾਅ ਉਪਰ ਕੀ ਲੱਗਿਆ ਹੋਇਆ? ਕੇਵਲ ਪ੍ਰਧਾਨ ਮੰਤਰੀ ਦੀ ਪੁਜ਼ੀਸ਼ਨ ਹੀ ਨਹੀਂ, ਸਗੋਂ ਭਾਰਤੀ ਗਣਰਾਜ ਵੀ। ਚੋਣਾਂ ਦਾ ਸਮਾਂ ਸਵਾਲ ਇਸ ਨਾਲ ਜੁੜਿਆ ਹੋਇਆ ਹੈ ਕਿ ਜੇ ਵਿਰੋਧੀ ਧਿਰ ਕੋਈ ਭਰੋਸੇਯੋਗ ਬਦਲ ਲੈ ਕੇ ਸਾਹਮਣਾ ਆਉਂਦੀ ਹੈ ਤਾਂ ਅਜਿਹੀ ਸਥਿਤੀ, ਮੋਦੀ ਨੂੰ ਲੋਕ ਸਭਾ ਚੋਣਾਂ ਅਗਾਊਂ ਕਰਾਉਣ ਲਈ ਮਜਬੂਰ ਕਰ ਸਕਦੀ ਹੈ ਤਾਂ ਜੋ ਉਹ ਆਪਣੇ ਨੁਕਸਾਨ ਨੂੰ ਘਟਾ ਸਕੇ ਅਤੇ ਆਪਣੀ ਹਰਮਨਪਿਆਰਤਾ ਘਟਣ ਨੂੰ ਇਕ ਲਹਿਰ ਬਣਨ ਤੋਂ ਰੋਕ ਸਕੇ।

ਇਸ ਸਾਲ ਦਾ ਅਹਿਮ ਸਵਾਲ ਇਹ ਹੈ ਕਿ ਕਿਨ੍ਹਾਂ ਮੁੱਦਿਆਂ ਉਪਰ ਸਿਆਸੀ ਤੇ ਚੋਣ ਜੰਗ ਲੜੀ ਜਾਵੇਗੀ। ਕਰੀਬ ਚਾਰ ਸਾਲਾਂ ਦਾ ਸੱਤਾ ਕਾਰਜਕਾਲ ਸਮਾਪਤ ਹੋਣ ਮੌਕੇ ਮੋਦੀ ਹੀ ਇਹ ਮਹਿਸੂਸ ਕਰਾਉਣ ਲਈ ਕਾਫ਼ੀ ਹਨ ਕਿ ਉਨ੍ਹਾਂ ਨੇ ਵੋਟਰਾਂ, ਖਾਸ ਕਰ ਕੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਲਈ ਕੁਝ ਵਰਨਣਯੋਗ ਨਹੀਂ ਕੀਤਾ, ਹਾਲਾਂਕਿ ਉਹ ਇਸ ਸਮੇਂ ਦੌਰਾਨ ਆਪਣੇ ਵਿਰੋਧੀਆਂ ਨਾਲੋਂ ਵੱਧ ਹਰਮਨਪਿਆਰੇ ਰਹੇ ਹਨ। ਗੁਜਰਾਤ ਚੋਣਾਂ ਨੇ ਇਹ ਦਰਸਾ ਦਿੱਤਾ ਹੈ ਕਿ ਜੇ ਮੋਦੀ ਨੂੰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਤਾਂ ਉਹ ਫਿਰਕਾਪ੍ਰਸਤੀ ਤੇ ਅਖ਼ੌਤੀ ਕੌਮੀਵਾਦ ਨੂੰ ਅਗਲੀਆਂ ਚੋਣਾਂ ਸਮੇਂ ਵੀ ਉਭਾਰ ਸਕਦੇ ਹਨ। ਇਸ ਲਈ ਜੇ 2018 ਵਿਚ ਕੁਝ ਭੁੱਲੇ ਹੋਏ ਮੁੱਦੇ ਜਿਵੇਂ ਮਸਜਿਦ-ਮੰਦਰ ਵਿਵਾਦ ਜਾਂ ਸਰਹੱਦ ਉਪਰ ਛੋਟੇ ਟਕਰਾਅ ਲੰਮੀ ਜੰਗ ਵਿਚ ਬਦਲ ਜਾਂਦੇ ਹਨ ਤਾਂ ਇਸ ਉਪਰ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਵਿਰੋਧੀ ਧਿਰ ਇਸ ਦਾ ਮੁਕਾਬਲਾ ਉਦਾਰਵਾਦੀ, ਧਰਮ-ਨਿਰਪੱਖ ਗੱਲਾਂ ਨਾਲ ਕਰ ਸਕਦੀ ਹੈ। ਇਸ ਦਾ ਗੰਭੀਰ ਮੁਕਾਬਲਾ ਦੋ ਦਿਸ਼ਾਵਾਂ ਤੋਂ ਹੋ ਸਕਦਾ ਹੈ: ਕਿਸਾਨਾਂ ਦੇ ਅੰਦੋਲਨ ਜਾਂ ਨੌਜਵਾਨਾਂ ਦੇ ਪ੍ਰਦਰਸ਼ਨਾਂ ਨਾਲ। 2017 ਵਿਚ ਪੇਂਡੂ ਨਿਰਾਸ਼ਤਾ ਨੂੰ ਅਸੀਂ ਕਿਸਾਨਾਂ ਦੇ ਅੰਦੋਲਨਾਂ ਵਿਚ ਤਬਦੀਲੀ ਹੁੰਦਿਆਂ ਵੇਖਿਆ ਹੈ। ਕਰੀਬ 200 ਕਿਸਾਨ ਜਥੇਬੰਦੀਆਂ ਨੇ ਇਕਮੁਠ ਹੋ ਕੇ ਫਸਲਾਂ ਦੇ ਲਾਹੇਵੰਦ ਭਾਅ ਮਿਲਣ ਅਤੇ ਕਰਜ਼ਿਆਂ ਦੀ ਯਕਮੁਸ਼ਤ ਮੁਆਫ਼ੀ ਦੀ ਮੰਗ ਉਠਾਈ, ਪਰ ਮੌਜੂਦਾ ਸਰਕਾਰ ਕਿਸਾਨਾਂ ਦੇ ਇਸ ਸੰਕਟ ਨੂੰ ਸਮਝਣ ਦੇ ਸਮਰੱਥ ਨਹੀਂ ਅਤੇ ਨਾ ਹੀ ਉਸ ਦੀ ਇਸ ਸੰਕਟ ਨੂੰ ਹੱਲ ਕਰਨ ਦੀ ਕੋਈ ਖ਼ਾਹਿਸ਼ ਹੈ।

ਇਹ ਸਾਲ ਕਿਸਾਨੀ ਲਹਿਰਾਂ ਦੀ ਪਰਖ ਦਾ ਹੋਵੇਗਾ ਕਿ ਕੀ ਇਕਮੁਠ ਹੋ ਕੇ ਉਹ ਆਪਣੇ ਸੰਘਰਸ਼ ਨੂੰ ਮੰਜ਼ਿਲ ਤੱਕ ਪਹੁੰਚਾ ਸਕਦੀਆਂ ਹਨ ਜਾਂ ਨਹੀਂ। ਨੌਜਵਾਨਾਂ ਵਿਚ ਅਰਾਜਕਤਾ ਬਹੁਤ ਹੈ ਅਤੇ ਇਹ ਕਿਸਾਨੀ ਸੰਕਟ ਨਾਲੋਂ ਵੱਧ ਉਭਾਰ ਵਿਚ ਹੈ। ਸਾਲ 2018 ਨੂੰ ਸਿੱਖਿਆ ਦਾ ਬਰਾਬਰ ਅਧਿਕਾਰ ਅਤੇ ਰੁਜ਼ਗਾਰ ਦਾ ਅਧਿਕਾਰ ਹਾਸਲ ਕਰਨ ਲਈ ਨੌਜਵਾਨਾਂ ਦੇ ਰੋਹ ਨੂੰ ਤਾਲਮੇਲ ਵਾਲੇ ਐਕਸ਼ਨ ਵਿਚ ਬਦਲਿਆ ਹੋਇਆ ਵੇਖਣਾ ਅਹਿਮ ਹੋਵੇਗਾ। ਇਸ ਚੋਣ ਵਰ੍ਹੇ ਦੌਰਾਨ ਕਿਸਾਨੀ ਸੰਕਟ ਅਤੇ ਨੌਜਵਾਨ ਰੋਹ ਅਤੇ ਜਾਂ ਹਿੰਦੂ-ਮੁਸਲਿਮ ਟਕਰਾਅ ਵਿਚੋਂ ਕੋਈ ਵੀ ਮੁੱਦਾ ਵੱਧ ਉਭਰ ਸਕਦਾ ਹੈ। ਇਨ੍ਹਾਂ ਵਿਚੋਂ ਜਿਸ ਵੀ ਮੁੱਦੇ ਨੇ ਜ਼ੋਰ ਫੜਿਆ, ਉਸ ਦਾ ਚੋਣ ਨਤੀਜਿਆਂ ਉਪਰ ਅਸਰ ਲਾਜ਼ਮੀ ਨਜ਼ਰ ਆਵੇਗਾ ਅਤੇ ਭਾਰਤ ਦਾ ਭਵਿਖ ਵੀ ਇਸ ਉਪਰ ਹੀ ਨਿਰਭਰ ਕਰੇਗਾ।




# ਇੱਕ ਪੂਜਣਯੋਗ ਨਾਂ-ਢਾਡੀ ਸੋਹਣ ਸਿੰਘ ਸੀਤਲ

ਅਮਰੀਕਾ ਭਾਵੇਂ ਲੱਖ ਮਹਾਂਸ਼ਕਤੀ ਕਹਾਉਣ ਦੀ ਗੁਰਜ ਚੁੱਕੀ ਫਿਰੇ ਪਰ ਜੇ ਪੂਰੀ ਦੁਨੀਆਂ ਨੂੰ ਸੂਰਜ ਮੁਫਤ ਵਿਚ ਰੌਸ਼ਨੀ ਵੰਡ ਰਿਹਾ ਹੈ ਤਾਂ ਸਤਿਕਾਰ ਵਿਚ ਕੁਦਰਤ ਨੂੰ ਮਹਾਂਸ਼ਕਤੀ ਮੰਨਦਿਆਂ ਸਿਰ ਨੀਵਾਂ ਕਰਨਾ ਪਵੇਗਾ। ਜਿਸ ਡਾਢੇ ਨੂੰ ਅਸੀਂ ਬੇਅੰਤ ਕਹਿੰਨੇ ਆਂ, ਉਹਨੇ ਅਕਾਸ਼, ਪਤਾਲ, ਸੂਰਜ ਤੇ ਚੰਦਰਮਾ ਜ਼ਰੀਏ ਦੱਸਿਆ ਹੈ ਕਿ ਉਹਦਾ ਵਾਕਿਆ ਹੀ ਕੋਈ ਅੰਤ ਨਹੀਂ ਹੈ। ਉਹਦਾ ਸੰਸਾਰ ਮਾਪਣ ਦਾ ਖਿਆਲਾਂ ਵਾਲਾ ਪੈਮਾਨਾ ਸਿਰਫ ਸ਼ਾਇਰਾਂ ਕੋਲ ਹੀ ਹੈ, ਤੇ ਮੰਗਲ ਦੀਆਂ ਗੱਲਾਂ ਕਰਨ ਵਾਲਾ ਵਿਗਿਆਨ ਉਹਦੇ ਭੇਦਾਂ ਤੋਂ ਇੱਕ ਤਰ੍ਹਾਂ ਨਾਲ ਕੋਰਾ ਹੀ ਹੈ।

ਜੋ ਛੇਵੇਂ ਪਾਤਸ਼ਾਹ ਦੇ ਪਹਿਲੇ ਢਾਡੀਆਂ ਦੀ ਗੱਲ ਕਰੇ, ਜੋ ਸਿੱਖ ਇਤਿਹਾਸ ਦੇ ਵਰਕੇ ਫਰੋਲੇ, ਜੋ ਯੋਧਿਆਂ ਤੇ ਸੂਰਬੀਰਾਂ ਦੀਆਂ ਵਾਰਾਂ ਗਾਉਣ ਵਾਲੀ ਸਿੱਖ ਜਗਤ ਦੀ ਸੰਗੀਤਕ ਪਰੰਪਰਾ ਤੋਂ ਵਾਕਿਫ ਹੋਵੇ-ਉਹ ਢਾਡੀ ਸੋਹਣ ਸਿੰਘ ਸੀਤਲ ਦੀ ਤਸਵੀਰ ਅੱਗੇ ਹੀ ਨਹੀਂ, ਉਹਦਾ ਨਾਂ ਸੁਣਨ 'ਤੇ ਵੀ ਸਿਰ ਨੀਵਾਂ ਕਰਨ ਵਿਚ ਮਾਣ ਸਮਝੇਗਾ। ਉਹਦੇ ਸੋਹਣ ਸਿੰਘ ਨਾਂ ਨਾਲ ਸੀਤਲ ਤਾਂ ਪਤਾ ਨਹੀਂ ਕਿਉਂ ਲੱਗਾ ਪਰ ਉਹਨੂੰ ਨੇੜੇ ਤੋਂ ਜਾਨਣ ਵਾਲੇ ਜਾਣਦੇ ਹਨ ਕਿ ਉਹ ਸੁਭਾਅ ਪੱਖੋਂ ਸਾਰੀ ਉਮਰ ਹੀ ਭਾਈ ਵੀਰ ਸਿੰਘ ਦੇ ਕਹਿਣ ਵਾਂਗ 'ਸੰਝ ਹੋਈ ਢਲ ਗਏ ਪ੍ਰਛਾਵੇਂ ਕਿਉਂ ਇਛਵਲ ਤੂੰ ਜਾਗੀ' ਸਿੱਖ ਜਗਤ ਦਾ ਚਸ਼ਮਾ, ਨਿਮਰਤਾ ਤੇ ਸਾਦਗੀ ਵਾਲਾ ਮਨੁੱਖ ਹੀ ਰਿਹਾ। ਮੇਰੀ ਅੰਤਰ-ਆਤਮਾ ਨੇ ਹੀ ਕਿਹਾ ਹੈ ਕਿ ਸੀਤਲ ਬਾਰੇ ਸ਼ਬਦ ਨੰਗੇ ਸਿਰ ਨਹੀਂ ਲਿਖੀਦੇ ਹੁੰਦੇ।

ਇਹ ਕਹਿਣ ਵਿਚ ਕੋਈ ਹਰਜ਼ ਨਹੀਂ ਕਿ ਜੇ ਢਾਡੀਆਂ ਲਈ ਸੋਹਣ ਸਿੰਘ ਸੀਤਲ ਮੱਕਾ ਹੈ ਤਾਂ ਪੰਜਾਬੀ ਸਾਹਿਤਕਾਰਾਂ ਲਈ ਹੱਜ। ਜੇ ਪੰਜਾਬ ਸਰਕਾਰ ਨੇ ਉਹਨੂੰ ਸ਼੍ਰੋਮਣੀ ਢਾਡੀ ਦੇ ਪੁਰਸਕਾਰ ਨਾਲ ਨਿਵਾਜਿਆ ਹੈ ਤਾਂ ਉਹਦੇ ਨਾਵਲ 'ਯੁੱਗ ਬਦਲ ਗਿਆ ਹੈ' ਨੂੰ ਵੀ ਸਾਹਿਤ ਅਕਾਦਮੀ ਐਵਾਰਡ ਮਿਲ ਚੁੱਕਾ ਹੈ। ਸੋਹਣਾ ਹੋਣਾ ਅਲੱਗ ਗੱਲ ਹੈ ਪਰ ਜੋ 'ਨੈਣ-ਨਕਸ਼' ਸੀਤਲ ਨੇ ਢਾਡੀ ਕਲਾ ਅਤੇ ਸਾਹਿਤ ਨੂੰ ਦਿੱਤੇ ਹਨ, ਉਹਦੇ ਨਾਲ ਉਹ ਰੱਜ ਕੇ ਖੂਬਸੂਰਤ ਵੀ ਲੱਗਦਾ ਰਿਹਾ ਹੈ।

ਬੜੀ ਦੇਰ ਉਹ ਪੰਜਾਬੀ ਸਾਹਿਤ ਦਾ ਸੂਰਜ ਰਿਹਾ। ਪੰਥਕ ਸਟੇਜਾਂ 'ਤੇ ਉਹਨੂੰ ਢਾਡੀ ਵਾਰਾਂ ਗਾਉਂਦਿਆਂ ਵੇਖ ਕੇ ਕਈ ਵਾਰ ਇਹ ਭੁਲੇਖਾ ਪੈਂਦਾ ਰਿਹਾ ਹੈ ਕਿ ਇਹ ਉਹੀ ਢਾਡੀ ਹੈ ਜਿਨ੍ਹੇ 'ਤੂਤਾਂ ਵਾਲਾ ਖੂਹ' ਜਾਂ 'ਜੰਗ ਜਾਂ ਅਮਨ' ਵਰਗੇ ਨਾਵਲ ਵੀ ਲਿਖੇ ਹਨ? ਤੇ ਜਿਹੜੇ ਉਹਨੂੰ ਸਿਰਫ ਨਾਵਲਕਾਰ ਵੱਲੋਂ ਹੀ ਜਾਣਦੇ ਹਨ, ਉਹ ਇਸ ਗੱਲ ਨੂੰ ਸਵੀਕਾਰਦੇ ਹੀ ਨਹੀਂ ਕਿ ਸੀਤਲ ਢਾਡੀ ਵੀ ਹੋ ਸਕਦਾ ਹੈ। ਦਰਅਸਲ ਗੰਗਾ ਜਾਂ ਯਮੁਨਾ ਦਾ ਸੰਗਮ ਹੋਇਆ ਹੋਵੇ ਜਾਂ ਨਾ ਪਰ ਸਾਹਿਤ ਕਲਾ ਅਤੇ ਸੰਗੀਤ ਕਲਾ ਇੱਕੋ ਹੀ ਹਸਤੀ ਦੇ ਅੰਦਰੋਂ ਡੁੱਲ੍ਹ-ਡੁੱਲ੍ਹ ਕੇ ਪੈਂਦੀ ਰਹੀ ਹੈ। ਮੈਂ ਦਸਵੀਂ 'ਚ ਪੜ੍ਹਦਿਆਂ ਸਿਲੇਬਸ ਵਿਚ ਉਹਦਾ ਨਾਵਲ ਪੜ੍ਹਿਆ 'ਜੰਗ ਜਾਂ ਅਮਨ'। ਬਚਪਨ ਦਾ ਇਹ ਮੋਹ ਵੱਡੇ ਹੋ ਕੇ ਸੀਤਲ ਨਾਲ ਮਿਲਣ ਦਾ ਸਬੱਬ ਬਣਿਆ ਤੇ 'ਮੇਰੇ ਇਤਿਹਾਸਕ ਲੈਕਚਰ' ਪੁਸਤਕ ਪੜ੍ਹ ਕੇ ਗਿਆਨ ਹੋਇਆ ਕਿ ਸਟੇਜ ਜਾਂ ਮੰਚ 'ਤੇ ਬੋਲਣ ਦਾ ਵੀ ਕੋਈ ਵਿਧੀ-ਵਿਧਾਨ ਹੁੰਦਾ ਹੈ।

ਮੈਂ ਇਸ ਗੱਲ 'ਤੇ ਮਾਣ ਕਰਦਾ ਰਹਾਂਗਾ ਕਿ ਜ਼ਿੰਦਗੀ ਵਿਚ ਅਨੇਕਾਂ ਅਵਸਰ ਇਸ ਮਹਾਨ ਹਸਤੀ ਨਾਲ ਨੇੜੇ ਹੋ ਕੇ ਗੁਜ਼ਾਰਨ ਦੇ ਨਸੀਬ ਹੋਏ। ਇੱਥੇ ਵਿਸ਼ਾ ਸੀਤਲ ਦੇ ਬਤੌਰ ਢਾਡੀ ਵਜੋਂ ਹੈ, ਇਸ ਲਈ ਉਹਦੇ ਨਾਵਲਾਂ ਬਾਰੇ ਵਿਸਥਾਰ ਵਿਚ ਨਹੀਂ ਜਾਵਾਂਗਾ। ਧਰਤੀ 'ਤੇ ਵਗਦੇ ਦਰਿਆਵਾਂ ਬਾਰੇ ਤਾਂ ਸਾਰੇ ਜਾਣਦੇ ਹੁੰਦੇ ਹਨ, ਸੁਆਦ ਇਸ ਗੱਲ ਵਿਚ ਹੈ ਕਿ ਤੁਹਾਡੇ ਅੰਦਰ ਵਗਦੇ ਝਨਾਂ ਦੀਆਂ ਛੱਲਾਂ 'ਚੋਂ ਕੋਈ ਰਾਂਝਾ ਜਾਂ ਹੀਰ ਬੁੱਕ ਭਰ ਕੇ ਪਿਆਸ ਮਿਟਾ ਸਕੇ। ਸੀਤਲ ਦੋ ਕਲਾਵਾਂ ਦਾ ਅਜਿਹਾ ਹੀ ਇੱਕ ਭਰ ਵਗਦਾ ਦਰਿਆ ਸੀ।



ਢਾਡੀ ਸੋਹਣ ਸਿੰਘ ਸੀਤਲ

ਅੰਮ੍ਰਿਤਸਰ ਤੇ ਇਸ ਜ਼ਿਲ੍ਹੇ ਦਾ ਕਾਦੀਵਿੰਡ-ਖਾਲਸ ਮਝੈਲਾਂ ਦਾ ਪਿੰਡ। ਇਸ ਭਾਗਾਂ ਵਾਲੇ ਪਿੰਡ ਵਿਚ ਸੋਹਣ ਸਿੰਘ ਸੀਤਲ 7 ਅਗਸਤ 1909 ਨੂੰ ਯਾਨਿ ਕਰੀਬ ਇੱਕ ਸਦੀ ਤੋਂ ਪਹਿਲਾਂ ਜਨਮਿਆ। ਉਹ ਪਿਤਾ ਖੁਸ਼ਹਾਲ ਸਿੰਘ ਦਾ ਇਕਲੌਤਾ ਪੁੱਤਰ ਸੀ ਤੇ ਬਾਪੂ-ਬੇਬੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਉਨ੍ਹਾਂ ਦਾ ਤਰਸੇਵੇਂ ਨਾਲ ਮਿਲਿਆ ਪੁੱਤਰ ਵਾਹਿਗੁਰੂ ਦੀ ਅਪਾਰ ਕ੍ਰਿਪਾ ਨਾਲ ਝੋਲੀ 'ਚ ਤਾਂ ਭਾਵੇਂ ਦੇਰੀ ਨਾਲ ਹੀ ਪਿਆ ਹੈ ਪਰ ਸਤਿਕਾਰ ਤੇ ਮਾਣ ਵਡਿਆਈ ਦੀਆਂ ਇਹ ਉਹ ਪੰਡਾਂ ਬੰਨ੍ਹ ਦੇਵੇਗਾ ਜਿਸ 'ਤੇ ਨਾ ਸਿਰਫ ਉਹ ਸਗੋਂ ਪੂਰਾ ਸਿੱਖ ਜਗਤ ਫਖਰ ਕਰਿਆ ਕਰੇਗਾ। ਸੀਤਲ ਦੇ ਆਪਣੇ ਦੱਸਣ ਅਨੁਸਾਰ ਭੈਣਾਂ ਨੂੰ ਤਰਸੇਵੇਂ ਦਾ ਛੋਟਾ ਵੀਰ ਖਿਡਾਉਣ ਦਾ ਬੜਾ ਚਾਅ ਸੀ ਤੇ 'ਮੇਰਾ ਸੋਹਣਾ ਵੀਰ, ਮੇਰਾ ਸੋਹਣਾ ਵੀਰ' ਤੋਂ ਉਹਦਾ ਨਾਂ ਫਿਰ ਚਟਦਿਆਂ-ਚੁੰਮਦਿਆਂ ਸੋਹਣ ਸਿੰਘ ਹੀ ਪੱਕ ਗਿਆ। ਮੰਨੋਗੇ ਕਿ ਇੱਕ ਸਿੱਖ ਵਿਦਵਾਨ, ਸਿੱਖ ਚਿੰਤਕ ਦੇ ਮਾਂ-ਬਾਪ ਕੋਰੇ ਅਨਪੜ੍ਹ ਸਨ, ਜਮ੍ਹਾਂ ਪੇਂਡੂ ਜੱਟ। ਪਰ ਉਹਦੇ ਜਨਮ ਸਮੇਂ ਤੋਂ ਹੀ ਉਹ ਇਸ ਗੱਲ ਤੋਂ ਸੁਚੇਤ ਜ਼ਰੂਰ ਸਨ ਕਿ ਉਹ ਆਪਣੇ ਪੁੱਤਰ ਨੂੰ ਪੜ੍ਹਨ-ਲਿਖਣ ਤੋਂ ਵਾਂਝੇ ਨਹੀਂ ਰੱਖਣਗੇ। ਪੰਜ ਗੁੰਬੀ ਸੋਹਣ ਸਿੰਘ ਸੀਤਲ ਨੇ ਆਪਣੇ ਪਿੰਡ ਆਏ ਉਦਾਸੀ ਸਾਧੂ ਹਰੀ ਦਾਸ ਤੋਂ ਪੜ੍ਹੀ ਤੇ ਉਰਦੂ ਦਾ 'ਅਲਫ-ਬੇ' ਕਰਨਾਲ ਦੇ ਮੁਰਲੀ ਰਾਮ ਤੋਂ ਸਿੱਖਿਆ। ਹਾਈ ਸਕੂਲ ਦੀ ਵਿੱਦਿਆ ਉਹਨੇ ਸਾਢੇ ਚਾਰ ਕਿਲੋਮੀਟਰ ਰੋਜ਼ਾਨਾ ਘਰੋਂ ਪੈਦਲ ਚਲ ਕੇ ਕਸੂਰ ਤੋਂ ਪੂਰੀ ਕੀਤੀ। ਸਾਇੰਸ ਤੇ ਹਿਸਾਬ ਦੇ ਦੋ ਔਖੇ ਵਿਸ਼ਿਆਂ 'ਚ ਉਹਦੀ ਵੱਧ ਦਿਲਚਸਪੀ ਹੀ ਨਹੀਂ ਰਹੀ ਸਗੋਂ ਉਹ ਅੱਵਲ ਵੀ ਆਉਂਦਾ ਰਿਹਾ। ਉਹਦੇ ਅੰਦਰੋਂ ਸਾਹਿਤਕ ਕਰੂੰਬਲਾਂ ਉਦੋਂ ਫੁੱਟੀਆਂ ਜਦੋਂ ਮੌਲਵੀ ਫਕੀਰ ਹੁਸੈਨ ਦੀ ਪ੍ਰੇਰਨਾ ਨਾਲ ਉਹ ਸ਼ੇਅਰ ਲਿਖਣ ਵੱਲ ਰੁਚਿਤ ਹੋ ਗਿਆ ਤੇ ਪੜ੍ਹਾਈ ਦੇ ਨਾਲ ਨਾਲ ਸਾਹਿਤ ਤੇ ਕਲਾ ਦੀ ਟ੍ਰੇਨ ਦੀ ਟਿਕਟ ਵੀ ਕਟਾ ਲਈ।

ਮੰਨੋਗੇ ਕਿ ਜ਼ਮਾਨੇ ਦੇ ਰਿਵਾਜ਼ਾਂ ਤੋਂ ਸੀਤਲ ਵੀ ਮੁਕਤ ਨਹੀਂ ਸੀ ਹੋ ਸਕਿਆ ਤੇ ਮਸਾਂ ਬਾਰਾਂ ਸਾਲਾਂ ਦੀ ਉਮਰ ਵਿਚ ਗ੍ਰਿਹਿਸਥੀ ਜੀਵਨ ਦਾ ਬੂਹਾ ਮਾਂ-ਬਾਪ ਨੇ ਉਹਦੇ ਲਈ ਖੋਲ੍ਹ ਦਿੱਤਾ। ਸਮੇਂ ਦੀ ਤਾਸੀਰ ਹੀ ਸੀ ਕਿ ਉਦੋਂ ਹਰ ਮਾਂ-ਬਾਪ ਇਹ ਸੋਚਦੇ ਹੁੰਦੇ ਸਨ ਕਿ ਪੁੱਤ ਦਾੜ੍ਹੀ-ਮੁੱਛ ਫੁੱਟਣ ਤੋਂ ਪਹਿਲਾਂ ਵਿਆਹਿਆ ਜਾਵੇ। ਸੰਨ 1934 ਦੇ ਕਰੀਬ ਸੀਤਲ ਸੱਚੀਂ ਅਚਾਨਕ ਢਾਡੀ ਬਣ ਗਿਆ।

ਕਾਦੀਵਿੰਡ ਵਿਚ ਕਿਤੇ ਰਾਸਧਾਰੀਏ ਆਏ ਹੋਏ ਸਨ, ਪੂਰਨ ਭਗਤ ਤੇ ਰਾਜਾ ਹਰੀਸ਼ ਚੰਦਰ ਦੇ ਨਾਟਕ ਖੇਡਣ। ਨਾਟਕ ਦੇਖੇ ਤਾਂ ਇਨ੍ਹਾਂ 'ਚ ਕੁਝ ਕਿਰਦਾਰ ਏਨੇ ਸੁਰੀਲੇ ਤੇ ਰਸੀਲੇ ਸਨ ਕਿ ਸੀਤਲ ਇੱਕ ਤਰ੍ਹਾਂ ਨਾਲ ਮੋਹਿਤ ਹੀ ਹੋ ਗਿਆ। ਇਸ ਗੱਲ ਦਾ ਵੇਰਵਾ ਉਹਨੇ ਆਪਣੀ ਇੱਕ ਪੁਸਤਕ ਵਿਚ ਵੀ ਦਿੱਤਾ ਹੈ। ਉਹਦੇ ਨਾਲ ਦੇ ਕੁਝ ਪੇਂਡੂ ਮੁੰਡੇ ਵੀ ਪ੍ਰਭਾਵਿਤ ਹੋ ਗਏ। ਇਨ੍ਹਾਂ 'ਚੋਂ ਇੱਕ ਨੇ ਨਾਟਕ ਮੰਡਲੀ ਬਣਾਉਣ ਦਾ ਸੁਝਾਅ ਦਿੱਤਾ ਤਾਂ ਵਿਰਸੇ 'ਚੋਂ ਮਿਲੀ ਧਾਰਮਿਕ ਗੁੜ੍ਹਤੀ ਦਾ ਹਵਾਲਾ ਦੇ ਕੇ ਸੀਤਲ ਨੇ ਕਿਹਾ ਕਿ ਨਾਟਕ ਮੰਡਲੀ ਨਹੀਂ, ਆਪਾਂ ਇੱਕ ਢਾਡੀ ਜਥਾ ਬਣਾ ਲੈਂਦੇ ਆਂ। ਔਖਾ ਕੰਮ ਹੋਣ ਦੇ ਬਾਵਜੂਦ ਸੀਤਲ ਦਾ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ ਤੇ ਉਨ੍ਹਾਂ ਕਲਿਆਣੀ ਦੇ ਭਰਾਈ ਚਿਰਾਗਦੀਨ ਨੂੰ ਆਪਣਾ ਉਸਤਾਦ ਧਾਰ ਕੇ ਢਾਡੀ ਜਥਾ ਬਣਾ ਲਿਆ। ਸੋਹਣ ਸਿੰਘ ਘੁਕੇਵਾਲੀਏ ਦੇ ਲਿਖੇ ਪ੍ਰਸੰਗ ਯਾਦ ਕਰਕੇ ਸੀਤਲ ਨੇ 1935 ਦੇ ਕਰੀਬ ਪਹਿਲਾ ਦੀਵਾਨ ਕਸੂਰ ਕੀਤਾ। ਉਹਦੇ ਨਾਲ ਢੱਡ 'ਤੇ ਗੁਰਚਰਨ ਸਿੰਘ ਆਇਆ ਅਤੇ ਉਸਤਾਦ ਚਿਰਾਗਦੀਨ ਨੇ ਆਪ ਸਾਰੰਗੀ ਵਜਾਈ ਉਨ੍ਹਾਂ ਨਾਲ, ਤੇ ਫਿਰ ਵਾਹ ਵਾਹ ਹੋਈ ਤਾਂ ਹਰ ਮੱਸਿਆ 'ਤੇ ਤਰਨਤਾਰਨ ਜਾਣਾ ਸ਼ੁਰੂ ਕਰ ਦਿੱਤਾ। ਸੀਤਲ ਆਪ ਪ੍ਰਸੰਗ ਲਿਖਣ ਲੱਗ ਪਿਆ ਤੇ ਇਉਂ ਸਿੱਖ ਇਤਿਹਾਸ ਦੀ ਢਾਡੀ ਕਲਾ ਵਿਚ ਰੰਗਦਾਰ ਪੰਨਾ ਜੁੜ ਗਿਆ।

ਸਾਲ 1987 ਦੇ ਅਕਤੂਬਰ ਮਹੀਨੇ ਵਿਚ ਦੁਸਹਿਰੇ ਤੋਂ ਇੱਕ ਦਿਨ ਪਹਿਲਾਂ ਮੈਂ ਪਹਿਲੀ ਵਾਰ ਢਾਡੀ ਸੋਹਣ ਸਿੰਘ ਸੀਤਲ ਦੇ ਜਦੋਂ ਲੁਧਿਆਣੇ ਉਹਦੇ ਮਾਡਲ ਗ੍ਰਾਮ ਵਿਚਲੇ 'ਸੀਤਲ ਭਵਨ' 'ਚ ਦਰਸ਼ਨ ਕੀਤੇ ਤਾਂ ਢਾਡੀ ਕਲਾ ਨਾਲ ਜੁੜਵੀਂ ਜ਼ਿੰਦਗੀ ਦੀ ਇੱਕ ਸਾਂਝ ਉਹਨੇ ਸੁਣਾਈ ਤਾਂ ਸਹਿਜ ਸੁਭਾਅ ਸੀ ਪਰ ਮੇਰੇ ਦਿਲ 'ਚ ਉਕਰੀ ਗਈ। ਉਹਨੇ ਦੱਸਿਆ ਕਿ ਗਾਹੇ-ਬਗਾਹੇ ਢਾਡੀ ਤੇ ਸਾਹਿਤਕਾਰ ਉਹਦੇ ਤੋਂ ਅਗਵਾਈ ਲੀਹਾਂ ਲੈਣ ਲਈ ਆਉਂਦੇ ਰਹਿੰਦੇ ਹਨ ਪਰ ਜਦੋਂ ਉਹ ਆਪ ਉਠਿਆ ਸੀ ਤਾਂ ਇਸ ਕਲਾ ਦੇ ਦਾਅ ਪੇਚ ਸਿਖਾਉਣ ਵਾਲਾ ਕੋਈ ਗੁਣੀ ਗਿਆਨੀ ਨਹੀਂ ਟੱਕਰਦਾ ਸੀ। ਹਠ ਤੇ ਸਿਰੜ ਰੱਖਿਆ, ਲਗਨ ਨਾਲ ਹਰ ਪੈਰ ਪੁੱਟਿਆ ਤੇ ਸਵੈ-ਭਰੋਸੇ ਨਾਲ ਸਫਲਤਾ ਦੇ ਹਰ ਬੂਹੇ ਦੀ ਸਰਦਲ ਲੰਘੀ।

ਸੀਤਲ ਨੇ ਇੱਕ ਘਟਨਾ ਦਾ ਜ਼ਿਕਰ ਕੀਤਾ ਕਿ ਇੱਕ ਵਾਰ ਰੱਤੋਕੇ ਵਿਚ ਭਾਈ ਵੀਰ ਸਿੰਘ ਦੇ ਮੇਲੇ 'ਤੇ ਪ੍ਰੋਗਰਾਮ ਕਰਨ ਦਾ ਮੌਕਾ ਮਿਲਿਆ ਤਾਂ ਉਸ ਨੇ ਨਿਵ ਕੇ ਪੁੱਛਿਆ, ਭਾਈ ਅਸੀਂ ਕਿੰਨਾ ਕੁ ਵਕਤ ਲਾਉਣਾ ਏ? ਜੁਆਬ ਮਿਲਿਆ, 'ਸ਼ੁਰੂ ਕਰ ਤਾਂ ਸਹੀ ਮੁੰਡਿਆ, ਸੌਦਾ ਵਿਕਦਾ ਏ, ਵੇਖ ਕੇ ਗੱਲ ਕਰਾਂਗੇ।' ਤੇ ਮੰਗਲਾਚਰਨ ਦੀ ਤਰਜ 'ਤੇ ਉਹਦੇ ਜਥੇ ਨੇ ਉਹ ਰੰਗ ਬੰਨ੍ਹਿਆ ਕਿ ਨਾ ਸਿਰਫ ਖੁੱਲ੍ਹਾ ਸਮਾਂ ਮਿਲਿਆ ਸਗੋਂ ਅਗਲੇ ਮੇਲਿਆਂ ਦੀ ਗੱਲ ਵੀ ਪੱਕੀ ਹੋਈ। ਵਾਹਿਗੁਰੂ ਦੀ ਕ੍ਰਿਪਾ ਨਾਲ ਐਸੀ ਗੱਲ ਬਣੀ ਕਿ ਸੇਰ ਪੱਕੇ ਬਦਾਮ ਤੇ ਦੁੱਧ ਦੀਆਂ ਬਾਲਟੀਆਂ ਪ੍ਰਬੰਧਕਾਂ ਨੇ ਮੂਹਰੇ ਲਿਆ ਧਰੀਆਂ।

ਕਿਹਾ ਤਾਂ ਇਹ ਜਾਂਦੈ ਕਿ ਰੱਬ ਕਰਕੇ ਜੱਟ ਦੇ 'ਕੱਲਾ ਪੁੱਤ ਨਾ ਜੰਮੇ ਪਰ ਸੀਤਲ ਕਹਿੰਦਾ ਹੁੰਦਾ ਸੀ ਕਿ ਇਹ ਗੱਲ ਸਹੀ ਨਹੀਂ, ਵਾਹਿਗੁਰੂ ਦੀ ਸਭ ਤੋਂ ਵੱਡੀ ਬਖਸ਼ਿਸ਼ ਜੱਟ ਨੂੰ ਇਹ ਮੰਨਣੀ ਚਾਹੀਦੀ ਹੈ ਕਿ ਜੱਟ ਦਾ ਪੁੱਤ ਕਿਤੇ ਦਾਰੂ ਅਤੇ ਨਸ਼ਿਆਂ ਤੋਂ ਰਹਿਤ ਹੋਵੇ। ਉਹਦਾ ਤਾਇਆ ਕੋਠੇ ਜਿੱਡਾ ਜੁਆਨ ਸੀ, ਮਾਰ ਲਿਆ ਸੁੱਖੇ ਦੇ ਛੰਨਿਆਂ ਨੇ, ਤੇ ਬਾਪੂ ਨੂੰ ਵੀ ਕੁਝ ਉਮਰ ਹੋਰ ਵੀ ਸਾਥ ਦੇ ਸਕਦੀ ਸੀ। ਸੀਤਲ ਦੱਸਦਾ ਹੁੰਦਾ ਸੀ ਕਿ ਇੱਕ ਵਾਰ ਮੈਂ ਤਾਏ ਦੇ ਸੁੱਖੇ ਵਾਲੇ ਛੰਨੇ 'ਚੋਂ ਭਰਿਆ ਤਾਂ ਇੱਕ ਘੁੱਟ ਸੀ ਪਰ ਸੁਰਤ ਦੋ ਦਿਨ ਨਾ ਆਈ। ਉਹ ਦਿਨ ਗਿਆ, ਉਹਨੇ ਕਦੇ ਵੀ ਲਿਖਣ-ਪੜ੍ਹਨ ਤੇ ਢਾਡੀ ਰਾਗ ਤੋਂ ਮੂੰਹ ਘੁਮਾ ਹੀ ਨਹੀਂ ਦੇਖਿਆ।

ਆਪਣੀ ਜ਼ਿੰਦਗੀ ਦੀ ਇੱਕ ਹੋਰ ਗੱਲ ਉਹ ਬਹੁਤ ਚਟਕਾਰੇ ਲਾ ਕੇ ਦੱਸਦਾ ਹੁੰਦਾ ਸੀ ਕਿ ਇੱਕ ਵਾਰੀ ਉਹ ਖੁਰਲੀ 'ਚ ਪੱਠੇ ਪਾਉਣ ਗਿਆ ਤਾਂ ਝੋਟੇ ਨੇ ਬਾਹਰਲੀ ਹੱਡੀ 'ਤੇ ਸਿੰਗ ਮਾਰਿਆ, ਡੇਲਾ ਤਾਂ ਬਚ ਗਿਆ ਪਰ ਜਦੋਂ ਕਈ ਦਿਨ ਅੱਖ ਹੀ ਨਾ ਖੁੱਲ੍ਹੀ ਤਾਂ ਬੇਬੇ ਨੇ ਕਿਹਾ ਕਰਨਾ, "ਸੱਚਿਆ ਪਾਤਸ਼ਾਹਾ ਕਰ ਮਿਹਰ ਜੇ ਕਿਤੇ ਉਹੀ ਗੱਲ ਹੋ ਗਈ ਤਾਂ ਕਿਸੇ ਨੇ ਅੰਨ੍ਹਾ ਤੇ ਕਿਸੇ ਨੇ ਕਾਣਾ, ਤੇ ਨਿਹੰਗ ਸਿੰਘਾਂ ਨੇ ਆਪਣੀ ਬੋਲੀ 'ਚ 'ਸਵਾ ਲੱਖ ਨੇਤਰਾਂ ਸਿਹੁੰ' ਕਿਹਾ ਕਰਨਾ।"

ਪੱਖਪਾਤੀ ਗੱਲ ਨਹੀਂ ਸਗੋਂ ਸੱਚ ਹੈ ਕਿ ਸੋਹਣ ਸਿੰਘ ਸੀਤਲ ਵੀਹਵੀਂ ਸਦੀ ਦਾ ਸਭ ਤੋਂ ਮਹਾਨ ਢਾਡੀ ਸੀ ਤੇ ਉਹਨੇ ਕਰੀਬ ਛੇ ਦਹਾਕਿਆਂ ਤੱਕ ਸਿੱਖ ਸੰਗਤਾਂ ਨੂੰ ਨਾਲ ਜੋੜੀ ਰੱਖਿਆ ਅਤੇ ਸਿੱਖ ਇਤਿਹਾਸ ਤੇ ਸਮਕਾਲੀ ਘਟਨਾਵਾਂ ਬਾਰੇ ਕਾਵਿ ਰਚਨਾ ਜ਼ਰੀਏ ਕਮਾਲ ਦੀ ਪੇਸ਼ਕਾਰੀ ਕੀਤੀ। ਉਹ ਨਾ ਸਿਰਫ ਪੰਜਾਬੀ ਦਾ ਸਗੋਂ ਅੰਗਰੇਜ਼ੀ, ਹਿੰਦੀ, ਉਰਦੂ ਤੇ ਫਾਰਸੀ ਦਾ ਵੀ ਵਿਦਵਾਨ ਸੀ। ਉਹਨੂੰ ਸਮੁੱਚਾ ਸਿੱਖ ਜਗਤ ਕਮਾਲ ਦਾ ਵਿਆਖਿਆਕਾਰ ਤੇ ਸਟੇਜ ਦਾ ਧਨੀ ਮੰਨਦਾ ਹੈ। ਉਹਨੇ ਜਨਮ ਸਾਖੀਆਂ, ਗੁਰਬਿਲਾਸ, ਸੂਰਜ ਪ੍ਰਕਾਸ਼, ਬੰਸਾਵਲੀਨਾਮਾ ਤੇ ਮਹਿਮਾ ਪ੍ਰਕਾਸ਼ ਆਦਿ ਸ੍ਰੋਤ ਗ੍ਰੰਥਾਂ ਨੂੰ ਆਧਾਰ ਬਣਾਇਆ। ਸੀਤਲ ਦਾ ਘੇਰਾ ਬਹੁਤ ਵਿਸ਼ਾਲ ਸੀ, ਉਹਨੇ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਤੱਕ ਆਪਣੀਆਂ ਲਿਖਤਾਂ ਦੇ ਵਿਸ਼ੇ ਵਿਸਥਾਰ ਵਿਚ ਨਿਭਾਏ। ਨਨਕਾਣਾ ਸਾਹਿਬ ਦੇ ਸਾਕੇ ਤੋਂ ਲੈ ਕੇ ਹਿੰਦ-ਚੀਨ ਜੰਗ ਦਾ ਜ਼ਿਕਰ ਸਿਰਫ ਸੀਤਲ ਦੀਆਂ ਲਿਖਤਾਂ 'ਚੋਂ ਹੀ ਮਿਲ ਸਕਦਾ ਹੈ। ਉਹਦੀਆਂ ਰਚਨਾਵਾਂ ਵਿਚ ਬੀਰ ਰਸ ਤੇ ਕਰੁਣਾ ਰਸ ਦੀ ਪ੍ਰਸੰਨਤਾ ਰਹੀ ਹੈ, ਜਦਕਿ ਪੂਰਵ ਵਿਚ ਸਿਰਫ ਬੀਰ ਰਸ ਪ੍ਰਧਾਨ ਰਚਨਾਵਾਂ ਦਾ ਗਾਇਨ ਹੀ ਹੁੰਦਾ ਸੀ। ਸੀਤਲ ਨੇ ਰਾਗਾਂ, ਪੁਰਾਤਨ ਵਾਰਾਂ ਦੀਆਂ ਧੁਨਾਂ, ਪਉੜੀਆਂ, ਨਿਸ਼ਾਨੀ ਛੰਦ, ਸਾਕਾ ਪੂਰਨ, ਮਿਰਜ਼ਾ, ਰਾਜਾ ਰਸਾਲੂ ਆਦਿ ਧੁਨਾਂ 'ਤੇ ਕਾਵਿ ਰਚਨਾ ਕਰਕੇ ਲੋਕ ਮਾਨਸ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਸਵੱਈਏ, ਕਬਿੱਤ, ਡਿਓਢ, ਕਰੋੜਾ, ਟੱਪਾ ਤੇ ਬੈਂਤ ਸੀਤਲ ਦੀ ਰਚਨਾ ਸ਼ੈਲੀ ਉਤੇ ਭਾਰੂ ਹਨ। ਉਹਦੇ 'ਗੱਡੀ' ਨਾਮਕ ਸ਼ਬਦ ਦਾ ਇੱਕ ਰੂਪ ਦੇਖੋ:

ਗੱਡੀ ਭਰ ਕੇ ਸਪੈਸ਼ਲ ਤੋਰੀ
ਅੰਮ੍ਰਿਤਸਰ ਸ਼ਹਿਰ ਦੇ ਵਿਚੋਂ।
ਜਿਹਦੇ ਵਿਚ ਸੀ ਪੈਨਸ਼ਨੀ ਕੈਦੀ
ਕੈਦ ਕੀਤੇ ਗੁਰੂ ਬਾਗ ਤੋਂ।

ਢਾਡੀ ਸੀਤਲ ਦੀ ਲਿਖਣ ਸ਼ੈਲੀ ਦਾ ਆਪਣਾ ਇੱਕ ਵੱਖਰਾ ਸੁਹਜ ਤੇ ਅਨੰਦ ਹੈ। ਕਰੁਣਾ ਰਸ ਵਿਚ ਇੱਕ ਥਾਂ ਉਸ ਦਾ ਕਮਾਲ ਦੇਖੋ:

ਸੂਲੀ ਚੜ੍ਹ ਮਨਸੂਰ ਪੁਕਾਰੇ
ਇਉਂ ਦਿਲਦਾਰ ਮਨਾਈਦਾ।
ਆਰੇ ਦੇ ਨਾਲ ਚੀਰ ਜ਼ਕਰੀਆ
ਜਦ ਦੋ ਫਾੜ ਕੀਤੇ ਨੇ,
ਹਰ ਹਿੱਸੇ 'ਚੋਂ ਇਹ ਸੱਦ ਆਵੇ
ਮਰ ਕੇ ਪਿਆਰਾ ਪਾਈਦਾ।
ਕੰਨ ਪੜਵਾਏ ਮੁੰਦਰਾਂ ਪਾਈਆਂ
ਛੱਡ ਕੇ ਤਖਤ ਹਜ਼ਾਰੇ ਨੂੰ,
ਯਾਰ ਪਿੱਛੇ ਦੁਸ਼ਮਣ ਦੇ ਬੂਹੇ
ਮੁੜ ਮੁੜ ਅਲਖ ਜਗਾਈਦਾ।

ਸਿੱਖ ਰਾਜ ਕਿਵੇਂ ਗਿਆ? ਦੀ ਗੱਲ ਕਰਨ ਵਾਲਾ ਸੀਤਲ ਮੌਜੂਦਾ ਰਾਜਨੀਤੀ ਉਤੇ ਟਕੋਰਾਂ ਵੀ ਕਰਦਾ ਰਿਹਾ:

ਹਾਕਮ ਥਾਪੇ ਸੀ ਪਰਜਾ ਪਾਲਣ ਵਾਸਤੇ
ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ।

ਸੀਤਲ ਨੇ ਆਪਣਾ ਸਾਹਿਤਕ ਸਫਰ ਨਿੱਕੀ ਕਹਾਣੀ ਤੇ ਕਵਿਤਾ ਤੋਂ ਸ਼ੁਰੂ ਕੀਤਾ ਸੀ। 1933 ਦੇ ਕਰੀਬ ਉਹਨੇ ਪਹਿਲਾ ਨਾਵਲ 'ਸ਼ਾਮ ਦੀ ਵਿਸਾਖੀ' ਅੱਸੀ ਕੁ ਸਫਿਆਂ ਦਾ ਲਿਖਿਆ ਸੀ। ਉਹਨੇ ਗੀਤ ਵੀ ਲਿਖੇ ਹਨ, 'ਭਾਬੀ ਮੇਰੀ ਗੁੱਤ ਨਾ ਕਰੀਂ, ਮੈਨੂੰ ਡਰ ਸੱਪਣੀ ਦਾ ਆਵੇ' ਨਾਲ ਉਹਦੀ ਨੁਕਤਾਚੀਨੀ ਵੀ ਹੋਈ, ਨਾਰਾਜ਼ਗੀ ਉਠੀ ਤੇ ਉਹ ਇੱਥੋਂ ਹੱਥ ਖੜ੍ਹੇ ਕਰ ਗਿਆ। ਪਹਿਲੀਆਂ ਕਹਾਣੀਆਂ 'ਪ੍ਰੀਤਮ' ਤੇ 'ਫੁਲਵਾੜੀ' ਮਾਸਿਕ ਪੱਤਰਾਂ 'ਚ ਛਪੀਆਂ। ਉਹਦੀਆਂ 24 ਕਹਾਣੀਆਂ, 75 ਢਾਡੀ ਵਾਰਾਂ ਦੀਆਂ ਪੁਸਤਕਾਂ, 'ਸੀਤਲ ਕਿਰਣਾਂ ਤੋਂ ਸੀਤਲ ਸੰਗਤਾਂ ਤੱਕ' 'ਚ ਮੁਕੰਮਲ ਪ੍ਰਸੰਗ, 17 ਨਾਵਲ, ਦੋ ਇਤਿਹਾਸਕ ਨਾਵਲ 'ਇਤਿਹਾਸ ਬਾਰੇ ਵੇਖੀ ਮਾਣੀ ਦੁਨੀਆਂ' ਤੱਕ 16 ਕਿਤਾਬਾਂ ਅਤੇ 11 ਪੁਸਤਕਾਂ ਕਵਿਤਾਵਾਂ ਦੀਆਂ ਛਪੀਆਂ ਹਨ। ਦੋ ਨਾਵਲ ਉਹ ਅਧੂਰੇ ਛੱਡ ਗਿਆ। ਉਹਨੇ ਗਿਆਨੀ ਕੀਤੀ ਸੀ, ਬੀ. ਏ. ਨਹੀਂ ਹੋਈ ਪਰ ਉਹਦੀਆਂ ਪੁਸਤਕਾਂ ਯੂਨੀਵਰਸਿਟੀਆਂ ਦੇ ਸਿਲੇਬਸ ਵਿਚ ਲੱਗੀਆਂ।

ਉਹ ਦੱਸਦਾ ਕਿ ਜਦੋਂ ਲੋਕ ਆਂਹਦੇ 'ਅਹੁ ਜਾਂਦਾ ਸੀਤਲ' ਤਾਂ ਸਮਝੋ ਚਾਰ ਵਰ੍ਹੇ ਉਮਰ ਵਧ ਜਾਂਦੀ ਸੀ। ਉਹਨੇ ਇੱਕ ਢਾਡੀ ਦੀ ਹੈਸੀਅਤ ਵਿਚ ਦੁਨੀਆਂ ਦਾ ਵੱਡਾ ਹਿੱਸਾ ਵੇਖਿਆ। ਸ਼ੁਰੂ ਸ਼ੁਰੂ ਵਿਚ ਉਹਨੇ ਗੁਰਚਰਨ ਸਿੰਘ ਨੂੰ ਸਾਰੰਗੀ 'ਤੇ ਨਾਲ ਜੋੜਿਆ ਪਿੱਛੋਂ ਸੁਰਜਨ ਸਿੰਘ ਤੇ ਗੁਰਬਖਸ਼ ਸਿੰਘ ਨੇ ਉਹਦੇ ਨਾਲ ਸਾਰੰਗੀ ਵਜਾਈ। ਸੀਤਲ ਪਹਿਲਾਂ ਚਾਰ ਫੁੱਟੀ ਕਿਰਪਾਨ ਫੜ੍ਹ ਕੇ ਲੈਕਚਰ ਕਰਨ ਦੇ ਨਾਲ ਗਾਉਂਦਾ ਵੀ ਹੁੰਦਾ ਸੀ ਪਰ ਬਾਅਦ ਵਿਚ ਸਥਾਪਤ ਲੈਕਚਰਾਰਾਂ ਵਿਚ ਉਹਦਾ ਨਾਂ ਸ਼ੁਮਾਰ ਹੋ ਗਿਆ, ਤੇ ਅੱਜ ਢਾਡੀ ਜਥਿਆਂ ਵੱਲੋਂ ਸੀਤਲ ਦੇ ਲੈਕਚਰ 'ਚੋਂ ਹਵਾਲੇ ਦਿੱਤੇ ਜਾਂਦੇ ਹਨ।



ਢਾਡੀ ਸੋਹਣ ਸਿੰਘ ਸੀਤਲ ਇਕ ਸਮਾਗਮ 'ਚ ਮਾਣ-ਸਨਮਾਨ ਸਮੇਂ

ਜੱਟ ਨੂੰ ਭਾਵੇਂ ਕਿੰਨਾ ਵੀ ਰੱਜਵਾਂ ਜੀਵਨ ਮਿਲ ਜਾਵੇ, ਭੁੱਬਲ ਵਿਚ ਮੂੰਹ ਲਬੇੜਨਾ ਉਹਦੇ ਲਈ ਸਦੀਵੀਂ ਸੱਚ ਹੈ ਪਰ ਸੀਤਲ ਬਟਵਾਰੇ ਪਿੱਛੋਂ 68 ਵਿੱਘੇ ਅਲਾਟ ਹੋਈ ਜ਼ਮੀਨ ਵੇਚ ਕੇ ਲੁਧਿਆਣੇ ਪੱਕੇ ਤੌਰ 'ਤੇ ਟਿਕ ਗਿਆ। ਪਹਿਲਾਂ ਪਹਿਲ ਉਹ ਵਿਆਹ ਸ਼ਾਦੀਆਂ 'ਤੇ ਚਲਾ ਜਾਂਦਾ ਸੀ, ਇਸ ਕਰਕੇ ਕਿ ਜਾਂਞੀ-ਮੇਲੀ ਵਾਹਵਾ ਸੇਵਾ ਕਰ ਦਿੰਦੇ ਸਨ। ਇਕ ਵਾਰ ਵਿਆਹ 'ਤੇ ਗਏ ਨੂੰ 'ਲੈ ਤੁਰ ਚੱਲਿਆ ਰਾਂਝਾ ਚੂਚਕ ਦੀਏ ਜਾਈਏ' ਹੀਰ ਸੁਣਾਉਣੀ ਪਈ ਤਾਂ ਉਹਨੇ ਖੁਦ ਨੂੰ ਗੁਰੂ ਘਰ ਦਾ ਤਾਬਿਆਦਾਰ ਮੰਨ ਕੇ ਵਿਆਹਾਂ 'ਤੇ ਜਾਣਾ ਬੰਦ ਕਰ ਦਿੱਤਾ। ਅਮਰੀਕਾ, ਇੰਗਲੈਂਡ ਤੇ ਕੈਨੇਡਾ ਵਿਚ ਉਹ ਸੰਗਤਾਂ ਦੇ ਪਿਆਰ ਨਾਲ ਕਈ ਵਾਰ ਗਿਆ।

'ਜੰਗ ਜਾਂ ਅਮਨ' ਨਾਵਲ ਦੀ ਆਖਰੀ ਸਤਰ ਕਿ ਹੁਣ ਕੀ ਬਣੇਗਾ? ਤੇ ਕਿਰਪਾਲ ਕਿਹਦੀ ਬਣੇਗੀ? ਦੀ ਭਾਰੀ ਆਲੋਚਨਾ ਹੁੰਦੀ ਰਹੀ। ਸੀਤਲ ਦਾ ਮਤ ਸੀ ਕਿ ਸਮਾਜ ਕੋਲ ਕਈ ਗੁੰਝਲਦਾਰ ਸਮੱਸਿਆਵਾਂ ਦਾ ਹੱਲ ਹੈ ਹੀ ਨਹੀਂ। ਸੰਤ ਸਿੰਘ ਸੇਖੋਂ ਆਖਦਾ ਸੀ ਕਿ ਸੀਤਲ 'ਯੁੱਗ ਬਦਲ ਗਿਆ ਹੈ' ਨਾਲੋਂ ਫਾਰਮੂਲੇ ਤੋਂ ਹੱਟ ਕੇ 'ਜੰਗ ਜਾਂ ਅਮਨ' ਸਫਲ ਨਾਵਲ ਲਿਖ ਸਕਿਆ ਹੈ ਪਰ ਸੀਤਲ ਸਹਿਮਤ ਨਹੀਂ ਹੋਇਆ ਕਿਉਂਕਿ ਜ਼ਿੰਦਗੀ ਫਾਰਮੂਲਿਆਂ 'ਚ ਨਹੀਂ ਬੱਝਦੀ। 23 ਸਤੰਬਰ 1998 ਨੂੰ ਢਾਡੀ ਜਗਤ ਦਾ ਇਹ ਧਰੂ ਤਾਰਾ ਸਦਾ ਲਈ ਟੁੱਟ ਗਿਆ।




ਸੋਹਣ ਸਿੰਘ ਸੀਤਲ ਦੀਆਂ ਦੋ ਪੁਸਤਕਾਂ ਦੇ ਸਰਵਰਕ

# ਜਪੁਜੀ ਦਾ ਰੱਬ

ਲੋਕ ਅਕਸਰ ਪੁੱਛਦੇ ਹਨ, "ਕੀ ਤੁਸੀਂ ਰੱਬ ਨੂੰ ਮੰਨਦੇ ਹੋ?" ਕਈ ਇਹੀ ਗੱਲ ਦੂਜੇ ਢੰਗ ਨਾਲ ਕਹਿੰਦੇ ਹਨ, "ਸਵੇਰੇ ਪਾਠ ਪੂਠ ਤਾਂ ਕਰਦੇ ਹੋਵੋਗੇ?" ਪੰਜਾਬੀ ਮੁਹਾਵਰੇ ਤੋਂ ਵਾਕਫ ਸਾਰੇ ਲੋਕ ਇਨ੍ਹਾਂ ਪ੍ਰਸ਼ਨਾਂ ਦੇ ਅਰਥ ਭਲੀ ਪ੍ਰਕਾਰ ਜਾਣਦੇ ਹਨ। ਉਨ੍ਹਾਂ ਦੇ ਪੁੱਛਣ ਦਾ ਭਾਵ ਹੁੰਦਾ ਹੈ ਕਿ ਕੀ ਉਤਰ ਦੇਣ ਵਾਲੇ ਵਿਅਕਤੀ ਦਾ ਰੱਬ ਵਿਚ ਭਰੋਸਾ ਹੈ ਜਾਂ ਨਹੀਂ। ਕੀ ਰੱਬ ਦੁਨੀਆਂ ਘੜਦਾ ਹੈ, ਅਰਦਾਸਾਂ ਸੁਣਦਾ ਹੈ, ਬਖਸ਼ਿਸ਼ਾਂ ਕਰਦਾ ਹੈ ਤੇ ਲੋੜ ਪੈਣ 'ਤੇ ਮਦਦ ਲਈ ਬਹੁੜਦਾ ਹੈ? ਲਗਦਾ ਹੈ ਜਿਵੇਂ ਉਹ ਦੂਜਿਆਂ ਦੇ ਮਾਪਦੰਡਾਂ ਰਾਹੀਂ ਆਪਣੇ ਵਿਸ਼ਵਾਸ ਨੂੰ ਹੋਰ ਦ੍ਰਿੜ ਕਰਨਾ ਚਾਹੁੰਦੇ ਹੋਣ, ਜਾਂ ਆਪਣੇ ਪੈਮਾਨੇ ਵਰਤ ਕੇ ਦੂਜਿਆਂ ਨੂੰ ਆਪਣੇ ਵਾਂਗ ਨਿਸ਼ਚੇਵਾਨ ਬਣਾਉਣਾ ਚਾਹੁੰਦੇ ਹੋਣ।

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਕੁਝ ਵੀ ਹੋਵੇ, ਜਿਸ ਕਿਸੇ ਨੇ ਗੁਰੂ ਨਾਨਕ ਦਾ ਜਪੁਜੀ ਪੜ੍ਹਿਆ-ਵਿਚਾਰਿਆ ਹੈ, ਉਸ ਦਾ ਇਹੋ ਉਤਰ ਹੋਵੇਗਾ, "ਜੀ ਹਾਂ, ਮੇਰਾ ਜਪੁਜੀ ਸਾਹਿਬ ਦੇ 'ਰੱਬ' ਵਿਚ ਪੂਰਾ ਵਿਸ਼ਵਾਸ ਹੈ।" ਉਤਰ ਸੁਣ ਕੇ ਪ੍ਰਸ਼ਨ-ਕਰਤਾ ਹੈਰਾਨ ਹੋ ਕੇ ਪੁੱਛਣਗੇ, "ਇਹ ਜਪੁਜੀ ਸਾਹਿਬ ਦਾ ਰੱਬ ਕੀ ਹੋਇਆ?"

ਜ਼ਾਹਰ ਹੈ, ਅਜਿਹੇ ਪ੍ਰਸ਼ਨ ਪੁੱਛਣ ਵਾਲਿਆਂ ਨੇ ਜਾਂ ਤਾਂ ਜਪੁਜੀ ਪੜ੍ਹਿਆ ਨਹੀਂ ਹੁੰਦਾ, ਜੇ ਪੜ੍ਹਿਆ ਹੁੰਦਾ ਹੈ ਤਾਂ ਉਸ ਨੂੰ ਸਮਝਿਆ ਨਹੀਂ ਹੁੰਦਾ। ਜਿਨ੍ਹਾਂ ਨੇ ਸਮਝਣ ਦੀ ਕੋਸ਼ਿਸ਼ ਕੀਤੀ ਵੀ ਹੁੰਦੀ ਹੈ, ਉਹ 'ਸੁਣੀਐ' ਤੋਂ ਅਗਾਹਾਂ 'ਮੰਨੇ' ਦੀ ਪੌੜੀ ਤੀਕਰ ਨਹੀਂ ਗਏ ਹੁੰਦੇ। 'ਮੰਨੇ' ਤੀਕਰ ਪਹੁੰਚਣ ਵਾਲੇ ਵੀ ਇਸ ਸ਼ਬਦ ਦਾ ਅਰਥ 'ਭਰੋਸਾ ਕਰ ਕੇ ਮੰਨ ਲੈਣਾ' ਹੀ ਕਰਦੇ ਹਨ।

ਬਿਨਾ ਸ਼ੱਕ ਜਪੁਜੀ ਸਾਹਿਬ ਸਿੱਖਾਂ ਵਿਚ ਸਭ ਤੋਂ ਵਧ ਪੜ੍ਹੀ ਜਾਣ ਵਾਲੀ ਬਾਣੀ ਹੈ ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਬਹੁਤੇ ਲੋਕ ਇਸ ਨੂੰ ਕੇਵਲ ਨਿਤਨੇਮ ਵਜੋਂ ਹੀ ਪੜ੍ਹਦੇ ਹਨ। ਇਸੇ ਕਰਕੇ ਸੰਸਾਰ ਭਰ ਦੇ ਧਰਮ-ਦਰਸ਼ਨਾਂ ਤੇ ਫਿਲਾਸਫੀਆਂ ਨੂੰ ਅੱਗੇ ਲਾਉਣ ਵਾਲੀ ਜਪੁਜੀ ਦੀ ਸਿੱਖੀ ਵਿਚਾਰਧਾਰਾ ਅੱਜ ਸਿਰਫ ਪੂਜਾ-ਪਾਠ ਦਾ ਸਾਧਨ ਬਣੀ ਹੋਈ ਹੈ। ਹੈਰਾਨੀ ਹੈ ਕਿ ਜਿਸ ਬਾਣੀ ਵਿਚ ਸਮੁੱਚੇ ਵਿਸ਼ਵ-ਗਿਆਨ ਦਾ ਮਾਰਗ ਦਰਸ਼ਨ ਹੈ, ਉਸ ਨੂੰ ਕਈ ਭਰਮ-ਭੁਲੇਖਿਆਂ ਕਾਰਨ 'ਵਿਦਿਆ ਵਿਖਮੁ ਵੀਚਾਰੁ' ਸਮਝ ਕੇ ਵਿਚਾਰਨ ਦਾ ਉਪਰਾਲਾ ਹੀ ਨਹੀਂ ਕੀਤਾ ਜਾਂਦਾ!

ਅੱਗੇ ਗੱਲ ਕਰਨ ਤੋਂ ਪਹਿਲਾਂ ਕਈ ਸੰਕਲਪ ਜਿਵੇਂ ਮਾਰਗ, ਭਗਤੀ, ਗਿਆਨ, ਸੱਤਿ, ਧਿਆਨੁ, ਨਾਮੁ, ਹੁਕਮ, ਗੁਰ, ੴ, ਵਡਿਆਈ, ਹਉਮੈ, ਖੰਡੁ, ਨਦਰਿ, ਸਚ ਖੰਡੁ ਤੇ ਮੁਕਤੀ ਸਪਸ਼ਟ ਕਰਨੇ ਜਰੂਰੀ ਬਣਦੇ ਹਨ। ਠੀਕ ਹੋਵੇਗਾ ਜੇ ਪਹਿਲਾਂ ਮਾਰਗ, ਭਗਤੀ ਤੇ ਗਿਆਨ ਦੀਆਂ ਮੁਢਲੀਆਂ ਧਾਰਨਾਵਾਂ ਨੂੰ ਵਿਚਾਰੀਏ। ਪੁਰਾਤਨ ਭਾਰਤੀ ਗ੍ਰੰਥਾਂ ਵਿਚ 'ਮਾਰਗ' ਸ਼ਬਦ ਦੀ ਕਾਫੀ ਚਰਚਾ ਮਿਲਦੀ ਹੈ ਤੇ ਗੁਰਬਾਣੀ ਵਿਚ ਵੀ ਇਹ ਕਈ ਵਾਰ ਵਰਤੋਂ ਵਿਚ ਆਇਆ ਹੈ। ਗੁਰਬਾਣੀ ਵਿਚ ਭਗਤੀ ਤੇ ਗਿਆਨ ਮਾਰਗ ਦੀ ਗੱਲ ਇਕ ਦੂਜੇ ਦੇ ਸੰਦਰਭ ਵਿਚ ਚਲਦੀ ਹੈ। ਪਰ ਸਮੱਸਿਆ ਇਹ ਹੈ, ਅਜਿਹੇ ਸ਼ਬਦਾਂ ਦੇ ਜੋ ਅਰਥ ਲੈ ਕੇ ਫਿਲਾਸਫਰ ਲੋਕ ਆਪਣਾ ਸੰਵਾਦ ਚਲਾਉਂਦੇ ਹਨ, ਉਹ ਸਾਧਾਰਨ ਵਿਦਵਾਨਾਂ, ਪ੍ਰਚਾਰਕਾਂ ਤੇ ਆਮ ਲੋਕਾਂ ਤੀਕਰ ਪਹੁੰਚਦਿਆਂ ਅਤਿ ਸੌਖਾ ਰੂਪ ਧਾਰਨ ਕਰਕੇ ਨਵੇਂ ਅਰਥਾਂ ਨਾਲ ਜੁੜ ਜਾਂਦੇ ਹਨ। ਇਕੋ ਵੇਲੇ ਇਕ ਸ਼ਬਦ ਦੇ ਕਈ ਕਈ ਸੰਕਲਪ ਘੁੰਮਦੇ ਹੋਣ ਕਾਰਨ ਗਿਆਨ ਦੀ ਕੋਈ ਵੀ ਗੱਲ ਹਿਸਾਬੀ ਢੰਗ ਨਾਲ ਅੱਗੇ ਨਹੀਂ ਚਲਦੀ। ਫਿਰ ਸਵਾਲ ਉਠਦਾ ਹੈ ਕਿ ਇਨ੍ਹਾਂ ਮਾਰਗਾਂ ਦਾ ਅਰਥ ਕੀ ਹੈ? ਭਾਵ ਇਹ ਕਿਸ ਮੰਜ਼ਿਲ ਦੇ ਮਾਰਗ ਹਨ ਤੇ ਕਾਹਦੇ ਲਈ ਕਲਪੇ ਗਏ ਹਨ?

ਸਪਸ਼ਟ ਤੌਰ 'ਤੇ ਮਾਰਗ ਦਾ ਅਰਥ ਰਸਤਾ ਹੈ। ਇਹ ਇਸ ਲਈ ਕਿ ਮਨੁੱਖ ਦਾ ਮੂਲ ਮਸਲਾ ਬ੍ਰਹਿਮੰਡ ਤੇ ਬ੍ਰਹਿਮੰਡ ਰਚਨਾ ਦੇ ਭੇਦ ਜਾਣਨ ਦਾ ਹੈ। ਜਿਸ ਢੰਗ ਨਾਲ ਇਹ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ, ਉਸ ਨੂੰ ਮਾਰਗ ਕਹਿੰਦੇ ਹਨ। ਇਸ ਲਈ ਇਹ ਮਾਰਗ ਕੋਈ ਪਗਡੰਡੀਆਂ, ਬੀਹੀਆਂ, ਪੌੜੀਆਂ ਤੇ ਸੜਕਾਂ ਜਿਹੇ ਕਿਤੇ ਚਲ ਕੇ ਪਹੁੰਚਣ ਵਾਲੇ ਰਾਹ ਨਹੀਂ। ਇਹ ਰਾਹ ਜਾਣਕਾਰੀ ਨਾਲ ਸਬੰਧਤ ਸੋਚ ਸਮਝ ਤੇ ਖੋਜ ਦੇ ਢੰਗ ਤਰੀਕੇ ਹਨ। ਇਨ੍ਹਾਂ ਨੂੰ ਅਪਨਾ ਕੇ ਬੁੱਧੀਮਾਨ ਲੋਕ ਗਿਆਨ ਦੀਆਂ ਗੁੱਥੀਆਂ ਸੁਲਝਾਉਂਦੇ ਹਨ। ਗਿਆਨ ਪਿੱਛੇ ਨਾ ਜਾਣ ਦਾ ਵੀ ਇਕ ਰਾਹ ਹੈ। ਇਸ 'ਤੇ ਪੈ ਕੇ ਬਹੁਤੇ ਵਿਅਕਤੀ ਬੌਧਿਕ ਵਿਕਾਸ ਵੱਲ ਤੁਰਨ ਦੀ ਥਾਂ ਵਿਸ਼ਵਾਸ ਦੇ ਰਸਤੇ ਚਲ ਪੈਂਦੇ ਹਨ। ਉਹ ਬਿਨਾ ਵਿਵੇਕ ਤੇ ਬੁੱਧੀ ਦਾ ਇਸਤੇਮਾਲ ਕੀਤਿਆਂ, ਆਪਣੇ ਯਕੀਨ ਰਾਹੀਂ ਹੀ ਬ੍ਰਹਮ ਗਿਆਨ ਦਾ ਪੂਰਾ ਲਾਭ ਤੇ ਨਜ਼ਾਰਾ ਲੈਣ ਦੀ ਕਲਪਨਾ ਕਰਦੇ ਹਨ। ਬੌਧਿਕ ਜਾਣਕਾਰੀ ਜਾਂ ਬੌਧਿਕ ਸੰਤੁਸ਼ਟੀ ਲਈ ਅਪਨਾਏ ਇਨ੍ਹਾਂ ਢੰਗ ਤਰੀਕਿਆਂ ਨੂੰ ਸਿੱਖੀ ਵਿਚ ਪਥ ਜਾਂ ਪੰਥ, ਅੰਗਰੇਜ਼ੀ ਵਿਚ ਪਾਥ (Path) ਤੇ ਵਿਗਿਆਨ ਵਿਚ ਐਪਰੋਚ ਜਾਂ ਮੈਥੱਡ (Approach or Method) ਕਹਿੰਦੇ ਹਨ।

ਮਾਰਗ ਸ਼ਬਦ ਦੇ ਅਰਥ ਨੂੰ ਇੰਜ ਵੀ ਸਮਝਿਆ ਜਾ ਸਕਦਾ ਹੈ, ਕਲਪਨਾ ਕਰਨ ਦੀ ਥਾਂ ਜਰਾ ਗਿਆਨ ਇੰਦਰੀਆਂ ਖੋਲ੍ਹ ਕੇ ਵੇਖੋ ਤੇ ਅਨੁਭਵ ਕਰੋ! ਮਨੁੱਖ ਦੇ ਆਲੇ-ਦੁਆਲੇ ਇਹ ਜੋ ਵਿਰਾਟ ਸ੍ਰਿਸ਼ਟੀ ਵਿਛੀ ਪਈ ਹੈ, ਇਹ ਕੀ ਹੈ? ਇਹ ਅਥਾਹ ਕਾਇਨਾਤ ਇੱਥੇ ਕਿਉਂ ਟਿਕੀ ਹੈ ਤੇ ਇਸ ਨੂੰ ਇੱਥੇ ਕੌਣ ਬਣਾ ਕੇ ਰੱਖ ਗਿਆ ਹੈ? ਇਸ ਵਿਚ ਵਿਭਿੰਨ ਪ੍ਰਕਾਰ ਦੀ ਵਨਸਪਤੀ ਤੇ ਜੀਵ ਜੰਤੂ ਪੈਦਾ ਹੁੰਦੇ ਹਨ ਜੋ ਆਪਣੀ ਉਮਰ ਭੋਗ ਕੇ ਖਤਮ ਹੋ ਜਾਂਦੇ ਹਨ। ਇਨ੍ਹਾਂ ਅਨੰਤ ਵਰਤਾਰਿਆਂ ਦਾ ਕੀ ਰਾਜ਼ ਹੈ? ਇਹ ਕਿਵੇਂ ਚੱਲ ਰਹੇ ਹਨ ਤੇ ਇਨ੍ਹਾਂ ਨੂੰ ਕੌਣ ਚਲਾ ਰਿਹਾ ਹੈ? ਭਾਵ 'ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ' ਦਾ ਮੁੱਖ ਪਾਤਰ ਕੌਣ ਹੈ? ਤੇ ਫਿਰ ਮਨੁੱਖ ਕੀ ਹੈ ਤੇ ਕਿਸ ਕਾਰਨ ਇੱਥੇ ਆਇਆ ਹੈ?

ਇਨ੍ਹਾਂ ਸਭ ਅਤੇ ਅਜਿਹੇ ਲੱਖਾਂ ਹੋਰ ਮੂੰਹ ਅੱਡੀ ਖੜ੍ਹੇ ਪ੍ਰਸ਼ਨਾਂ ਦਾ ਸਬੰਧ ਮਨੁੱਖ ਤੇ ਮਨੁੱਖ ਦੇ ਆਲੇ-ਦੁਆਲੇ ਦੀ ਭੂਤਕਾਲੀ, ਵਰਤਮਾਨੀ ਤੇ ਭਵਿੱਖੀ ਜਾਣਕਾਰੀ ਨਾਲ ਹੈ। ਇਨ੍ਹਾਂ ਸਵਾਲਾਂ ਦਾ ਮੁੱਖ ਮਨੋਰਥ ਜੀਵ ਉਤਪਤੀ ਸਮੇਤ ਇਸ ਸੰਸਾਰ ਦੀ ਹੋਂਦ ਤੇ ਪ੍ਰਚਲਨ ਕ੍ਰਿਆ ਨੂੰ ਵਿਭਿੰਨ ਪਹਿਲੂਆਂ ਤੋਂ ਜਾਣਨ ਦਾ ਹੈ। ਹੁਣ ਜ਼ਰਾ ਸੋਚੋ, ਕੀ ਤੁਹਾਨੂੰ ਇਨ੍ਹਾਂ ਪ੍ਰਸ਼ਨਾਂ ਬਾਰੇ ਕੋਈ ਸਾਰਥਕ ਜਾਣਕਾਰੀ ਹੈ? ਜੇ ਨਹੀਂ ਤਾਂ ਕੀ ਕਦੇ ਆਪ ਕੋਈ ਜਾਣਕਾਰੀ ਹਾਸਲ ਕਰਨ ਦਾ ਯਤਨ ਕੀਤਾ ਹੈ? ਜੇ ਨਹੀਂ ਕੀਤਾ ਤਾਂ ਕੀ ਅਜਿਹਾ ਕਰਨ ਦੇ ਵਿਧੀਵਤ ਢੰਗ ਦਾ ਪਤਾ ਹੈ? ਜੇ ਇਸ ਦਾ ਵੀ ਪਤਾ ਨਹੀਂ ਤਾਂ ਹਾਲੇ ਤੁਸੀਂ ਇਸ ਪਾਸੇ ਚੱਲੇ ਹੀ ਨਹੀਂ! ਯਾਦ ਰਹੇ, ਇਸ ਪਾਸੇ ਦੀ ਜਾਣਕਾਰੀ ਹਾਸਲ ਕਰਨ ਦੇ ਚਾਹਵਾਨਾਂ ਲਈ ਖੋਜ ਵਿਧੀਆਂ ਨਾਲ ਲੈਸ ਗਿਆਨ ਦਾ ਮਾਰਗ ਹੈ। ਜਾਣਕਾਰੀ ਹਾਸਲ ਕੀਤੇ ਬਿਨਾ ਦੂਰੋਂ ਹੀ ਕਿਸੇ ਯਕੀਨ ਵਸ ਮੱਥਾ ਨੀਵਾਂ ਕਰ ਲੈਣ ਵਾਲਿਆਂ ਲਈ ਅਰਦਾਸਾਂ ਵਾਲਾ ਭਗਤੀ ਮਾਰਗ ਹਾਜ਼ਰ ਹੈ। ਹੁਣ ਦੱਸੋ, ਤੁਸੀਂ ਕਿਸ ਮਾਰਗ 'ਤੇ ਉਂਗਲੀ ਧਰਦੇ ਹੋ?

ਜੋ ਗਿਆਨ ਮਾਰਗ ਨੂੰ ਅਪਨਾਉਣਾ ਸਾਰਥਕ ਮੰਨਦੇ ਹਨ, ਉਹ ਇਹ ਵੀ ਸੋਚ ਲੈਣ ਕਿ ਇਹ ਰਾਹ ਇੰਨਾ ਸੌਖਾ ਨਹੀਂ, ਜਿੰਨਾ ਸਮਝਿਆ ਜਾਂਦਾ ਹੈ। ਸੰਸਾਰ ਵਿਚ ਉਪਜੇ ਸਭ ਪਸ਼ੂ-ਪੰਛੀ ਤੇ ਜੀਵ ਬੁੱਧੀਹੀਣ ਜਾਂ ਅਲਪ-ਬੁੱਧੀ ਹਨ। ਆਪਣੇ ਚੌਗਿਰਦੇ ਦੀ ਅਨੁਭਵੀ ਚੇਤਨਾ ਤੇ ਚਿੰਤਨਮਈ ਬੁੱਧੀ ਕੇਵਲ ਮਨੁੱਖ ਕੋਲ ਹੈ। ਇਸ ਲਈ ਬ੍ਰਹਿਮੰਡ ਅਤੇ ਇਸ ਦੇ ਭੇਦਾਂ ਦੀ ਖੋਜ ਇਸ ਸੰਸਾਰ ਵਿਚ ਮਨੁੱਖ ਤੋਂ ਬਿਨਾ ਹੋਰ ਕੋਈ ਨਹੀਂ ਕਰ ਸਕਦਾ।

ਗੁਰੂ ਨਾਨਕ ਨੇ ਕਿਹਾ ਹੈ, 'ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥' ਇਸ ਵਾਕ ਅਨੁਸਾਰ ਮਨੁੱਖ ਕੋਲ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਨਾ ਬਹੁਤੀ ਸੋਝੀ ਹੈ ਤੇ ਨਾ ਜਾਣਕਾਰੀ। ਮੀਲ-ਦੋ ਮੀਲ ਤੋਂ ਅਗਾਹਾਂ ਇਹ ਦੇਖ ਨਹੀਂ ਸਕਦਾ, ਹਨੇਰੇ ਵਿਚ ਇਸ ਦੀ ਨਿਗ੍ਹਾ ਕੰਮ ਨਹੀਂ ਕਰਦੀ, ਆਪਣੇ ਸਿਰ ਦੀ ਗਿੱਚੀ ਇਸ ਨੂੰ ਨਜ਼ਰ ਨਹੀਂ ਆਉਂਦੀ, ਆਪਣੇ ਹੀ ਸਰੀਰ ਦੇ ਅੰਦਰੂਨੀ ਅੰਗਾਂ ਦੇ ਕਦੇ ਇਸ ਨੇ ਦਰਸ਼ਨ ਨਹੀਂ ਕੀਤੇ, ਕੀੜੀ ਤੋਂ ਨਿੱਕੀ ਕੋਈ ਚੀਜ਼ ਵੇਖਣ ਦੀ ਇਸ ਕੋਲ ਨਿਗ੍ਹਾ ਨਹੀਂ, ਹਥੇਲੀ 'ਤੇ ਪਏ ਅਰਬਾਂ-ਖਰਬਾਂ ਅਣੂਆਂ (Molecules) ਵਿਚੋਂ ਕਿਸੇ ਇਕ ਨੂੰ ਕਦੇ ਇਸ ਨੇ ਵੇਖਿਆ ਨਹੀਂ, ਵੀਹ-ਤੀਹ ਮੀਲ ਤੋਂ ਵਧੇਰੇ ਇਹ ਦਿਨ ਵਿਚ ਚਲ ਨਹੀਂ ਸਕਦਾ ਅਤੇ ਪੰਜ-ਸੱਤ ਫੁੱਟ ਤੋਂ ਉਚੀ ਛਾਲ ਨਹੀਂ ਮਾਰ ਸਕਦਾ। ਇਸ ਤੋਂ ਇਲਾਵਾ ਸੌ ਸਾਲ ਤੋਂ ਵੱਧ ਇਸ ਦੀ ਉਮਰ ਨਹੀਂ, ਜਿਸ ਦਾ ਵਧੇਰੇ ਭਾਗ ਬਚਪਨ, ਬੁਢਾਪੇ, ਨੀਂਦ, ਬਿਮਾਰੀ ਤੇ ਦਿਨ-ਚਰਿਆ ਵਿਚ ਗੁਜ਼ਰ ਜਾਂਦਾ ਹੈ।

ਹੋਰ ਤਾਂ ਹੋਰ, ਅਤਿ-ਸੂਖਮ ਖੋਜ ਕਾਰਜਾਂ ਲਈ ਲੋੜੀਂਦਾ ਇਸ ਦਾ ਨਿਰਪੱਖ ਨਜ਼ਰੀਆ ਨਹੀਂ, ਸਵਾਰਥ ਤੋਂ ਉਪਰ ਉਠ ਕੇ ਨੀਝ ਨਾਲ ਵੇਖਣ ਵਾਲੀ ਇਸ ਕੋਲ 'ਨਦਰੁ' ਨਹੀਂ; ਸ੍ਰਿਸ਼ਟੀ ਦੀ ਰਚਨਾ ਦਾ ਇਹ ਚਸ਼ਮਦੀਦ ਗਵਾਹ ਨਹੀਂ; ਚਾਰ-ਪੰਜ ਹਜ਼ਾਰ ਸਾਲ ਤੋਂ ਪਹਿਲਾਂ ਦਾ ਇਸ ਕੋਲ ਕੋਈ ਸਬੂਤ ਨਹੀਂ ਤੇ ਬ੍ਰਹਿਮੰਡ ਨਿਰਮਾਣ ਦਾ ਇਸ ਕੋਲ ਕੋਈ ਚਸ਼ਮਦੀਦ ਗਵਾਹ ਨਹੀਂ। ਗੱਲ ਕੀ, ਰੌਸ਼ਨੀ ਹੁੰਦਿਆਂ ਵੀ ਇਸ ਦੇ ਚਾਰੇ ਪਾਸੇ ਮੁਕੰਮਲ ਅੰਧਕਾਰ ਹੈ। ਇੰਨੇ ਸੀਮਤ ਸਾਧਨਾਂ ਤੇ ਸ਼ਕਤੀਆਂ ਨਾਲ ਇਸ ਲਈ ਇਸ ਵਿਸ਼ਾਲ ਸ੍ਰਿਸ਼ਟੀ ਦਾ ਗਿਆਨ ਹਾਸਲ ਕਰਨਾ ਜੇ ਅਸੰਭਵ ਨਹੀਂ ਤਾਂ ਅਤਿ-ਕਠਿਨ ਜਰੂਰ ਹੈ।

ਫਿਰ ਵੀ ਆਪਣੀ ਬੌਧਿਕ ਭੁੱਖ ਮਿਟਾਉਣ ਲਈ ਮਨੁੱਖ ਸਦੀਆਂ ਤੋਂ ਇਸ ਅੰਧਕਾਰ ਨਾਲ

***ਜੋ ਗਿਆਨ ਮਾਰਗ ਨੂੰ ਅਪਨਾਉਣਾ ਸਾਰਥਕ ਮੰਨਦੇ ਹਨ, ਉਹ ਇਹ ਵੀ ਸੋਚ ਲੈਣ ਕਿ ਇਹ ਰਾਹ ਇੰਨਾ ਸੌਖਾ ਨਹੀਂ, ਜਿੰਨਾ ਸਮਝਿਆ ਜਾਂਦਾ ਹੈ। ਸੰਸਾਰ ਵਿਚ ਉਪਜੇ ਸਭ ਪਸ਼ੂ-ਪੰਛੀ ਤੇ ਜੀਵ ਬੁੱਧੀਹੀਣ ਜਾਂ ਅਲਪ-ਬੁੱਧੀ ਹਨ। ਆਪਣੇ ਆਲੇ-ਦੁਆਲੇ ਦੀ ਅਨੁਭਵੀ ਚੇਤਨਾ ਤੇ ਚਿੰਤਨਮਈ ਬੁੱਧੀ ਕੇਵਲ ਮਨੁੱਖ ਕੋਲ ਹੈ। ਇਸ ਲਈ ਬ੍ਰਹਿਮੰਡ ਅਤੇ ਇਸ ਦੇ ਭੇਦਾਂ ਦੀ ਖੋਜ ਇਸ ਸੰਸਾਰ ਵਿਚ ਮਨੁੱਖ ਤੋਂ ਬਿਨਾ ਹੋਰ ਕੋਈ ਨਹੀਂ ਕਰ ਸਕਦਾ।***

ਜੂਝਦਾ ਰਿਹਾ ਹੈ। ਮੁੱਢ ਵਿਚ ਕਦੇ ਕਦਾਈਂ ਕੋਈ ਜਾਣਕਾਰੀ ਮਿਲਦੀ ਰਹੀ। ਪਰ ਸਦੀਆਂ ਦੇ ਪਹਾੜ ਜਿੱਡੇ ਲੰਮੇ ਯੁਗਾਂ ਵਿਚ ਅੱਗ ਬਾਲਣ, ਪਸ਼ੂ ਪਾਲਣ, ਖੇਤੀਬਾੜੀ ਕਰਨ, ਮਾਮੂਲੀ ਤਾਰਾ ਵਿਗਿਆਨ ਤੇ ਮਿੱਟੀ ਦੇ ਭਾਂਡੇ ਬਣਾਉਣ ਆਦਿ ਤੋਂ ਬਿਨਾ ਕੋਈ ਵੱਡੀ ਪ੍ਰਾਪਤੀ ਉਸ ਦੇ ਹੱਥ ਨਾ ਲੱਗੀ। ਸੋਚ ਪੱਖੋਂ ਵੀ ਉਹ ਬਹੁਤਾ ਕਰ ਕੇ ਕੋਰਾ ਹੀ ਰਿਹਾ। ਜਾਨਵਰਾਂ ਵਾਂਗ ਜੰਗਲਾਂ ਵਿਚ ਰਹਿੰਦਾ ਰਿਹਾ ਤੇ ਕੁਦਰਤ ਦੀ ਹਰ ਸ਼ੈ ਨੂੰ ਕੋਈ ਦੈਵੀ-ਸ਼ਕਤੀ ਕਲਪ ਕੇ ਡਰ ਜਾਂਦਾ ਰਿਹਾ। ਭੈ ਤੇ ਲਾਲਚ ਵਸ ਅਜਿਹੀਆਂ ਸ਼ਕਤੀਆਂ ਨੂੰ ਪੂਜਣ ਦੀ ਮਜਬੂਰੀ ਉਸ ਦੀ ਆਦਤ ਬਣ ਗਈ। ਉਸ ਦੀਆਂ ਇਨ੍ਹਾਂ ਪ੍ਰਵਿਰਤੀਆਂ ਅਰਥਾਤ ਡਰ, ਕਲਪਨਾ ਤੇ ਪੂਜਾ ਪਾਠ ਦੇ ਰੁਝਾਨ ਕਾਰਨ ਹੀ ਮੁਢਲੇ ਧਰਮ ਹੋਂਦ ਵਿਚ ਆਏ।

ਸੰਗਠਤ ਧਰਮ ਉਸ ਵੇਲੇ ਦੀ ਲੋੜ ਸਨ। ਅਲਪ-ਗਿਆਨ ਦੇ ਉਨ੍ਹਾਂ ਸਮਿਆਂ ਵਿਚ ਇਹ ਲੋਕਾਂ ਨੂੰ ਸਮੂਹਕ ਤੌਰ 'ਤੇ ਢਾਰਸ ਦੇਣ ਦਾ ਕੰਮ ਕਰਦੇ ਸਨ। ਵੱਧ ਤੋਂ ਵੱਧ ਲੋਕਾਂ ਨੂੰ ਸ਼ਰਧਾਲੂ ਬਣਾ ਕੇ ਉਹ ਉਨ੍ਹਾਂ ਲਈ ਸਮਾਜਕ ਪੱਧਰ 'ਤੇ ਸੁਰੱਖਿਆ ਢਾਲ ਦਾ ਕੰਮ ਕਰਨ ਲੱਗੇ। ਇਸ ਦੇ ਨਾਲ ਹੀ ਇਹ ਲੱਖਾਂ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਵੱਡੇ ਪੈਮਾਨੇ 'ਤੇ ਕੁਦਰਤ ਦੀ ਸ਼ੁਕਰਗੁਜ਼ਾਰੀ ਦਾ ਦਮ ਵੀ ਭਰਦੇ ਰਹੇ। ਕੁਦਰਤੀ ਸ਼ਕਤੀਆਂ ਨੂੰ ਪ੍ਰਸੰਨ ਕਰਕੇ ਮਨੁੱਖਤਾ ਲਈ ਹੋਰ ਰਹਿਮਤਾਂ ਤੇ ਸੁਖ-ਸ਼ਾਂਤੀ ਹਾਸਲ ਕਰਨ ਦੀਆਂ ਅਰਦਾਸਾਂ ਕਰਕੇ ਇਹ ਸੰਸਥਾਵਾਂ ਸ਼ਰਧਾਲੂਆਂ ਦਾ ਦਿਲ ਰੱਖਦੀਆਂ।

ਇਹ ਧਾਰਮਿਕ ਸੰਸਥਾਵਾਂ ਆਪਣੇ ਢੰਗ ਨਾਲ ਆਪਣੇ ਅਨੁਆਈਆਂ ਦਾ ਮਾਰਗ ਦਰਸ਼ਨ ਕਰਦਿਆਂ ਉਨ੍ਹਾਂ ਨੂੰ ਮਨੋਵਿਗਿਆਨਕ ਸਹਾਰਾ ਦਿੰਦੀਆਂ। ਜੋ ਇਨ੍ਹਾਂ ਨੂੰ ਅਪਨਾਉਂਦਾ, ਉਹ ਲੋਕ-ਪਰਲੋਕ ਦੇ ਦੁਖਾਂ ਤੋਂ ਮੁਕਤ ਹੋਣ ਦਾ ਭਰਮ ਪਾਲਣ ਲਗਦਾ। ਸਮਾਂ ਪੈਣ ਨਾਲ ਧਾਰਮਿਕ ਸੰਗਠਨਾਂ ਵਿਚ ਸਵਾਰਥੀ ਹਿੱਤ ਪੈਦਾ ਹੋ ਗਏ। ਜਿਉਂ ਜਿਉਂ ਇਹ ਹਿੱਤ ਭਾਰੂ ਹੋਣ ਲੱਗੇ, ਤਿਉਂ ਤਿਉਂ ਧਰਮ ਆਪਣੇ ਪ੍ਰਣਾਏ ਕਾਰਜਾਂ ਤੋਂ ਦੂਰ ਜਾਣ ਲੱਗੇ। ਹੌਲੀ ਹੌਲੀ ਇਹ ਧਰਮ ਭਰਮ-ਭਉ ਉਤੇ ਆਧਾਰਤ ਖੋਖਲੀਆਂ ਰਹੁ-ਰੀਤਾਂ ਦੇ ਧੰਦੇ ਬਣ ਗਏ। ਅੰਧ-ਵਿਸ਼ਵਾਸ, ਭ੍ਰਿਸ਼ਟ ਸੋਚ, ਹੰਕਾਰ ਤੇ ਲੋਭ-ਲਾਲਚ ਦੇ ਵਿਕਾਰਾਂ ਕਾਰਨ ਅਕਸਰ ਧਰਮ ਫਿਰਕਿਆਂ ਵਿਚ ਵੰਡੇ ਜਾਂਦੇ ਤੇ ਫਿਰਕਿਆਂ ਵਿਚਾਲੇ ਖਹਿਬਾਜ਼ੀ ਹੋਣ ਲਗਦੀ। ਇਹ ਖਹਿਬਾਜ਼ੀ ਹੀ ਸਮਾਜਕ ਖਿਚੋਤਾਣ ਦਾ ਕਾਰਨ ਬਣਦੀ ਜੋ ਭਿਆਨਕ ਧਰਮਯੁਧਾਂ ਨੂੰ ਜਨਮ ਦਿੰਦੀ। ਇਸ ਤਰ੍ਹਾਂ ਮਨੁੱਖ ਦਾ ਸੁਚਾਰੂ ਸੋਚ ਵਾਲਾ ਗਿਆਨ-ਪੱਖੀ ਸੰਕਲਪ ਕਮਜ਼ੋਰ ਹੋ ਕੇ ਧਰਮ ਤੇ ਵਿਸ਼ਵਾਸ ਦੇ ਮੱਕੜਜਾਲ ਵਿਚ ਉਲਝਦਾ ਰਿਹਾ।

ਸੋਚ-ਵਿਚਾਰ ਤੇ ਗਿਆਨ ਤੋਂ ਸੱਖਣੇ ਉਪਰੋਕਤ ਸਮੇਂ ਨੂੰ ਅੰਧੇਰਾ ਕਾਲ (Dark Age) ਕਿਹਾ ਜਾਂਦਾ ਹੈ। ਸਾਧਨਾਂ ਦੀ ਅਣਹੋਂਦ ਤੇ ਅਗਿਆਨ ਦੇ ਪਸਾਰੇ ਕਾਰਨ ਇਹ ਸਮਾਂ ਹਜ਼ਾਰਾਂ ਸਦੀਆਂ ਤੀਕਰ ਲਮਕਦਾ ਆਇਆ। ਭਾਰਤਵਰਸ਼ ਵਿਚ ਤਾਂ ਇਹ ਹਾਲੇ ਵੀ ਖਿੱਚਿਆ ਚਲਿਆ ਆ ਰਿਹਾ ਹੈ। ਅਜੋਕੇ ਸਮੇਂ ਵਿਚ ਜੋ ਕਹਿਣ-ਸੁਣਨ ਯੋਗ ਥੋੜ੍ਹੀ-ਬਹੁਤ ਜਾਣਕਾਰੀ ਆਈ ਹੈ, ਉਹ ਕੁਝ ਕੁ ਸਦੀਆਂ ਪਹਿਲਾਂ ਦੇ ਇਕ ਸੋਚ ਪਲਟੇ ਦੀ ਦੇਣ ਹੈ ਤੇ ਮਨੁੱਖਤਾ ਦੇ ਬੜੇ ਨਿਯਮਬੱਧ ਪਰ ਕਠੋਰ ਯਤਨਾਂ ਕਰਕੇ ਹੋਈ ਹੈ। ਇਸ ਸੋਚ ਪਲਟੇ ਦਾ ਮੁੱਢ ਮੱਧ-ਕਾਲੀਨ ਯੂਰਪ ਵਿਚ ਵਿਦਵਤਾ ਲਹਿਰ (Scholastic Movement) ਨਾਲ ਬੰਨ੍ਹਿਆ ਗਿਆ ਸੀ ਪਰ ਪੂਰਬ ਵਿਚ ਇਸ ਦਾ ਅਰੰਭ ਗੁਰੂ ਨਾਨਕ ਦੇਵ ਨੇ ਇਕ ਸਦੀ ਪਹਿਲਾਂ ਹੀ ਕਰ ਦਿੱਤਾ ਸੀ। ਉਸ ਵੇਲੇ ਦੇ ਭਾਰਤੀ ਸਮਾਜ ਵਿਚ ਹਾਲੇ ਉਸ ਦੇ ਨਿਵੇਕਲੇ ਤੇ ਨਿੱਗਰ ਵਿਚਾਰਾਂ ਨੂੰ ਪਰਖਣ ਅਤੇ ਅਪਨਾਉਣ ਦੀ ਸੋਝੀ ਪੈਦਾ ਨਹੀਂ ਸੀ ਹੋਈ। ਇਸ ਲਈ ਸਮੇਂ ਤੋਂ ਪਹਿਲਾਂ ਉਪਜੀ ਉਸ ਦੀ ਸਿੱਖੀ ਵਿਚਾਰਧਾਰਾ ਦਾ ਵਿਗਿਆਨਕ ਪਰਿਪੇਖ ਲੋਕਾਂ ਦੇ ਪੱਲੇ ਨਾ ਪਿਆ। ਉਨ੍ਹਾਂ ਨੇ ਇਸ ਨੂੰ ਦੂਜੇ ਧਰਮਾਂ ਜਿਹਾ ਹੀ ਇਕ ਹੋਰ ਧਰਮ ਸਮਝ ਕੇ ਗਲੇ ਲਾ ਲਿਆ ਤੇ ਦੂਜਿਆਂ ਵਾਂਗ ਹੀ ਇਸ ਨੂੰ ਪੂਜਾ-ਦਾਨ ਦਾ ਸਾਧਨ ਬਣਾ ਲਿਆ। ਪੁਰਾਣੇ ਸਮਿਆਂ ਤੋਂ ਚਲਦੇ ਆ ਰਹੇ ਡਰ, ਵਿਸ਼ਵਾਸ ਤੇ ਭਰਮ-ਭੁਲੇਖਿਆਂ ਦੀਆਂ ਮੁਲੰਮਿਆਂ ਵਾਂਗ ਜੰਮੀਆਂ ਪੀਡੀਆਂ ਪਰਤਾਂ ਕਾਰਨ ਸਿੱਖ ਜਗਤ ਹਾਲੇ ਗੁਰੂ ਸਾਹਿਬ ਦੀ ਨਿਵੇਕਲੀ ਸਿਖਿਆ ਪ੍ਰਤੀ ਸੁਚੇਤ ਨਹੀਂ ਹੋਇਆ ਹੈ। ਵਿਗਿਆਨਕ ਸੋਝੀ ਇਨ੍ਹਾਂ ਪਰਤਾਂ ਨੂੰ ਖੁਰਚਣ ਦਾ ਕਾਰਜ ਕਰ ਤਾਂ ਰਹੀ ਹੈ ਪਰ ਇਸ ਦੀ ਗਤੀ ਬੜੀ ਢਿੱਲੀ ਹੈ।

ਸੋ, ਮਨੁੱਖੀ ਇਤਿਹਾਸ ਵਿਚ ਵਿਸ਼ਵਾਸ ਤੇ ਗਿਆਨ ਦੇ ਦੋ ਰਾਹ ਹੀ ਪ੍ਰਭਾਵੀ ਰਹੇ ਹਨ। ਰਾਹ ਭਾਵੇਂ ਹੋਰ ਵੀ ਕਈ ਦੱਸੇ ਜਾਂਦੇ ਹਨ ਪਰ ਉਹ ਮੌਜੂਦਾ ਪ੍ਰਸੰਗ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰਦੇ। ਜਿਵੇਂ ਉਤੇ ਵਰਣਨ ਕੀਤਾ ਗਿਆ ਹੈ, ਗਿਆਨ ਦਾ ਰਸਤਾ ਖੋਜ ਤੇ ਜਾਣਕਾਰੀ ਦਾ ਰਾਹ ਹੈ। ਬੌਧਿਕ ਵਿਕਾਸ ਨਾਲ ਜੁੜਿਆ ਹੋਣ ਕਰਕੇ ਇਹ ਰਸਤਾ ਲੰਮਾ, ਔਖਾ ਤੇ ਅਨਿਸ਼ਚਿਤ ਹੈ। ਇਸ ਦੇ ਉਲਟ ਵਿਸ਼ਵਾਸ ਦਾ ਰਸਤਾ ਸੌਖਾ, ਸਿੱਧਾ ਤੇ ਨਿਸ਼ਚਿਤ ਹੈ। ਇਹ ਰਸਤਾ ਕੇਵਲ ਕਲਪਨਾ, ਵਿਸ਼ਵਾਸ, ਭਗਤੀ ਤੇ ਵਫਾਦਾਰੀ ਦੇ ਸਹਾਰੇ ਚਲਦਾ ਹੈ। ਇਸ ਵਿਚ ਸੁਖ ਤੇ ਸਮਰਿਧੀ ਜਿਹੇ ਲਾਭ ਮਨੁੱਖੀ ਕਰਮ ਰਾਹੀਂ ਪੈਦਾ ਕਰਨ ਦਾ ਕੋਈ ਸੰਕਲਪ ਨਹੀਂ। ਅਜਿਹੀਆਂ ਸੁਗਾਤਾਂ ਤਾਂ ਇਸ ਮਾਰਗ ਵਾਲੇ ਪੂਜਾ ਅਰਚਨਾ ਜਾਂ 'ਪੂਰਬਲੇ ਜਨਮ ਦੇ ਕਰਮਾਂ' ਰਾਹੀਂ ਹੀ ਪ੍ਰਾਪਤ ਕਰ ਲੈਣ ਦੀ ਕਲਪਨਾ ਕਰ ਲੈਂਦੇ ਹਨ। ਵਿਸ਼ਵਾਸ ਤੇ ਭਗਤੀ ਉਨ੍ਹਾਂ ਦੇ ਵਿਸ਼ਵਕਾਰੀ ਔਜ਼ਾਰ ਹਨ। ਇਨ੍ਹਾਂ ਦੀ ਅਤਿ ਸੁਖਾਲੀ ਵਰਤੋਂ ਉਨ੍ਹਾਂ ਨੂੰ ਭਾਉਂਦੀ ਹੈ। ਇਸ ਲਈ ਆਦਿ ਕਾਲ ਤੋਂ ਹੀ ਜਨ ਸਾਧਾਰਣ, ਜੋ ਕਈ ਕਾਰਨਾਂ ਕਰਕੇ ਗਿਆਨ ਦੀ ਖੋਜ ਨਾਲ ਨਹੀਂ ਜੁੜ ਸਕੇ ਜਾਂ ਜੁੜ ਕੇ ਨਹੀਂ ਰਹਿ ਸਕੇ, ਭਗਤੀ ਦੇ ਆਸਾਨ ਰਾਹ ਪੈ ਜਾਂਦੇ ਰਹੇ ਜਾਂ ਪਾ ਦਿੱਤੇ ਜਾਂਦੇ ਰਹੇ।

ਭਗਤੀ ਤੇ ਗਿਆਨ ਧਾਰਾਵਾਂ ਨਾਲ ਜੁੜੇ ਲੋਕਾਂ ਵਿਚ ਇਹ ਚਰਚਾ ਆਮ ਚਲਦੀ ਰਹਿੰਦੀ ਹੈ ਕਿ ਕਿਹੜੀ ਧਾਰਾ ਦੂਜੀ ਨਾਲੋਂ ਵਧੇਰੇ ਅਹਿਮ ਹੈ। ਦੋਵੇਂ ਮਾਰਗਾਂ ਦੇ ਅਨੁਆਈ ਆਪਣੀ ਆਪਣੀ ਧਾਰਾ ਨੂੰ ਮੂਲ ਪ੍ਰਕ੍ਰਿਤੀ ਦੀ ਦੱਸ ਕੇ ਵੱਧ ਲਾਭਕਾਰੀ ਸਮਝਦੇ ਹਨ। ਭਾਰਤੀ ਸਮਾਜ ਪ੍ਰਾਚੀਨ ਕਾਲ ਤੋਂ ਹੀ ਇਸ ਦੁਬਿਧਾ ਨਾਲ ਜੂਝਦਾ ਆ ਰਿਹਾ ਹੈ ਤੇ ਅੱਜ ਵੀ ਵਧੇਰੇ ਦੇਸ਼ ਵਾਸੀ ਅਜਿਹੇ ਹੀ ਨਿਰਮੂਲ ਵਿਵਾਦਾਂ ਵਿਚ ਫਸੇ ਹੋਏ ਹਨ।

**(ਚਲਦਾ)**

## ਸਭਿ ਅਵਗਣ ਮੈ ਗੁਣੁ ਨਹੀ ਕੋਈ

**ਗੁਰਬਾਣੀ ਗਿਆਨ**

**ਰਾਗੁ ਸੂਹੀ ਅਸਟਪਦੀਆ ਮਹਲਾ ੧**
**ੴ ਸਤਿਗੁਰ ਪ੍ਰਸਾਦਿ॥**

ਸਭਿ ਅਵਗਣ ਮੈ ਗੁਣੁ ਨਹੀ ਕੋਈ॥
ਕਿਉ ਕਰਿ ਕੰਤ ਮਿਲਾਵਾ ਹੋਈ॥
ਨਾ ਮੈ ਰੂਪੁ ਨ ਬੰਕੇ ਨੈਣਾ॥
ਨਾ ਕੁਲ ਢੰਗੁ ਨ ਮੀਠੇ ਬੈਣਾ॥ ਰਹਾਉ॥
ਸਹਜਿ ਸੀਗਾਰ ਕਾਮਣਿ ਕਰਿ ਆਵੈ॥
ਤਾ ਸੋਹਾਗਣਿ ਜਾ ਕੰਤੈ ਭਾਵੈ॥
ਨਾ ਤਿਸੁ ਰੂਪੁ ਨ ਰੇਖਿਆ ਕਾਈ॥
ਅੰਤਿ ਨ ਸਾਹਿਬੁ ਸਿਮਰਿਆ ਜਾਈ॥
ਸੁਰਤਿ ਮਤਿ ਨਾਹੀ ਚਤੁਰਾਈ॥
ਕਰਿ ਕਿਰਪਾ ਪ੍ਰਭ ਲਾਵਹੁ ਪਾਈ॥
ਖਰੀ ਸਿਆਣੀ ਕੰਤ ਨ ਭਾਣੀ॥
ਮਾਇਆ ਲਾਗੀ ਭਰਮਿ ਭੁਲਾਣੀ॥
ਹਉਮੈ ਜਾਈ ਤਾ ਕੰਤ ਸਮਾਈ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥
ਅਨਿਕ ਜਨਮ ਬਿਛੁਰਤ ਦੁਖੁ ਪਾਇਆ॥
ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ॥
ਭਣਤਿ ਨਾਨਕੁ ਸਹੁ ਹੈ ਭੀ ਹੋਸੀ॥
ਜੈ ਭਾਵੈ ਪਿਆਰਾ ਤੈ ਰਾਵੇਸੀ॥

ਗੁਰੂ ਨਾਨਕ ਦੇਵ ਜੀ ਆਖਦੇ ਹਨ, ਸਭਿ ਅਵਗਣ ਮੈ ਗੁਣੁ ਨਹੀ ਕੋਈ॥ ਮੇਰੇ ਅੰਦਰ ਤਾਂ ਔਗੁਣ ਹੀ ਔਗੁਣ ਭਰੇ ਪਏ ਹਨ, ਗੁਣ ਇੱਕ ਵੀ ਨਹੀਂ; ਨਾ ਮੇਰੀ ਸ਼ਕਲ ਸੋਹਣੀ ਹੈ, ਨਾ ਮੇਰੀਆਂ ਅੱਖਾਂ; ਨਾ ਚੰਗੀ ਕੁਲ ਵਾਲਿਆਂ ਵਾਲਾ ਮੇਰੇ ਕੋਲ ਕੋਈ ਚੱਜ-ਆਚਾਰ ਹੈ ਅਤੇ ਨਾ ਮੇਰੀ ਬੋਲੀ ਮਿੱਠੀ ਹੈ। ਇਸ ਹਾਲ ਵਿਚ ਮੈਨੂੰ ਕੰਤ ਪ੍ਰਭੂ ਦਾ ਮਿਲਾਪ ਫਿਰ ਕਿਵੇਂ ਹੋ ਸਕਦਾ ਹੈ, ਮੈਂ ਆਪਣੇ ਪ੍ਰਭੂ ਪਤੀ ਨੂੰ ਕਿਵੇਂ ਖੁਸ਼ ਕਰ ਸਕਾਂਗੀ?

ਸਹਜਿ ਸੀਗਾਰ ਕਾਮਣਿ ਕਰਿ ਆਵੈ॥
ਤਾ ਸੋਹਾਗਣਿ ਜਾ ਕੰਤੈ ਭਾਵੈ॥
ਨਾ ਤਿਸੁ ਰੂਪੁ ਨ ਰੇਖਿਆ ਕਾਈ॥
ਅੰਤਿ ਨ ਸਾਹਿਬੁ ਸਿਮਰਿਆ ਜਾਈ॥

ਗੁਰੂਦੇਵ ਆਖਦੇ ਹਨ, ਹੇ ਭਾਈ! ਜੋ ਜੀਵ ਰੂਪੀ ਇਸਤਰੀ ਅਡੋਲ ਆਤਮਕ ਅਵਸਥਾ ਵਿਚ ਟਿਕਦੀ ਹੈ ਅਤੇ ਸਹਿਜ ਦਾ ਹਾਰ ਸ਼ਿੰਗਾਰ ਕਰ ਕੇ ਪ੍ਰਭੂ ਪਤੀ ਦੇ ਦਰ ਆਉਂਦੀ ਹੈ, ਉਹੀ ਪ੍ਰਭੂ ਪਤੀ ਨੂੰ ਪਿਆਰੀ ਲੱਗਦੀ ਹੈ। ਭਾਈ, ਉਸ ਪ੍ਰਭੂ ਦੀ ਦੁਨਿਆਵੀ ਅੱਖਾਂ ਨਾਲ ਦਿਸਣ ਵਾਲੀ ਕੋਈ ਸ਼ਕਲ ਨਹੀਂ, ਕੋਈ ਚਿਨ੍ਹ ਨਹੀਂ, ਜਿਸ ਨੂੰ ਵੇਖ ਸਕੀਏ ਤੇ ਉਸ ਦਾ ਸਿਮਰਨ ਕਰ ਸਕੀਏ। ਪਰ ਜੇ ਸਾਰੀ ਉਮਰ ਉਸ ਨੂੰ ਵਿਸਾਰ ਕੇ ਹੀ ਬੈਠੇ ਰਹੇ ਤਾਂ ਅੰਤ ਵੇਲੇ ਸਿਮਰਿਆ ਨਹੀਂ ਜਾ ਸਕੇਗਾ।

ਸੁਰਤਿ ਮਤਿ ਨਾਹੀ ਚਤੁਰਾਈ॥
ਕਰਿ ਕਿਰਪਾ ਪ੍ਰਭ ਲਾਵਹੁ ਪਾਈ॥

ਸਤਿਗੁਰੂ ਉਸ ਪ੍ਰਭੂ ਕੋਲ ਅਰਦਾਸ ਕਰਦੇ ਹਨ, ਹੇ ਪ੍ਰਭੂ ਜੀਓ! ਮੇਰੀ ਸੁਰਤਿ ਵੀ ਉਚੀ ਨਹੀਂ ਹੈ, ਮੇਰੇ ਵਿਚ ਕੋਈ ਚਤੁਰਾਈ ਭਾਵ ਅਕਲ ਵੀ ਨਹੀਂ ਹੈ; ਮਿਹਰਬਾਨ ਪ੍ਰੀਤਮ ਪ੍ਰਭੂ! ਮੇਰੇ ਕੋਲ ਤਾਂ ਕੋਈ ਸਿਆਣਪ ਵੀ ਨਹੀਂ ਹੈ। ਸੋ, ਹੇ ਮੇਰੇ ਮਾਲਕ ਕਰਤਾ ਪੁਰਖ ਜੀਓ! ਤੂੰ ਆਪ ਹੀ ਆਪਣੀ ਮਿਹਰ ਕਰਕੇ ਮੈਨੂੰ ਆਪਣੇ ਚਰਨੀਂ ਲਾ ਲੈ, ਮੈਂ ਤੇਰੀ ਸ਼ਰਨ ਵਿਚ ਆਇਆ ਹਾਂ ਪ੍ਰਭੂ, ਮੇਰੀ ਦਰ ਆਏ ਦੀ ਪੈਜ ਰੱਖੋ ਜੀ।

ਖਰੀ ਸਿਆਣੀ ਕੰਤ ਨ ਭਾਣੀ॥
ਮਾਇਆ ਲਾਗੀ ਭਰਮਿ ਭੁਲਾਣੀ॥
ਹਉਮੈ ਜਾਈ ਤਾ ਕੰਤ ਸਮਾਈ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥

ਸਤਿਗੁਰੂ ਆਖਦੇ ਹਨ, ਜਿਹੜੀ ਜੀਵ ਰੂਪੀ ਇਸਤਰੀ ਮਾਇਆ ਦੇ ਮੋਹ ਵਿਚ ਫਸੀ ਰਹੇ ਅਤੇ ਭਟਕਣਾ ਵਿਚ ਪੈ ਕੇ ਜੀਵਨ ਦੇ ਅਸਲ ਰਸਤੇ ਤੋਂ ਖੁੰਝੀ ਰਹੇ, ਉਹ ਦੁਨਿਆਵੀ ਕਾਰ-ਵਿਹਾਰ ਵਿਚ ਭਾਵੇਂ ਬਹੁਤ ਸਿਆਣੀ ਵੀ ਹੋਵੇ ਪਰ ਉਹ ਕੰਤ-ਪ੍ਰਭੂ ਨੂੰ ਚੰਗੀ ਨਹੀਂ ਲੱਗਦੀ। ਹੇ ਪ੍ਰਭੂ! ਜਦੋਂ ਅੰਦਰੋਂ ਹਉਮੈ ਦੂਰ ਹੋਵੇ ਤਾਂ ਹੀ ਤੇਰੇ ਚਰਨਾਂ ਵਿਚ ਲੀਨਤਾ ਹੋ ਸਕਦੀ ਹੈ; ਉਦੋਂ ਹੀ ਹੇ ਪਿਆਰੇ ਜੀਵ ਰੂਪੀ ਇਸਤਰੀ! ਤੈਨੂੰ ਨੌਂ ਖਜਾਨਿਆਂ ਦੇ ਸੋਮੇ ਮਿਲ ਸਕਦੇ ਹਨ।

ਅਨਿਕ ਜਨਮ ਬਿਛੁਰਤ ਦੁਖੁ ਪਾਇਆ॥
ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ॥
ਭਣਤਿ ਨਾਨਕੁ ਸਹੁ ਹੈ ਭੀ ਹੋਸੀ॥
ਜੈ ਭਾਵੈ ਪਿਆਰਾ ਤੈ ਰਾਵੇਸੀ॥

ਹੇ ਭਾਈ, ਜੋ ਮਨੁੱਖ ਗੁਰੂ ਦੀ ਸੰਗਤ ਵਿਚ ਰਹਿ ਕੇ ਉਸ ਮਾਲਕ ਦਾ ਨਾਮ ਜਪਦਾ ਹੈ, ਇਸ ਜਗਤ ਵਿਚ ਉਸ ਦਾ ਜੀਵਨ ਕਾਮਯਾਬ ਹੋ ਜਾਂਦਾ ਹੈ। ਹੇ ਭਾਈ, ਜਿਸ ਮਨੁੱਖ 'ਤੇ ਪ੍ਰਭੂ ਆਪ ਕਿਰਪਾ ਕਰਦਾ ਹੈ, ਉਸ ਦੀਆਂ ਸੱਭੇ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ। ਇਹ ਨਾਨਕ ਆਖਦਾ ਹੈ, ਹੇ ਦੀਨਾਂ ਉਤੇ ਦਇਆ ਕਰਨ ਵਾਲੇ, ਹੇ ਕਿਰਪਾਲ, ਹੇ ਮਾਲਕ ਪ੍ਰਭੂ, ਹੇ ਦਇਆ ਦੇ ਸੋਮੇ, ਹੇ ਮਿਹਰਬਾਨ ਪਿਤਾ ਜੀ, ਮੈਂ ਤੇਰੀ ਸ਼ਰਨ ਆਇਆ ਹਾਂ, ਮਿਹਰ ਕਰ ਮੈਨੂੰ ਆਪਣਾ ਨਾਮ ਬਖਸ਼ ਅਤੇ ਗੁਰੂ ਦੀ ਚਰਨ ਧੂੜ ਦੇਹ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਹੰਝੂ ਦੀ ਇਬਾਦਤ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬੋਹੜ ਜਿਹੇ ਵੱਡੇ ਦਰਖਤਾਂ ਦੇ ਹਵਾਲੇ ਨਾਲ ਮਾਪਿਆਂ ਦੀ ਬੱਚਿਆਂ ਉਪਰ ਛਾਂ ਜਾਂ ਆਸਰੇ ਦੀ ਗੱਲ ਕਰਦਿਆਂ ਕਿਹਾ ਸੀ ਕਿ ਮਾਂ ਦੀ ਛਾਂ ਮਾਣਨ ਵਾਲੇ ਬੱਚੇ ਤਿੱਖੜ ਦੁਪਹਿਰਾਂ 'ਚ ਵੀ ਠੰਢੜੀ ਛਾਂ ਮਾਣਦੇ ਨੇ। ਬਜੁਰਗੀ ਪਰਛਾਂਵੇਂ 'ਚ ਤੁਰੇ ਜਾਂਦੇ ਅਲੂੰਏਂ ਜੁਆਕ ਨੂੰ ਸਿਰ 'ਤੇ ਆਇਆ ਸੂਰਜ ਵੀ ਨਹੀਂ ਪਿਘਲਾ ਸਕਦਾ। ਹਥਲੇ ਲੇਖ ਵਿਚ ਉਨ੍ਹਾਂ ਅਜੋਕੇ ਸਮੇਂ ਵਿਚ ਰਿਸ਼ਤਿਆਂ ਵਿਚ ਆ ਗਈ ਖੁਸ਼ਕੀ ਦੇ ਹਵਾਲੇ ਨਾਲ ਹੰਝੂਆਂ ਦੀ ਗਾਥਾ ਕੀਤੀ ਹੈ। ਉਨ੍ਹਾਂ ਦਾ ਗਿਲਾ ਹੈ, "ਕੀ ਇਹ ਵੀ ਅਸੀਂ ਹੀ ਦੇਖਣਾ ਸੀ ਕਿ ਹੰਝੂ ਨੇ ਮਖੌਲ ਬਣਨਾ ਸੀ ਅਤੇ ਮਸਖਰਿਆਂ ਨੇ ਇਸ ਦੀ ਹੋਂਦ 'ਤੇ ਹੀ ਕਿੰਤੂ ਕਰਕੇ ਇਸ ਦੇ ਵਜੂਦ ਤੇ ਅਸਤਿਤਵ ਨੂੰ ਅਸਲੋਂ ਹੀ ਨਕਾਰਨਾ ਸੀ।...ਬਹੁਤ ਘੱਟ ਹੰਝੂ ਹੁੰਦੇ ਨੇ ਜੋ ਖੁਸ਼ੀ ਦੇ ਪਲਾਂ ਦੀ ਸਾਂਝ ਮਾਣਦੇ। ਅਜਿਹੇ ਨੈਣਾਂ ਦੀ ਤਰਲਤਾ ਵਿਚ ਸੁਪਨਿਆਂ ਦੀ ਸੰਪੂਰਨਤਾ ਜਨਮ ਲੈਂਦੀ ਏ ਅਤੇ ਸੂਹੇ ਦਿਨਾਂ ਦੀ ਝੋਲੀ ਵਿਚ ਸਾਵੇ ਵਕਤ ਦੀ ਖੈਰ ਪੈਂਦੀ ਏ।" ਉਹ ਹਉਕਾ ਲੈਂਦੇ ਹਨ, "ਕਾਸ਼! ਅਸੀਂ ਹੰਝੂ ਦੀ ਤਾਸੀਰ ਨੂੰ ਪੜ੍ਹਨ ਅਤੇ ਇਸ ਦਾ ਅਕਸ ਆਪਣੇ ਮਸਤਕ ਵਿਚ ਉਤਾਰਨ ਦੇ ਕਾਬਲ ਹੋ ਸਕੀਏ।" -ਸੰਪਾਦਕ*

ਮਨੁੱਖ ਜਦ ਟੁੱਟਦਾ ਏ ਤਾਂ ਇਕ ਚੀਸ ਉਸ ਦੀ ਰੂਹ ਵਿਚ ਸਿੰਮਦੀ ਏ ਅਤੇ ਇਹ ਚੀਸ ਹੌਲੀ ਹੌਲੀ ਉਸ ਦੀ ਸੋਚ ਵਿਚ ਪਨਾਹ ਲੈ ਲੈਂਦੀ ਏ।

ਜਦ ਕਦੇ ਪੈਰਾਂ ਵਿਚ ਕੰਡਾ ਖੁੱਭਦਾ ਏ ਤਾਂ ਇਸ ਦੀ ਪੀੜ ਨਾਲੋਂ ਕੰਡੇ ਬੀਜਣ ਵਾਲਿਆਂ ਦੀ ਸੋਚ ਤੋਂ ਘ੍ਰਿਣਾ ਪੈਦਾ ਹੁੰਦੀ ਏ, ਜਿਸ ਵਿਚ ਕੰਡੇ ਦੀ ਤਤਕਾਲੀ ਪੀੜ ਆਪਣਾ ਵਜੂਦ ਗਵਾ ਬਹਿੰਦੀ ਏ।

ਜਦ ਕੌੜੇ ਬੋਲ ਰੂਹ ਦੀ ਤੰਦੀ 'ਤੇ ਬੇਸੁਰਾ ਸੰਗੀਤ ਪੈਦਾ ਕਰਨ ਵਿਚ ਰੁਚਿਤ ਹੋ ਜਾਣ ਤਾਂ ਮਨ-ਕੰਬਣੀ ਵਿਚ ਅਜਿਹੀ ਕਰੂਰਤਾ ਪੈਦਾ ਹੁੰਦੀ ਏ ਕਿ ਆਪਣੀ ਰੂਹ ਤੋਂ ਵੀ ਜਲਾਵਤਨ ਹੋਣ ਨੂੰ ਜੀਅ ਕਰਦਾ ਏ।

ਜਦ ਸੁਪਨਾ ਤਿੜਕ ਜਾਵੇ ਤਾਂ ਅੱਖ ਵਿਚ ਹੰਝੂ ਤੈਰਦਾ ਏ। ਇਹ ਬੇਮੁਖਤਾ ਤੋਂ ਅਪਣੱਤ ਭਾਲਦਾ, ਕੋਇਆਂ ਬੀ ਵਹਿ ਤੁਰਦਾ ਏ। ਇਹ ਅੱਖਾਂ ਦਾ ਨੀਰ ਹੀ ਹੁੰਦਾ ਏ ਜੋ ਕਿਸੇ ਬਹਾਰ ਨੂੰ ਪਤਝੜ ਦਾ ਸਰਾਪ ਦਿੰਦਾ ਏ ਅਤੇ ਅੱਖ ਵਿਚ ਚੜ੍ਹਦੇ ਦੀ ਲਾਲੀ ਨੂੰ ਡੁੱਬਦੇ ਦੀ ਪਿਲੱਤਣ ਵਿਚ ਤਬਦੀਲ ਕਰਨ ਲੱਗਿਆਂ ਦੇਰ ਨਹੀਂ ਲਾਉਂਦਾ।

ਅੱਖ ਲਈ ਲਟਕਦੇ ਹੰਝੂ ਦਾ ਭਾਰ ਸਹਿਣਾ ਸਭ ਤੋਂ ਅਸਹਿ, ਇਸ ਦੇ ਖਾਰੇਪਣ ਵਿਚ ਆਪਣੇ ਆਪ ਨੂੰ ਖੋਰਨਾ ਸਭ ਤੋਂ ਪੀੜਤ ਅਤੇ ਪਲ ਪਲ ਮਰਨ ਦੀ ਪ੍ਰਕ੍ਰਿਆ ਦਾ ਹਿੱਸਾ ਬਣਨਾ ਤਰਸਯੋਗ ਤ੍ਰਾਸਦੀ। ਅਜਿਹੀ ਤ੍ਰਾਸਦੀ ਨੂੰ ਆਪਣੀ ਚੇਤਨਾ ਦਾ ਹਿੱਸਾ ਬਣਾਉਣ ਵਾਲੇ ਲੋਕਾਂ ਦਾ ਹੋ ਚੁਕਾ ਬੀਅ ਨਾਸ। ਸਾਡੇ ਸਮਿਆਂ ਦੀ ਕੇਹੀ ਵੇਦਨਾ ਹੈ ਕਿ ਹੁਣ ਅੱਖ ਵਿਚ ਹੰਝੂਆਂ ਦੀ ਨੈਂ ਕਿਸੇ ਦੀ ਅੱਖ ਵਿਚ ਸਿੱਲ ਪੈਦਾ ਨਹੀਂ ਕਰਦੀ।

ਇਹ ਸ਼ਾਇਦ ਸਾਡੇ ਹੀ ਸਮਿਆਂ ਵਿਚ ਹੋਣਾ ਸੀ ਕਿ ਅਸੀਂ ਬੌਣੇ ਸਿਰਾਂ ਵਾਲੇ ਵੱਡੇ ਵੱਡੇ ਤਾਜ ਸਿਰਾਂ 'ਤੇ ਸਜਾਈ ਬੈਠੇ ਹਾਂ, ਨਿੱਕੀਆਂ ਨਿੱਕੀਆਂ ਵਲਗਣਾਂ ਵਿਚ ਫਸੇ ਅਦਨੇ ਜਿਹੇ ਲੋਕ ਵਿਸ਼ਾਲ ਦਾਇਰਿਆਂ ਦਾ ਸਿਰਨਾਵਾਂ ਬਣਨ ਦਾ ਭਰਮ ਪਾਲੀ ਬੈਠੇ ਨੇ, ਮਹਿਲਾਂ ਵਰਗੇ ਘਰਾਂ ਵਿਚ ਗਰੀਬੜੇ ਜਿਹੇ ਲੋਕਾਂ ਦਾ ਬਸੇਰਾ ਏ ਅਤੇ ਵੱਡੇ ਅਦਾਰਿਆਂ ਦੀ ਰਹਿਨੁਮਾਈ ਕਰਨ ਵਾਲੇ ਆਪਣੀ ਸੋਚ ਦੇ ਦੀਵਾਲੀਏਪਨ ਤੋਂ ਤ੍ਰਹਿੰਦੇ ਨੇ।

ਇਹ ਤਾਂ ਸਾਡੇ ਹੀ ਸਮਿਆਂ ਵਿਚ ਹੋਣਾ ਸੀ ਕਿ ਧਾਰਮਿਕ ਅਦਾਰਿਆਂ ਨੇ ਸਿਆਸੀ ਪੌੜੀਆਂ ਸਾਹਵੇਂ ਨਤਮਸਤਕ ਹੋਣਾ ਸੀ, ਵਿਅਕਤਿਤਵ ਦਾ ਮਿਆਰ, ਚਾਪਲੂਸੀ ਨੇ ਨਿਰਧਾਰਤ ਕਰਨਾ ਸੀ ਅਤੇ ਯੋਗਤਾ ਉਸ ਦੀ ਲਿਫਾਫੇਬਾਜ਼ੀ ਤੋਂ ਜ਼ਾਹਰ ਹੋਣੀ ਸੀ।

ਕੀ ਇਹ ਵੀ ਅਸੀਂ ਹੀ ਦੇਖਣਾ ਸੀ ਕਿ ਹੰਝੂ ਨੇ ਮਖੌਲ ਬਣਨਾ ਸੀ ਅਤੇ ਮਸਖਰਿਆਂ ਨੇ ਇਸ ਦੀ ਹੋਂਦ 'ਤੇ ਹੀ ਕਿੰਤੂ ਕਰਕੇ ਇਸ ਦੇ ਵਜੂਦ ਤੇ ਅਸਤਿਤਵ ਨੂੰ ਅਸਲੋਂ ਹੀ ਨਕਾਰਨਾ ਸੀ।

ਬਹੁਤ ਘੱਟ ਹੰਝੂ ਹੁੰਦੇ ਨੇ ਜੋ ਖੁਸ਼ੀ ਦੇ



ਪਲਾਂ ਦੀ ਸਾਂਝ ਮਾਣਦੇ। ਅਜਿਹੇ ਨੈਣਾਂ ਦੀ ਤਰਲਤਾ ਵਿਚ ਸੁਪਨਿਆਂ ਦੀ ਸੰਪੂਰਨਤਾ ਜਨਮ ਲੈਂਦੀ ਏ ਅਤੇ ਸੂਹੇ ਦਿਨਾਂ ਦੀ ਝੋਲੀ ਵਿਚ ਸਾਵੇ ਵਕਤ ਦੀ ਖੈਰ ਪੈਂਦੀ ਏ।

ਜਦ ਕੋਈ ਅੱਖ ਹੰਝੂਆਂ ਦੀ ਆਸ ਵਿਚ ਮਰਨਹਾਰੀ ਹੋ ਕੇ ਆਪਣੇ ਬਲਦੇ ਸਿਵੇ ਨੂੰ ਕਿਆਸਣ ਲੱਗ ਪਵੇ ਤਾਂ ਅੱਖ ਦੇ ਕਿਸੇ ਕੋਨੇ ਵਿਚ ਸਿਵੇ ਦੀ ਉਡਦੀ ਰਾਖ ਚੁਭਣ ਵੀ ਪੈਦਾ ਕਰ ਜਾਂਦੀ ਏ।

ਅੱਖ ਸਿਰਫ ਚੌਗਿਰਦੇ ਨੂੰ ਹੀ ਨਹੀਂ ਨਿਹਾਰਦੀ ਸਗੋਂ ਉਹ ਸਾਡੇ ਅੰਦਰਲੀਆਂ ਤਹਿਆਂ ਦਾ ਬਿੰਬ ਵੀ ਬਣਦੀ ਏ। ਅਸੀਂ ਇਨ੍ਹਾਂ ਰਾਹੀਂ ਆਪਣੇ ਆਪ ਨੂੰ ਦੁਨੀਆਂ ਸਾਹਵੇਂ ਜੱਗ ਜ਼ਾਹਰ ਵੀ ਕਰਨਾ ਹੁੰਦਾ ਏ। ਕਦੇ ਅੱਖ ਵਿਚ ਲਟਕਦੇ ਹੰਝੂ ਵਿਚ ਪੈਂਦੇ ਚਾਨਣ ਵਿਚ ਸਤਰੰਗੀ ਨੂੰ ਆਪਣੇ ਜ਼ਿਹਨ ਵਿਚ ਉਤਾਰਨਾ ਅਤੇ ਇਨ੍ਹਾਂ ਰੰਗਾਂ ਨੂੰ ਪਛਾਣ ਕੇ ਮਨ ਵਿਚ ਪੈਦਾ ਹੋਈਆਂ ਰੀਝਾਂ ਦਾ ਕੱਦ ਮੇਚਣਾ, ਤੁਹਾਨੂੰ ਤੁਹਾਡੀ ਸੋਚ ਅਤੇ ਰੰਗਾਂ ਦੇ ਪਰਛਾਂਵੇਂ ਵਿਚਲੇ ਅੰਤਰ ਦੀ ਸੋਝੀ ਜਰੂਰ ਆ ਜਾਵੇਗੀ।

ਜਦ ਕਿਸੇ ਅੱਖ ਵਿਚ ਹੰਝੂ ਉਗਦੇ ਨੇ ਤਾਂ ਬਹੁਤੇ ਲੋਕ ਤੁਹਾਡੇ ਨਾਲ ਅੱਖ ਮਿਲਾਉਣ ਤੋਂ ਸੰਕੋਚ ਕਰਨ ਲੱਗ ਪੈਂਦੇ ਨੇ। ਦਰਅਸਲ ਇਹ ਬੌਣੇ ਲੋਕ ਆਪਣੀ ਬੌਣੀ ਸ਼ਖਸੀਅਤ ਤੋਂ ਡਰਦੇ, ਆਪਣੇ ਆਪ ਤੋਂ ਕਚਿਆਉਣ ਲੱਗ ਪੈਂਦੇ ਨੇ। ਪਰਲ ਪਰਲ ਵਹਿੰਦੇ ਹੰਝੂਆਂ ਵਾਲੀਆਂ ਅੱਖਾਂ ਨੂੰ ਆਪਣੇ ਨੈਣ ਸਮਝ ਕੇ ਪਲੋਸਣ ਵਾਲੇ ਲੋਕ ਭਗਤ ਪੂਰਨ ਸਿੰਘ ਜਾਂ ਮਦਰ ਟਰੇਸਾ ਹੀ ਹੋ ਸਕਦੇ ਨੇ। ਅਜਿਹੇ ਲੋਕਾਂ ਵਲੋਂ ਪਖੰਡ ਦੀ ਪਰਦਾਦਾਰੀ ਬਹੁਤ ਜਲਦੀ ਜੱਗ-ਜ਼ਾਹਰ ਹੋ ਜਾਂਦੀ ਏ।

ਇਹ ਅੱਖ ਵਿਚ ਲਟਕਦਾ ਹੰਝੂ ਹੀ ਹੁੰਦਾ ਏ ਜੋ ਹਥੇਲੀ 'ਤੇ ਜੰਮ ਕੇ ਰੋਹ ਦਾ ਪੈਗਾਮ ਬਣਦਾ ਏ, ਬਲਦੇ ਹਰਫਾਂ ਦਾ ਸੇਕ ਬਣਦਾ ਏ, ਸੁਲਘਦੇ ਅਰਥਾਂ ਦੀ ਆਰਜ਼ਾ ਹੁੰਦਾ ਏ ਅਤੇ ਮੱਥੇ ਵਿਚ ਜਗਦੀ ਲਾਟ ਦਾ ਸੇਕ ਵੀ ਬਣ ਜਾਂਦਾ ਏ। ਹੰਝੂਆਂ ਨੂੰ ਆਪਣੇ ਅੰਦਰ ਜੀਰਨ ਵਾਲੇ ਲੋਕ ਹੀ ਇਤਿਹਾਸ ਦੇ ਬਲਦੇ ਵਰਕੇ ਬਣ ਕੇ ਆਉਣ ਵਾਲੇ ਵਕਤਾਂ ਦੇ ਰਾਹਾਂ ਵਿਚ ਚਾਨਣ ਤਰੌਂਕਦੇ ਅਤੇ ਸ਼ੋਖ ਸਾਹਾਂ ਵਿਚ ਸੇਕ ਸਮਾਉਂਦੇ ਨੇ।

ਅੱਖ ਵਿਚ ਲਟਕਦੇ ਹੰਝੂ ਦੀ ਇਬਾਦਤ ਆਪਣੇ ਸਾਹਾਂ 'ਤੇ ਉਕਰਨ ਵਾਲੇ ਲੋਕ ਹੀ ਕਦੇ ਸ਼ਹੀਦ ਊਧਮ ਸਿੰਘ ਅਤੇ ਕਦੇ ਸਰਾਭਾ ਬਣ ਜਾਂਦੇ। ਇਹ ਕੰਧਾਂ ਵਿਚ ਚਿਣੀਆਂ ਜਾਣ ਵਾਲੀਆਂ ਨਿੱਕੀਆਂ ਜਿੰਦਾਂ ਦੇ ਨੈਣਾਂ ਵਿਚ ਉਬਲਦਾ ਤੇਜ ਪ੍ਰਤਾਪ ਸੀ ਜਿਸ ਦੇ ਸਾਹਵੇਂ ਜੱਲਾਦ ਵੀ ਨਿੰਮੋਝੂਣੇ ਹੋ ਗਏ ਸਨ ਅਤੇ ਨਵਾਬ ਨੇ ਇਨ੍ਹਾਂ ਬਲਦੀਆਂ ਅੱਖਾਂ ਨੂੰ ਸਦਾ ਦੀ ਨੀਂਦ ਸਵਾਉਣ ਦਾ ਅਜਿਹਾ ਅਮਾਨਵੀ ਕਰਮ ਕੀਤਾ ਸੀ ਕਿ ਸਰਹਿੰਦ ਦੀ ਵੱਖੀ ਵਿਚ ਬਰਬਾਦੀ ਬੀਜੀ ਗਈ ਸੀ।

ਖੁਦਾ ਕਰੇ! ਸਾਡੇ ਵਿਚ ਕਿਸੇ ਹੰਝੂ 'ਤੇ ਲਿਖੀ ਇਬਾਦਤ ਪੜ੍ਹਨ ਅਤੇ ਇਸ ਨੂੰ ਆਪਣੇ ਅੰਤਰੀਵ ਵਿਚ ਵਸਾਉਣ ਦੀ ਸਫਾ ਪੈਦਾ ਹੋਵੇ ਤਾਂ ਕਿ ਅਸੀਂ ਅੱਖ ਵਿਚ ਰਿਸਦੇ ਦਰਦ ਨੂੰ ਮਹਿਸੂਸ ਕਰ ਸਕੀਏ ਅਤੇ ਇਸ ਨੂੰ ਦੂਰ ਕਰਨ ਲਈ ਕੁਝ ਸਾਰਥਕ ਕਰਨ ਵੱਲ ਰੁਚਿਤ ਹੋਈਏ। ਵੈਸੇ ਸਾਡੀ ਜ਼ਹਿਨੀਅਤ ਵਿਚ ਵੇਦਨਾ ਦੀ ਖਿਲੀ ਉਡਾਉਣ ਦੀ ਬਿਰਤੀ ਹੈ ਕਿਉਂਕਿ ਅਸੀਂ ਪੌਣੇ ਲੋਕ ਜੁ ਹੋਏ।

ਅੱਖ ਵਿਚ ਤੈਰਦੇ ਹੰਝੂ ਦੀ ਵਰਣਮਾਲਾ ਬਣਨ ਵਾਲੇ ਕੁਝ ਕੁ ਬੋਲ ਹੀ ਤੁਹਾਡੀ ਪੀੜਾ ਨੂੰ ਹਰਨ ਕਰਕੇ ਤੁਹਾਡੇ ਚਸਕਦੇ ਜਖਮਾਂ ਨੂੰ ਸਹਿਲਾਉਂਦੇ, ਇਕ ਮਰਹਮ ਦਾ ਪਹਿਲਾ ਪ੍ਰਮਾਣ ਬਣ ਜਾਂਦੇ ਨੇ।

ਕਾਸ਼! ਅਸੀਂ ਹੰਝੂ ਦੀ ਤਾਸੀਰ ਨੂੰ ਪੜ੍ਹਨ ਅਤੇ ਇਸ ਦਾ ਅਕਸ ਆਪਣੇ ਮਸਤਕ ਵਿਚ ਉਤਾਰਨ ਦੇ ਕਾਬਲ ਹੋ ਸਕੀਏ।

ਆਪਣਿਆਂ ਤੋਂ ਆਸ ਤਾਂ ਰੱਖੀ ਹੀ ਜਾ ਸਕਦੀ ਏ!

# ਕਿਸੇ ਸੰਤਾਪ ਤੋਂ ਘੱਟ ਨਹੀਂ ਸੀ 1988 ਦੇ ਹੜ੍ਹ ਦਾ ਕਹਿਰ

ਭਾਵੇਂ ਪੰਜਾਬ ਦੀ ਧਰਤੀ ਅਤੇ ਇਥੋਂ ਦੇ ਵਾਸੀਆਂ ਨੇ ਅਨੇਕਾਂ ਸੰਤਾਪ ਹੰਢਾਏ ਹਨ, ਪਰ 1988 ਦਾ ਹੜ੍ਹ ਵੀ ਮੈਨੂੰ ਕਿਸੇ ਸੰਤਾਪ ਨਾਲੋਂ ਘੱਟ ਨਹੀਂ ਲੱਗਦਾ। ਮੈਂ ਆਪ ਡੁੱਬਦਾ ਮਸੀਂ ਬਚਿਆ ਅਤੇ ਇਹ ਕਹਿਰ ਅੱਖੀਂ ਵੇਖਿਆ ਤੇ ਝੱਲਿਆ। ਪੰਜਾਬ ਦੇ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਨਾਲ ਲੱਗਦੇ ਲਗਭਗ ਸਾਰੇ ਜ਼ਿਲਿਆਂ ਦੇ ਮੰਡ (ਬੇਟ) ਇਲਾਕਿਆਂ ਅਤੇ ਆਸ-ਪਾਸ ਵਸਦੇ ਲਗਭਗ ਡੇਢ ਹਜ਼ਾਰ ਪਿੰਡ ਹੜ੍ਹ ਦੀ ਲਪੇਟ ਵਿਚ ਆ ਗਏ। ਕਈ ਬਹਿਕਾਂ ਤੇ ਡੇਰੇ ਰੁੜ੍ਹ ਗਏ, ਅਨੇਕਾਂ ਲੋਕ ਮਾਰੇ ਗਏ।

ਆਪਣੇ ਇਲਾਕੇ ਵਿਚ ਕੁਝ ਮ੍ਰਿਤਕਾਂ ਦੀਆਂ ਗਲ-ਸੜ ਚੁਕੀਆਂ ਲਾਸ਼ਾਂ ਮੈਂ ਅੱਖੀਂ ਵੇਖੀਆਂ

ਗੁਰਨਾਮ ਸਿੰਘ ਚੀਮਾ
ਫੋਨ: 91-98140-44425

ਜਿਨ੍ਹਾਂ 'ਚੋਂ ਕਈ ਸਾਡੀ ਚੰਗੀ ਜਾਣ-ਪਛਾਣ ਵਾਲੇ ਸਨ। ਲੱਖਾਂ ਪਾਲਤੂ ਪਸ਼ੂ ਮਾਰੇ ਗਏ, ਫਸਲਾਂ ਪਾਣੀ ਵਿਚ ਡੁੱਬ ਗਈਆਂ, ਕਈ ਥਾਂ ਜ਼ਮੀਨਾਂ ਵੀ ਰੁੜ੍ਹ ਗਈਆਂ ਅਤੇ ਪਾਣੀ ਨੇ ਨਵੇਂ ਵਹਿਣ ਬਣਾ ਲਏ। ਘੁੱਗ ਵੱਸਦੇ ਪਿੰਡ-ਘਰ ਪਲਾਂ ਵਿਚ ਢਹਿ ਢੇਰੀ ਹੋ ਗਏ। ਹਰ ਪਾਸੇ ਹਾਹਾਕਾਰ ਮੱਚ ਗਈ, ਘਰਾਂ ਵਿਚ ਖਾਣ ਲਈ ਰੱਖਿਆ ਅਨਾਜ ਵੀ ਰੁੜ੍ਹ ਗਿਆ ਜਾਂ ਗਲ-ਸੜ ਗਿਆ। ਸਾਰੇ ਪਾਸੇ ਡੋਬੂ ਪਾਣੀ ਹੋਣ ਕਾਰਨ ਲੋਕ ਜਿੱਥੇ ਜਿੱਥੇ ਸਨ, ਉਥੇ ਹੀ ਪਾਣੀ ਵਿਚ ਘਿਰ ਗਏ। ਕਈ ਰੁੜ੍ਹ ਗਏ।

ਸਾਡੀ ਪਿੰਡ ਮਾਂਗਟ ਵਾਲੀ ਜਮੀਨ ਵਿਚ ਝੋਨਾ ਸੀ, ਇਥੇ ਬਰਸਾਤਾਂ ਵਿਚ ਪਾਣੀ ਦੀ ਮਾਰ ਕਾਰਨ ਪੱਠੇ ਨਹੀਂ ਸਨ ਹੁੰਦੇ। ਸਾਰੀ ਜਮੀਨ ਝੋਨੇ ਵਾਲੀ ਸੀ, ਅਸੀਂ ਇਨ੍ਹਾਂ ਦਿਨਾਂ ਵਿਚ ਮੰਡ ਵਿਚ ਮੱਕੀ, ਚਰੀ ਬਾਜਰਾ ਆਦਿ ਬੀਜ ਕੇ ਪਸ਼ੂ ਵੀ ਮੰਡ ਵਿਚ ਹੀ ਲੈ ਜਾਂਦੇ।

ਗੱਲ ਸਤੰਬਰ 1988 ਦੀ ਹੈ। 21-22 ਤਰੀਕ ਨੂੰ ਕਹਿਰ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਮੈਂ ਰੋਜ ਸ਼ਾਮ ਨੂੰ ਦੁੱਧ ਲੈ ਕੇ ਪਿੰਡ ਆ ਜਾਂਦਾ। ਅਗਲੇ ਦਿਨ ਸਵੇਰੇ ਰੋਟੀ ਲੈ ਕੇ ਮੰਡ ਬਹਿਕ 'ਤੇ ਪਹੁੰਚ ਜਾਂਦਾ। ਮੇਰੇ ਪਿਤਾ ਜੀ ਰਾਤ ਪਸ਼ੂਆਂ ਕੋਲ ਹੀ ਰਹਿੰਦੇ। ਮੀਂਹ ਵਰ੍ਹਦੇ ਨੂੰ ਦੂਸਰਾ ਦਿਨ ਹੋ ਗਿਆ ਸੀ, ਮੈਂ ਸ਼ਾਮ ਨੂੰ ਦੁੱਧ ਲੈ ਕੇ ਪਿੰਡ ਨੂੰ ਤੁਰਿਆ ਤਾਂ ਰਸਤੇ ਵਿਚ ਪੈਂਦੀਆਂ ਢੱਨਾਂ (ਪਾਣੀ ਦੇ ਵਹਿਣ) ਵਿਚ ਡੋਬੂ ਪਾਣੀ ਚੜ੍ਹ ਗਿਆ ਸੀ। ਮੈਂ ਦੁੱਧ ਦੀ ਡਰੰਮੀ ਸਿਰ 'ਤੇ ਧਰ ਕੇ ਮਸਾਂ ਪਾਣੀ 'ਚੋਂ ਨਿਕਲਿਆ। ਅੱਗੇ ਆਣ ਕੇ ਕਾਲੀ ਵੇਈਂ ਦਾ ਪੁਲ ਪਾਰ ਕਰਨਾ ਸੀ। ਉਦੋਂ ਉਹ ਨੀਵਾਂ ਪੁਲ ਸੀ (ਅੱਜ ਕੱਲ ਨਵਾਂ ਪੁਲ ਬਣ ਗਿਆ ਹੈ)। ਪੁਲ ਕਿੱਥੇ ਹੈ? ਦਿਸ ਨਹੀਂ ਸੀ ਰਿਹਾ, ਪਾਣੀ ਵਿਚ ਡੁੱਬ ਚੁਕਾ ਸੀ।

ਵੇਈਂ ਵਿਚ ਇਹ ਸਾਰਾ ਪਾਣੀ ਦਸੂਹੇ ਦੇ ਚੜ੍ਹਦੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ 'ਚੋਂ ਆਉਂਦੇ ਵੱਡੇ ਚੋਅ ਦਾ ਸੀ। ਧਨੋਆ ਅਤੇ ਟੇਰਕਿਆਣਾ ਪਿੰਡਾਂ ਲਾਗੋਂ ਦਰਿਆ ਬਿਆਸ ਦਾ ਪਾਣੀ ਵੀ ਜਿਆਦਾ ਹੋਣ ਕਾਰਨ ਵੇਈਂ ਵਿਚ ਆ ਰਿਹਾ ਸੀ। ਇਕ ਬੰਦੇ ਦੀ ਮਦਦ ਨਾਲ ਮੈਂ ਪੁਲ ਪਾਰ ਕੀਤਾ। ਪੁਲ 'ਤੇ ਪਾਣੀ ਛੇ-ਛੇ ਫੁੱਟ ਸੀ। ਪੁਲ ਪਾਰ ਕਰਨਾ ਮੇਰੇ ਲਈ ਦੂਜਾ ਜਨਮ ਲੈਣ ਵਾਲੀ ਗੱਲ ਸੀ। ਬਚਾਅ ਇਸ ਕਰਕੇ ਹੋ ਗਿਆ ਕਿ ਪਾਣੀ ਦਾ ਰੋੜ੍ਹ ਘੱਟ ਸੀ ਕਿਉਂਕਿ ਪਾਣੀ ਡਾਫ ਲੱਗ ਕੇ ਵੱਗ ਰਿਹਾ ਸੀ। ਇਸ ਖੇਤਰ ਵਿਚ ਕਾਲੀ ਵੇਈਂ ਦਰਿਆ ਦੇ ਬੰਨ ਦੇ ਅੰਦਰ ਹੈ। ਪਿੰਡ ਗਾਲੋਵਾਲ ਨੇੜੇ ਧੁੱਸੀ ਬੰਨ ਨੂੰ ਪਾਰ ਕਰ ਜਾਂਦੀ ਹੈ, ਜਿਥੇ ਪੁਲ ਬਣਿਆ ਹੈ ਅਤੇ ਗੇਟ ਬੰਦ ਕਰ ਕੇ ਵੇਈਂ ਦੇ ਪਾਣੀ ਦਾ ਵਹਿਣ ਦਰਿਆ ਬਿਆਸ ਵੱਲ ਹੀ ਮੋੜ ਦਿੱਤਾ ਜਾਂਦਾ ਹੈ। ਜੇ ਅਜਿਹਾ ਨਾ ਕੀਤਾ ਜਾਵੇ ਤਾਂ ਚੋਅ ਦਾ ਪਾਣੀ ਪਿੰਡ ਪੱਸੀ ਬੇਟ, ਮਿਆਣੀ ਅਤੇ ਜ਼ਿਲਾ ਕਪੂਰਥਲਾ ਦੇ ਇਲਾਕਿਆਂ ਨੂੰ ਰੋੜ੍ਹ ਕੇ ਲੈ ਜਾਵੇਗਾ।

ਮੈਂ ਜਦੋਂ ਅਗਲੇ ਦਿਨ ਸਵੇਰੇ ਪਿੰਡੋਂ ਮੰਡ ਨੂੰ ਤੁਰਿਆ ਤਾਂ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਸੀ। ਪਿੰਡ ਵਾਲੇ ਖੇਤ ਵੀ ਪਾਣੀ ਵਿਚ ਡੁੱਬ ਚੁਕੇ ਸਨ, ਪਿੰਡੋਂ ਦਰਿਆ ਅੱਠ-ਦੱਸ ਕਿਲੋਮੀਟਰ



ਹੋਵੇਗਾ, ਸਾਡੀ ਬਹਿਕ ਦਰਿਆ ਦੇ ਬਿਲਕੁਲ ਕੰਢੇ 'ਤੇ ਸੀ। ਮੰਡ ਵਿਚ ਇੰਨਾ ਪਾਣੀ ਸੀ ਕਿ ਕਮਾਦ ਪਾਣੀ ਵਿਚ ਡੁੱਬ ਚੁਕੇ ਸਨ। ਸਾਨੂੰ ਹੱਥਾਂ-ਪੈਰਾਂ ਦੀ ਪੈ ਗਈ, ਕਿਉਂਕਿ ਮੇਰੇ ਪਿਤਾ ਜੀ ਅਤੇ ਸਾਡੇ ਸਾਰੇ ਪਸ਼ੂ ਦਰਿਆ ਕੰਢੇ ਸਨ। ਮੋਹਲੇਧਾਰ ਮੀਂਹ ਰੁਕਣ ਦਾ ਨਾਂ ਨਹੀ ਸੀ ਲੈ ਰਿਹਾ। ਦੁਪਹਿਰ ਤੱਕ ਸਰਕਾਰੀ ਮੋਟਰਬੋਟ ਪਹੁੰਚ ਗਏ ਜੋ ਪਿੰਡ ਸੈਦੋਵਾਲ ਤੋਂ ਪਾਣੀ ਵਿਚ ਉਤਾਰੇ ਗਏ ਤੇ ਲੋਕਾਂ ਨੂੰ ਬਚਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਗ੍ਹਾ-ਜਗ੍ਹਾ ਡੇਰਿਆਂ 'ਤੇ ਰਹਿੰਦੇ ਲੋਕਾਂ ਨੂੰ ਲੱਭਣਾ ਔਖਾ ਸੀ। ਦੂਜਾ, ਬਾਰਿਸ਼ ਕਾਰਨ ਧੁੰਦ ਛਾਈ ਹੋਈ ਸੀ।

ਅਗਲੇ ਦਿਨ ਵੀ ਮੀਂਹ ਵਰ੍ਹਦਾ ਹੀ ਰਿਹਾ ਤੇ ਪਾਣੀ ਹੋਰ ਵਧ ਗਿਆ। ਖੰਭਿਆਂ 'ਤੇ ਲੱਗੀਆਂ ਬਿਜਲੀ ਦੀਆਂ ਤਾਰਾਂ ਵਿਚ ਮੋਟਰਬੋਟ ਅਟਨ ਲੱਗੇ। ਕਈ ਥਾਂਈਂ ਖੰਭਿਆਂ ਵਿਚਾਲੇ ਲਮਕਦੀਆਂ ਨੀਵੀਆਂ ਤਾਰਾਂ ਦੇ ਉਪਰ ਦੀ ਬੋਟ ਚਲਾਉਣੇ ਪਏ। ਵੇਈਂ ਦੇ ਪੁਲ 'ਤੇ 15-15 ਫੁੱਟ ਪਾਣੀ ਸੀ, ਪਾਣੀ 'ਚੋਂ ਕੱਢੇ ਲੋਕ ਠੁਰ-ਠੁਰ ਕੰਬ ਰਹੇ ਸਨ ਅਤੇ ਕਈ ਦਿਨਾਂ ਦੇ ਭੁੱਖੇ ਸਨ। ਲੋਕਾਂ ਨੇ ਹੜ੍ਹ ਮਾਰੇ ਲੋਕਾਂ ਲਈ ਲੰਗਰ ਲਾ ਦਿੱਤੇ। ਮੋਟਰਬੋਟਾਂ ਲਈ ਪੈਟਰੋਲ ਦਾ ਪ੍ਰਬੰਧ ਵੀ ਲੋਕ ਹੀ ਕਰ ਰਹੇ ਸਨ।

ਅਸੀਂ ਬੁਦੋਬਰਕਤ ਤੋਂ ਪੱਸੀ ਬੇਟ ਤੱਕ ਧੁੱਸੀ ਬੰਨ 'ਤੇ ਦਿਨ-ਰਾਤ ਵਰ੍ਹਦੇ ਮੀਂਹ ਵਿਚ ਘੁੰਮਦੇ ਰਹੇ। ਰੁੜ੍ਹ-ਰੁੜ੍ਹ ਕੇ ਕਈ ਪਸ਼ੂ ਕੰਢਿਆਂ ਨਾਲ ਆ ਲੱਗਦੇ ਤੇ ਲੋਕ ਉਨ੍ਹਾਂ ਨੂੰ ਬਚਾ ਲੈਂਦੇ। ਉਸ ਵੇਲੇ ਸਾਡੇ ਕੋਲ 28 ਦੇ ਕਰੀਬ ਪਸ਼ੂ ਸਨ। ਹੋ ਸਕਦਾ ਸੀ, ਸਾਡਾ ਵੀ ਕੋਈ ਪਸ਼ੂ ਮਿਲ ਜਾਂਦਾ ਪਰ ਕੋਈ ਨਾ ਮਿਲਿਆ। ਅਸੀਂ ਮੰਡ 'ਚੋਂ ਕੱਢੇ ਜਾ ਰਹੇ ਸਾਰੇ ਲੋਕਾਂ ਨੂੰ ਵੇਖਦੇ ਰਹਿੰਦੇ ਕਿ ਸਾਡੇ ਪਿਤਾ ਜੀ ਵੀ ਜਰੂਰ ਆ ਜਾਣਗੇ।

ਪੰਜਵੇਂ ਦਿਨ ਵੀ ਮੀਂਹ ਨਾ ਰੁਕਿਆ। ਇਸ ਦਿਨ ਮੰਡ 'ਚੋਂ ਆਉਣ ਵਾਲੇ ਇਕ ਸੱਜਣ ਨੇ ਸਾਨੂੰ ਦੱਸਿਆ ਕਿ ਤੁਹਾਡੇ ਪਿਤਾ ਜੀ ਠੀਕ-ਠਾਕ ਨੇ, ਕੁਝ ਲੋਕ ਇਕ ਉਚੇ ਟਿੱਬੇ 'ਤੇ ਰੁਕੇ ਨੇ, ਉਨ੍ਹਾਂ ਵਿਚ ਨੇ। ਸ਼ਾਮ ਤੱਕ ਪਿਤਾ ਜੀ ਵੀ ਆ ਗਏ ਪਰ ਸਾਡੇ ਸਾਰੇ ਪਸ਼ੂ ਰੁੜ੍ਹ ਗਏ।

ਅਕਤੂਬਰ ਮਹੀਨਾ ਚੜ੍ਹ ਗਿਆ। ਹਫਤਾ ਭਰ ਮੀਂਹ ਪੈ ਕੇ ਹੱਟ ਗਿਆ। ਹੌਲੀ ਹੌਲੀ ਪਾਣੀ ਉਤਰ ਗਿਆ। ਸਾਡੇ ਨਾਲ ਲੱਗਦੇ ਡੇਰਿਆਂ ਦੇ ਤਿੰਨ ਜੀਅ ਮਾਰੇ ਗਏ। ਉਨ੍ਹਾਂ ਦੀਆਂ ਗਲੀਆਂ ਸੜੀਆਂ ਲਾਸ਼ਾਂ ਰੇਤੇ 'ਚ ਧੱਸੀਆਂ ਮਿਲੀਆਂ। ਥਾਂ-ਥਾਂ ਮਰੇ ਹੋਏ ਪਸ਼ੂ ਪਏ ਸਨ। ਬਦਬੂ ਕਾਰਨ ਬਹੁਤ ਬੁਰਾ ਹਾਲ ਸੀ। ਸਾਡੀ ਜਮੀਨ 'ਤੇ ਦਰਿਆ ਵੱਗ ਰਿਹਾ ਸੀ। ਫਸਲਾਂ ਬਰਬਾਦ ਹੋ ਗਈਆਂ ਸਨ। ਕਈ ਖੇਤਾਂ ਵਿਚ ਨਵੀਂ ਰੇਤ ਪੈ ਗਈ। ਕਮਾਦ ਰੇਤੇ ਹੇਠ ਦੱਬੇ ਗਏ, ਨਿਸਰਿਆ ਝੋਨਾ ਗਲ-ਸੜ ਗਿਆ। ਲੋਕਾਂ ਦੇ ਢਹਿ ਢੇਰੀ ਹੋਏ ਮਕਾਨਾਂ 'ਚੋਂ ਬਚਿਆ ਖੁਚਿਆ ਕੀਮਤੀ ਸਮਾਨ ਵੀ ਲੁਟੇਰਿਆਂ ਨੇ ਲੁੱਟ ਲਿਆ।

ਅਫਵਾਹਾਂ ਤਾਂ ਇਹ ਵੀ ਸੁਣੀਆਂ ਸਨ ਕਿ ਲੁਟੇਰਿਆਂ ਨੇ ਆਪਣੀਆਂ ਕਿਸ਼ਤੀਆਂ ਨਾਲ ਹੜ੍ਹ ਵਿਚ ਹੀ ਗੋਤਾਖੋਰੀ ਕਰ ਕੇ ਘਰਾਂ ਨੂੰ ਲੁਟਿਆ। ਬੜਾ ਔਖਾ ਸਮਾਂ ਸੀ, ਬਿਆਨ ਕਰਨਾ ਮੁਸ਼ਕਿਲ ਹੈ। 1947 ਵਾਂਗ ਉਜੜ ਕੇ ਵੱਸਣ ਵਾਲੀ ਗੱਲ ਹੋਈ। ਸਰਕਾਰ ਤੋਂ ਬਣਦਾ ਮੁਆਵਜ਼ਾ ਵੀ ਨਾ ਮਿਲਿਆ। ਮੁੜ ਬਹੁਤ ਸਾਰੇ ਲੋਕਾਂ ਨੇ ਮੰਡ ਵਿਚ ਘਰ ਨਾ ਬਣਾਏ। ਬਸ ਖੇਤੀ ਹੀ ਰਹਿ ਗਈ ਮੰਡ ਵਿਚ। ਬੰਦਾ ਢਿੱਡ ਲਈ ਕੀ ਨਹੀਂ ਕਰਦਾ, ਮੰਡ ਮੁੜ ਤੋਂ ਹਰਾ-ਭਰਾ ਹੋ ਗਿਆ, ਰੱਬ ਕਰੇ ਧਰਤੀ 'ਤੇ ਮੁੜ ਕਦੇ ਇਹੋ ਜਿਹਾ ਕਹਿਰ ਨਾ ਹੋਵੇ।

#

# ਮੋਗਾ ਐਜੀਟੇਸ਼ਨ, ਜੇਲ੍ਹ ਦਾ ਸਫਰ ਤੇ ਵਿਆਹ

**ਕਹਾਣੀਆਂ ਦਾ ਕੋਹੇਨੂਰ ਵਰਿਆਮ ਸਿੰਘ ਸੰਧੂ**

**6**

*ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਉਂਜ ਉਨ੍ਹਾਂ ਕਹਾਣੀਆਂ ਲਿਖੀਆਂ ਵੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਪਿਛਲੇ ਕੁਝ ਸਮੇਂ ਵਿਚ 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਮਰਹੂਮ ਸੰਤ ਰਾਮ ਉਦਾਸੀ, ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਅਤੇ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਉਨ੍ਹਾਂ ਦੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਉਸ ਦੀਆਂ ਲੰਮੀਆਂ ਕਹਾਣੀਆਂ ਵਾਂਗ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲੰਮਾ ਲੇਖ ਲਿਖਿਆ ਹੈ ਜੋ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਦੇਖੀਏ ਪ੍ਰਿੰਸੀਪਲ ਸਾਹਿਬ ਆਪਣੇ ਗੋਤੀ ਮਝੈਲ ਭਾਊ ਦਾ ਕਿੰਨਾ ਕੁ ਪੱਖ ਪੂਰਦੇ ਨੇ! ਲੇਖ ਦੀ ਛੇਵੀਂ ਕਿਸ਼ਤ ਵਿਚ ਉਨ੍ਹਾਂ ਵਰਿਆਮ ਸੰਧੂ ਨੂੰ ਮੋਗਾ ਐਜੀਟੇਸ਼ਨ ਦੌਰਾਨ ਕੱਟਣੀ ਪਈ ਜੇਲ੍ਹ ਅਤੇ ਉਸ ਪਿਛੋਂ ਉਸ ਦੇ ਵਿਆਹ ਤੇ ਕਬੀਲਦਾਰੀ ਦੀ ਕਥਾ ਛੋਹੀ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਵਿਦਿਆਰਥੀਆਂ ਦਾ ਮਨੋਬਲ ਬਣਾਈ ਰੱਖਣ ਲਈ ਹਰ ਰੋਜ਼ ਦੁਪਹਿਰੇ ਅਤੇ ਰਾਤ ਨੂੰ ਦੋ-ਢਾਈ ਘੰਟੇ ਵੱਖਰੇ 'ਦੀਵਾਨ' ਵੀ ਲੱਗਦੇ। ਗੀਤ ਤੇ ਕਵਿਤਾਵਾਂ ਸੁਣਾਈਆਂ ਜਾਂਦੀਆਂ, ਭਾਵੁਕ ਤਕਰੀਰਾਂ ਕੀਤੀਆਂ ਜਾਂਦੀਆਂ। ਬਾਹਰ ਚੱਲ ਰਹੇ ਅੰਦੋਲਨ ਦੀ ਜੇਲ੍ਹ ਕਰਮਚਾਰੀਆਂ ਤੋਂ ਮਿਲੀ ਉਡਦੀ-ਉਡਦੀ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਜਾਂਦੀ ਤੇ 'ਅੰਤਿਮ ਜਿੱਤ' ਤੱਕ ਰਲ ਕੇ ਸੰਘਰਸ਼ ਕਰਨ ਦਾ ਪ੍ਰਣ ਹਰ ਰੋਜ਼ ਦੁਹਰਾਇਆ ਜਾਂਦਾ।



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਇਨ੍ਹਾਂ ਦੀਵਾਨਾਂ ਦੀ ਸਟੇਜ ਮੇਰੇ ਕੋਲ ਹੁੰਦੀ। ਇੱਕ ਰਾਤ ਮੈਂ ਅਜੀਤ ਸਿੰਘ ਮੌਲਵੀ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਆਖਿਆ। ਗੱਲ ਤਾਂ ਸਾਰੇ ਹੀ ਵਧਾ-ਚੜ੍ਹਾ ਕੇ ਕਰਦੇ ਸਨ ਪਰ ਮੌਲਵੀ ਨੇ ਤਾਂ ਕਮਾਲ ਹੀ ਕਰ ਦਿੱਤੀ! 'ਜ਼ਾਲਮ ਸਰਕਾਰ' ਦਾ ਪਾਜ ਖੋਲ੍ਹਦਿਆਂ ਉਸ ਨੇ ਬੜੇ ਭਾਵੁਕ ਅੰਦਾਜ਼ ਵਿਚ ਆਖਿਆ, "ਪਿਆਰੇ ਸਾਥੀਓ! ਇਹ ਜ਼ਾਲਮ ਕਾਂਗਰਸ ਸਰਕਾਰ ਮੁਗਲਾਂ ਤੇ ਅੰਗਰੇਜ਼ਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਗਈ ਹੈ। ਬੇਦੋਸ਼ਿਆਂ ਨੂੰ ਕੋਹ-ਕੋਹ ਕੇ ਮਾਰ ਰਹੀ ਹੈ, ਡਾਂਗਾਂ ਨਾਲ ਕੁੱਟ ਰਹੀ ਹੈ, ਜੇਲ੍ਹਾਂ 'ਚ ਤੁੰਨ ਰਹੀ ਹੈ। ਅੱਜ ਤਾਂ ਜ਼ੁਲਮ ਦੀ ਹੱਦ ਹੀ ਹੋ ਗਈ! ਹੁਣੇ ਲਾਹੌਰ ਰੇਡੀਓ ਨੇ ਖਬਰ ਦਿੱਤੀ ਐ ਕਿ ਭਾਰਤ ਵੱਲੋਂ ਸਤਲੁਜ ਦਰਿਆ ਵਿਚ ਰੁੜ੍ਹੀਆਂ ਆਉਂਦੀਆਂ ਨੌਜਵਾਨਾਂ ਦੀਆਂ ਘੱਟੋ-ਘੱਟ ਸੌ ਲਾਸ਼ਾਂ ਪਾਕਿਸਤਾਨੀ ਫੌਜ ਨੇ ਬਾਹਰ ਕੱਢੀਆਂ। ਸਾਥੀਓ! ਇਹ ਜਾਬਰ ਸਰਕਾਰ ਨੌਜਵਾਨਾਂ ਦਾ ਖੁਰਾ-ਖੋਜ ਮਿਟਾਉਣ 'ਤੇ ਤੁਲੀ ਹੋਈ ਹੈ। ਸਰਕਾਰ ਦੇ ਜ਼ੁਲਮ ਦਾ ਭਰਿਆ ਬੇੜਾ ਡੁੱਬਣ ਦਾ ਵਕਤ ਆ ਚੁੱਕੈ। ਦਿਲਾਂ 'ਚ ਅੱਗ, ਅੱਖਾਂ 'ਚ ਰੋਹ ਤੇ ਹੱਥਾਂ 'ਚ ਹਥਿਆਰ ਲੈ ਕੇ ਜੂਝਣ ਦਾ ਮੌਕਾ ਆ ਚੁੱਕੈ।"

"ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ"

ਜੈਕਾਰੇ ਗੂੰਜਣ ਲੱਗੇ। 'ਇਨਕਲਾਬ! ਜ਼ਿੰਦਾਬਾਦ!' 'ਜ਼ਾਲਮ ਸਰਕਾਰ! ਮੁਰਦਾਬਾਦ!' ਦੀਆਂ ਰੋਹ ਭਰੀਆਂ ਆਵਾਜ਼ਾਂ ਉਠੀਆਂ। ਮੁੱਕੇ ਤਣ ਗਏ। ਮੈਂ ਆਪਣਾ ਹਾਸਾ ਮੂੰਹ ਘੁੱਟ ਕੇ ਰੋਕ ਰਿਹਾ ਸਾਂ। ਨਾਹਰਿਆਂ ਦੇ ਸ਼ੋਰ ਦਾ ਲਾਭ ਉਠਾਉਂਦਿਆਂ ਮੈਂ ਛੇਤੀ ਨਾਲ ਉਠਿਆ ਤੇ ਆਪਣੇ 'ਠੀਕ ਨਾ ਹੋਣ' ਦਾ ਇਸ਼ਾਰਾ ਕਰ ਕੇ ਇੱਕ ਖੂੰਡੀ ਓਹਲੇ ਜਾ ਕੇ ਲੇਟ ਗਿਆ। ਉਥੇ ਵੱਖੀਆਂ 'ਚੋਂ ਬਾਹਰ ਨਿਕਲਦੇ ਹਾਸੇ ਨੂੰ ਮਸੀਂ ਸ਼ਾਂਤ ਕੀਤਾ!

ਮੌਲਵੀ ਮੈਨੂੰ ਤਾੜ ਗਿਆ ਸੀ। ਆਪਣੇ ਪਿੱਛੋਂ ਕਿਸੇ ਹੋਰ ਨੂੰ ਬੋਲਣ ਦਾ ਮੌਕਾ ਦੇ ਕੇ ਉਹ ਅਤੇ ਇੱਕ-ਦੋ ਜਣੇ ਹੋਰ ਮੇਰੀ 'ਖਬਰ-ਸੁਰਤ' ਲੈਣ ਆਏ। ਮੈਂ ਲੰਮਾ ਪਿਆ ਹੱਸੀ ਜਾ ਰਿਹਾ ਸੀ। ਉਹ ਵੀ ਸਮਝ ਗਏ। ਮੈਂ ਮੌਲਵੀ ਨੂੰ ਕਿਹਾ, "ਕਿਉਂ ਏਨਾ ਕੁਫਰ ਤੋਲਦੈਂ! ਸਾਰੀ ਦਿਹਾੜੀ ਮੇਰੇ ਕੋਲ ਰਿਹਾ ਏਂ। 'ਲਾਹੌਰ ਰੇਡੀਓ' ਕਿੱਥੋਂ ਸੁਣ ਆਇਐਂ? ਤੇ 'ਸੌ ਲਾਸ਼ਾਂ' ਕੁਝ ਜ਼ਿਆਦਾ ਨਹੀਂ ਹੋ ਗਈਆਂ?"

ਮੌਲਵੀ ਕਹਿੰਦਾ, "ਮੁੰਡਿਆਂ 'ਚ ਤੇਲ ਪਾਈ ਰੱਖਣਾ ਜ਼ਰੂਰੀ ਐ, ਨਹੀਂ ਤਾਂ ਬਲਣੋਂ ਬੁਝ ਜਾਣਗੇ!"

"ਪਰ ਅੱਜ ਤਾਂ ਤੇਲ ਏਨਾ ਜ਼ਿਆਦਾ ਪੈ ਗਿਆ ਸੀ ਕਿ ਲੈਂਪ ਤੋਂ ਬਾਹਰ ਉਛਲ-ਉਛਲ ਡੁੱਲ੍ਹੀ ਜਾਂਦਾ ਸੀ!" ਅਸੀਂ ਸਾਰੇ ਹੱਸਣ ਲੱਗੇ।

ਮੈਂ ਆਪਣੇ ਭਾਸ਼ਣ ਵਿਚ ਸਿੱਖੀ ਦੇ ਇਨਕਲਾਬੀ ਅੰਸ਼ ਦੀ ਗੱਲ ਵੀ ਕਰਦਾ। ਇੱਕ ਦਿਨ ਮੈਂ ਆਪਣਾ ਗੀਤ ਸੁਣਾਇਆ:

ਲਾਲੋਆਂ ਦਾ ਯਾਰ ਦੇ ਕੇ ਭਾਗੋ ਨੂੰ ਵੰਗਾਰ
ਗੱਲ ਸੱਚ ਦੀ ਕਹੇ
ਪੂਰੀਆਂ 'ਚ ਖੂਨ ਹੈ ਗਰੀਬਾਂ ਦਾ, ਜਿਨ੍ਹਾਂ ਨੇ
ਤੇਰੇ ਜ਼ੁਲਮ ਸਹੇ
ਅਸੀਂ ਜੱਗ ਵਿਚ ਬਾਲਣੀ ਸੱਚਾਈ ਵਾਲੀ
ਅੱਗ
ਤਾਂਕਿ 'ਨੇਰ੍ਹੇ' ਚ ਪਛਾਣੇ ਜਾਣ ਤੇਰੇ ਜਿਹੇ
ਠੱਗ
ਲੈਣੀ ਹੱਕ ਦੀ ਬੰਦੂਕ ਪੈਂਦੀ ਹੱਥ 'ਚ ਨਾ
ਗੱਲ ਜਦੋਂ ਵੱਸ ਦੀ ਰਹੇ
ਪੂਰੀਆਂ 'ਚ ਖੂਨ ਹੈ ਗਰੀਬਾਂ ਦਾ ਜਿਨ੍ਹਾਂ ਨੇ
ਤੇਰੇ ਜ਼ੁਲਮ ਸਹੇ।

ਮੇਜਰ ਸਿੰਘ ਉਬੋਕੇ ਕਹਿਣ ਲੱਗਾ, "ਸਾਡੇ ਗੁਰੂ ਨੂੰ ਕਾਮਰੇਡ ਬਣਾ ਧਰਿਆ ਈ!"

"ਜੇ ਗੁਰੂ ਅੱਜ ਹੁੰਦਾ ਤਾਂ ਉਹਨੇ ਕਾਮਰੇਡ ਹੀ ਹੋਣਾ ਸੀ ਜਾਂ ਕਾਮਰੇਡਾਂ ਨੂੰ ਆਪਣੇ ਵਰਗੇ ਸਿੱਖ ਬਣਾ ਲੈਣਾ ਸੀ।"

ਦੂਰੋਂ ਅਕਾਲੀ ਦਲ ਦੇ ਕਿਸਾਨ ਵਿੰਗ ਦਾ ਕਨਵੀਨਰ ਆਪਣੀ ਖੂੰਡੀ ਤੋਂ ਸਿਰ ਚੁੱਕ ਕੇ ਉਚੀ ਆਵਾਜ਼ 'ਚ ਬੋਲਿਆ, "ਓ ਨਾਸਤਕੋ! ਸਾਡੇ ਗੁਰੂ ਨੂੰ ਕਾਮਰੇਡ ਨਾ ਆਖੋ ਉਏ!"

"ਤੂੰ ਗੁਰੂ ਦੀ ਸੱਜੀ ਵੱਖੀ 'ਚੋਂ ਨਿਕਲਿਐਂ, ਕੀ ਗੱਲ ਗੁਰੂ ਸਾਡਾ ਨਹੀਂ ਕੁਝ ਲੱਗਦਾ?" ਮੌਲਵੀ ਨੇ ਕਿਹਾ। ਹਾਸੜ ਮਚ ਗਈ। ਕਨਵੀਨਰ ਛਿੱਥਾ ਜਿਹਾ ਪੈ ਕੇ 'ਸ਼ਾਂਤ' ਹੋ ਗਿਆ।

ਜਸਵੰਤ ਖਟਕੜ ਅਤੇ ਸਾਡੇ ਪ੍ਰਭਾਵ ਹੇਠਲੇ ਮੁੰਡਿਆਂ ਨੇ ਬੈਰਕ ਦੀਆਂ ਅੰਦਰਲੀਆਂ ਕੰਧਾਂ 'ਤੇ ਕੋਲੇ ਨਾਲ ਇਨਕਲਾਬੀ ਨਾਅਰੇ ਅਤੇ ਸ਼ੇਅਰ ਲਿਖੇ ਹੋਏ ਸਨ:

ਅਸੀਂ ਮੀਲ ਪੱਥਰ ਬਣ ਕੇ
ਗੱਡੇ ਰਹਿਣ ਵਿਚ ਵਿਸ਼ਵਾਸ ਨਹੀਂ ਰੱਖਦੇ
ਅਸੀਂ ਇੱਕ ਸਫਰ ਬਣ ਕੇ
ਜੀਣ ਵਿਚ ਵਿਸ਼ਵਾਸ ਰੱਖਦੇ ਹਾਂ। (ਜਗਤਾਰ)

ਸ਼ਬਦ ਤਾਂ ਕਹੇ ਜਾ ਚੁੱਕੇ ਹਨ
ਸਾਥੋਂ ਵੀ ਬਹੁਤ ਪਹਿਲਾਂ ਦੇ,
ਅਸਾਡੀ ਹਰ ਜ਼ੁਬਾਨ ਜੇ ਹੋ ਸਕੇ ਤਾਂ ਕੱਟ ਲੈਣਾ।
(ਲਾਲ ਸਿੰਘ ਦਿਲ)

ਜਦੋਂ ਸਿਰ, ਸਿਰ ਤੋਂ ਤੁਰ ਕੇ
ਤਲੀ 'ਤੇ ਆਣ ਟਿਕਦਾ ਹੈ
ਉਦੋਂ ਨਾ ਕੋਈ ਦਿਨੇ ਟਿਕਦਾ ਹੈ
ਨਾ ਰਾਤ ਟਿਕਦਾ ਹੈ,
ਉਦੋਂ ਕੋਈ ਸ਼ਿਵਾ ਵਰ ਦਏ ਨਾ ਦਏ
ਸ਼ੁਭ ਕਰਮਨ ਤੋਂ ਕੋਈ ਕਦੋਂ ਡਰਦਾ ਹੈ?
(ਸੰਤ ਸੰਧੂ)

ਏਨਾ ਹੀ ਬਹੁਤ ਹੈ ਕਿ
ਮੇਰੇ ਖੂਨ ਨੇ ਰੁੱਖ ਸਿੰਜਿਆ
ਕੀ ਹੋਇਆ ਜੇ ਪੱਤਿਆਂ 'ਤੇ
ਮੇਰਾ ਨਾਮ ਨਹੀਂ ਹੈ? (ਸੁਰਜੀਤ ਪਾਤਰ)

ਇੱਕ ਜਣੇ ਨੇ ਕੰਧ ਉਤੇ ਬੰਦੂਕ ਦੀ ਤਸਵੀਰ ਬਣਾ ਕੇ ਇਹ ਵੀ ਲਿਖ ਦਿੱਤਾ ਸੀ: ਰਾਜ ਸੱਤਾ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ।

ਸਾਡਾ ਇਨਕਲਾਬੀ ਲੇਖਕ ਅਮਰਜੀਤ ਚੰਦਨ ਬੰਬ ਸਮੇਤ ਫੜ੍ਹੇ ਜਾਣ ਕਰਕੇ ਇਸੇ ਜੇਲ੍ਹ 'ਚ ਚਾਲੀ ਚੱਕੀਆਂ ਵਿਚ ਬੰਦ ਸੀ। ਮੈਂ ਹਮਦਰਦ ਕਰਮਚਾਰੀ ਰਾਹੀਂ ਉਸ ਨੂੰ ਆਪਣੇ ਜੇਲ੍ਹ ਵਿਚ ਹੋਣ ਦਾ ਸੁਨੇਹਾ ਭੇਜਿਆ। ਉਸ ਦਾ ਖੱਦੇ ਖਾਕੀ ਸਰਕਾਰੀ ਕਾਗਜ਼ 'ਤੇ ਲਿਖਿਆ ਸੁਨੇਹਾ ਪੁੱਜਾ ਕਿ ਜੇ ਸੰਭਵ ਹੋ ਸਕੇ ਤਾਂ ਮੈਂ ਉਸ ਨੂੰ ਜ਼ਰੂਰ ਮਿਲਾਂ। ਚਾਲੀ ਚੱਕੀਆਂ ਸਾਡੀ ਬੈਰਕ ਤੋਂ ਦੂਰ ਸਨ। ਉਨ੍ਹਾਂ ਦੁਆਲੇ ਵੱਖਰਾ ਸਖਤ ਪਹਿਰਾ ਸੀ। ਉਸ ਪਾਸੇ ਤਾਂ ਚਿੜੀ ਵੀ ਪਰ ਨਹੀਂ ਸੀ ਮਾਰ ਸਕਦੀ। ਮੈਂ ਅੰਦਰੋ-ਅੰਦਰ ਸਬੰਧਤ ਕਰਮਚਾਰੀਆਂ ਨਾਲ ਸੰਪਰਕ ਬਣਾਉਣਾ ਸੀ। ਸਭ ਦੀ ਅੱਖ ਬਚਾ ਕੇ ਕਿਸੇ ਦੀ ਮਦਦ ਨਾਲ ਚਾਲੀ ਚੱਕੀਆਂ ਤੱਕ ਪੁੱਜਣਾ ਸੀ। ਅੱਗੋਂ ਉਸ ਵੇਲੇ 'ਪਹਿਰੇ' 'ਤੇ ਖੜੋਤੇ ਬੰਦੇ ਨਾਲ ਸੰਪਰਕ ਸਾਧਣਾ ਜ਼ਰੂਰੀ ਸੀ। ਇਹ ਸਾਰੀਆਂ ਕੜੀਆਂ ਜੋੜ ਕੇ ਉਸ ਕੋਲ ਪੁੱਜਣਾ ਖਾਸਾ ਔਖਾ ਅਤੇ ਖਤਰਨਾਕ ਕੰਮ ਸੀ। ਖਤਰਨਾਕ ਕੈਦੀ ਨੂੰ ਨੇਮ ਤੋੜਦਿਆਂ ਮਿਲਣ ਜਾਣਾ ਮੈਨੂੰ ਡਾਢੀ ਮੁਸ਼ਕਿਲ ਵਿਚ ਫਸਾ ਸਕਦਾ ਸੀ। 'ਘਰ ਦੂਰ ਸੀ ਤੇ ਗਲੀ ਵਿਚ ਚਿੱਕੜ ਸੀ!' ਪਰ ਯਾਰ ਦੇ ਦਰ-ਘਰ ਪੁੱਜਣਾ ਲਾਜ਼ਮੀ ਸੀ। ਸੋ ਮੈਂ ਜੇਲ੍ਹ ਕਰਮਚਾਰੀਆਂ ਦੀ ਮਦਦ ਨਾਲ ਅਤਿ ਦੀ ਚੌਕਸੀ ਵਰਤਦਿਆਂ ਅਮਰਜੀਤ ਚੰਦਨ ਨੂੰ ਮਿਲਣ ਜਾ ਪੁੱਜਾ। ਚਾਲੀ ਚੱਕੀਆਂ ਦੇ ਪਹਿਰੇ 'ਤੇ ਖਲੋਤੇ ਬੰਦੇ ਨੂੰ ਮੇਰੇ ਨਾਲ ਆਇਆ ਬੰਦਾ ਮਿਲਿਆ। ਉਸ ਨੇ ਮੈਨੂੰ ਚੰਦਨ ਦੀ ਕੋਠੜੀ ਦਾ ਇਸ਼ਾਰਾ ਕੀਤਾ ਤੇ ਆਪ ਦੋਵੇਂ ਜਣੇ ਬਾਹਰਵਾਰ ਖਲੋ ਕੇ ਸੁਭਾਵਿਕ ਗੱਲਾਂ ਕਰਨ ਦੀ ਐਕਟਿੰਗ ਵਿਚ ਰੁੱਝ ਗਏ।

ਚੰਦਨ ਇੱਕ ਛੋਟੀ ਜਿਹੀ ਕੋਠੜੀ ਵਿਚ ਸਲਾਖਾਂ ਓਹਲੇ ਬੈਠਾ ਸੀ। ਮੈਨੂੰ ਵੇਖ ਕੇ ਖੁਸ਼ ਹੋ ਗਿਆ। ਅਸੀਂ ਸਲਾਖਾਂ ਵਿਚੋਂ ਇੱਕ-ਦੂਜੇ ਦੇ ਹੱਥ ਘੁੱਟ ਕੇ ਹਾਲ-ਚਾਲ ਪੁੱਛਿਆ। ਅੰਦਰ-ਬਾਹਰ ਦੀਆਂ ਗੱਲਾਂ ਕੀਤੀਆਂ। ਸਾਡਾ ਇੱਕ ਦੂਜੇ ਨੂੰ ਮਿਲਣਾ ਚਮਤਕਾਰ ਹੀ ਤਾਂ ਸੀ! ਅਸੀਂ ਇੱਕ ਦੂਜੇ ਦੇ ਮਿੱਤਰ ਸਾਂ। ਚੰਦਨ ਅਕਸਰ ਮੇਰੇ ਕੋਲ ਪਿੰਡ ਆਉਂਦਾ ਸੀ। ਮੇਰੇ ਮਾਂ-ਪਿਓ ਉਸ ਨੂੰ ਪੁੱਤਾਂ ਵਾਂਗ ਪਿਆਰਦੇ ਸਨ। ਉਹ ਮੇਰੀ ਪਹਿਲੀ ਕਿਤਾਬ 'ਲੋਹੇ ਦੇ ਹੱਥ' ਦੇ ਪਰੂਫ ਪੜ੍ਹਨ ਆਇਆ ਹੀ ਪੁਲਿਸ ਦੇ ਕਾਬੂ ਆਇਆ ਸੀ! ਮੈਂ ਤੇ ਮੇਰਾ ਪਰਿਵਾਰ ਇਸ ਮਲੂਕੜੇ ਜਿਹੇ ਨੌਜਵਾਨ ਦੇ ਗ੍ਰਿਫਤਾਰ ਹੋ ਜਾਣ 'ਤੇ ਡਾਢੇ ਦੁਖੀ ਸਾਂ। ਚੰਦਨ ਨੇ ਮੇਰੇ ਕੋਲੋਂ ਬੀਬੀ ਅਤੇ ਚਾਚੇ ਦਾ ਹਾਲ-ਚਾਲ ਪੁੱਛਿਆ। ਇਨ੍ਹਾਂ ਦਿਨਾਂ ਦੇ ਅਨੁਭਵ ਨੂੰ ਚੰਦਨ ਨੇ 'ਕੰਧਾਂ' ਨਾਂ ਦੀ ਕਹਾਣੀ ਵਿਚ ਕਮਾਲ ਦੀ ਹੁਨਰਮੰਦੀ ਨਾਲ ਸਾਂਭ ਲਿਆ। ਉਹਦਾ ਦੁੱਖ 'ਦਾਰੂ' ਬਣ ਕੇ ਸਾਹਿਤ ਦੀ ਸ਼ਕਤੀਸ਼ਾਲੀ ਰਚਨਾ ਦਾ ਰੂਪ ਅਖਤਿਆਰ ਕਰ ਗਿਆ!

ਦੋ ਕੁ ਹਫਤਿਆਂ ਪਿੱਛੋਂ ਸਰਕਾਰ ਨੇ ਵਿਦਿਆਰਥੀਆਂ ਨੂੰ ਰਿਹਾ ਕਰਨ ਦਾ ਫੈਸਲਾ ਕਰ ਲਿਆ। ਪਿਛੇ ਰਹਿ ਗਏ ਮੌਲਵੀ, ਮੈਂ ਤੇ ਈਸਾਪੁਰ, ਜਿਨ੍ਹਾਂ 'ਤੇ ਵੱਡੀਆਂ-ਵੱਡੀਆਂ ਅੱਠ ਦਫਾ ਲੱਗੀਆਂ ਸਨ। ਸਾਨੂੰ ਆਪਣਾ 'ਬੋਰੀਆ ਬਿਸਤਰਾ' ਸਾਂਭ ਕੇ ਮੁੜ ਚੱਕੀਆਂ ਵਿਚ ਜਾਣ ਦਾ ਹੁਕਮ ਸੁਣਾ ਦਿੱਤਾ ਗਿਆ। ਐਨ ਇਸੇ ਵੇਲੇ ਮੈਨੂੰ ਡਿਓੜ੍ਹੀ ਵਿਚੋਂ ਸੱਦਾ ਆ ਗਿਆ।

ਮੈਥੋਂ ਪਹਿਲਾਂ ਜੇਲ੍ਹ 'ਚੋਂ ਛੁੱਟ ਜਾਣ ਪਿੱਛੋਂ ਮੇਰਾ ਜਮਾਤੀ ਅਮਰ ਸਿੰਘ ਆਰਾਮ ਨਾਲ ਨਹੀਂ ਸੀ ਬੈਠਾ। ਉਸ ਨੇ ਕਾਲਜ ਦੇ ਪ੍ਰਿੰਸੀਪਲ ਤੋਂ ਮੇਰੇ ਵਿਦਿਆਰਥੀ ਹੋਣ ਦਾ ਸਰਟੀਫਿਕੇਟ ਬਣਾਇਆ। ਪ੍ਰਿੰਸੀਪਲ ਨੇ ਐਸ. ਐਸ. ਪੀ. ਨੂੰ ਫੋਨ 'ਤੇ ਮੇਰੇ ਬਾਰੇ ਦੱਸ ਕੇ ਮੈਨੂੰ ਰਿਹਾ ਕਰਨ ਲਈ ਬੇਨਤੀ ਕੀਤੀ। ਜਦ ਹੋਰ ਵਿਦਿਆਰਥੀਆਂ ਨੂੰ ਰਿਹਾ ਕਰਨ ਦਾ ਸਰਕਾਰ ਫੈਸਲਾ ਕਰ ਚੁਕੀ ਸੀ ਤਾਂ ਉਨ੍ਹਾਂ ਦੇ ਕਾਲਜ ਦਾ ਵਿਦਿਆਰਥੀ ਕਿਉਂ ਸੀ ਜੇਲ੍ਹ ਵਿਚ?

ਅਮਰ ਸਿੰਘ ਐਸ. ਐਸ. ਪੀ. ਦੇ ਦਫਤਰ ਪੁੱਜਾ। ਸਰਟੀਫਿਕੇਟ ਦਿੱਤਾ ਤੇ ਉਸ ਦੀ ਬਦੌਲਤ ਮੇਰੀ ਰਿਹਾਈ ਦੇ ਹੁਕਮ ਡਿਓੜ੍ਹੀ ਵਿਚ ਪਹੁੰਚੇ। ਮੈਂ ਖੁਸ਼ੀ-ਖੁਸ਼ੀ ਵਾਪਸ ਮੁੜਿਆ। ਆਪਣੀ ਟਿੰਡ-ਫਹੁੜੀ ਚੁੱਕੀ ਤੇ ਸਾਥੀਆਂ ਨੂੰ ਗਲਵਕੜੀ ਵਿਚ ਲੈਣ ਪਿੱਛੋਂ ਡਿਓੜ੍ਹੀ ਵੱਲ ਤੁਰਿਆ ਤਾਂ ਮੇਰੇ ਸਾਥੀ ਆਪੋ-ਆਪਣਾ ਸਮਾਨ ਚੁੱਕੀ ਜੇਲ੍ਹ ਅਧਿਕਾਰੀ ਨਾਲ ਚੱਕੀਆਂ ਵੱਲ ਜਾਣ ਲਈ ਤੁਰ ਪਏ।

ਆਜ਼ਾਦ ਫਿਜ਼ਾ ਵਿਚ ਸਾਹ ਲੈਣਾ ਕਿੱਡਾ ਵੱਡਾ ਸਵਰਗੀ ਹੁਲਾਰਾ ਹੈ, ਇਹ ਪਹਿਲੀ ਵਾਰ ਪਤਾ ਲੱਗਾ। ਉਨ੍ਹਾਂ ਸੂਰਮੇ ਦੇਸ਼ ਭਗਤਾਂ ਦੀ ਅਕੀਦਤ ਵਿਚ ਸਿਰ ਝੁਕ ਗਿਆ ਜਿਨ੍ਹਾਂ ਨੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਆਪਣੀਆਂ ਉਮਰਾਂ ਇਸ ਲਈ ਗਾਲਗ ਦਿੱਤੀਆਂ ਤਾਂਕਿ ਅਸੀਂ ਇਸ ਆਜ਼ਾਦ ਫਿਜ਼ਾ ਦਾ ਅਨੰਦ ਮਾਣ ਸਕੀਏ।

ਪਰ ਕਿੰਨੇ ਕੁ ਲੋਕਾਂ ਨੂੰ ਏਥੇ ਸੁਖ ਦਾ ਸਾਹ ਆ ਰਿਹਾ ਸੀ!

---



*ਵਰਿਆਮ ਸਿੰਘ ਸੰਧੂ ਅਤੇ ਪਤਨੀ ਰਜਵੰਤ ਕੌਰ ਪੁੱਤਰ ਸੁਪਨ ਸੰਧੂ ਨਾਲ*

ਜੇਲ੍ਹ ਯਾਤਰਾ ਕਰ ਆਉਣ ਪਿੱਛੋਂ ਵਰਿਆਮ ਦੇ ਵਿਆਹ ਦੀ ਗੱਲ ਚੱਲੀ। ਪਹਿਲਾਂ ਉਹ ਲੱਤ ਨਹੀਂ ਸੀ ਲਾ ਰਿਹਾ। ਪਰ ਸੰਜੋਗ ਬਲੀ ਸਨ ਜੋ ਉਤੋਂ ਦੀ ਪੈ ਗਏ। ਉਸ ਦੀ ਪਤਨੀ ਰਜਵੰਤ ਕੌਰ ਦੱਸਦੀ ਹੈ: ਸਾਡੇ ਰਿਸ਼ਤੇ ਬਾਰੇ ਸੰਧੂ ਸਾਹਿਬ ਹੱਸਦਿਆਂ ਕਹਿੰਦੇ ਹਨ ਕਿ ਆਪਾਂ ਤਾਂ ਲਾਟਰੀ ਪਾਈ ਸੀ। ਲਾਟਰੀ ਠੀਕ ਨਿਕਲ ਆਈ। ਰੱਬ ਦਾ ਸ਼ੁਕਰ ਹੈ, ਲਾਟਰੀ ਮੇਰੀ ਵੀ ਠੀਕ ਨਿਕਲ ਆਈ। ਬੀਜੀ ਸੁਰਸਿੰਘ ਗਏ ਤਾਂ ਸਾਡਾ ਰਿਸ਼ਤੇਦਾਰ ਸਵਰਨ ਸਿੰਘ ਕਹਿੰਦਾ ਅਸੀਂ ਤਾਂ ਸੁਣਿਐ ਉਹ ਮੁੰਡਾ ਰਿਸ਼ਤੇ ਲਈ ਅਜੇ ਮੰਨਦਾ ਈ ਨਹੀਂ। ਪਰ ਜੇ ਉਹ ਰਿਸ਼ਤੇ ਲਈ ਤਿਆਰ ਹੋਵੇ ਤਾਂ ਉਹ ਬਹੁਤ ਚੰਗੇ ਵਿਚਾਰਾਂ ਦਾ, ਸਿਆਣਾ ਤੇ ਲਾਇਕ ਲੜਕਾ ਹੈ। ਉਨ੍ਹਾਂ ਦੀ ਜ਼ਮੀਨ ਵੀ ਹੈਗੀ। ਇਹ ਸ਼ਾਮ ਨੂੰ ਸਕੂਲ ਵਿਚ ਵਾਲੀਬਾਲ ਖੇਡਦੇ ਹੁੰਦੇ ਸਨ। ਮੇਰੇ ਬੀਜੀ ਇਨ੍ਹਾਂ ਨੂੰ ਵੇਖ ਕੇ ਬੜੇ ਖੁਸ਼ ਹੋਏ। ਘਰ ਆ ਕੇ ਸਾਨੂੰ ਦੱਸਣ ਕਿ ਮੁੰਡਾ ਤਾਂ ਬਿਲਕੁਲ ਤੁਹਾਡੇ ਭਾਪਾ ਜੀ ਵਰਗਾ ਹੈ। ਪਤਲਾ, ਲੰਮਾ, ਉਚਾ ਜਵਾਨ ਤੇ ਖਿਡਾਰੀ। ਖੇਡਦਾ ਖੇਡਦਾ ਉਨ੍ਹਾਂ ਈ ਕੱਪੜਿਆਂ ਵਿਚ ਮੈਨੂੰ ਮਿਲਣ ਆ ਗਿਆ। ਮੇਰੀ ਬੀਜੀ ਨੇ ਓਸੇ ਵੇਲੇ ਮੁੰਡਾ ਮੱਲਣ ਦੀ ਸੋਚੀ ਤੇ ਸ਼ਗਨ ਦੇ ਤੌਰ 'ਤੇ ਇਕ ਸੌ ਇਕ ਰੁਪਏ ਇਨ੍ਹਾਂ ਨੂੰ ਦੇਣੇ ਚਾਹੇ। ਪਰ ਇਨ੍ਹਾਂ ਨੇ ਇਕ ਰੁਪਇਆ ਹੀ ਲਿਆ।

ਜਦੋਂ ਇਨ੍ਹਾਂ ਨੇ ਘਰ ਜਾ ਕੇ ਆਪਣੀ ਬੀਜੀ ਨੂੰ ਦੱਸਿਆ ਤਾਂ ਉਹ ਕਹਿੰਦੇ, ਤੂੰ ਤਾਂ ਕਹਿੰਦਾ ਸੀ ਅਜੇ ਵਿਆਹ ਨਹੀਂ ਕਰਾਉਣਾ, ਹੁਣ ਆਪੇ 'ਹਾਂ' ਕਰ ਆਇਐਂ? ਇਹ ਹੱਸ ਕੇ ਕਹਿੰਦੇ, ਇੱਕ ਰੁਪਇਆ ਈ ਲਿਆਇਆਂ, ਕਹਿੰਦੇ ਓ ਤਾਂ ਮੋੜ ਦਿੰਦੇ ਆਂ। ਅਸਲ ਵਿਚ ਇਨ੍ਹਾਂ ਨੇ ਪਹਿਲਾਂ ਹੀ ਮੇਰੇ ਬਾਰੇ ਪੁੱਛ-ਦੱਸ ਲਿਆ ਸੀ ਤੇ ਇਨ੍ਹਾਂ ਦੇ ਘਰਦਿਆਂ ਨੂੰ ਵੀ ਸਾਰੀ ਗੱਲ ਦਾ ਪਤਾ ਸੀ। ਇਨ੍ਹਾਂ ਨੇ ਅਗਲੇ ਦਿਨ ਆਪਣੀ ਕਿਤਾਬ 'ਲੋਹੇ ਦੇ ਹੱਥ' ਭੇਜ ਕੇ ਅਖਵਾ ਘੱਲਿਆ ਕਿ ਮੈਂ ਇਨਕਲਾਬੀ ਵਿਚਾਰਾਂ ਦਾ ਹਾਂ। ਹੋ ਸਕਦਾ ਕੱਲ ਕਲੋਤਰ ਨੂੰ ਜੇਲ੍ਹ ਜਾਣਾ ਪਵੇ ਜਾਂ ਕੁਝ ਹੋਰ ਹੋ ਜਾਵੇ। ਹੁਣੇ ਈ ਸੋਚ ਵਿਚਾਰ ਲਵੋ। ਮੈਂ ਤਾਂ ਡਰ ਗਈ ਪਰ ਮੇਰੀ ਬੀਜੀ ਇਨ੍ਹਾਂ ਨੂੰ ਮਿਲ ਕੇ ਕੁਝ ਜ਼ਿਆਦਾ ਹੀ ਪ੍ਰਭਾਵਿਤ ਸਨ। ਕਹਿਣ ਲੱਗੇ, ਕੋਈ ਗੱਲ ਨਹੀਂ, ਤੂੰ ਫਿਕਰ ਨਾ ਕਰ, ਵਿਆਹ ਤੋਂ ਪਿੱਛੋਂ ਆਪੇ ਸਭ ਕੁਝ ਠੀਕ ਹੋ ਜਾਣੈਂ।

ਫਿਰ ਇਨ੍ਹਾਂ ਦੇ ਮਨ ਵਿਚ ਮੈਨੂੰ ਵੇਖਣ ਦੀ ਇੱਛਾ ਤੀਬਰ ਹੋ ਗਈ। ਇਨ੍ਹਾਂ ਨੇ ਮੈਨੂੰ ਚੋਰੀ ਵੇਖਣ ਦਾ ਮਨ ਬਣਾ ਲਿਆ। ਮੈਂ ਬੀ. ਏ. ਦਾ ਇਮਤਿਹਾਨ ਦੇ ਰਹੀ ਸਾਂ। ਅਸੀਂ ਤਿੰਨ ਕੁੜੀਆਂ ਸਕੂਲ ਲੱਗਣ ਤੋਂ ਪਹਿਲਾਂ ਮਾਸਟਰ ਮਨੋਹਰ ਲਾਲ ਤੋਂ ਅੰਗਰੇਜ਼ੀ ਦੀ ਟਿਊਸ਼ਨ ਪੜ੍ਹਦੀਆਂ ਸਾਂ। ਦਸੰਬਰ ਦੇ ਠੰਢੇ ਦਿਨ ਸਨ। ਇਹ ਆਪਣੇ ਇਕ ਦੋਸਤ ਨਾਲ ਸਵੇਰੇ ਸਵੱਖਤੇ ਸਕੂਲ ਦੇ ਮੋੜ 'ਤੇ ਆਣ ਖਲੋਤੇ। ਇਹ ਦੱਸਦੇ ਸੀ, ਜਦੋਂ ਟਿਊਸ਼ਨ ਖਤਮ ਹੋਈ ਤਾਂ ਦੋਵੇਂ ਕੁੜੀਆਂ ਦੂਜੇ ਪਾਸੇ ਤੁਰ ਗਈਆਂ। ਤੂੰ ਜਦੋਂ ਪੰਝੀ ਤੀਹ ਗਜ ਦੀ ਵਿੱਥ ਤੋਂ ਘਰ ਨੂੰ ਲੰਘੀ ਤਾਂ ਬੁੱਕਲ ਮਾਰੀ ਹੋਈ ਸੀ। ਸਾਰਾ ਮੂੰਹ ਸਿਰ ਢੱਕਿਆ ਹੋਇਆ। ਬੰਦ ਬੋਰੀ ਵਾਂਗ ਲੱਗ ਰਹੀ ਸੀ। ਅਸੀਂ ਨਿਰਾਸ ਮੁੜ ਰਹੇ ਸਾਂ। ਨਾਲੇ ਤੇਰੇ ਜਾਣ ਵਾਲੇ ਰਾਹ ਵੱਲ ਮੁੜ ਮੁੜ ਵੇਖੀਏ, ਨਾਲੇ ਸ਼ਰਮਿੰਦੇ ਹੋਏ ਆਪਣੀ 'ਸਫਲਤਾ' 'ਤੇ ਹੱਸੀਏ। ਪਿਛੋਂ ਕੋਈ ਮਾਸਟਰਾਣੀ ਆ ਰਹੀ ਸੀ। ਉਸ ਸਮਝਿਆ ਕਿ ਉਹਨੂੰ ਵੇਖ ਕੇ ਸ਼ਰਾਰਤ ਨਾਲ ਹੱਸ ਰਹੇ ਨੇ। ਉਹ ਗਲ ਪੈ ਗਈ। ਇਨ੍ਹਾਂ ਦੀ 'ਸੇਵਾ' ਕਰਨ ਲਈ ਜੁੱਤੀ ਲਾਹੁਣ ਨੂੰ ਤਿਆਰ ਹੋਈ ਤੇ ਪੁਲਿਸ ਨੂੰ ਫੜਾਉਣ ਲਈ ਆਪਣੇ ਹਮਦਰਦ ਡਾਕਟਰ ਬਲਦੇਵ ਨੂੰ ਬੁਲਾ ਲਿਆ। ਬਲਦੇਵ ਇਨ੍ਹਾਂ ਨੂੰ ਜਾਣਦਾ ਹੋਣ ਕਰਕੇ ਮਸੀਂ ਜਾਨ ਛੁੱਟੀ। ਨਹੀਂ ਤਾਂ ਇਹ ਕਹਿੰਦੇ, ਜੇ ਪੁਲਿਸ ਆ ਜਾਂਦੀ ਤਾਂ ਸਾਡੇ ਕੋਲ ਤਾਂ ਨਕਸਲੀ ਪਾਰਟੀ ਦੇ ਅੰਡਰਗਰਾਊਂਡ ਨਿਕਲਦੇ ਪਰਚੇ 'ਲੋਕ-ਯੁਧ' ਦੀਆਂ ਕਾਪੀਆਂ ਵੀ ਸਨ। 'ਚੋਰੀ-ਚੋਰੀ' ਵੇਖਣ ਬਦਲੇ 'ਚੋਰਾਂ ਨੂੰ ਮੋਰ' ਪੈ ਜਾਣੇ ਸਨ!

ਸੋ ਇਹ ਤਾਂ ਸੀ ਸਾਡੀ ਵੇਖ-ਵਖਾਈ ਦਾ ਕਿੱਸਾ। 1971 ਵਿਚ ਸਾਡੀ ਮੰਗਣੀ ਹੋਈ ਤੇ ਦੋ ਸਾਲ ਬਾਅਦ 9 ਦਸੰਬਰ 1973 ਨੂੰ ਸਾਡਾ ਵਿਆਹ ਹੋਇਆ। ਇਨ੍ਹਾਂ ਨੇ ਪਹਿਲਾਂ ਈ ਸਾਡੀ ਵਿਚੋਲਣ ਨੂੰ ਕਿਹਾ ਕਿ ਮੈਂ ਦਾਜ-ਦਹੇਜ ਕੁਝ ਨਹੀਂ ਲੈਣਾ ਤੇ ਨਾ ਹੀ ਕੋਈ ਗਹਿਣਾ ਵਗੈਰਾ ਪਾਉਣਾ। ਇਹ ਵੀ ਕਿਹਾ ਕਿ ਜੰਞ ਵਿਚ ਸਿਰਫ ਪੰਜ ਬੰਦੇ ਆਉਣਗੇ। ਮੇਰੇ ਘਰਦਿਆਂ ਸੋਚਿਆ ਕਿ ਮੁੰਡੇ ਵਾਲੇ ਇਹ ਗੱਲ ਰਸਮੀ ਤੌਰ 'ਤੇ ਕਹਿੰਦੇ ਹੀ ਹੁੰਦੇ ਨੇ। ਆਪਣੇ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਦੇ ਖਾਣ-ਪੀਣ ਦਾ ਆਪਣੇ ਘਰ 'ਚ ਪੂਰਾ ਪ੍ਰਬੰਧ ਕਰਕੇ ਕਹਿੰਦੇ ਕਿ ਤੁਸੀਂ ਖਾਓ-ਪੀਓ। ਅਸੀਂ ਪੰਜ ਬੰਦੇ ਗਏ ਤੇ ਹੁਣੇ ਲਾਵਾਂ ਲੈ ਕੇ ਲਿਆਏ। ਪਰ ਇਨ੍ਹਾਂ ਦੇ ਦੋਸਤ-ਮਿੱਤਰ ਕਹਿੰਦੇ, ਅਸੀਂ ਵਿਆਹ ਵੇਖਣ ਆਏ ਆਂ, ਘਰ ਬਹਿ ਕੇ ਖਾਣ-ਪੀਣ ਨਹੀਂ ਆਏ। ਉਹ ਇਨ੍ਹਾਂ ਤੋਂ ਪਹਿਲਾਂ ਹੀ ਬੱਸ 'ਤੇ ਚੜ੍ਹ ਕੇ ਆਪੇ ਹੀ ਬਰਾਤੀ ਬਣ ਕੇ ਝਬਾਲ ਅੱਪੜ ਗਏ। ਸਾਡਾ ਪੂਰੀ ਜੰਞ ਲਈ ਬਣਾਇਆ ਖਾਣਾ ਇਨ੍ਹਾਂ ਦੀ ਵੀ ਤੇ ਸਾਡੀ ਵੀ ਇੱਜਤ ਰੱਖ ਗਿਆ। ਜੇ ਇਨ੍ਹਾਂ ਦਾ ਦੋਸਤ ਅਮਰਜੀਤ ਚੰਦਨ ਸਾਡੇ ਵਿਆਹ ਦੀਆਂ ਤਸਵੀਰਾਂ ਆਪਣੇ ਕੈਮਰੇ ਨਾਲ ਨਾ ਖਿੱਚਦਾ ਤਾਂ ਸਾਡੇ ਕੋਲ ਤਾਂ ਵਿਆਹ ਦੀ ਕੋਈ ਯਾਦਗਾਰੀ ਤਸਵੀਰ ਵੀ ਨਹੀਂ ਸੀ ਹੋਣੀ।

ਅਗਲੇ ਦਿਨ ਮੇਰੇ ਪਰਿਵਾਰ ਵਾਲਿਆਂ ਸੋਚਿਆ ਕਿ ਸਾਡੀ ਧੀ ਨੇ ਦਾਜ ਲਈ ਹੱਥੀਂ ਚੀਜ਼ਾਂ

*(ਬਾਕੀ ਅਗਲੇ ਸਫੇ 'ਤੇ)*

ਬਣਾਈਆਂ ਤੇ ਖਰੀਦੀਆਂ ਸਨ। ਉਹ ਦਾਜ ਨਾ ਲਿਜਾਣ ਕਰਕੇ ਅੰਦਰੋਂ ਉਦਾਸ ਹੋਵੇਗੀ। ਮੈਂ ਉਦਾਸ ਸਾਂ ਵੀ। ਮੇਰੇ ਤਾਇਆ ਜੀ, ਮੇਰੇ ਭਰਾ ਤੇ ਚਚੇਰੇ ਭਰਾਵਾਂ ਤੇ ਭਣਵੱਈਆਂ ਨੇ ਦਾਜ ਦਾ ਸਮਾਨ ਟਰੱਕ 'ਤੇ ਲੱਦਿਆ ਤੇ ਮੇਰੇ ਸਹੁਰੇ ਘਰ ਲੈ ਆਏ। ਸੁਰਸਿੰਘ ਟਰੱਕ ਤੋਂ ਸਮਾਨ ਲਾਹ ਕੇ ਜਦੋਂ ਘਰ ਲਿਜਾਇਆ ਜਾ ਰਿਹਾ ਸੀ ਤਾਂ ਇਨ੍ਹਾਂ ਨੂੰ ਪਤਾ ਲੱਗਾ ਤਾਂ ਕਹਿੰਦੇ ਸਮਾਨ ਵਾਪਸ ਕਰ ਦਿਓ। ਸਿਆਣਿਆਂ ਨੇ ਸਮਝਾਇਆ ਕਿ ਇਸ ਤਰ੍ਹਾਂ ਕਰਨਾ ਸ਼ੋਭਾ ਨਹੀਂ ਦਿੰਦਾ। ਇਹ ਤਾਂ ਘੁੱਟੇ-ਵੱਟੇ ਜਿਹੇ ਗਏ ਪਰ ਇਨ੍ਹਾਂ ਦੇ ਬਾਪੂ ਜੀ ਤੇ ਫੁੱਫੜ ਬੜੇ ਖੁਸ਼। ਬਾਪੂ ਆਖੇ, ਸਰਦਾਰਾ! ਝਬੀਲੀਆਂ ਤਾਂ ਸਾਡਾ ਘਰ ਭਰ ਦਿੱਤਾ। ਪਿੱਛੋਂ ਜਦੋਂ ਅਸੀਂ ਘਰੋਂ ਅੱਡ ਹੋਏ ਜਾਂ ਕਰ ਦਿੱਤੇ ਗਏ ਤੇ ਸਾਨੂੰ ਗਲ ਦੇ ਕੱਪੜਿਆਂ ਜਾਂ ਵਰਤੇ ਜਾਂਦੇ ਮੰਜੇ ਬਿਸਤਰੇ ਤੋਂ ਇਲਾਵਾ ਕੁਝ ਵੀ ਨਾ ਮਿਲਿਆ ਤਾਂ ਇਹ ਵੀ ਹੱਸਦੇ ਹੋਏ ਆਖਦੇ ਹੁੰਦੇ ਸਨ ਕਿ ਰਜਵੰਤ, ਚੰਗਾ ਹੋਇਆ ਤੇਰੇ ਘਰ ਦੇ ਸਮਾਨ ਛੱਡ ਗਏ। ਨਹੀਂ ਤਾਂ ਆਪਣੇ ਘਰ ਹੁਣ ਹੈ ਵੀ ਕੀ ਸੀ?

ਜਦੋਂ ਨਵਾਂ-ਨਵਾਂ ਵਿਆਹ ਹੋਇਆ ਤਾਂ ਮੇਰੇ ਮਨ ਵਿਚ ਵੀ ਹੋਰ ਨਵ-ਵਿਆਹੀਆਂ ਕੁੜੀਆਂ ਵਾਂਗ ਘੁੰਮਣ ਫਿਰਨ ਦਾ ਚਾਅ ਸੀ ਕਿਉਂਕਿ ਮੇਰੀਆਂ ਜਿਨ੍ਹਾਂ ਸਾਥਣਾਂ ਦੇ ਨਵੇਂ ਵਿਆਹ ਹੋਏ ਸਨ, ਉਹ ਰੋਜ਼ ਆਪਣੇ ਹਨੀਮੂਨਾਂ ਜਾਂ ਸੈਰ-ਸਪਾਟੇ ਬਾਰੇ ਬੜਾ ਹੁੱਬ ਕੇ ਦੱਸਦੀਆਂ। ਮੈਂ ਰੋਜ਼ ਇਨ੍ਹਾਂ ਨੂੰ ਕਹਿਣਾ ਕਿ ਮੈਨੂੰ ਕਿਤੇ ਘੁਮਾ ਫਿਰਾ ਲਿਆਓ, ਕਿਉਂਕਿ ਮੈਂ ਤਾਂ ਕਿਤੇ ਵੀ ਨਹੀਂ ਸਾਂ ਗਈ। ਇਹ ਘੁੰਮਣ ਫਿਰਨ ਦੇ ਬਿਲਕੁਲ ਸ਼ੌਕੀਨ ਨਹੀਂ। ਪਰ ਮੇਰੇ ਜ਼ੋਰ ਦੇਣ 'ਤੇ ਕਹਿੰਦੇ, ਚੱਲ ਤੈਨੂੰ ਜਲੰਧਰ ਲੈ ਚਲਦੇ ਆਂ। ਜਲੰਧਰ ਪੰਜਾਬ ਦੇ ਬੇਰੁਜ਼ਗਾਰ ਅਧਿਆਪਕਾਂ ਦੀ ਰੈਲੀ ਸੀ। ਭਾਵੇਂ ਅਸੀਂ ਬੇਰੁਜ਼ਗਾਰ ਨਹੀਂ ਸਾਂ ਪਰ ਇਹ ਅਧਿਆਪਕ ਯੂਨੀਅਨ ਵਿਚ ਵੀ ਕੰਮ ਕਰਦੇ ਸਨ। ਮੈਂ ਬੁਰੀ ਸ਼ਾਮਤ ਨੂੰ ਚਲੀ ਗਈ। ਗਰਮੀਆਂ ਦੇ ਦਿਨੀਂ ਸਿਖਰ ਦੁਪਹਿਰੇ ਜਲੰਧਰ ਦੀਆਂ ਸੜਕਾਂ 'ਤੇ ਨਿਕਲ ਰਹੇ ਜਲੂਸ 'ਚ ਮੈਨੂੰ ਵੀ ਵਾੜ ਦਿੱਤਾ। ਆਪ ਜਲੂਸ ਨਾਲ ਨਾਅਰੇ ਮਾਰਦੇ ਫਿਰਨ। ਮੈਂ ਪਰੈਗਨੈਂਟ ਸੀ। ਗਰਮੀ 'ਚ ਤੁਰ-ਤੁਰ ਕੇ ਮੇਰਾ ਬੁਰਾ ਹਾਲ ਹੋ ਗਿਆ ਸੀ। ਪਿਆਸ ਨਾਲ ਬੇਹਾਲ ਹੋਈ ਪਈ ਸਾਂ। ਮੂੰਹ ਸੁੱਕ ਰਿਹਾ ਸੀ। ਮੈਂ ਵੇਖਿਆ, ਇਹ ਜਲੂਸ ਤੋਂ ਬਾਹਰ ਆਪਣੀ ਬੀ. ਐਡ ਦੀ ਪੁਰਾਣੀ ਜਮਾਤਣ ਨਾਲ ਹੱਸ-ਹੱਸ ਗੱਲਾਂ ਕਰੀ ਜਾਣ। ਮੈਨੂੰ ਬੜੀ ਖਿਝ ਆਈ। ਮੈਂ ਇਨ੍ਹਾਂ ਨੂੰ ਬਾਹੋਂ ਫੜ੍ਹ ਕੇ ਖਿੱਚ ਲਿਆਈ। ਹਾਲੋਂ ਬੇਹਾਲ ਹੋਈ ਘਰ ਪਹੁੰਚੀ ਤਾਂ ਮੈਂ ਗਰਮੀ ਨਾਲ ਬੇਹੋਸ਼ ਹੋ ਕੇ ਡਿੱਗ ਪਈ। ਫਿਰ ਕਈ ਦਿਨ ਥਕਾਵਟ ਦੀ ਭੰਨੀ ਮੰਜੇ ਤੋਂ ਨਾ ਉਠ ਸਕੀ। ਇਹ ਸੀ ਸਾਡਾ 'ਹਨੀਮੂਨ'!

ਇਕ ਹੋਰ ਗੱਲ ਵੀ ਸੁਣ ਲਵੋ। ਵਿਆਹ ਤੋਂ ਬਾਅਦ ਮੈਨੂੰ ਭਗਤ ਸਿੰਘ ਸ਼ਹੀਦ 'ਤੇ ਬਣੀ ਫਿਲਮ 'ਸ਼ਹੀਦ' ਵਿਖਾਉਣ ਲੈ ਗਏ। ਇਨ੍ਹਾਂ ਦੇ ਸਿਰ 'ਤੇ ਤਾਂ ਆਪਣੇ ਵਿਚਾਰਾਂ ਦਾ ਭੂਤ ਸਵਾਰ ਸੀ। ਨਵੀਂ ਵਿਆਹੀ ਕੁੜੀ ਨੂੰ ਬੰਦਾ ਕੋਈ ਰੋਮਾਂਟਿਕ ਫਿਲਮ ਵਿਖਾਉਂਦਾ। ਅੱਜ ਆਪਣੀ ਇਸ ਮੂਰਖਤਾ 'ਤੇ ਆਪ ਹੀ ਹੱਸ ਪੈਂਦੇ ਨੇ। ਹੁਣ ਤਾਂ ਕਈ ਵਾਰ ਇਹ ਵੀ ਕਹਿ ਦਿੰਦੇ ਨੇ ਕਿ ਰਜਵੰਤ ਵਿਆਹ ਵੇਲੇ ਜਿਨ੍ਹਾਂ ਰਸਮਾਂ 'ਤੇ ਕੋਈ ਖਰਚ ਨਹੀਂ ਆਉਂਦਾ ਪਰ ਘਰਦਿਆਂ ਜੀਆਂ ਨੂੰ ਉਹ ਰਸਮਾਂ ਕਰਦਿਆਂ ਖੁਸ਼ੀ ਮਿਲਦੀ ਹੈ ਤਾਂ ਉਹ ਰਸਮਾਂ ਜ਼ਰੂਰ ਕਰ ਲੈਣੀਆਂ ਚਾਹੀਦੀਆਂ ਨੇ। ਕਿਉਂਕਿ ਇਨ੍ਹਾਂ ਨੇ ਨਾ ਵਟਣਾ ਮਲ ਕੇ ਨਹਾਤਾ, ਨਾ ਘੋੜੀ ਚੜ੍ਹੇ, ਨਾ ਸਿਹਰਾ ਲਾਇਆ, ਨਾ ਵਾਗ ਗੁੰਦਾਈ। ਹੁਣ ਕਹਿੰਦੇ ਨੇ, ਜੇ ਘਰਦਿਆਂ ਨੂੰ ਇਹ ਕਰ ਲੈਣ ਦਿੰਦਾ ਤਾਂ ਕੀ ਵਿਗੜ ਚੱਲਿਆ ਸੀ? ਉਨ੍ਹਾਂ ਦੀ ਰੂਹ ਰਾਜ਼ੀ ਹੋ ਜਾਂਦੀ!

ਜਿਥੇ ਇਨ੍ਹਾਂ ਦੇ ਸਾਥ ਵਿਚ ਮੈਨੂੰ ਬੇਅੰਤ ਖੁਸ਼ੀ ਤੇ ਮਾਣ ਮਿਲਿਆ, ਉਥੇ ਜ਼ਿੰਦਗੀ ਵਿਚ ਝਟਕੇ ਵੀ ਬੜੇ ਲੱਗੇ। ਜਿਹੜੀ ਚੇਤਾਵਨੀ ਇਨ੍ਹਾਂ ਨੇ ਆਪਣੇ ਬਾਰੇ ਮੰਗਣੀ ਹੋਣ ਵੇਲੇ 'ਲੋਹੇ ਦੇ ਹੱਥ' ਕਿਤਾਬ ਭੇਜ ਕੇ ਦਿੱਤੀ ਸੀ, ਉਸ ਦਾ ਸਬੂਤ ਤਾਂ ਉਦੋਂ ਹੀ ਮਿਲ ਗਿਆ ਜਦੋਂ ਵਿਆਹ ਤੋਂ ਪਹਿਲਾਂ ਈ ਇਹ ਮੋਗਾ ਐਜੀਟੇਸ਼ਨ ਮੌਕੇ ਜੇਲ੍ਹ ਯਾਤਰਾ ਕਰ ਆਏ। ਫਿਰ ਐਮਰਜੈਂਸੀ ਵਿਚ ਦੋ ਵਾਰ ਫੜ੍ਹੇ ਗਏ। ਪਹਿਲੀ ਵਾਰ ਫੜ੍ਹੇ ਗਏ ਤਾਂ ਮੇਰੀ ਬੱਚੀ ਅਜੇ ਹਫਤੇ ਕੁ ਦੀ ਸੀ। ਮੈਂ ਛਿਲੇ ਵਿਚ ਹੀ ਭੂਆ ਨਾਲ ਪੱਟੀ ਕਚਹਿਰੀਆਂ ਨੂੰ ਤੁਰ ਪਈ। ਇਨ੍ਹਾਂ ਨੂੰ ਠੀਕ-ਠਾਕ ਵੇਖ ਕੇ ਮੈਨੂੰ ਹੌਂਸਲਾ ਮਿਲਿਆ। ਕੁਝ ਹਫਤਿਆਂ ਬਾਅਦ ਅਸੀਂ ਇਨ੍ਹਾਂ ਦੀ ਜ਼ਮਾਨਤ ਕਰਵਾ ਲਈ ਪਰ ਦੂਜੀ ਵਾਰ ਇਨ੍ਹਾਂ ਨੂੰ ਤਰੀਕ ਭੁਗਤਣ ਗਿਆਂ ਨੂੰ ਫਿਰ ਫੜ੍ਹ ਕੇ ਲੈ ਗਏ ਤੇ ਬਿਆਸ ਥਾਣੇ ਤੋਂ ਡੀ. ਆਈ. ਆਰ. ਦਾ ਕੇਸ ਪਾ ਕੇ ਇੰਟੈਰੋਗੇਸ਼ਨ ਸੈਂਟਰ ਭੇਜ ਦਿੱਤਾ। ਮੈਨੂੰ ਦੋ ਹਫਤੇ ਇਨ੍ਹਾਂ ਦੀ ਕੋਈ ਉਘ-ਸੁੱਘ ਨਾ ਮਿਲੀ। ਮੈਂ ਨਾਲੇ ਰੋਵਾਂ, ਨਾਲੇ ਸੋਚਾਂ ਕਿਤੇ ਇਨ੍ਹਾਂ ਨੂੰ ਮਾਰ-ਖਪਾ ਨਾ ਦਿੱਤਾ ਹੋਵੇ।

ਫਿਰ 1986 ਵਿਚ ਸਾਡੇ ਪਿੰਡ ਗੋਲੀ ਚੱਲੀ। ਅਸੀਂ ਜ਼ਖਮੀਆਂ ਨੂੰ ਬਚਾਇਆ, ਹਸਪਤਾਲ ਪੁਚਾਇਆ ਪਰ ਉਲਟਾ ਇਨ੍ਹਾਂ 'ਤੇ ਕਤਲ ਕੇਸ ਪਾ ਦਿੱਤਾ। ਇਹ ਤਾਂ ਸਾਡੀ ਚੰਗੀ ਕਿਸਮਤ ਕਿ ਇਲਾਕੇ ਦੇ ਲੋਕਾਂ ਨੇ ਦਬਾਅ ਪਾਇਆ ਤੇ ਲੋਕਲ ਪੁਲਿਸ ਨੇ ਵੀ ਸੱਚਾਈ ਦਾ ਸਾਥ ਦਿੱਤਾ, ਨਹੀਂ ਤਾਂ ਉਤਲੇ ਅਫਸਰਾਂ ਵੱਲੋਂ ਤਾਂ ਇਨ੍ਹਾਂ ਨੂੰ ਪੁੱਛ-ਗਿੱਛ ਦੇ ਨਾਂ 'ਤੇ ਮਾਰ ਦੇਣ ਲਈ ਵੀ ਆਖਿਆ ਗਿਆ ਸੀ। ਜਦੋਂ ਵੀ ਕਿਤੇ ਗੜਬੜ ਹੁੰਦੀ, ਇਨ੍ਹਾਂ ਨੂੰ ਪੁਲਿਸ ਫੜ੍ਹ ਕੇ ਲੈ ਜਾਂਦੀ। ਅਤਿਵਾਦ ਦੇ ਦੌਰ ਵਿਚ ਤਾਂ ਕਈ ਵਾਰ ਮਸਾਂ ਮਰਨੋਂ ਬਚੇ। ਹੁਣ ਵੀ ਉਨ੍ਹਾਂ ਦਿਨਾਂ ਬਾਰੇ ਸੋਚ ਕੇ ਕੰਬ ਜਾਂਦੀ ਹਾਂ। ਉਂਜ ਇਹ ਦਲੇਰ ਬੜੇ ਸਨ। ਜਦੋਂ ਖਾਦਾਂ ਦੀ ਬਲੈਕ ਹੁੰਦੀ ਸੀ ਤਾਂ ਇਹ ਬਲੈਕ ਵਿਚ ਮਿਲਦੀ ਖਾਦ ਸਾਥੀਆਂ ਦੀ ਮਦਦ ਨਾਲ ਫੜ੍ਹ ਕੇ ਆਮ ਲੋਕਾਂ ਵਿਚ ਸਸਤੇ ਠੀਕ ਭਾਅ 'ਤੇ ਵਿਕਵਾਉਂਦੇ। ਇਕ ਵਾਰ ਪਿੰਡ ਦੇ ਕਿਸੇ ਬਜ਼ੁਰਗ ਦੀ ਸ਼ਰਾਬੀ ਥਾਣੇਦਾਰ ਨੇ ਰਾਤ ਨੂੰ ਬਜ਼ਾਰ ਵਿਚ ਜਾਂਦੇ ਦੀ ਦਾੜ੍ਹੀ ਪੁੱਟੀ। ਉਹਦੀ ਪਿੰਡ ਵਿਚੋਂ ਕਿਸੇ ਨੇ ਵੀ ਪੁਲਿਸ ਤੋਂ ਡਰਦੇ ਨੇ ਮਦਦ ਨਾ ਕੀਤੀ ਤਾਂ ਉਹ ਦਾੜ੍ਹੀ ਦੇ ਵਾਲ ਲੈ ਕੇ ਇਨ੍ਹਾਂ ਕੋਲ ਆ ਗਿਆ। ਇਨ੍ਹਾਂ ਨੇ ਪਿੰਡ ਤੇ ਇਲਾਕੇ ਵਿਚੋਂ ਸਾਥੀ 'ਕੱਠੇ ਕਰਕੇ ਐਸ. ਐਸ. ਪੀ. ਤੱਕ ਪਹੁੰਚ ਕੀਤੀ। ਥਾਣੇਦਾਰ ਦੀ ਇਨਕੁਆਰੀ ਕਰਵਾਈ ਤੇ ਸਜ਼ਾ ਦਿਵਾਈ। ਥਾਣੇਦਾਰ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਸਾਡੇ ਘਰ ਲੈ ਆਇਆ ਤੇ ਇਨ੍ਹਾਂ ਅੱਗੇ ਮਾਫੀ ਲਈ ਤਰਲੇ ਕਰੇ। ਇਹ ਕਹਿੰਦੇ, ਜਿਹੜੇ ਬਜ਼ੁਰਗ ਦੀ ਦਾੜ੍ਹੀ ਪੁੱਟੀ ਊ, ਉਸ ਤੋਂ ਮਾਫੀ ਮੰਗ। ਥਾਣੇਦਾਰ ਨੇ ਬਜ਼ੁਰਗ ਦੇ ਗੋਡਿਆਂ ਨੂੰ ਹੱਥ ਲਾ ਕੇ ਮਾਫੀ ਮੰਗੀ ਪਰ ਬਜ਼ੁਰਗ ਨੇ ਕਿਹਾ, 'ਹੁਣ ਮੇਰੀ ਵਾਰੀ ਐ। ਪਰੇ ਹੋ ਜਾ ਤੇ ਮੈਨੂੰ ਆਪਣੇ ਗੰਦੇ ਹੱਥ ਨਾ ਲਾਈਂ। ਮੈਨੂੰ ਮੇਰੇ ਪੁੱਤ ਨੇ ਹੁਣ ਤੇਰੇ ਅੱਗੇ ਬੋਲਣ ਜੋਗਾ ਕਰ ਦਿੱਤੈ।' ਥਾਣੇਦਾਰ ਨੂੰ ਮਾਫੀ ਨਾ ਮਿਲੀ ਤੇ ਸਜ਼ਾ ਭੁਗਤਣੀ ਪਈ। ਇੰਜ ਇਹ ਬੇਇਨਸਾਫੀ ਦੇ ਵਿਰੁਧ ਹਮੇਸ਼ਾ ਡਟਦੇ ਰਹੇ।

ਇਹ ਨਾਸਤਕ ਵਿਚਾਰਾਂ ਦੇ ਹਨ। ਮੈਂ ਆਸਤਕ ਵਿਚਾਰਾਂ ਦੀ ਸੀ। ਵਿਆਹ ਤੋਂ ਪਹਿਲਾਂ ਹਰ ਰੋਜ਼ ਪਾਠ ਕਰਦੀ ਸਾਂ। ਇਕ ਦਿਨ ਹੱਸ ਕੇ ਪੁੱਛਦੇ ਕਿ ਤੂੰ ਰੋਜ਼ ਪਾਠ ਕਰਦੀ, ਗੁਰਦੁਆਰੇ ਜਾਂਦੀ ਸੀ ਤਾਂ ਆਪਣੇ ਰੱਬ ਤੋਂ ਕੀ ਮੰਗਦੀ ਸੀ। ਮੈਂ ਕਿਹਾ, ਮੈਂ ਤਿੰਨ ਚੀਜ਼ਾਂ ਮੰਗਦੀ ਸਾਂ। ਇਕ ਕਹਿੰਦੀ ਸਾਂ ਰੱਬਾ! ਇੱਜਤ ਪਤ ਦੇਵੀਂ, ਦੂਜਾ ਵਿਦਿਆ ਦਾ ਦਾਨ ਦੇਈਂ ਤੇ ਤੀਜਾ ਜਿਹੜਾ ਪਤੀ ਮੈਨੂੰ ਮਿਲੇ, ਉਹ ਮੇਰੇ ਤੋਂ ਵੱਧ ਪੜ੍ਹਿਆ-ਲਿਖਿਆ ਤੇ ਸਿਆਣਾ ਮਿਲੇ। ਫਿਰ ਪੁੱਛਦੇ, ਤੇਰੀ ਇੱਛਾ ਪੂਰੀ ਹੋਈ ਕਿ ਨਹੀਂ? ਮੈਂ ਕਿਹਾ ਕਿਉਂ ਨਹੀਂ, ਮੈਨੂੰ ਰੱਬ ਨੇ ਇੱਜਤ ਪਤ ਵੀ ਦਿੱਤੀ। ਆਪਣੀ ਹਿੰਮਤ ਨਾਲ ਤੁਹਾਡੇ ਵਾਂਗ ਉਚੀ ਵਿਦਿਆ ਵੀ ਪ੍ਰਾਪਤ ਕੀਤੀ ਤੇ ਸਭ ਤੋਂ ਵੱਧ ਤੁਸੀਂ ਮੈਨੂੰ ਮਿਲੇ। ਇਹ ਕਹਿੰਦੇ, 'ਤੇਰੇ ਪਿਤਾ ਪੁਲਿਸ ਇੰਸਪੈਕਟਰ ਸਨ, ਜੇ ਜਿਉਂਦੇ ਰਹਿੰਦੇ ਉਨ੍ਹਾਂ ਤੇਰਾ ਵਿਆਹ ਮੇਰੇ ਵਰਗੇ ਬੰਦੇ ਨਾਲ ਕਿੱਥੇ ਕਰਨਾ ਸੀ?' ਮੈਂ ਕਹਿੰਦੀ ਹਾਂ ਉਹ ਵੱਧ ਤੋਂ ਵੱਧ ਕਿਸੇ ਅਮੀਰ ਜਾਂ ਅਫਸਰ ਨਾਲ ਮੈਨੂੰ ਵਿਆਹ ਦਿੰਦੇ ਪਰ ਤੁਹਾਡੇ ਵਰਗੀ ਗੁਣਾਂ ਦੀ ਖਾਣ ਮੈਨੂੰ ਕਿੱਥੇ ਮਿਲਣੀ ਸੀ। ਵਿਆਹ ਤੋਂ ਬਾਅਦ ਮੈਂ ਇਨ੍ਹਾਂ ਦੇ ਅਸਰ ਹੇਠ ਪਾਠ ਕਰਨਾ ਛੱਡ ਦਿੱਤਾ ਸੀ। ਪਰ ਪਿਛਲੇ ਕੁਝ ਸਾਲਾਂ ਤੋਂ ਮੈਂ ਫਿਰ ਪਾਠ ਕਰਦੀ ਹਾਂ। ਇਹ ਹੁਣ ਮੇਰਾ ਮਜ਼ਾਕ ਨਹੀਂ ਉਡਾਉਂਦੇ। ਕਹਿੰਦੇ ਹਨ, ਜੇ ਤੈਨੂੰ ਇਸ ਤਰ੍ਹਾਂ ਮਾਨਸਿਕ ਸ਼ਾਂਤੀ ਮਿਲਦੀ ਹੈ ਤਾਂ ਮੈਂ ਕਿਉਂ ਰੋਕਾਂ? ਆਪ ਇਹ ਰੱਬ ਨੂੰ ਨਹੀਂ ਮੰਨਦੇ, ਕੋਈ ਪਾਠ ਪੂਜਾ ਨਹੀਂ ਕਰਦੇ। ਉਂਜ ਗੁਰੂਆਂ ਨੂੰ ਬੜਾ ਮੰਨਦੇ ਨੇ। ਗੁਰੂ ਨਾਨਕ ਸਾਹਿਬ ਨੂੰ ਤਾਂ ਕਹਿੰਦੇ ਨੇ ਇਹ ਮੇਰਾ ਬਾਪੂ ਏ। ਉਹ ਬੜਾ ਮਹਾਨ ਮਨੁੱਖ ਤੇ ਮਹਾਨ ਸ਼ਾਇਰ ਸੀ। ਵੱਡਾ ਤਰਕਸ਼ੀਲ। ਹੁਣ ਤਾਂ ਮੇਰੇ ਆਖੇ ਇਨ੍ਹਾਂ ਨੇ ਧੀਆਂ ਦੇ ਵਿਆਹ 'ਤੇ ਅਖੰਡ ਪਾਠ ਕਰਨ ਦੀ ਖੁੱਲ੍ਹ ਵੀ ਦੇ ਦਿੱਤੀ ਸੀ।

ਜੇ ਮੈਂ ਇਨ੍ਹਾਂ ਨੂੰ ਸੁਭਾਅ ਦੇ ਸਾਧ ਵੀ ਆਖ ਦਿਆਂ ਤਾਂ ਅਤਿਕਥਨੀ ਨਹੀਂ ਹੋਵੇਗੀ। ਪੈਸੇ ਨਾਲ ਤਾਂ ਉਕਾ ਕੋਈ ਪਿਆਰ ਨਹੀਂ। ਮੈਂ ਜਿਵੇਂ ਚਾਹਵਾਂ ਤੇ ਜਿੱਥੇ ਮਰਜ਼ੀ ਖਰਚਾਂ, ਇਨ੍ਹਾਂ ਨੇ ਕਦੀ ਪੁੱਛਿਆ ਤੱਕ ਨਹੀਂ। ਪੁੱਛਣਾ ਵੀ ਕੀ ਹੈ, ਇਨ੍ਹਾਂ ਦੀ ਤਾਂ ਜੇਬ ਵਿਚ ਵੀ ਮੈਂ ਆਪ ਹੀ ਪੈਸੇ ਪਾਉਂਦੀ ਹਾਂ। ਉਂਜ ਗਰੀਬ ਤੇ ਲੋੜਵੰਦ ਦੀ ਮਦਦ ਕਰਨ ਨੂੰ ਤਰਜੀਹ ਦਿੰਦੇ ਨੇ। ਮੈਂ ਜਿੱਥੇ ਵੀ ਜਾਵਾਂ, ਬੜੇ ਮਾਣ ਨਾਲ ਦੱਸਦੀ ਹਾਂ ਕਿ ਮੈਂ ਸੰਧੂ ਸਾਹਿਬ ਦੀ ਘਰਵਾਲੀ ਹਾਂ। ਇਹ ਤੇ ਬੱਚੇ ਵੀ ਕਈ ਵਾਰ ਮੇਰਾ ਮਜ਼ਾਕ ਉਡਾਉਂਦੇ ਨੇ। ਆਖਣਗੇ ਇਹ ਤਾਂ ਬਜਾਜੀ ਵਾਲੇ ਨੂੰ ਵੀ ਆਖੂ ਕਿ ਫਲਾਣੇ ਦੀ ਘਰ ਵਾਲੀ ਆਂ, ਕੱਪੜਾ ਚੰਗਾ ਵਿਖਾਈਂ। ਘਰਵਾਲਾ ਸੰਧੂ ਸਾਹਿਬ ਨਾ ਹੋ ਗਿਆ, ਰਾਸ਼ਟਰਪਤੀ ਹੋ ਗਿਆ!

ਮੇਰੇ ਲਈ ਸੰਧੂ ਸਾਹਿਬ ਮੇਰੀ ਸਭ ਤੋਂ ਵੱਡੀ ਤਾਕਤ ਹਨ। ਉਹ ਮੇਰੀ ਮਾਂ, ਪਿਓ, ਮੇਰਾ ਪਤੀ ਮੇਰਾ ਸਭ ਕੁਝ ਹਨ। ਮੈਂ ਉਨ੍ਹਾਂ ਨੂੰ ਰੱਬ ਤੋਂ ਦੂਜਾ ਦਰਜਾ ਦਿੱਤਾ ਹੈ। ਉਮਰ ਦੇ ਨਾਲ ਅੱਜ ਕੱਲ੍ਹ ਮੇਰੀ ਸਿਹਤ ਠੀਕ ਨਹੀਂ ਰਹਿੰਦੀ। ਕੰਮ ਕਰਦੀ ਥੱਕ ਜਾਂਦੀ ਹਾਂ। ਮੈਂ ਕਹਿੰਦੀ ਆਂ, ਤੁਸੀਂ ਵੀ ਕੋਈ ਨਿੱਕਾ ਮੋਟਾ ਕੰਮ ਕਰ ਲਿਆ ਕਰੋ। ਆਖਣਗੇ 'ਪਹਿਲਾਂ ਤੂੰ ਆਪ ਹੀ ਮੈਨੂੰ ਵਿਗਾੜ ਲਿਐ। ਸਾਰਾ ਕੰਮ ਆਪ ਕਰਦੀ ਰਹੀ ਏਂ। ਮੈਂ ਕਰਨਾ ਚਾਹੁੰਦਾ ਤਾਂ ਰੋਕ ਦਿੰਦੀ ਸੈਂ। ਮਾੜੀਆਂ ਆਦਤਾਂ ਤੂੰ ਆਪ ਪਾ ਦਿੱਤੀਆਂ। ਮੈਂ ਸਿਧਾਂਤਕ ਤੌਰ 'ਤੇ ਮੰਨਦਾ ਹਾਂ ਕਿ ਬੰਦੇ ਨੂੰ ਘਰ ਦੇ ਕੰਮ ਵਿਚ ਮਦਦ ਕਰਨੀ ਚਾਹੀਦੀ ਹੈ ਪਰ ਅਮਲੀ ਤੌਰ 'ਤੇ ਹੁਣ ਕੁਝ ਨਹੀਂ ਕਰ ਸਕਦਾ। ਹੁਣ ਮੇਰੇ ਤੋਂ ਕੰਮ ਦੀ ਆਸ ਨਾ ਰੱਖ।' ਪਾਣੀ ਦਾ ਗਲਾਸ ਵੀ ਆਪ ਫੜ੍ਹ ਕੇ ਨਹੀਂ ਪੀਂਦੇ।

ਜਦੋਂ ਛੋਟੀ ਬੇਟੀ ਦਾ ਵਿਆਹ ਨਹੀਂ ਸੀ ਹੋਇਆ ਤਾਂ ਸਵੇਰੇ ਕਾਲਜ ਜਾਣ ਵੇਲੇ ਆਵਾਜ਼ਾਂ ਮਾਰਨੀਆਂ, 'ਆਵੀ ਰਮਨੀਕ। ਵੇਖੀਂ, ਧੋਬੀ ਦੇ ਪ੍ਰੈਸ ਕੀਤੇ ਕੱਪੜਿਆਂ ਵਿਚ ਵੱਟ ਜਾਪਦੇ ਨੇ, ਦੁਬਾਰਾ ਪ੍ਰੈਸ ਕਰ ਦੇਹ। ਮੇਰੀ ਇਸ ਸੂਟ ਨਾਲ ਦੀ ਟਾਈ ਫੜਾ। ਮੇਰੀਆਂ ਜੁਰਾਬਾਂ ਕਿੱਥੇ ਨੇ। ਜੁੱਤੀ ਫੜਾਈਂ।' ਉਂਜ ਜਨਾਬ ਨੂੰ ਸੱਜਣ ਫੱਬਣ ਦਾ ਸ਼ੌਕ ਮੁੱਢੋਂ ਰਿਹਾ ਹੈ। ਮੈਚ ਕਰਦੀ ਕਮੀਜ਼ ਤੇ ਪੱਗ। ਆਪਣੇ ਆਪ ਨੂੰ ਸ਼ੀਸ਼ੇ ਵਿਚ ਕਈ-ਕਈ ਵਾਰ ਵੇਖਣਾ ਤੇ ਫਿਰ ਮੈਨੂੰ ਪੁੱਛਣਾ ਕਿ ਮੈਂ ਠੀਕ ਲੱਗਦਾਂ? ਮੇਰੀ ਪੱਗ ਠੀਕ ਬੱਝੀ ਹੈ? ਖਾਣਾ ਪੀਣਾ ਇਨ੍ਹਾਂ ਦਾ ਬਿਲਕੁਲ ਸਾਦਾ। ਬੱਸ ਦਾਲ, ਸਬਜ਼ੀ, ਰੋਟੀ ਤੇ ਨਾਲ ਦਹੀਂ। ਸ਼ਰਾਬ-ਮੀਟ ਤਾਂ ਉਕਾ ਨਹੀਂ। ਸਬਜ਼ੀਆਂ ਵਿਚ ਭਿੰਡੀ, ਕਰੇਲੇ, ਕੱਦੂ ਪਾ ਕੇ ਬਣਾਈ ਛੋਲਿਆਂ ਦੀ ਦਾਲ, ਘੀਆ ਕੱਦੂ ਦਾ ਰਾਇਤਾ, ਸਾਗ ਤੇ ਮੱਕਈ ਦੀ ਰੋਟੀ ਇਨ੍ਹਾਂ ਦਾ ਮਨ ਪਸੰਦ ਖਾਣਾ ਹੈ।

ਇਨ੍ਹਾਂ ਦੀ ਇਕ ਗੱਲ ਇਕੋ ਵੇਲੇ ਮੈਨੂੰ ਚੰਗੀ ਵੀ ਲੱਗਦੀ ਹੈ ਤੇ ਮਾੜੀ ਵੀ। ਇਹ ਅਗਲੇ ਨੂੰ ਮਖੌਲ ਕਰਦਿਆਂ ਹਾਸੇ-ਹਾਸੇ ਵਿਚ ਬੜੀ ਕਰੜੀ ਗੱਲ ਵੀ ਆਖ ਦਿੰਦੇ ਨੇ। ਖਰੀ ਗੱਲ ਕਹਿਣੋਂ ਬਾਜ਼ ਨਹੀਂ ਆਉਂਦੇ। ਕਈ ਵਾਰ ਤਾਂ ਮੇਰੇ ਨਾਲ ਵੀ ਭਾਣਾ ਵਾਪਰ ਜਾਂਦਾ ਹੈ। ਮੈਂ ਕੁਝ ਚਿਰ ਲਈ ਰੁੱਸ ਜਾਂਦੀ ਹਾਂ। ਪਰ ਇਨ੍ਹਾਂ ਦੀ ਇਹ ਵੀ ਸਿਫਤ ਹੈ ਕਿ ਮੈਨੂੰ ਬਹੁਤਾ ਚਿਰ ਰੁੱਸੀ ਨਹੀਂ ਰਹਿਣ ਦਿੰਦੇ, ਆਪ ਹੀ ਮਨਾ ਲੈਂਦੇ ਨੇ। ਮੈਂ ਇਨ੍ਹਾਂ ਨੂੰ ਆਖਦੀ ਆਂ ਕਿ ਮੈਨੂੰ ਤਾਂ ਮਨਾ ਲਿਆ ਪਰ ਅਗਲੇ ਨੂੰ ਹਾਸੇ ਨਾਲ ਲਾਏ ਜ਼ਖਮਾਂ ਦਾ ਇਲਾਜ ਕੌਣ ਕਰੂ? ਪਰ ਵਾਦੜੀਆਂ ਸਜਾਦੜੀਆਂ ਦਾ ਕੀ ਕੀਤਾ ਜਾ ਸਕਦਾ ਹੈ? ਕਹਿੰਦੇ ਨੇ, ਕੀ ਕਰਾਂ? ਮੇਰੇ ਕੋਲੋਂ ਮਨ ਵਿਚ ਗੱਲ ਰੱਖ ਹੀ ਨਹੀਂ ਹੁੰਦੀ। ਕਦੀ-ਕਦੀ ਬੜੇ ਗੁੱਸੇ ਵਿਚ ਵੀ ਆ ਜਾਂਦੇ ਨੇ। ਇਨ੍ਹਾਂ ਦਾ ਗੁੱਸਾ ਵੀ ਦੁੱਧ ਦੇ ਉਬਾਲ ਵਰਗਾ ਹੈ। ਹੁਣ ਤਾਂ ਕਈ ਵਾਰ ਕੋਈ ਗੱਲ ਕਰਦਿਆਂ ਭਾਵੁਕ ਵੀ ਹੋ ਜਾਂਦੇ ਨੇ। ਅੱਖਾਂ ਵਿਚ ਅੱਥਰੂ ਭਰ ਲੈਂਦੇ ਨੇ। ਚਿੜੀਆਂ ਦਾ ਚੰਬੇ ਵਾਲਾ ਗੀਤ ਤਾਂ ਜਦੋਂ ਧੀਆਂ ਬਾਲੜੀਆਂ ਸਨ, ਉਦੋਂ ਵੀ ਸੁਣਦੇ ਸਨ ਤਾਂ ਰੋ ਪੈਂਦੇ ਸਨ। ਪਰ ਇਹ ਵੀ ਵਰਿਆਮ ਸਿੰਘ ਸੰਧੂ ਹੀ ਹਨ, ਲੋਹੇ ਦੇ ਜਿਗਰੇ ਵਾਲੇ ਕਿ ਵੱਡੇ-ਵੱਡੇ ਸੰਕਟ ਆਉਂਦੇ ਰਹੇ, ਕਦੇ ਸੀ ਨਾ ਕੀਤੀ, ਸਭ ਚੁੱਪ ਕਰਕੇ ਸਹਿ ਗਏ, ਜਿਵੇਂ ਕੁਝ ਹੋਇਆ ਈ ਨਹੀਂ ਹੁੰਦਾ।

(ਚਲਦਾ)

# ਪਰੰਪਰਾਗਤ ਤਿਉਹਾਰ-ਲੋਹੜੀ

ਸੁਖਦੇਵ ਮਾਦਪੁਰੀ
ਫੋਨ: 91-94630-34472

ਪੰਜਾਬ ਰੰਗਲੀਆਂ ਅਤੇ ਮਨਮੋਹਕ ਰੁੱਤਾਂ ਵਾਲਾ ਸੂਬਾ ਹੈ, ਜਿੱਥੇ ਗਰਮੀ ਵੀ ਲੋਹੜੇ ਦੀ ਪੈਂਦੀ ਹੈ ਅਤੇ ਸਰਦੀ ਵੀ ਕਾਂਬਾ ਛੇੜ ਦਿੰਦੀ ਹੈ। ਸਾਉਣ ਦੀਆਂ ਫੁਹਾਰਾਂ ਰੂਹਾਂ ਨੂੰ ਸਰਸ਼ਾਰ ਕਰਦੀਆਂ ਹਨ ਅਤੇ ਬਸੰਤ ਰੁੱਤੇ ਧਰਤੀ ਮੌਲਦੀ ਹੈ ਤੇ ਬਨਸਪਤੀ 'ਤੇ ਨਵਾਂ ਨਿਖਾਰ ਆਉਂਦਾ ਹੈ। ਪੰਜਾਬੀ ਇਨ੍ਹਾਂ ਵੰਨ ਸਵੰਨੀਆਂ ਰੁੱਤਾਂ ਨੂੰ ਮਨੋਰੰਜਨ ਭਰਪੂਰ ਤਿਉਹਾਰ ਮਨਾ ਕੇ ਮਾਣਦੇ ਹਨ।

ਦੀਵਾਲੀ, ਦੁਸਹਿਰਾ, ਲੋਹੜੀ, ਵਿਸਾਖੀ ਅਤੇ ਬਸੰਤ ਪੰਚਮੀ ਦੇ ਤਿਉਹਾਰ ਪੰਜਾਬੀਆਂ ਲਈ ਨਵੇਂ ਚਾਅ ਤੇ ਉਮਾਹ ਲੈ ਕੇ ਆਉਂਦੇ ਹਨ। ਲੋਹੜੀ ਪੰਜਾਬੀਆਂ ਦਾ ਸਰਦ ਰੁੱਤ ਦਾ ਤਿਉਹਾਰ ਹੈ। ਇਹ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਮਨਾਇਆ ਜਾਂਦਾ ਹੈ। ਪੰਜਾਬ ਦੇ ਲੋਕ ਜੀਵਨ ਵਿਚ ਇਸ ਤਿਉਹਾਰ ਦੀ ਬਹੁਤ ਮਹੱਤਤਾ ਹੈ।

ਲੋਹੜੀ ਮਨਾਉਣ ਸਬੰਧੀ ਕਈ ਧਾਰਨਾਵਾਂ ਪ੍ਰਚਲਿਤ ਹਨ। ਕਿਹਾ ਜਾਂਦਾ ਹੈ ਕਿ ਹਰਨਾਕਸ਼ ਦੀਆਂ ਦੋ ਭੈਣਾਂ ਸਨ-ਹੋਲਿਕਾ ਤੇ ਲੋਹੜੀ। ਇਨ੍ਹਾਂ ਨੂੰ ਵਰ ਪ੍ਰਾਪਤ ਸੀ ਕਿ ਅੱਗ ਇਨ੍ਹਾਂ ਨੂੰ ਸਾੜ ਨਹੀਂ ਸਕਦੀ। ਹਰਨਾਕਸ਼ ਦਾ ਪੁੱਤਰ ਪ੍ਰਹਿਲਾਦ ਰੱਬ ਦਾ ਭਗਤ ਸੀ ਜੋ ਆਪਣੇ ਪਿਤਾ ਦੀ ਥਾਂ ਰੱਬ ਦੀ ਪੂਜਾ ਕਰਦਾ ਸੀ ਜਿਸ ਕਰਕੇ ਹਰਨਾਕਸ਼ ਉਸ ਨੂੰ ਨਫਰਤ ਕਰਦਾ ਸੀ ਅਤੇ ਮਰਵਾਉਣਾ ਚਾਹੁੰਦਾ ਸੀ। ਹਰਨਾਕਸ਼ ਨੇ ਹੋਲਿਕਾ ਨੂੰ ਕਿਹਾ ਕਿ ਉਹ ਪ੍ਰਹਿਲਾਦ ਨੂੰ ਗੋਦੀ ਵਿਚ ਲੈ ਕੇ ਬਲਦੀ ਚਿਖਾ ਵਿਚ ਬੈਠ ਜਾਵੇ। ਉਹ ਪ੍ਰਹਿਲਾਦ ਨੂੰ ਗੋਦੀ ਵਿਚ ਲੈ ਕੇ ਬਲਦੀ ਚਿਖਾ ਵਿਚ ਬੈਠ ਗਈ। ਵਰ ਦੇ ਬਾਵਜੂਦ ਉਹ ਤਾਂ ਸੜ ਗਈ ਪਰ ਪ੍ਰਹਿਲਾਦ ਦਾ ਵਾਲ ਵੀ ਵਿੰਗਾ ਨਾ ਹੋਇਆ। ਇਸੇ ਤਰ੍ਹਾਂ ਲੋਹੜੀ ਨੂੰ ਵੀ ਕਰਨ ਲਈ ਕਿਹਾ ਗਿਆ। ਦੋਨੋਂ ਭੈਣਾਂ ਸੜ ਗਈਆਂ ਪਰੰਤੂ ਪ੍ਰਹਿਲਾਦ ਬਚ ਗਿਆ। ਉਦੋਂ ਤੋਂ ਲੋਕ ਆਪਣੀ ਲੰਮੇਰੀ ਉਮਰ ਦੀ ਕਾਮਨਾ ਲਈ ਲੋਹੜੀ ਬਾਲਣ ਲੱਗੇ।

ਪੰਜਾਬ ਵਿਚ ਗਾਏ ਜਾਂਦੇ ਲੋਹੜੀ ਦੇ ਗੀਤਾਂ ਵਿਚ 'ਸੁੰਦਰ ਮੁੰਦਰੀਏ' ਨਾਂ ਦਾ ਲੋਕ ਗੀਤ ਬੜਾ ਪ੍ਰਸਿੱਧ ਹੈ। ਇਹ ਲੋਹੜੀ ਦੇ ਪਿਛੋਕੜ ਨਾਲ ਜੁੜੀ ਇੱਕ ਕਹਾਣੀ ਬਿਆਨ ਕਰਦਾ ਹੈ। ਇਹ ਕਹਾਣੀ ਮੁਗਲ ਸਮਰਾਟ ਅਕਬਰ ਦੇ ਸਮਕਾਲੀ ਦੁੱਲਾ ਭੱਟੀ ਨਾਲ ਸਬੰਧਤ ਹੈ ਜਿਸ ਨੇ ਰਾਤ ਸਮੇਂ ਲੱਕੜਾਂ ਬਾਲ ਕੇ ਇੱਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਦਾ ਵਿਆਹ ਕੀਤਾ ਸੀ:

ਸੁੰਦਰ ਮੁੰਦਰੀਏ -ਹੋ
ਤੇਰਾ ਕੌਣ ਵਿਚਾਰਾ -ਹੋ
ਦੁੱਲਾ ਭੱਟੀ ਵਾਲਾ -ਹੋ
ਦੁੱਲੇ ਧੀ ਵਿਆਹੀ -ਹੋ
ਸੇਰ ਸੱਕਰ ਪਾਈ -ਹੋ...।

ਇੱਕ ਮਿਥਹਾਸਕ ਕਥਾ ਅਨੁਸਾਰ ਲੋਹੜੀ ਦੀ ਕਹਾਣੀ ਉਸ ਲੋਹੜੀ ਦੇਵੀ ਨਾਲ ਸਬੰਧ ਰੱਖਦੀ ਹੈ ਜਿਸ ਨੇ ਇੱਕ ਭੈੜੇ ਦੈਂਤ ਨੂੰ ਸਾੜ ਕੇ ਸੁਆਹ ਕਰ ਦਿੱਤਾ ਸੀ। ਉਦੋਂ ਤੋਂ ਲੋਕ ਉਹਦੀ ਯਾਦ ਨੂੰ ਸੁਲਘਾ-ਸੁਲਘਾ ਕੇ ਯਾਦ ਕਰਦੇ ਹਨ।

ਲੋਹੜੀ ਦੇ ਤਿਉਹਾਰ ਨਾਲ ਮਨੁੱਖ ਦੀ ਆਪਣੇ ਵੰਸ਼ ਨੂੰ ਚਾਲੂ ਰੱਖਣ ਦੀ ਭਾਵਨਾ ਜੁੜੀ ਹੋਈ ਹੈ। ਇਹ ਤਿਉਹਾਰ ਨਵੇਂ ਵਿਆਹਾਂ ਅਤੇ ਨਵ ਜਨਮੇ ਬੱਚਿਆਂ ਦੀ ਖੁਸ਼ੀ ਲਈ ਮਨਾਇਆ ਜਾਂਦਾ ਹੈ। ਬੱਚਾ ਕਿਸੇ ਕਿਸਾਨ ਦੇ ਘਰ ਜਨਮੇ ਜਾਂ ਕਿਸੇ ਕਾਮੇ ਦੇ ਘਰ, ਖੁਸ਼ੀ ਪੁਰਾਣੇ ਵੇਲਿਆਂ 'ਚ ਸਾਰੇ ਪਿੰਡ ਲਈ ਸਾਂਝੀ ਹੋਇਆ ਕਰਦੀ। ਇਸ ਦਿਨ ਸਾਰੇ ਰਲ ਕੇ ਨਵ ਜਨਮੇ ਮੁੰਡੇ ਦੇ ਘਰੋਂ ਵਧਾਈਆਂ ਦਾ ਗੁੜ ਮੰਗ ਕੇ ਲਿਆਉਂਦੇ।

ਰਵਾਇਤੀ ਤੌਰ 'ਤੇ ਲੋਹੜੀ ਵੇਲੇ ਬੱਚੇ ਵਧ-ਚੜ੍ਹ ਕੇ ਭਾਗ ਲੈਂਦੇ ਹਨ। ਜਿੱਧਰ ਵੇਖੋ ਖਾਸ ਕਰ ਪਿੰਡਾਂ ਵਿਚ, ਬੱਚਿਆਂ ਦੀਆਂ ਟੋਲੀਆਂ ਲੋਹੜੀ ਦੇ ਗੀਤ ਗਾਉਂਦੀਆਂ ਫਿਰਦੀਆਂ ਹਨ। ਵਧਾਈਆਂ ਦੇ ਗੁੜ ਤੋਂ ਬਿਨਾ ਬੱਚੇ ਭੁਤ ਪਿੰਨੇ, ਰਿਉੜੀਆਂ, ਤਲੂਏ, ਬੱਕਲੀਆਂ, ਦਾਣੇ ਤੇ ਪਾਥੀਆਂ ਘਰ-ਘਰ ਜਾ ਕੇ ਗੀਤ ਗਾਉਂਦੇ ਹੋਏ ਮੰਗਦੇ ਹਨ।



ਮੰਗਣ ਵਾਲੇ ਬੱਚਿਆਂ ਵਿਚ ਛੋਟੇ-ਵੱਡੇ ਘਰਾਂ ਦਾ ਕੋਈ ਵਿਤਕਰਾ ਨਹੀਂ ਹੁੰਦਾ ਅਤੇ ਨਾ ਜਾਤ-ਪਾਤ ਦਾ ਫਰਕ ਹੁੰਦਾ ਹੈ। ਬੱਚੇ ਸਮੂਹਿਕ ਰੂਪ ਵਿਚ ਹੀ ਗੀਤ ਗਾਉਂਦੇ ਹਨ। ਵੱਡੀਆਂ ਕੁੜੀਆਂ ਅਤੇ ਸੁਆਣੀਆਂ ਇੱਕਠੀਆਂ ਹੋ ਕੇ ਵਧਾਈ ਵਾਲੇ ਘਰ ਜਾ ਕੇ ਗੁੜ ਦੀ ਭੇਲੀ ਮੰਗਦੀਆਂ ਹਨ। ਉਹ ਘਰ ਦੇ ਦਲਾਨ ਵਿਚ ਜਾ ਕੇ ਗਿੱਧਾ ਪਾਉਂਦੀਆਂ ਹਨ। ਗਿੱਧੇ ਵਿਚ ਵਧੇਰੇ ਕਰਕੇ ਵੀਰ ਪਿਆਰ ਦੀਆਂ ਬੋਲੀਆਂ ਹੀ ਪਾਈਆਂ ਜਾਂਦੀਆਂ ਹਨ। ਮੁੰਡੇ ਆਪਣੀ ਵੱਖਰੀ ਭੇਲੀ ਮੰਗਦੇ ਹਨ। ਇਸ ਮਗਰੋਂ ਪਿੰਡ ਦੀ ਸੱਥ ਵਿਚ ਸਾਰੀਆਂ ਭੇਲੀਆਂ ਇੱਕਠੀਆਂ ਕਰਕੇ ਗੁੜ ਦੀਆਂ ਭੇਲੀਆਂ ਭੰਨ ਕੇ ਰੋੜੀਆਂ ਅਥਵਾਂ ਡਲੀਆਂ ਬਣਾ ਲਈਆਂ ਜਾਂਦੀਆਂ ਹਨ। ਇਸ ਮਗਰੋਂ ਵਧਾਈਆਂ ਦਾ ਗੁੜ ਸਭ ਨੂੰ ਇਕੋ ਜਿਹਾ ਵਰਤਾ ਦਿੱਤਾ ਜਾਂਦਾ ਹੈ। ਹੁਣ ਜ਼ਮਾਨਾ ਬਦਲ ਗਿਆ ਹੈ ਤੇ ਇਹ ਸਭ ਕੁਝ ਬੀਤੇ ਦੀਆਂ ਗੱਲਾਂ ਹੋ ਗਈਆਂ ਹਨ।

ਹਰ ਪਿੰਡ ਵਿਚ ਵੱਖ-ਵੱਖ ਥਾਂਵਾਂ 'ਤੇ ਲੋਹੜੀ ਬਾਲੀ ਜਾਂਦੀ ਹੈ। ਲੱਕੜ ਦੇ ਵੱਡੇ ਵੱਡੇ ਖੁੰਢਾਂ ਨੂੰ ਅੱਗ ਲਾ ਕੇ ਸਾਰੇ ਸੇਕ ਰਹੇ ਹੁੰਦੇ ਹਨ, ਕਿਸੇ ਵਡਾਰੂ ਪਾਸੋਂ ਕੋਈ ਰੋਚਕ ਕਥਾ ਵਾਰਤਾ ਸੁਣਦੇ, ਨਾਲੋਂ ਨਾਲ ਅੱਗ ਉਪਰ ਤਿਲ ਸੁੱਟੇ ਜਾਂਦੇ ਹਨ। ਤਿਲ ਪਟਾਕ-ਪਟਾਕ ਕੇ ਇੱਕ ਅਨੁਪਮ ਰਾਗ ਉਤਪਨ ਕਰਦੇ ਹਨ। ਬਲਦੀ ਲੋਹੜੀ ਤੇ ਤਿਲ ਸੁੱਟਣ ਦਾ ਵਿਸ਼ੇਸ਼ ਮਹੱਤਵ ਸਮਝਿਆ ਜਾਂਦਾ ਹੈ। ਕਹਾਵਤ ਹੈ, ਜਿੰਨੇ ਜਠਾਣੀ ਤਿਲ ਸੁੱਟੇਗੀ, ਉਨੇ ਦਰਾਣੀ ਪੁੱਤ ਜਣੇਗੀ।

ਦਰਜਨਾਂ ਦੀ ਗਿਣਤੀ ਵਿਚ ਲੋਹੜੀ ਦੇ ਗੀਤ ਉਪਲੱਬਧ ਹਨ। ਕੁੜੀਆਂ ਦੇ ਗੀਤਾਂ ਦਾ ਮੁੰਡਿਆਂ ਦੇ ਗੀਤਾਂ ਨਾਲੋਂ ਫਰਕ ਹੁੰਦਾ ਹੈ। ਮੁੰਡੇ ਰੌਲਾ ਰੱਪਾ ਬਹੁਤ ਪਾਉਂਦੇ ਹਨ। ਕੁੜੀਆਂ ਬੜੇ ਸਲੀਕੇ ਅਤੇ ਰਹਾ ਨਾਲ ਗੀਤ ਗਾਉਂਦੀਆਂ ਹਨ। ਸਮੁੱਚੇ ਪਰਿਵਾਰ ਲਈ ਸ਼ੁਭ ਕਾਮਨਾਵਾਂ ਭੇਟ ਕਰਦੀਆਂ ਕੁੜੀਆਂ ਗਾਉਂਦੀਆਂ ਹਨ:

ਪਾ ਨੀ ਮਾਏਂ ਪਾ
ਕਾਲੇ ਕੁੱਤੇ ਨੂੰ ਵੀ ਪਾ
ਕਾਲਾ ਕੁੱਤਾ ਦਏ ਵਧਾਈ
ਤੇਰੀ ਜੀਵੇ ਮੱਝੀਂ ਗਾਈਂ
ਮੱਝੀਂ ਗਾਈਂ ਨੇ ਦਿੱਤਾ ਦੁੱਧ
ਤੇਰੇ ਜੀਵਨ ਸੱਤੇ ਪੁੱਤ
ਸੱਤਾਂ ਪੁੱਤਾਂ ਦੀ ਕੁੜਮਾਈ
ਡੋਲੀ ਛਮ ਛਮ ਕਰਦੀ ਆਈ
ਸਾਨੂੰ ਸੇਰ ਸੱਕਰ ਪਾਈ।

ਮੁੰਡੇ ਗਾਉਂਦੇ ਹਨ:

ਲੋਹੜੀ ਬਈ ਲੋਹੜੀ
ਥੋੜਾ ਕਰਮਾ ਚੜ੍ਹਿਆ ਘੋੜੀ
ਘੋੜੀ ਨੇ ਮਾਰੀ ਲੱਤ
ਥੋੜੇ ਮੁੰਡੇ ਜੰਮਣ ਸੱਤ
ਸਾਡੀ ਲੋਹੜੀ ਮਨਾ ਦੋ।

ਲੋਹੜੀ ਦਾ ਇਹ ਪਰੰਪਰਾਗਤ ਤਿਉਹਾਰ ਸਮੂਹ ਪੰਜਾਬੀਆਂ ਲਈ ਖੁਸ਼ੀਆਂ ਦੇ ਅਵਸਰ ਪ੍ਰਦਾਨ ਕਰਦਾ ਹੈ। ਇਹ ਬਹੁਤ ਹੀ ਖੁਸ਼ੀ ਦਾ ਮੁਕਾਮ ਹੈ ਕਿ ਅੱਜ ਕੱਲ ਕੁੜੀਆਂ ਦੀ ਲੋਹੜੀ ਵੀ ਮੁੰਡਿਆਂ ਵਾਂਗ ਮਨਾਈ ਜਾਣ ਲੱਗੀ ਹੈ। ਸੱਚ ਮੁੱਚ ਹੀ ਇਹ ਤਿਉਹਾਰ ਪੰਜਾਬੀਆਂ ਦੀ ਭਾਈਚਾਰਕ ਸਾਂਝ ਅਤੇ ਭਾਵਨਾਤਮਕ ਏਕਤਾ ਦਾ ਪ੍ਰਤੀਕ ਹੈ।

# ਮੁਜ਼ਰਿਮ ਤੇ ਜ਼ਰਾਇਮ ਪੇਸ਼ਾ ਹੋਣ 'ਚ ਫਰਕ ਸੀ

ਇਤਿਹਾਸ ਦੇ ਪੰਨੇ

***ਅੰਗਰੇਜ਼ਾਂ ਤੋਂ ਪਹਿਲਾਂ ਅਣਵੰਡੇ ਹਿੰਦੁਸਤਾਨ ਦੇ ਦੂਰ ਦੁਰੇਡੇ ਇਲਾਕਿਆਂ ਵਿਚ ਰਾਜ ਪ੍ਰਬੰਧ ਦੀ ਪਕੜ ਮਜ਼ਬੂਤ ਨਾ ਹੋਣ ਕਾਰਨ ਕਈ ਲੋਕ ਅਤੇ ਕਬੀਲੇ ਚੋਰੀ, ਠੱਗੀ ਤੇ ਲੁੱਟ-ਖੋਹ ਨੂੰ ਹੀ ਆਪਣਾ ਪੇਸ਼ਾ ਬਣਾਈ ਬੈਠੇ ਸਨ। ਐਸੇ ਲੋਕਾਂ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਉਣ ਲਈ ਅੰਗਰੇਜ਼ਾਂ ਨੇ 'ਕ੍ਰਿਮੀਨਲ ਟਰਾਈਬਜ਼ ਐਕਟ' ਲਾਗੂ ਕਰਕੇ ਬਹੁਤ ਸਾਰੇ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਕੇ ਉਨ੍ਹਾਂ 'ਤੇ ਕਈ ਸਖਤ ਪਾਬੰਦੀਆਂ ਲਾਈਆਂ। ਇਸ ਐਕਟ ਅਧੀਨ ਜ਼ਰਾਇਮ ਪੇਸ਼ਾ ਕਰਾਰ ਦੇਣ ਲਈ ਜੋ ਵਿਧੀ ਅਪਨਾਈ ਜਾਂਦੀ ਸੀ ਅਤੇ ਜਿਨ੍ਹਾਂ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਐਲਾਨਿਆ ਗਿਆ, ਉਸ ਬਾਰੇ ਇੰਗਲੈਂਡ ਰਹਿੰਦੇ ਪਾਕਿਸਤਾਨੀ ਲੇਖਕ ਗੁਲਾਮ ਮੁਸਤਫਾ ਡੋਗਰ ਨੇ ਇੱਕ ਖੋਜ ਭਰਪੂਰ ਲੰਮਾ ਲੇਖ ਲਿਖਿਆ ਹੈ। ਪੇਸ਼ ਹੈ, ਇਸ ਰੌਚਕ ਇਤਿਹਾਸ ਦੀ ਜਾਣਕਾਰੀ ਭਰਪੂਰ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਹੁਣ ਤੱਕ ਅਸੀਂ ਜਾਣ ਲਿਆ ਹੈ ਕਿ ਬ੍ਰਿਟਿਸ਼ ਹਕੂਮਤ ਦੌਰਾਨ ਕਿਹੜਾ ਕਬੀਲਾ ਕੀ-ਕੀ ਜੁਰਮ ਕਰਦਾ ਸੀ। ਹੁਣ ਫਿਰ ਉਸ ਗੱਲ 'ਤੇ ਆਉਂਦੇ ਹਾਂ, ਜਿਸ ਦਾ ਜ਼ਿਕਰ ਸ਼ੁਰੂ 'ਚ ਕੀਤਾ ਸੀ ਕਿ ਅੰਗਰੇਜ਼ ਹਕੂਮਤ ਜਦੋਂ ਵੀ ਕਿਸੇ ਬੰਦੇ ਜਾਂ ਕਬੀਲੇ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੰਦੀ ਸੀ, ਉਹ ਸਭ ਕਾਨੂੰਨ ਤਹਿਤ ਹੀ ਹੁੰਦਾ ਸੀ ਕਿਉਂਕਿ ਉਸ ਤੋਂ ਪਹਿਲਾਂ ਜੁਰਮ ਬਹੁਤ ਸਨ ਪਰ ਕਾਨੂੰਨ ਕੋਈ ਨਹੀਂ। ਜੁਰਾਇਮ 'ਤੇ ਠੱਲ੍ਹ ਪਾਉਣ ਲਈ ਹੀ ਗੋਰਿਆਂ ਨੇ



**ਗੁਲਾਮ ਮੁਸਤਫਾ ਡੋਗਰ ਯੂ. ਕੇ.**
ਫੋਨ: +44 78781-32209
E-mail: kotroy@hotmail.co.uk

ਲਿਪੀਅੰਤਰ:ਰਾਜਵਿੰਦਰ ਸਿੰਘ ਸਿੱਧੂ
ਫੋਨ: 91-98555-03224
ਸਰਬਜੀਤ ਸਿੰਘ ਸੰਧੂ
ਫੋਨ: 91-95010-11799

ਕਾਨੂੰਨ ਬਣਾਏ। ਪਰ ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਮੁਜ਼ਰਿਮ ਹੋਣਾ ਤੇ ਜ਼ਰਾਇਮ ਪੇਸ਼ਾ ਹੋਣਾ ਦੋ ਵੱਖ-ਵੱਖ ਗੱਲਾਂ ਹਨ। ਕੋਈ ਜ਼ਰੂਰੀ ਨਹੀਂ ਕਿ ਜੋ ਮੁਜ਼ਰਿਮ ਹੋਵੇ, ਉਹ ਜ਼ਰਾਇਮ ਪੇਸ਼ਾ ਵੀ ਹੋਵੇ। ਮੁਜ਼ਰਿਮ ਤਾਂ ਕੋਈ ਵੀ ਹੋ ਸਕਦਾ ਸੀ ਪਰ ਜ਼ਰਾਇਮ ਪੇਸ਼ਾ ਹਕੂਮਤ ਵਲੋਂ ਬਣਾਏ ਕਾਨੂੰਨ ਮੁਤਾਬਕ ਹੀ ਤੈਅ ਹੁੰਦਾ ਸੀ। ਇਸ ਲਈ ਇੱਕ ਕਾਨੂੰਨ ਲਿਆਂਦਾ ਗਿਆ ਜਿਸ ਤਹਿਤ ਕਿਸੇ ਇੱਕ ਬੰਦੇ, ਖਾਨਦਾਨ ਜਾਂ ਕਬੀਲੇ ਦਾ ਧੰਦਾ ਹੀ ਜੁਰਮ ਹੁੰਦਾ ਤਾਂ ਉਸ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਦਿੱਤਾ ਜਾਂਦਾ ਸੀ। ਗੋਰਿਆਂ ਨੇ ਇੱਕ ਸ਼ਬਦ ਕੱਢਿਆ ਸੀ-ਜ਼ਰਾਇਮ ਪੇਸ਼ਾ ਭਾਵ ਲਗਾਤਾਰ ਗੈਰਕਾਨੂੰਨੀ ਕੰਮ ਕਰਨ ਵਾਲਾ ਜਾਂ ਜਿਸ ਦੀ ਆਮਦਨ ਦਾ ਜ਼ਰੀਆ ਸਿਰਫ ਗੈਰ ਕਾਨੂੰਨੀ ਢੰਗ ਤਰੀਕੇ ਤੋਂ ਸੀ। ਜ਼ਰਾਇਮ ਪੇਸ਼ਾ ਕਰਾਰ ਦੇਣ ਲਈ ਬਣਾਏ ਗਏ ਕਾਨੂੰਨ 'ਕ੍ਰਿਮੀਨਲ ਟਰਾਈਬਜ਼ ਐਕਟ 1924' (ਵਾਲੀਅਮ 6) 'ਚ ਵੇਰਵੇ ਸਹਿਤ ਲਿਖਿਆ ਗਿਆ ਹੈ ਕਿ ਕਿਵੇਂ ਕਿਸੇ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਜਾ ਸਕਦਾ ਹੈ। ਕਾਨੂੰਨ ਤਾਂ ਅੰਗਰੇਜ਼ਾਂ ਨੇ ਹੋਰ ਵੀ ਕਈ ਬਣਾਏ ਸਨ, ਜ਼ਰਾਇਮ 'ਤੇ ਠੱਲ੍ਹ ਪਾਉਣ ਲਈ ਪਰ ਇਸ ਕਾਨੂੰਨ ਤਹਿਤ ਜ਼ਰਾਇਮ ਨੂੰ ਬਿਹਤਰ ਢੰਗ ਨਾਲ ਕਾਬੂ ਕੀਤਾ ਜਾ ਸਕਿਆ।

**ਜ਼ਰਾਇਮ ਪੇਸ਼ਾ ਕਰਾਰ ਦੇਣ ਦਾ ਢੰਗ:** ਜਿਸ ਵੀ ਬੰਦੇ, ਖਾਨਦਾਨ ਜਾਂ ਕਬੀਲੇ ਨੂੰ ਅੰਗਰੇਜ਼ਾਂ ਨੇ ਜ਼ਰਾਇਮ ਪੇਸ਼ਾ ਕਰਾਰ ਦੇਣਾ ਹੁੰਦਾ, ਉਸ ਲਈ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰਦੇ। ਕ੍ਰਿਮੀਨਲ ਟਰਾਈਬਜ਼ ਐਕਟ ਦੇ ਸੈਕਸ਼ਨ 3 (1) 'ਚ ਇਸ ਦੀ ਪਰਿਭਾਸ਼ਾ ਇੰਜ ਕੀਤੀ ਗਈ ਹੈ:

"If the provincial government has reason to believe that any tribe, gang or class of persons or any part of tribe, gang or class, is adicted to the systematic commission of non-bailable offences, it may, by notification in the official gazette, declare that such tribe, gang or class or as the case may be, that such part of the tribe, gang or class is criminal tribe for the purposes of this act."

(ਜੇ ਕਿਸੇ ਸੂਬੇ ਦੀ ਹਕੂਮਤ ਕੋਲ ਐਸੀ ਕੋਈ ਗਵਾਹੀ ਹੋਵੇ ਕਿ ਕੋਈ ਕਬੀਲਾ, ਗੈਂਗ ਜਾਂ ਕੁਝ ਲੋਕਾਂ ਦੀ ਜਮਾਤ ਜਾਂ ਕਿਸੇ ਕਬੀਲੇ ਦਾ ਕੁਝ ਹਿੱਸਾ ਨਾ ਕਾਬਿਲੇ ਜ਼ਮਾਨਤ ਜੁਰਮ ਫੈਲਾਉਣ ਦਾ ਆਦੀ ਹੋ ਗਿਆ ਹੈ ਤਾਂ ਸੂਬਾ ਹਕੂਮਤ ਐਸੇ ਕਬੀਲੇ ਜਾਂ ਗਰੋਹ ਨੂੰ ਸੂਰਤ-ਏ-ਹਾਲ ਮੁਤਾਬਕ ਸਰਕਾਰੀ ਗਜ਼ਟ 'ਚ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਜ਼ਰਾਇਮ ਪੇਸ਼ਾ ਕਰਾਰ ਦੇ ਸਕਦੀ ਹੈ।)

ਇਸੇ ਸੈਕਸ਼ਨ ਦੇ ਸਬ ਸੈਕਸ਼ਨ 4 'ਚ ਲਿਖਿਆ ਗਿਆ ਹੈ ਕਿ ਸਬੰਧਤ ਜ਼ਿਲ੍ਹਾ ਮੈਜਿਸਟਰੇਟ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਲੋਕਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਹੋਵੇ, ਉਨ੍ਹਾਂ ਦਾ ਇੱਕ ਰਜਿਸਟਰ ਬਣਾਵੇ ਤੇ ਉਸ 'ਚ ਉਨ੍ਹਾਂ ਦਾ ਨਾਂ ਦਰਜ ਕੀਤਾ ਜਾਵੇ। ਮੈਜਿਸਟਰੇਟ ਐਸੇ ਲੋਕਾਂ ਨੂੰ ਬੁਲਾ ਕੇ ਉਨ੍ਹਾਂ ਬਾਰੇ ਸਾਰੀ ਜਾਣਕਾਰੀ ਹਾਸਿਲ ਕਰੇ, ਉਂਗਲਾਂ ਦੇ ਨਿਸ਼ਾਨ ਲਵੇ ਅਤੇ ਇਨ੍ਹਾਂ ਲੋਕਾਂ ਨੂੰ ਕਿਹਾ ਜਾਵੇ



*ਇਹ ਭੇਡ ਕੱਟ ਜ਼ਰਾਇਮ ਪੇਸ਼ਾ ਕਬੀਲਾ ਸੀ ਇਹਨੂੰ ਅੰਮ੍ਰਿਤਸਰ ਦੇ ਕੋਲ ਬਣਾਏ ਗਏ ਕੈਂਪਾਂ ਵਿਚ ਲਿਆਂਦਾ ਗਿਆ*

ਕਿ ਜੇ ਉਹ ਸ਼ਹਿਰ ਛੱਡ ਕੇ ਜਾਣ ਤਾਂ ਆਪਣੇ ਥਾਣੇ 'ਚ ਰਿਪੋਰਟ ਕਰਕੇ ਜਾਣ। ਜੇ ਰਿਹਾਇਸ਼ ਬਦਲਣੀ ਹੈ ਤਾਂ ਵੀ ਇਤਲਾਹ ਥਾਣੇ 'ਚ ਦੇਣ।

ਜਿਸ ਵੀ ਇਲਾਕੇ ਦਾ ਜ਼ਰਾਇਮ ਪੇਸ਼ਾ ਆਦਮੀ ਆਪਣਾ ਇਲਾਕਾ ਛੱਡ ਕੇ ਦੂਜੇ ਇਲਾਕੇ 'ਚ ਜਾਂਦਾ ਤਾਂ ਅੰਗਰੇਜ਼ਾਂ ਦੀ ਸ਼ਰਤ ਸੀ ਕਿ ਉਹ ਆਪਣੇ ਇਲਾਕੇ ਦੇ ਥਾਣੇ 'ਚ ਜਾ ਕੇ ਰਿਪੋਰਟ ਕਰਵਾਏ ਕਿ ਮੈਂ ਇਸ ਇਲਾਕੇ ਤੋਂ ਦੂਜੇ ਇਲਾਕੇ 'ਚ ਜਾਣਾ ਹੈ, ਮੇਰੇ ਬਾਰੇ ਜਾਣਕਾਰੀ ਦਰਜ ਕਰ ਲਓ। ਫਿਰ ਉਸ ਜ਼ਰਾਇਮ ਪੇਸ਼ਾ ਆਦਮੀ ਦੀ ਇਹ ਜਿੰਮੇਵਾਰੀ ਵੀ ਹੁੰਦੀ ਸੀ ਕਿ ਉਹ ਜਿਸ ਵੀ ਇਲਾਕੇ 'ਚ ਜਾਵੇ, ਉਥੋਂ ਦੇ ਥਾਣੇ 'ਚ ਵੀ ਦਰਜ ਕਰਵਾਏ ਕਿ ਮੈਂ ਇੱਥੇ ਆ ਗਿਆ ਹਾਂ ਤੇ ਇੰਨੇ ਵਕਫੇ ਲਈ ਇੱਥੇ ਹੀ ਰਹਾਂਗਾ। ਜੇ ਉਹ ਅਜਿਹਾ ਨਹੀਂ ਸੀ ਕਰਦਾ ਤਾਂ ਪੁਲਿਸ ਗ੍ਰਿਫਤਾਰ ਕਰ ਸਕਦੀ ਸੀ। ਹੁਣ ਵੀ ਹਿੰਦੋਸਤਾਨ ਤੇ ਪਾਕਿਸਤਾਨ 'ਚ ਇਵੇਂ ਹੀ ਚਲਦਾ ਹੈ ਕਿ ਜਦੋਂ ਵੀ ਕੋਈ ਸ਼ਹਿਰੀ ਇਧਰੋਂ ਉਧਰ ਜਾਂ ਉਧਰੋਂ ਇਧਰ ਆਉਂਦਾ-ਜਾਂਦਾ ਹੈ ਤਾਂ ਉਸ ਨੂੰ ਸਬੰਧਤ ਥਾਣੇ 'ਚ ਰਿਪੋਰਟ ਕਰਨੀ ਪੈਂਦੀ ਹੈ ਕਿ ਮੈਂ ਇਸ ਜਗ੍ਹਾ ਮੌਜੂਦ ਹਾਂ।

ਜ਼ਰਾਇਮ ਪੇਸ਼ਾ ਲੋਕਾਂ ਦੇ ਆਪਣਾ ਸ਼ਹਿਰ ਛੱਡ ਕੇ ਜਾਣ ਦੀ ਰਿਪੋਰਟ ਥਾਣੇ 'ਚ ਦਰਜ ਕਰਵਾਉਣ ਨਾਲ ਸਬੰਧਤ ਮੈਂ ਇੱਕ ਕਿੱਸਾ ਸੁਣਾਉਨਾਂ। ਕਿੱਸਾ, ਮੈਂ ਵੇਖਿਆ ਤਾਂ ਨਹੀਂ, ਬਜ਼ੁਰਗਾਂ ਤੋਂ ਸੁਣਿਆ ਹੈ। ਬਜ਼ੁਰਗ ਦੱਸਦੇ ਨੇ ਕਿ ਗੱਲ 1947 ਤੋਂ ਪਹਿਲਾਂ ਦੀ ਹੈ ਕਿ ਨਾਰੋਵਾਲ (ਪਾਕਿਸਤਾਨ) ਦੇ ਨੇੜੇ ਇੱਕ ਪਿੰਡ ਹੈ, ਸੱਜਣ ਡੋਗਰ, ਸ਼ਹਿਰ ਦੇ ਬਿਲਕੁਲ ਨਾਲ। ਇਸ ਪਿੰਡੋਂ ਇੱਕ ਬਰਾਤ ਗਈ, ਚਵਿੰਡੇ ਦੇ ਨੇੜੇ ਪਿੰਡ ਰਾਜੀਆ ਬਾਜਵਾ 'ਚ। ਸਾਰੀ ਬਰਾਤ ਰੇਲ ਰਾਹੀਂ ਚਵਿੰਡੇ ਸਟੇਸ਼ਨ ਤੱਕ ਅੱਪੜੀ। ਅੱਗੇ ਉਨ੍ਹਾਂ ਜਿੱਥੇ ਜਾਣਾ ਸੀ, ਉਹ ਸਟੇਸ਼ਨ ਤੋਂ ਦੋ ਮੀਲ ਦੂਰ ਸੀ। ਗਰਮੀ ਦੇ ਦਿਨ ਸਨ। ਤੁਹਾਨੂੰ ਪਤਾ, ਪਹਿਲਾਂ ਜੱਟ ਕਣਕ ਵੱਢ ਕੇ ਹੀ ਆਪਣੇ ਧੀ-ਪੁੱਤਰ ਦਾ ਵਿਆਹ ਕਰਦੇ ਸਨ ਕਿਉਂਕਿ ਦਾਣੇ ਘਰ 'ਚ ਆ ਜਾਂਦੇ ਸਨ। ਜਿਸ ਘਰ ਬਰਾਤ ਢੁੱਕਣੀ ਸੀ, ਉਸ ਘਰ ਪਿੰਡ ਦੇ ਲੋਕ ਬੜੀ ਬੇਸਬਰੀ ਨਾਲ ਬਰਾਤ ਦੀ ਉਡੀਕ ਕਰ ਰਹੇ ਸਨ। ਜਦੋਂ ਬਰਾਤ ਤੁਰੀ ਆਉਂਦੀ ਨਜ਼ਰ ਆਈ ਤਾਂ ਉਨ੍ਹਾਂ ਆਓ ਭਗਤ ਲਈ ਤਿਆਰੀ ਸ਼ੁਰੂ ਕਰ ਦਿੱਤੀ। ਜੋ ਵੀ ਉਨ੍ਹਾਂ ਦਿਨਾਂ ਦੌਰਾਨ ਰਿਵਾਜ ਸੀ, ਲੈ ਆਂਦਾ। ਜਦੋਂ ਬਰਾਤ ਨੇੜੇ ਆਈ ਤਾਂ ਪਤਾ ਲੱਗਾ ਕਿ ਬਰਾਤੀਆਂ 'ਚ ਸਿਰਫ ਔਰਤਾਂ ਤੇ ਬੱਚੇ ਹੀ ਹਨ। ਲੋਕ ਹੈਰਾਨ ਕਿ ਬਰਾਤ 'ਚ ਤਾਂ ਬੰਦਾ ਹੀ ਕੋਈ ਨਹੀਂ ਆਇਆ, ਲਾੜਾ ਵੀ ਨਹੀਂ। ਨਾ ਪਿਓ, ਨਾ ਭਰਾ-ਸਿਰਫ ਔਰਤਾਂ ਤੇ ਬੱਚੇ ਹੀ ਆ ਗਏ।

ਘਰ ਵਾਲਿਆਂ ਜਦ ਪੁੱਛਿਆ ਕਿ ਬਾਕੀ ਲੋਕ ਕਿੱਥੇ ਹਨ? ਔਰਤਾਂ ਨੇ ਕਿਹਾ, ਬੈਠ ਜਾਓ, ਤੁਹਾਨੂੰ ਦੱਸਦੀਆਂ ਹਾਂ। ਉਹ ਜਦੋਂ ਬੈਠੇ ਤਾਂ ਪਤਾ ਲੱਗਾ ਕਿ ਬਰਾਤ 'ਚ ਜਿੰਨੇ ਵੀ ਬੰਦੇ ਸਨ, ਸਮੇਤ ਲਾੜੇ ਦੇ, ਸਾਰੇ ਹੀ ਬਦਮਾਸ਼ ਹਨ। ਸਭ ਨੂੰ ਗੋਰਿਆਂ ਨੇ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਹੋਇਆ ਸੀ। ਉਹ ਨਾਰੋਵਾਲ ਥਾਣੇ 'ਚ ਲਿਖਾ ਕੇ ਆਏ ਸਨ ਕਿ ਅਸੀਂ ਚਵਿੰਡੇ ਨੇੜੇ ਬਰਾਤ ਚੱਲੇ ਹਾਂ। ਚਵਿੰਡੇ ਪਹੁੰਚ ਕੇ ਸਬੰਧਤ ਥਾਣੇ ਫਲੋਹਾ ਰਿਪੋਰਟ ਕਰਨ ਗਏ ਸਨ ਕਿ ਅਸੀਂ ਆ ਗਏ ਹਾਂ, ਬੰਦੇ ਗਿਣ ਲਓ।

ਇਹ ਜਾਣ ਕੇ ਪਿੰਡ ਵਾਲੇ ਤੇ ਕੁੜੀ ਦੇ ਘਰ ਵਾਲੇ ਹੈਰਾਨ ਪ੍ਰੇਸ਼ਾਨ ਹੋ ਗਏ ਕਿ ਸਾਡੀ ਸਾਕਾਦਾਰੀ ਤਾਂ ਡਾਕੂਆਂ ਤੇ ਚੋਰਾਂ ਨਾਲ ਬਣ ਗਈ। ਏਨੇ ਨੂੰ ਪਿੰਡ ਦੇ ਕਿਸੇ ਬਜ਼ੁਰਗ ਨੇ ਕਿਹਾ, ਅੱਲ੍ਹਾ! ਇਸ ਤੋਂ ਤਾਂ ਚੰਗਾ ਇਹ ਆ ਕਿ ਸਾਡੀ ਕੁੜੀ ਮਰ ਜਾਵੇ। ਪਰ ਵਿਆਹ ਹੋ ਗਿਆ ਤੇ ਮੁੰਡੇ ਵਾਲੇ ਕੁੜੀ ਵਿਆਹ ਕੇ ਲੈ ਗਏ। ਪਿੰਡ ਵਾਲੇ ਦੱਸਦੇ ਹਨ ਕਿ ਉਹ ਕੁੜੀ ਪੰਜ-ਛੇ ਮਹੀਨੇ ਬਾਅਦ ਹੀ ਮਰ ਗਈ। ਇਸ ਤਰ੍ਹਾਂ ਕੁੜੀ ਵਾਲੇ ਸ਼ਰੀਫ ਪਰਿਵਾਰ ਦਾ ਬਦਮਾਸ਼ਾਂ ਦੇ ਟੱਬਰ ਤੋਂ ਖਹਿੜਾ ਛੁੱਟਾ।

ਇਸ ਕਿੱਸੇ ਤੋਂ ਅਸੀਂ ਸਮਝ ਹੀ ਗਏ ਹਾਂ ਕਿ ਜ਼ਰਾਇਮ ਪੇਸ਼ਾ ਕੀ ਹੁੰਦੇ ਸਨ ਅਤੇ ਸਮਾਜ 'ਚ ਉਨ੍ਹਾਂ ਦਾ ਕੀ ਰੁਤਬਾ ਸੀ? ਇਸ ਕਾਨੂੰਨ 'ਚ ਇੱਕ ਹੋਰ ਵਿਸ਼ੇਸ਼ ਗੱਲ ਇਹ ਵੀ ਸੀ ਕਿ ਜੇ ਕਿਸੇ ਬੰਦੇ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਦਿੱਤਾ ਜਾਂਦਾ ਸੀ ਤਾਂ ਉਹ ਬੰਦਾ ਕੁਝ ਸਮੇਂ ਬਾਅਦ ਆਪਣੀਆਂ ਆਦਤਾਂ ਸੁਧਾਰ ਲੈਂਦਾ ਤਾਂ ਉਸ ਦਾ ਨਾਂ ਜ਼ਰਾਇਮ ਪੇਸ਼ਾ ਆਦਮੀਆਂ ਦੀ ਲਿਸਟ 'ਚੋਂ ਕੱਢ ਦਿੱਤਾ ਜਾਂਦਾ। ਜੇ ਉਹ ਮੁੜ ਪੁਰਾਣੇ ਕੰਮ ਸ਼ੁਰੂ ਕਰ ਦਿੰਦਾ ਤਾਂ ਉਸ ਦਾ ਨਾਂ ਫਿਰ ਤੋਂ ਜ਼ਰਾਇਮ ਪੇਸ਼ਾ ਕਰਾਰ ਬੰਦਿਆਂ ਦੀ ਲਿਸਟ 'ਚ ਪਾ ਦਿੱਤਾ ਜਾਂਦਾ।

**ਜ਼ਰਾਇਮ ਪੇਸ਼ਾ ਕਰਾਰ ਦੇਣ ਦੇ ਪੜਾਅ:** ਕਿਸੇ ਵੀ ਬੰਦੇ, ਖਾਨਦਾਨ ਅਤੇ ਕਬੀਲੇ ਨੂੰ ਇੱਕ ਦਮ ਜ਼ਰਾਇਮ ਪੇਸ਼ਾ ਕਰਾਰ ਨਹੀਂ ਸੀ ਦੇ ਦਿੱਤਾ ਜਾਂਦਾ। ਇਸ ਦੇ ਵੱਖ-ਵੱਖ ਪੜਾਅ ਸਨ। ਸਭ ਤੋਂ ਪਹਿਲਾ ਪੜਾਅ ਸੀ, ਨਿਗਰਾਨੀ ਹੇਠ ਰੱਖਣਾ, ਇਸ ਤਹਿਤ ਜੇ ਕਿਸੇ ਵਿਅਕਤੀ ਜਾਂ ਕਬੀਲੇ ਉਪਰ ਜ਼ਰਾਇਮ ਪੇਸ਼ਾ ਹੋਣ ਦਾ ਸ਼ੱਕ ਹੋ ਜਾਂਦਾ ਤਾਂ ਉਸ ਦੀਆਂ ਰੋਜ਼ਮੱਰਾ ਸਰਗਰਮੀਆਂ ਦਾ ਧਿਆਨ ਰੱਖਿਆ ਜਾਂਦਾ ਕਿ ਉਹ ਕਿੱਥੇ-ਕਿੱਥੇ ਜਾਂਦਾ ਅਤੇ ਕਿਸ-ਕਿਸ ਬੰਦੇ ਨੂੰ ਮਿਲਦਾ-ਗਿਲਦਾ ਹੈ। ਜਦੋਂ ਇਹ ਪੜਾਅ ਪਾਰ ਹੋ ਜਾਂਦਾ ਤੇ ਪਤਾ ਲੱਗ ਜਾਂਦਾ ਕਿ ਇਸ ਬੰਦੇ ਜਾਂ ਖਾਨਦਾਨ ਦਾ ਚਾਲ-ਚਲਣ ਠੀਕ ਨਹੀਂ ਤਾਂ ਫਿਰ ਉਸ ਵਿਅਕਤੀ ਨੂੰ ਅਗਲੀ ਸ਼੍ਰੇਣੀ 'ਚ ਦਰਜ ਕਰ ਦਿੱਤਾ ਜਾਂਦਾ। ਅਗਲਾ ਪੜਾਅ ਸੀ, ਜ਼ਰਾਇਮ ਪੇਸ਼ਾ ਹੋਣ ਦਾ ਸ਼ੱਕ-ਅਰਥਾਤ ਕਿਸੇ ਬੰਦੇ ਜਾਂ ਕਬੀਲੇ 'ਤੇ ਸ਼ੱਕ ਪੈਦਾ ਹੋ ਜਾਂਦਾ ਕਿ ਇਹ ਜੁਰਮ ਕਰਦਾ ਹੈ। ਗਵਾਹੀਆਂ ਵੀ ਮਿਲ ਜਾਂਦੀਆਂ ਕਿ ਇਹ ਜ਼ਰਾਇਮ ਵਿਚ ਸ਼ਾਮਲ ਹੈ ਤਾਂ ਫਿਰ ਉਸ ਨੂੰ ਤੀਜੇ ਪੜਾਅ 'ਚ ਪਾ ਦਿੱਤਾ ਜਾਂਦਾ। ਇਸ ਪੜਾਅ 'ਚ ਉਸ ਬੰਦੇ ਜਾਂ ਕਬੀਲੇ ਨੂੰ ਰੱਖਿਆ ਜਾਂਦਾ ਜਿਸ ਬਾਰੇ ਸਾਬਤ ਹੋ ਜਾਂਦਾ ਕਿ ਇਸ ਨੂੰ ਪੁੱਠੇ ਕੰਮ ਕਰਨ ਤੋਂ ਬਿਨਾ ਹੋਰ ਕੋਈ ਕੰਮ ਹੀ ਨਹੀਂ, ਤੇ ਉਸ ਨੂੰ ਪੂਰੀ ਤਰ੍ਹਾਂ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਜਾਂਦਾ।

ਪਹਿਲੇ ਤੇ ਦੂਸਰੇ ਪੜਾਅ 'ਚ ਉਨ੍ਹਾਂ ਕਬੀਲਿਆਂ ਨੂੰ ਰੱਖਿਆ ਜਾਂਦਾ ਸੀ, ਜਿਨ੍ਹਾਂ ਬਾਰੇ ਇਤਲਾਹ ਹੋਵੇ ਪਰ ਗਵਾਹੀ ਨਾ ਹੋਵੇ। ਜਦੋਂ ਗਵਾਹੀ ਮਿਲ ਜਾਂਦੀ ਤਾਂ ਉਸ ਨੂੰ ਅਗਲੀ ਸ਼੍ਰੇਣੀ 'ਚ ਦਰਜ ਕਰ ਲਿਆ ਜਾਂਦਾ, ਨਹੀਂ ਤਾਂ ਉਸ ਸ਼੍ਰੇਣੀ 'ਚ ਰਹਿਣ ਦਿੱਤਾ ਜਾਂਦਾ। ਸ਼ੱਕ ਦੇ ਆਧਾਰ ਵਾਲੀ ਸ਼੍ਰੇਣੀ 'ਚ ਇਹ ਵੀ ਵੇਖਿਆ ਜਾਂਦਾ ਸੀ ਕਿ ਜ਼ਰਾਇਮ 'ਚ ਪੂਰੇ ਦਾ ਪੂਰਾ ਕਬੀਲਾ ਸ਼ਾਮਲ ਹੈ, ਕੁਝ ਕੁ ਬੰਦੇ ਜਾਂ ਸੀਮਤ ਖੇਤਰ ਦੇ ਲੋਕ? ਫਰਜ਼ ਕਰੋ, ਜੇ ਬਾਜਵੇ ਹੀ ਹੋਣ। ਬਾਜਵੇ ਸਿਆਲਕੋਟ 'ਚ ਵੀ ਸਨ ਤੇ ਹੁਸ਼ਿਆਰਪੁਰ 'ਚ ਵੀ। ਇਹ ਜ਼ਰੂਰੀ ਨਹੀਂ ਕਿ ਜੇ ਸਿਆਲਕੋਟ ਦੇ ਬਾਜਵੇ ਜ਼ਰਾਇਮ 'ਚ ਸ਼ਾਮਲ ਸਨ ਤਾਂ ਹੁਸ਼ਿਆਰਪੁਰ ਦੇ ਬਾਜਵੇ ਵੀ ਇਸ ਤਰ੍ਹਾਂ ਦੇ ਹੀ ਹੋਣਗੇ। ਜਿਸ ਇਲਾਕੇ ਦੇ ਬੰਦੇ ਜ਼ਰਾਇਮ 'ਚ ਸ਼ਾਮਲ ਹੁੰਦੇ, ਇਲਾਕੇ ਦੇ ਉਸ ਹਿੱਸੇ ਨੂੰ ਹੀ ਸ਼ਾਮਲ ਕੀਤਾ ਜਾਂਦਾ। ਦੂਜੇ ਇਲਾਕੇ ਦੇ ਉਸੇ ਕਬੀਲੇ ਨੂੰ ਨਹੀਂ। ਇਹ ਪੜਾਅ ਜੁਰਮ 'ਚ ਸ਼ਾਮਲ ਹੋਣ ਵਾਲੇ ਬੰਦੇ ਜਾਂ ਕਬੀਲੇ ਨੂੰ ਜ਼ਰਾਇਮ ਪੇਸ਼ਾ ਐਲਾਨਣ ਜਾਂ ਨਾ ਐਲਾਨਣ ਲਈ ਅਪਨਾਏ ਜਾਂਦੇ ਸਨ।

ਸਿੱਖਾਂ ਦੇ ਮਾਮਲੇ 'ਚ ਅਸੀਂ ਵੇਖਦੇ ਹਾਂ ਕਿ ਉਹ ਪਹਿਲੇ ਅਤੇ ਦੂਜੇ ਪੜਾਅ 'ਤੇ ਤਾਂ ਹੈ ਹੀ ਨਹੀਂ, ਫਿਰ 1947 ਤੋਂ ਇੱਕ ਦਮ ਬਾਅਦ ਉਨ੍ਹਾਂ ਨੂੰ ਤੀਜੇ ਪੜਾਅ 'ਚ ਕਿਵੇਂ ਲੈ ਲਿਆ ਗਿਆ? ਇਹ ਮਾਮਲਾ ਅਜੀਬ ਲੱਗਦਾ ਹੈ ਜੋ ਹਕੂਮਤ ਦੀ ਨਾਇਨਸਾਫੀ ਨੂੰ ਦਰਸਾਉਂਦਾ ਹੈ। ਹੁਣ ਅਸੀਂ ਹੋਰ ਵੀ ਕਬੀਲੇ ਵੇਖਾਂਗੇ ਜੋ ਜ਼ਰਾਇਮ 'ਚ ਸ਼ਾਮਲ ਸਨ ਤੇ ਜਾਣਾਂਗੇ ਕਿ ਕਿਤੇ ਇਨ੍ਹਾਂ 'ਚ ਸਿੱਖਾਂ ਦਾ ਨਾਂ ਆਉਂਦਾ ਹੈ ਕਿ ਨਹੀਂ। ਅੰਗਰੇਜ਼ਾਂ ਨੇ ਇਨ੍ਹਾਂ ਨੂੰ ਦੋ ਹਿੱਸਿਆਂ 'ਚ ਵੰਡਿਆ ਸੀ।

**ਖਾਨਾਬਦੋਸ਼ ਕਬੀਲੇ ਤੇ ਰਿਹਾਇਸ਼ੀ ਕਬੀਲੇ:** ਸਭ ਤੋਂ ਪਹਿਲਾਂ ਖਾਨਾਬਦੋਸ਼ ਕਬੀਲਿਆਂ ਦੀ ਗੱਲ ਕਰਾਂਗੇ। ਖਾਨਾਬਦੋਸ਼ ਕਬੀਲੇ ਉਹ ਸਨ ਜੋ ਇੱਕ ਥਾਂ ਟਿਕ ਕੇ ਨਹੀਂ ਸਨ ਰਹਿੰਦੇ। ਇਨ੍ਹਾਂ ਨੂੰ ਟੱਪਰੀਵਾਸ ਵੀ ਆਖਿਆ ਜਾਂਦਾ ਸੀ। ਬਲਦ ਗੱਡੀਆਂ ਹੀ ਇਨ੍ਹਾਂ ਦਾ ਘਰ ਹੁੰਦਾ, ਜਿਨ੍ਹਾਂ 'ਤੇ ਇਹ ਤੁਰਦੇ-ਫਿਰਦੇ ਰਹਿੰਦੇ। ਇਸ ਕਬੀਲੇ ਦੀਆਂ ਔਰਤਾਂ ਪਿੰਡਾਂ ਤੇ ਸ਼ਹਿਰਾਂ 'ਚ ਵੜ ਕੇ ਲੁੱਟਮਾਰ ਕਰਨ ਲਈ ਮਾਲਦਾਰ ਘਰ ਦੀ ਸ਼ਨਾਖਤ ਕਰਦੀਆਂ। ਇਨ੍ਹਾਂ ਦੀ ਆਪਣੀ ਵੱਖਰੀ ਬੋਲੀ ਤੇ ਇਸ਼ਾਰੇ ਹੁੰਦੇ, ਜਿਨ੍ਹਾਂ ਦੀ ਵਰਤੋਂ ਲੁੱਟਮਾਰ ਲਈ ਕਰਦੇ ਤੇ ਚੁਣੇ ਹੋਏ ਘਰ 'ਚ ਲੁੱਟਮਾਰ ਕਰਕੇ ਆਪਣਾ ਡੇਰਾ ਚੁੱਕ ਕੇ ਅਗਾਂਹ ਤੁਰ ਜਾਂਦੇ। ਇਸ ਕਬੀਲੇ ਦੀਆਂ ਔਰਤਾਂ ਬਹੁਤ ਦਲੇਰ ਹੁੰਦੀਆਂ ਤੇ ਆਪਣੇ ਕੋਲ ਖੰਜਰ ਰੱਖਦੀਆਂ ਸਨ। ਇਹ ਲੋਕ ਪਿੰਡਾਂ 'ਚ ਡਾਕੇ ਮਾਰ ਜਾਂਦੇ ਸਨ। ਜਿਨ੍ਹਾਂ ਖਾਨਾਬਦੋਸ਼ ਕਬੀਲਿਆਂ 'ਤੇ ਸ਼ੱਕ ਸੀ ਕਿ ਇਹ ਜ਼ਰਾਇਮ 'ਚ ਸ਼ਾਮਲ ਹੋ ਸਕਦੇ ਹਨ, ਅੰਗਰੇਜ਼ਾਂ ਨੇ ਉਨ੍ਹਾਂ ਦੀ ਇੱਕ ਲਿਸਟ ਤਿਆਰ ਕਰਵਾਈ ਤੇ ਉਨ੍ਹਾਂ ਨੂੰ ਨਿਗਰਾਨੀ ਹੇਠ ਰੱਖਿਆ ਪਰ ਇਹ 1916 ਤੱਕ ਰਜਿਸਟਰਡ ਨਹੀਂ ਸਨ। ਇਹ ਕਬੀਲੇ ਸਨ: ਗੜਗਾਉਂ ਦੇ ਕੰਜਰ ਤੇ ਧਨਵਾਰ, ਕਾਂਗੜਾ ਜ਼ਿਲ੍ਹੇ ਦੇ ਭੰਗਾਲੀ, ਮਿੰਟਗੁਮਰੀ ਜ਼ਿਲ੍ਹੇ ਦੇ ਦੂਲੂ ਤੇ ਪਰਹਾਰ ਬਲੋਚ ਅਤੇ ਝੰਗ ਜ਼ਿਲ੍ਹੇ ਦੇ ਸਗਲ ਬਲੋਚ, ਗਾਧੀ ਬਲੋਚ, ਚਨਾਰ ਤੇ ਚੂੜੇਹਾਰ।

ਸਾਡੇ ਕੋਲ ਇੱਕ ਹੋਰ ਲਿਸਟ ਕਬੀਲਿਆਂ ਬਾਰੇ ਹੈ, ਜਿਨ੍ਹਾਂ ਬਾਰੇ ਜ਼ਰਾਇਮ 'ਚ ਸ਼ਾਮਲ ਹੋਣ ਬਾਰੇ ਖਬਰਾਂ ਤਾਂ ਸਨ ਪਰ ਕੋਈ ਪੱਕੀ ਗਵਾਹੀ ਅਤੇ ਸਬੂਤ ਨਹੀਂ ਸਨ ਕਿ ਇਹ ਕਬੀਲੇ ਜ਼ਰਾਇਮ 'ਚ ਸ਼ਾਮਲ ਹਨ।

**ਜ਼ਰਾਇਮ ਦੇ ਆਧਾਰ 'ਤੇ ਸ਼ੱਕੀ ਖਾਨਾਬਦੋਸ਼ ਕਬੀਲਿਆਂ ਦੇ ਲੋਕਾਂ ਦੀ ਗਿਣਤੀ:**

| ਕਬੀਲਿਆਂ ਦੇ ਨਾਂ | ਮਰਦ | ਔਰਤਾਂ | ਕੁੱਲ |
|---|---|---|---|
| ਬਾਦੀ ਤੇ ਬਾਜ਼ੀਗਰ | 14581 | 13708 | **28289** |
| ਸਪੇਰਾ ਤੇ ਸਪਾਧਾ | 1597 | 1062 | **2689** |
| ਫੇਰਨਾ | 1078 | 953 | **2031** |
| ਅਹੀਰੀ ਤੇ ਥੋਹਰੀ | 914 | 746 | **1660** |
| ਗਗੜਾ | 346 | 295 | **641** |
| ਫਕੀਰ ਤੇ ਛੁਰੀਮਾਰ | 277 | 247 | **524** |
| ਭਤਰਾ | 147 | 137 | **284** |
| ਅਰਾਰਪੋਪੋ | 149 | 167 | **346** |
| ਮਹਾਤਮ | 52 | 43 | **95** |
| ਫਨਵਾਰ | 20 | 15 | **35** |
| ਮੋਚੀ ਮੰਗ | 19 | 13 | **32** |
| ਸ਼ਾਇਨ | 6 | 7 | **13** |
| ਸੰਥਿਆ | 3 | 1 | **4** |
| **ਕੁੱਲ** | **19189** | **17394** | **36583** |

ਇਸ ਤੋਂ ਅੱਗੇ ਉਹ ਲਿਸਟ ਹੈ, ਜਿਨ੍ਹਾਂ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਸੀ। ਇਨ੍ਹਾਂ ਬਾਰੇ ਪੱਕੀਆਂ ਗਵਾਹੀਆਂ ਅਤੇ ਸਬੂਤ ਸਨ ਕਿ ਇਹ ਲੁੱਟਮਾਰ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਕਰਦੇ। ਇਨ੍ਹਾਂ ਦੀ ਨਿਰਬਾਹ-ਏ-ਜ਼ਿੰਦਗੀ ਸਿਰਫ ਲੁੱਟਮਾਰ, ਚੋਰੀ ਤੇ ਠੱਗੀ ਹੈ। ਪੁਲਿਸ ਇਨ੍ਹਾਂ ਦਾ ਮੁਸਤੈਦੀ ਨਾਲ ਧਿਆਨ ਰੱਖਦੀ ਤਾਂ ਕਿ ਇਹ ਕਿਸੇ ਕਿਸਮ ਦੀ ਚੋਰੀ ਜਾਂ ਡਾਕਾ ਨਾ ਮਾਰਨ। ਪੂਰੇ ਪੰਜਾਬ 'ਚ ਇਨ੍ਹਾਂ ਦੀ ਗਿਣਤੀ 29 ਸੀ।

**ਖਾਨਾਬਦੋਸ਼ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਕਬੀਲਿਆਂ ਦੇ ਲੋਕਾਂ ਦੀ ਗਿਣਤੀ:**

| ਕਬੀਲੇ ਦਾ ਨਾਂ | ਮਰਦ | ਔਰਤਾਂ | ਕੁੱਲ |
|---|---|---|---|
| ਨਟ | 2490 | 2407 | **4897** |
| ਕੁਚਬੰਦ | 1187 | 1159 | **2346** |
| ਧਰੀ | 745 | 662 | **1407** |
| ਸਾਂਸੀ | 593 | 595 | **1188** |
| ਭੰਗਾਲੀ | 577 | 498 | **1075** |
| ਭਾਰਰ | 430 | 345 | **775** |
| ਪੱਖੀਵਾਰਾ | 404 | 344 | **748** |
| ਗੰਦੀਲਾ | 198 | 180 | **378** |
| ਕੰਜਰ | 135 | 180 | **258** |
| ਬੌਰੀਆ | 149 | 114 | **263** |
| ਭੇਡ ਕੱਟ | 114 | 138 | **252** |
| ਹਰਨੀ ਤੇ ਬਲੋਚ | 125 | 114 | **239** |
| ਗਦੜੀ | 70 | 76 | **146** |
| ਰਚਬੰਦ | 76 | 52 | **128** |
| ਮੀਰ ਸ਼ਿਕਾਰੀ | 40 | 37 | **77** |
| ਬਘਿਆੜ ਮਾਰ | 27 | 37 | **64** |
| ਕਿਕਨ | 28 | 36 | **64** |
| ਸਿੰਗੀਕਟ | 22 | 29 | **51** |
| ਬੈਡਨ | 19 | 21 | **40** |
| ਅਹੇਰੀਆ | 25 | 0 | **25** |
| ਭਰੇਰੀਆ | 9 | 4 | **13** |
| **ਕੁੱਲ** | **7463** | **6998** | **14461** |

ਹੁਣ ਅਸੀਂ ਤਿੰਨਾਂ ਲਿਸਟਾਂ ਦੇ ਵੇਰਵੇ ਵੇਖ ਲਏ ਹਨ ਤੇ ਇਹ ਵੀ ਵੇਖ ਲਿਆ ਹੈ ਕਿ ਇਨ੍ਹਾਂ 'ਚ ਕਿਤੇ ਵੀ ਸਿੱਖਾਂ ਦਾ ਜ਼ਿਕਰ ਨਹੀਂ ਆਇਆ, ਜਿਨ੍ਹਾਂ ਨੂੰ ਜ਼ਰਾਇਮ ਪੇਸ਼ਾ ਲਿਸਟ 'ਚ ਸ਼ਾਮਲ ਕੀਤਾ ਗਿਆ ਹੋਵੇ।

ਭੇਡ ਕੱਟ ਅਤੇ ਗਦੜੀ ਕਬੀਲਿਆਂ ਦੇ ਲੋਕਾਂ ਨੂੰ ਇਸਾਈਆਂ ਦੀ ਸਾਲਵੇਸ਼ਨ ਆਰਮੀ ਨੇ ਕੈਂਪਾਂ 'ਚ ਸੁਧਾਰਨ ਲਈ ਲਿਆਂਦਾ ਸੀ। ਇਨ੍ਹਾਂ ਨੂੰ ਜ਼ਮੀਨ ਦਿੱਤੀ ਗਈ ਤੇ ਕਾਸ਼ਤਕਾਰੀ ਸਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ 'ਚੋਂ ਈ ਬਹੁਤ ਸਾਰੇ ਲੋਕਾਂ ਨੇ ਇਸਾਈ ਧਰਮ ਕਬੂਲ ਕਰ ਲਿਆ।

**ਰਿਹਾਇਸ਼ੀ ਕਬੀਲੇ:** ਇਹ ਕਬੀਲੇ ਉਹ ਸਨ ਜੋ ਇੱਕ ਥਾਂ ਟਿਕ ਕੇ ਰਹਿੰਦੇ ਤੇ ਰਿਹਾਇਸ਼ ਨਹੀਂ ਸਨ ਬਦਲਦੇ। ਇਸ ਲਿਸਟ 'ਚ ਰਿਹਾਇਸ਼ੀ ਕਬੀਲਿਆਂ ਦੇ ਇਲਾਕਿਆਂ ਦਾ ਵੀ ਜ਼ਿਕਰ ਹੈ ਜੋ ਇਨ੍ਹਾਂ ਦੀਆਂ ਵਾਰਦਾਤਾਂ ਤੋਂ ਪ੍ਰਭਾਵਿਤ ਰਹੇ।

**ਰਿਹਾਇਸ਼ੀ ਜ਼ਰਾਇਮ ਪੇਸ਼ਾ ਕਬੀਲਿਆਂ ਦਾ ਨਾਂ ਤੇ ਇਲਾਕੇ ਦਾ ਵੇਰਵਾ ਇਸ ਤਰ੍ਹਾਂ ਹੈ:**

**(ਬਾਕੀ ਅਗਲੇ ਸਫੇ 'ਤੇ)**

# ਟੁੱਟੀ ਗੰਢੀ

ਭਾਈ ਮਹਾਂ ਸਿੰਘ ਵੱਲੋਂ ਬੇਦਾਵਾ ਲਿਖਣਾ, ਫਿਰ ਭੁੱਲ ਬਖਸ਼ਾਉਣ ਲਈ ਖਿਦਰਾਣੇ ਦੀ ਢਾਬ ਉਪਰ ਜਾ ਕੇ ਬੇਦਾਵਾ ਪੜਵਾਉਣਾ, ਇਹ ਇਨ੍ਹਾਂ ਸਰਦੀਆਂ ਦੇ ਦਿਨਾਂ ਦਾ ਵਰਤਾਰਾ ਹੈ। ਸਿੱਖ ਸਨਾਤਨੀ ਗ੍ਰੰਥਾਂ ਵਿਚ ਇਸ ਘਟਨਾ ਨੂੰ 'ਟੁੱਟੀ ਗੰਢੀ' ਦਾ ਨਾਮ ਦਿੱਤਾ ਗਿਆ ਹੈ।

ਗੁਰੂ ਜੀ ਦਾ ਹਰੇਕ ਵਰਤਾਰਾ, ਹਰੇਕ ਵਾਕ ਅਹਿਮ ਹੈ, ਇਵੇਂ ਹੀ ਟੁੱਟੀ ਗੰਢੀ ਸਾਖੀ ਦੀ ਵਿਚਿੱਤਰ ਭੂਮਿਕਾ ਹੈ। ਅਚਾਨਕ ਤਾਂ ਇਕ ਦਿਨ ਅਜਿਹਾ ਨਹੀਂ ਹੋਇਆ ਕਿ ਭਾਈ ਮਹਾਂ ਸਿੰਘ ਦਸਮ ਪਾਤਸ਼ਾਹ ਕੋਲ ਗਏ ਤੇ ਬੇਦਾਵਾ ਲਿਖ ਕੇ ਸਾਥੀਆਂ ਸਣੇ ਘਰੋ ਘਰੀ ਪਰਤ ਗਏ। ਬੇਦਾਵਾ ਲਿਖਣ ਪਿੱਛੇ ਕਿੰਨੇ ਹਫਤਿਆਂ ਦਾ ਵਿਚਾਰ-ਵਟਾਂਦਰਾ ਹੋਇਆ, ਤਕਰਾਰ ਹੋਇਆ, ਕਿਸੇ ਲਿਖਤ ਵਿਚ ਨਹੀਂ, ਤਾਂ ਵੀ ਏਨਾ ਵੱਡਾ ਫੈਸਲਾ ਲੈਣ ਪਿੱਛੇ ਇਕ ਇਤਿਹਾਸ ਹੈ। ਜਜ਼ਬੇ, ਵਿਸ਼ਵਾਸ ਅਚਾਨਕ ਗੁੰਮਰਾਹ ਨਹੀਂ ਹੋਏ। ਗੁਰੂ ਅਤੇ ਸਿੱਖ ਦਾ ਰਿਸ਼ਤਾ ਦੋ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਜੋੜਿਆ ਸੀ, ਸਰਬੰਸ ਦਾਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਰਿਸ਼ਤੇ ਨੂੰ ਪੱਕਾ ਕੀਤਾ ਸੀ। ਭਾਈ ਮਹਾਂ ਸਿੰਘ ਦਾ ਉਸ ਮਜ਼ਬੂਤ ਰਿਸ਼ਤੇ ਨੂੰ ਤੋੜਨਾ ਰੂਹ ਨਾਲੋਂ ਜਿਸਮ ਨੂੰ ਵੱਖ ਕਰਨ ਬਰਾਬਰ ਸੀ। ਆਖਰ ਉਹ ਘੜੀ ਆ ਗਈ, ਜਦੋਂ ਭਾਈ ਮਹਾਂ ਸਿੰਘ ਨੇ ਬੇਦਾਵਾ ਲਿਖ ਕੇ ਗੁਰੂ ਜੀ ਦੇ ਸਪੁਰਦ ਕਰ ਦਿੱਤਾ। ਚਾਲੀ ਯੋਧੇ ਜਾਨਾਂ ਬਚਾ ਕੇ ਆਪਣੇ ਘਰਾਂ ਵੱਲ ਚੱਲ ਪਏ। ਰੂਹ ਅਨੰਦਪੁਰ ਰਹਿ ਗਈ, ਜਿਸਮ ਘਰ ਪਰਤੇ।



ਹਰਪਾਲ ਸਿੰਘ ਪੰਨੂ
ਫੋਨ: +91-94642-51454

ਇਥੇ ਕੁਝ ਦੇਰ ਰੁਕ ਕੇ ਅੱਗੇ ਚੱਲਾਂਗੇ। ਸਾਖੀ ਦੇ ਮਾਇਨੇ ਪ੍ਰਗਟ ਹੋਣੇ ਸ਼ੁਰੂ ਹੋ ਗਏ ਹਨ। ਸਾਨੂੰ ਇਥੇ ਤਿੰਨ ਅਹਿਮ ਗੱਲਾਂ ਦੀ ਜਾਣਕਾਰੀ ਮਿਲਦੀ ਹੈ:

1. ਸਿੱਖ ਭੁੱਲਣਹਾਰ ਹੋਣ ਕਰਕੇ ਗਲਤੀ, ਗੁਸਤਾਖੀ, ਬੇਅਦਬੀ ਕਰੇਗਾ ਯਾਨਿ ਅਜਿਹਾ ਕਰਨ ਦੀ ਉਸ ਵਿਚ ਕਾਫੀ ਸੰਭਾਵਨਾ ਹੈ, ਤੇ ਰਹੇਗੀ।

2. ਗੁਰੂ ਮਹਾਰਾਜ ਜਾਣਦੇ ਹਨ, ਜਿਨ੍ਹਾਂ ਨੂੰ ਇੰਨਾ ਪਿਆਰ ਕੀਤਾ, ਉਹ ਵਧੀਕ ਦੂਰ ਨਹੀਂ ਜਾ ਸਕਦੇ, ਤਾਂ ਵੀ ਦੇਖੀਏ ਸਹੀ ਸਾਡੇ ਵੱਲੋਂ ਆਜ਼ਾਦ ਛੱਡੇ ਪਰਿੰਦੇ ਕਿੰਨੀ ਕੁ ਦੂਰ ਤੱਕ ਚਲੇ ਜਾਣਗੇ।

3. ਗਾਹੇ-ਬਗਾਹੇ ਸਿੱਖ ਗੁਰੂ ਤੋਂ ਬੇਮੁਖ ਹੋਏਗਾ, ਤਾਂ ਵੀ ਗੁਰੂ ਬਾਬੇ ਉਸ ਪਲ ਦੀ ਉਡੀਕ ਕਰਦੇ ਰਹਿਣਗੇ ਜਦੋਂ ਸਿੱਖ ਭੁੱਲ ਬਖਸ਼ਾਉਣ ਆਏਗਾ ਤੇ ਟੁੱਟੀਆਂ ਗੰਢੀਆਂ ਜਾਣਗੀਆਂ।

ਇਸ ਨਾਲ ਮਿਲਦੀ-ਜੁਲਦੀ ਦੂਜੀ ਸਾਖੀ ਭਾਈ ਦਾਨ ਸਿੰਘ ਦੀ ਹੈ। ਮੁਕਤਸਰ ਨਜ਼ਦੀਕ ਗੁਰਦੁਆਰਾ ਟਿੱਬੀ ਸਾਹਿਬ ਦੇ ਸਥਾਨ ਉਪਰ ਗੁਰੂ ਗੋਬਿੰਦ ਸਿੰਘ ਜੀ ਨਾਲ ਜਾਂਦਿਆਂ ਸਿੱਖਾਂ ਨੇ ਮਹਾਰਾਜ ਦੇ ਘੋੜੇ ਦੀ ਲਗਾਮ ਫੜ ਲਈ, ਸਾਰੇ ਰੁਕ ਗਏ। ਸਿੱਖਾਂ ਨੇ ਕਿਹਾ, ਘਰਾਂ ਵਿਚ ਤੰਗੀ ਹੈ ਮਹਾਰਾਜ। ਮਹੀਨਿਆਂ ਤੋਂ ਤਲਬਾਂ (ਤਨਖਾਹਾਂ) ਨਹੀਂ ਮਿਲੀਆਂ। ਤਲਬਾਂ ਤਾਰੋ ਤਾਂ ਅੱਗੇ ਜਾਣ ਦਿਆਂਗੇ, ਨਹੀਂ ਤਾਂ ਰੁਕਾਂਗੇ, ਰੋਕਾਂਗੇ। ਬਹੁਤ ਸਮਝਾਏ ਕਿ ਅਸਾਂ ਕਿਹੜਾ ਖਜ਼ਾਨੇ ਲੁਕਾ ਕੇ ਰੱਖੇ ਕਦੀ? ਜਦੋਂ ਮਿਲਿਆ, ਜਿੰਨਾ ਮਿਲਿਆ ਤੁਹਾਡੇ ਵਿਚ ਵੰਡ ਦਈਦਾ ਹੈ। ਧਨ ਆਏਗਾ, ਤਦ ਵੰਡ ਦਿਆਂਗੇ। ਬਜ਼ਿੱਦ ਸਿੱਖਾਂ ਨੇ ਲਗਾਮ ਨਹੀਂ ਛੱਡੀ। ਤਕਰਾਰ ਹੋ ਰਿਹਾ ਸੀ ਕਿ ਭਾਈ ਦੁਨੀ ਚੰਦ ਘੋੜੇ ਉਪਰ ਧਨ ਦੀਆਂ ਖੁਰਜੀਆਂ ਲੱਦੀ ਆ ਪੁੱਜੇ ਤੇ ਬੋਲੇ, ਬੜੀ ਮੁਸ਼ਕਿਲ ਨਾਲ ਲੱਭਿਆ ਮਹਾਰਾਜ ਤੁਹਾਨੂੰ। ਦਸਵੰਧ ਦੇਣ ਵਾਸਤੇ ਥਾਂ ਥਾਂ ਪੁਛਦਾ ਪੁਛਾਂਦਾ ਆਪ ਪਾਸ ਪੁੱਜਾ ਹਾਂ। ਮਨਜ਼ੂਰ ਕਰੋ ਸਾਡੀ ਸੇਵਾ ਹਜ਼ੂਰ।

ਗੁਰੂ ਜੀ ਨੇ ਪਿੱਠ ਪਿਛੋਂ ਢਾਲ ਉਤਾਰੀ ਜਿਸ ਵਿਚ ਧਨ ਭਰ ਭਰ ਸਿੱਖਾਂ ਵਿਚ ਵੰਡਣ ਲੱਗੇ। ਦੱਸੋ ਭਾਈ ਕਿੰਨੇ ਮਹੀਨਿਆਂ ਦੀ ਤਲਬ ਬਕਾਇਆ ਹੈ, ਆਖਦੇ ਅਤੇ ਵੰਡੀ ਜਾਂਦੇ। ਪੱਕੇ ਰੰਗ ਦਾ ਇਕ ਕੱਦਾਵਰ ਸਿੱਖ ਨੀਵੀਂ ਪਾਈ ਇੱਕ ਪਾਸੇ ਖਲੋਤਾ ਰਿਹਾ, ਤਲਬ ਲੈਣ ਅੱਗੇ ਨਾ ਵਧਿਆ। ਹਜ਼ੂਰ ਨੇ ਪੁੱਛਿਆ, ਦੱਸੋ ਭਾਈ ਕਿੰਨੀ ਤਲਬ ਹੈ ਤੁਹਾਡੀ? ਸਿੱਖ ਅੱਗੇ ਵਧਿਆ, ਜੀ ਕੋਈ ਬਕਾਇਆ ਨਹੀਂ, ਸਗੋਂ ਕਰਜ਼ ਚੁਕਾਣਾ ਹੈ ਆਪ ਦਾ।



ਗੁਰੂ ਜੀ ਨੇ ਪੁੱਛਿਆ, ਕੀ ਨਾਮ ਹੈ ਤੁਹਾਡਾ? ਕੀ ਚਾਹੀਦਾ ਹੈ ਫਿਰ ਜੇ ਮਾਇਆ ਨਹੀਂ ਚਾਹੀਦੀ? ਸਿੱਖ ਨੇ ਚਰਨ ਛੂਹੇ ਅਤੇ ਕਿਹਾ, ਜੀ ਮੇਰਾ ਨਾਮ ਦਾਨ ਸਿੰਘ ਹੈ। ਮੈਨੂੰ ਸਿੱਖੀ ਚਾਹੀਦੀ ਹੈ। ਸਿੱਖੀ ਦੀ ਬਖਸ਼ਿਸ਼ ਕਰੋ ਮਾਲਕ। ਮਹਾਰਾਜ ਨੇ ਛਾਤੀ ਨਾਲ ਲਾ ਕੇ ਫਰਮਾਇਆ, ਅੱਜ ਮਾਲਵਾ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਨਾਲੋਂ ਟੁੱਟ ਚੱਲਿਆ ਸੀ ਭਾਈ ਦਾਨ ਸਿੰਘ, ਤੁਸੀਂ ਬਚਾ ਲਿਆ। ਜਿਵੇਂ ਮਾਝੇ ਦੀ ਟੁੱਟੀ ਭਾਈ ਮਹਾਂ ਸਿੰਘ ਨੇ ਗੰਢੀ ਸੀ, ਤੁਸੀਂ ਅੱਜ ਮਾਲਵੇ ਦੀ ਟੁੱਟੀ ਗੰਢੀ। ਇਤਿਹਾਸ ਵਿਚ ਤੁਹਾਡੀ ਜੜ੍ਹ ਲੱਗੀ।

ਗੁਰੂ ਅਤੇ ਸਿੱਖ ਵਿਚ ਇਹ ਫਰਕ ਅਕਸਰ ਦੇਖਣ ਨੂੰ ਮਿਲੇਗਾ। ਸਿੱਖ ਗੁਰੂ ਤੋਂ ਦੂਰ ਜਾਏਗਾ, ਗੁਰੂ ਜੀ ਉਡੀਕਣਗੇ, ਚਾਹੁਣਗੇ ਕਿ ਵਾਪਸ ਆਏ, ਭੁੱਲ ਬਖਸ਼ਵਾਏ। ਕਿਸੇ ਸ਼ਹਿਰ ਜਾਂ ਪਿੰਡ ਦਾ ਕੋਈ ਬੰਦਾ ਅਸੀਂ ਬੁਰਾ ਦੇਖ ਲਈਏ ਤਾਂ ਆਖਾਂਗੇ, ਇਹ ਸਾਰਾ ਸ਼ਹਿਰ ਹੀ ਬੁਰਾ ਹੈ, ਫਟਕਾਰਿਆ ਹੋਇਆ। ਸਭ ਦੋਜ਼ਖਾਂ ਵਿਚ ਜਾਣਗੇ। ਗੁਰੂ ਜੀ ਆਪਣੇ ਆਲੇ-ਦੁਆਲੇ ਬੁਰਿਆਂ ਦੀ ਭੀੜ ਦੇਖਦੇ ਹਨ, ਉਡੀਕਦੇ ਹਨ। ਕੋਈ ਇਕ ਇਨ੍ਹਾਂ ਵਿਚੋਂ ਚੰਗਾ ਹੋਵੇ ਤਾਂ ਇਕ ਦੇ ਸਹਾਰੇ ਸਾਰਿਆਂ ਦੇ ਔਗੁਣ ਮਾਫ ਕਰੀਏ।

ਪੰਡਿਤ ਕਿਰਪਾ ਰਾਮ ਕਸ਼ਮੀਰੀ ਬ੍ਰਾਹਮਣਾਂ ਦਾ ਜਥਾ ਲੈ ਕੇ ਗੁਰੂ ਤੇਗ ਬਹਾਦਰ ਦੀ ਸ਼ਰਣ ਅਨੰਦਪੁਰ ਆਏ ਸਨ। ਮਹਾਰਾਜ ਸ਼ਹਾਦਤ ਦੇਣ ਦਿੱਲੀ ਵੱਲ ਤੁਰੇ, ਭਾਈ ਕਿਰਪਾ ਰਾਮ ਨਾਲ ਤੁਰੇ। ਗੁਰੂ ਜੀ ਰੁਕੇ, ਫੁਰਮਾਇਆ, ਤੁਸੀਂ ਨਾ ਦਿੱਲੀ ਜਾਓਗੇ ਭਾਈ ਕਿਰਪਾ ਰਾਮ, ਨਾ ਸ੍ਰੀਨਗਰ। ਤੁਹਾਨੂੰ ਵੱਡੀ ਜਿੰਮੇਵਾਰੀ ਸੌਂਪ ਕੇ ਚੱਲੇ ਹਾਂ। ਬਾਲਕ ਗੋਬਿੰਦ ਰਾਇ ਦੀ ਵਿੱਦਿਆ ਦੀ ਜਿੰਮੇਵਾਰੀ ਤੁਹਾਡੇ ਸਿਰ ਹੋਈ। ਆਪਣੇ ਸਮੇਂ ਅਰਬੀ, ਫਾਰਸੀ, ਸੰਸਕ੍ਰਿਤ, ਬ੍ਰਜ ਭਾਸ਼ਾ ਦੇ ਸ਼੍ਰੋਮਣੀ ਵਿਦਵਾਨ ਪਾਸੋਂ ਦਸਮ ਪਾਤਸ਼ਾਹ ਨੇ ਵਿੱਦਿਆ ਹਾਸਲ ਕੀਤੀ।

ਵਿਸਾਖੀ 1699 ਨੂੰ ਜਦੋਂ ਅੰਮ੍ਰਿਤ ਦੀ ਦਾਤ ਵੰਡੀ ਜਾਣ ਲੱਗੀ, ਕਿਰਪਾ ਰਾਮ ਅੰਮ੍ਰਿਤ ਛਕ ਕੇ ਭਾਈ ਕਿਰਪਾ ਸਿੰਘ ਹੋ ਗਏ। ਚਮਕੌਰ ਦੀ ਜੰਗ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਹਿਫਾਜ਼ਤ ਕਰਦਿਆਂ ਸ਼ਹੀਦ ਹੋਏ। ਮੈਂ ਕਿਉਂਕਿ ਸਿੱਖ ਹਾਂ ਇਸ ਕਰਕੇ ਭਾਈ ਕਿਰਪਾ ਰਾਮ ਦੀ ਥਾਂ ਮੈਨੂੰ ਗੰਗੂ ਵਧੀਕ ਯਾਦ ਰਹਿੰਦਾ ਹੈ!

ਡਾ. ਹਿਮਾਦਰੀ ਬੈਨਰਜੀ ਕਲਕੱਤਿਓਂ ਮੇਰੇ ਪੀਐਚ.ਡੀ. ਕਰਦੇ ਖੋਜਾਰਥੀ ਦਾ ਇਮਤਿਹਾਨ ਲੈਣ ਪਟਿਆਲੇ ਆਏ। ਕੰਮ ਕਾਜ ਖਤਮ ਹੋਇਆ। ਖਾਣਾ ਖੁਆ ਕੇ ਉਨ੍ਹਾਂ ਨੂੰ ਛੱਡਣ ਰੇਲਵੇ ਸਟੇਸ਼ਨ ਗਿਆ। ਕਹਿਣ ਲੱਗੇ, ਪੰਨੂ ਭਾਈ, ਟ੍ਰੇਨ ਆਨੇ ਮੇਂ ਅਭੀ ਵਕਤ ਹੈ। ਕੋਈ ਬਾਤ ਸੁਨਾਏਂ। ਮੈਨੂੰ ਸ਼ਿਵਜੀ ਦੀ ਸਾਖੀ ਯਾਦ ਆ ਗਈ। ਸੁਣਾਈ। ਨਾਰਦ ਨੇ ਸ਼ਿਵਜੀ ਨੂੰ ਪੁੱਛਿਆ, ਅਸੀਂ ਧਰਤੀ ਉਪਰ ਕਿੱਥੋਂ ਆਏ ਸੀ ਮਹਾਰਾਜ? ਕੀ ਕਰਨ ਆਏ? ਫਿਰ ਇਸ ਤੋਂ ਬਾਅਦ ਕਿੱਥੇ ਜਾਵਾਂਗੇ? ਸ਼ਿਵਜੀ ਨੇ ਕਿਹਾ, ਤੁਸੀਂ ਅਤੇ ਅਸੀਂ ਹਜ਼ਾਰ ਵਾਰ ਇਸ ਧਰਤੀ ਉਪਰ ਆਏ, ਹਜ਼ਾਰ ਵਾਰ ਤੁਸੀਂ ਇਹੋ ਸਵਾਲ ਪੁੱਛਿਆ, ਉਹ ਜਵਾਬ ਜਿਹੜਾ ਹਜ਼ਾਰ ਵਾਰ ਦੇ ਚੁੱਕੇ ਹਾਂ, ਹੇ ਨਾਰਦ! ਉਹੋ ਫਿਰ ਸੁਣੋ, ਐਤਕੀਂ ਭੁੱਲਣਾ ਨਹੀਂ।

ਇਹ ਸੁਣ ਕੇ ਹਿਮਾਦਰੀ ਜੀ ਨੇ ਸੈਂਡਲ ਉਤਾਰੇ, ਨੰਗੇ ਪੈਰੀਂ ਮੇਰੇ ਸਾਹਮਣੇ ਹੱਥ ਜੋੜ ਕੇ ਖਲੋ ਗਏ, ਕਿਹਾ, ਮੈਂ ਆਦਮੀ ਹੂੰ, ਮੈਂ ਫਿਰ ਭੂਲੂੰਗਾ ਮਹਾਰਾਜ। ਆਪ ਕੋ ਫਿਰ ਬਤਾਨਾ ਪੜੇਗਾ। ਆਦਮੀ ਔਰ ਭਗਵਾਨ ਮੇਂ ਯਹੀ ਤੋ ਅੰਤਰ ਹੋਤਾ ਹੈ ਮਹਾਰਾਜ।

ਭਾਈ ਮਹਾਂ ਸਿੰਘ ਭੁੱਲੇ ਸਨ। ਜਾਨ ਬਚਾ ਕੇ ਗਏ ਸਨ, ਜਾਨ ਕੁਰਬਾਨ ਕਰਨ ਲਈ ਪਰਤ ਆਏ। ਚਾਲੀ ਗਏ ਸਨ, ਇਕਤਾਲੀ ਪਰਤ ਆਏ। ਸਿਰਫ ਖਿਮਾ ਨਹੀਂ ਮਿਲੀ, ਅਰਦਾਸ ਵਿਚ ਸ਼ਾਮਲ ਹੋ ਗਏ। ਖਿਦਰਾਣੇ ਦੀ ਉਜੜੀ ਉਖੜੀ ਬਰਸਾਤੀ ਢਾਬ (ਛੱਪੜੀ) ਦਾ ਨਾਮ ਮੁਕਤਸਰ ਹੋ ਗਿਆ। ਗੁਨਾਹਗਾਰ ਇਸ ਸਰੋਵਰ ਵਿਚ ਇਸ਼ਨਾਨ ਕਰਿਆ ਕਰਨਗੇ ਤੇ ਉਨ੍ਹਾਂ ਦੇ ਪਾਪ ਵੀ ਧੋਏ ਜਾਇਆ ਕਰਨਗੇ ਕਿਉਂਕਿ ਟੁੱਟੀ ਗੰਢਣ ਵਾਲੇ ਨੀਲੇ ਦੇ ਸਵਾਰ ਖੁਦ ਹਨ।

## ਮੁਜ਼ਰਿਮ ਤੇ ਜ਼ਰਾਇਮ ਪੇਸ਼ਾ ਹੋਣ 'ਚ ਫਰਕ ਸੀ

(ਪਿਛਲੇ ਸਫੇ ਦੀ ਬਾਕੀ)

*ਸਾਂਸੀ, ਬੌਰੀਆ, ਹਰਨੀਸ਼, ਪੱਖੀਵਾਰ, ਮੀਨਾ ਤੇ ਠੱਗ -ਪੂਰੇ ਪੰਜਾਬ 'ਚ

*ਭਲੋਚ -ਅੰਬਾਲਾ ਤੇ ਕਰਨਾਲ ਜਿਲ੍ਹੇ 'ਚ

*ਮਹਾਤਮ -ਪਿੰਡ ਮਹਾਤਮ, ਜਿਲ੍ਹਾ ਗੁਜਰਾਂਵਾਲਾ

*ਲੋਈ ਬਲੋਚ -ਪਿੰਡ ਗਲੋਈ, ਜਿਲ੍ਹਾ ਮਿੰਟਗੁਮਰੀ, ਚੱਕ ਨੰ: 402 ਤੇ 602

*ਭਾਟ -ਪਿੰਡ ਜਹਿਮਤ ਤੇ ਚੱਕ ਲਾਲਾ, ਜਿਲ੍ਹਾ ਸਿਆਲਕੋਟ

*ਨੂਰ ਮਹਿਰਮ ਤੇ ਅਕਲਾ ਹਯਾਤ -ਚੱਕ ਨੰ: 172, 173, 175, 183, 215 ਤੇ 216, ਜਿਲ੍ਹਾ ਝੰਗ

*ਘੁਟਕਾ -ਪਿੰਡ ਹੁਡਿਆਰਾ, ਜਿਲ੍ਹਾ ਲਾਹੌਰ

*ਢਿੱਲੋਂ -ਪਿੰਡ ਢਿੱਲੋਂ, ਜਿਲ੍ਹਾ ਲਾਹੌਰ

*ਧੋਰ, ਖਰਲ ਤੇ ਵਲਾਣਾ ਜੱਟ -ਪਿੰਡ ਬਾਹੂਮਨ, ਜਿਲ੍ਹਾ ਗੁਜਰਾਂਵਾਲਾ

*ਥਰਾਣਾ, ਬਾਰ ਤੇ ਪਿੰਡ ਸਲੂਨੀ ਦੀਆਂ ਹੋਰ ਜਾਤਾਂ -ਪਿੰਡ ਸਲੂਨੀ, ਚੱਕ ਨੰ: 269, ਜਿਲ੍ਹਾ ਲਾਇਲਪੁਰ

ਇਨ੍ਹਾਂ ਰਿਹਾਇਸ਼ੀ ਕਬੀਲਿਆਂ 'ਚ ਜੋ ਢਿੱਲੋਂ ਗੋਤ ਦਾ ਜ਼ਿਕਰ ਆਇਆ ਹੈ, ਇਹ ਗੋਤ ਮੁਸਲਮਾਨ ਜੱਟਾਂ ਦਾ ਸੀ, ਨਾ ਕਿ ਸਿੱਖ ਜੱਟਾਂ ਦਾ। ਇਨ੍ਹਾਂ 'ਚ ਸਿੱਖ ਧਰਮ ਦਾ ਕੋਈ ਵੀ ਬੰਦਾ ਨਹੀਂ ਸੀ, ਇਸ ਲਈ ਜ਼ਰਾਇਮ ਪੇਸ਼ਾ ਕਰਾਰ ਦੇਣ ਦੀ ਕੋਈ ਤੁਕ ਨਹੀਂ ਬਣਦੀ।

**ਮਰਦਮ ਸੁਮਾਰੀ:** ਰਿਹਾਇਸ਼ੀ ਕਬੀਲੇ ਜੋ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਗਏ ਸਨ, ਉਨ੍ਹਾਂ ਬਾਰੇ ਅੰਗਰੇਜ਼ ਹਕੂਮਤ ਨੇ ਕਾਫੀ ਇੰਤਜ਼ਾਮ ਕੀਤੇ ਤਾਂ ਕਿ ਉਹ ਆਪਣੀ ਰਿਹਾਇਸ਼ ਬਦਲ ਕੇ ਦੂਸਰੀ ਥਾਂ ਨਾ ਜਾ ਸਕਣ। ਜੇ ਜਾਣ ਵੀ ਤਾਂ ਇਸ ਦੀ ਜਾਣਕਾਰੀ ਸਬੰਧਤ ਥਾਣੇ 'ਚ ਦੇ ਕੇ ਜਾਣ। ਇਸ ਲਈ ਅੰਗਰੇਜ਼ ਹਕੂਮਤ ਇਨ੍ਹਾਂ ਦੀ ਅਚਾਨਕ ਮਰਦਮ ਸੁਮਾਰੀ ਕਰਦੀ ਸੀ, ਇੱਕ ਦਮ ਛਾਪੇ ਵਾਂਗ। ਪਹਿਲੀ ਵਾਰ ਇਹ ਮਰਦਮ ਸੁਮਾਰੀ ਪਹਿਲੀ ਮਾਰਚ 1901 ਈਸਵੀ ਨੂੰ ਕੀਤੀ ਗਈ।

(ਚਲਦਾ)



*ਇਹ ਗਦੜੀ ਜ਼ਰਾਇਮ ਪੇਸ਼ਾ ਕਬੀਲੇ ਦੇ ਲੋਕ ਸਨ ਇਨ੍ਹਾਂ ਨੂੰ ਅੰਮ੍ਰਿਤਸਰ ਦੇ ਨੇੜੇ ਕੈਂਪਾਂ ਵਿਚ ਰੱਖਿਆ ਗਿਆ*

## ਧੀਆਂ ਦੀ ਲੋਹੜੀ

ਦੋਹਾਂ ਦੇ ਵਿਚ ਜਾਨ ਵੀ ਇਕੋ
ਦੋਹਾਂ ਦੇ ਅਰਮਾਨ ਵੀ ਇਕੋ
ਦੋਹਾਂ ਦੇ ਹੀ ਜਨਮ ਦੇ ਉਤੇ
ਖੁਸ਼ੀਆਂ ਅਸੀਂ ਮਨਾਵਾਂਗੇ
ਪੁੱਤਾਂ ਵਾਂਗੂੰ ਧੀਆਂ ਦੀ ਵੀ
ਲੋਹੜੀ ਅਸੀਂ ਮਨਾਵਾਂਗੇ।

ਪੁੱਤ-ਧੀ ਵਿਚ ਫਰਕ ਨਾ ਕੋਈ,
ਸਾਰੇ ਲੋਕੀਂ ਕਹਿੰਦੇ
ਜਦ ਕੋਈ ਪੁੱਛੇ ਧੀ-ਪੁੱਤ ਕਿੰਨੇ,
ਪਹਿਲਾਂ ਨਾਂ ਧੀ ਦਾ ਲੈਂਦੇ।
ਪਿਆਰ ਦਿਆਂਗੇ ਬਹੁਤਾ ਬਹੁਤਾ,
ਪੁੱਤਾਂ ਵਾਂਗ ਬਣਾਵਾਂਗੇ...।

ਪਹਿਲਾਂ ਧੀ, ਨੂੰਹ, ਮਾਂ ਤੇ ਫਿਰ
ਔਰਤ ਸੱਸ ਬਣਦੀ ਹੈ
ਪੀਰ-ਫਕੀਰ ਤੇ ਭਗਤ ਸੂਰਮੇ
ਔਰਤ ਹੀ ਤਾਂ ਜਣਦੀ ਹੈ।
ਧੀਆਂ ਨਾਲ ਹੀ ਜੁੜਦੇ ਰਿਸ਼ਤੇ
ਸਕਿਆਂ ਭੈਣ-ਭਰਾਵਾਂ ਦੇ...।

ਦਾਜ ਦੀ ਮੰਗ ਕਰਦੇ ਜੋ,
ਲੱਖ ਲਾਹਣਤ ਉਨ੍ਹਾਂ ਲੋਕਾਂ ਨੂੰ
ਕਦੇ ਮੂੰਹ ਨਾ ਲਾਓ ਲੋਕੋ,
ਇਨ੍ਹਾਂ ਖੂਨ ਪੀਣੀਆਂ ਜੋਕਾਂ ਨੂੰ।
'ਗੁਲਾਮੀ ਵਾਲਿਆ' ਧੀਆਂ ਲਈ,
ਕਵਿਤਾ ਅਸੀਂ ਬਣਾਵਾਂਗੇ।
ਪੁੱਤਾਂ ਵਾਂਗੂੰ ਧੀਆਂ ਦੀ ਵੀ
ਲੋਹੜੀ ਅਸੀਂ ਮਨਾਵਾਂਗੇ।

*-ਬੂਟਾ ਗੁਲਾਮੀ ਵਾਲਾ, ਮੋਗਾ*
*ਫੋਨ: 91-94171-97395*

---

## ਪਿਆਰ ਦੀ ਲੋਹੜੀ

ਵੰਡੋ ਪਿਆਰ ਦੀ ਮੂੰਗਫਲੀ,
ਅਪਣੱਤ ਦੀਆਂ ਰਿਉੜੀਆਂ,
ਮੋਹ ਅਹਿਸਾਸ ਦੀਆਂ ਗੱਚਕਾਂ,
ਲਾਹ ਦਿਉ ਮੱਥੇ ਦੀਆਂ ਤਿਊੜੀਆਂ,
ਪੰਨੇ ਆਕੜਾਂ ਦੇ ਸੱਭੇ ਹੀ ਫਾੜ ਦਿਉ,
ਲੋਹੜੀ ਦੀ ਅੱਗ 'ਚ ਨਫਰਤਾਂ ਸਾੜ ਦਿਉ।

ਧੀਆਂ ਦੀ ਵੀ ਖੁਸ਼ੀ ਮਨਾਉ,
ਇਨ੍ਹਾਂ ਦੀ ਵੀ ਲੋਹੜੀ ਪਾਉ,
ਧੀਆਂ-ਪੁੱਤਾਂ ਵਿਚ ਫਰਕ ਨਾ ਕੋਈ,
ਕਥਨ ਇਹ ਵੀ ਸੱਚ ਕਰ ਦਿਖਾਉ,
ਕੁੜੀ-ਮੁੰਡੇ 'ਚ ਫਰਕ ਦਾ ਕੀੜਾ
ਮਨੋਂ ਵਿਸਾਰ ਦਿਉ,
ਲੋਹੜੀ ਦੀ ਅੱਗ 'ਚ ਨਫਰਤਾਂ ਸਾੜ ਦਿਉ।

ਭਾਈਚਾਰੇ ਦੇ ਗੀਤ ਗਾਉ,
ਰੁੱਸਿਆਂ ਨੂੰ ਪਿਆਰ ਨਾਲ ਮਨਾਉ,
ਦੁੱਲੇ ਭੱਟੀ, ਸੁੰਦਰ-ਮੁੰਦਰੀਆਂ ਗੁਣਗੁਣਾਉ,
ਖੁਸ਼ੀ ਵੰਡੋ ਖੁਸ਼ੀ ਕਮਾਉ,
ਸਭ ਰੰਜਿਸ਼ਾਂ ਨੂੰ ਸੂਲੀ ਚਾੜ੍ਹ ਦਿਉ,
ਲੋਹੜੀ ਦੀ ਅੱਗ 'ਚ ਨਫਰਤਾਂ ਸਾੜ ਦਿਉ।

ਰਲ-ਮਿਲ ਰਹੋ ਸਭ ਏਕਾ ਰੱਖੋ,
ਦੁੱਖ ਸੁੱਖ ਸਭ ਮਿਲ ਕੇ ਚੱਖੋ,
ਰਿਸ਼ਤਿਆਂ ਵਿਚੋਂ ਨਾ ਮੁਨਾਫਾ ਤੱਕੋ,
ਲਾਲਪੁਰੀ ਚੁਗਲੀ ਨਿੰਦਿਆਂ ਤੋਂ ਬਚੋ,
ਬਣਦੇ ਤੇਜ਼ ਤਰਾਰ ਨੇ ਜੋ ਜਰਾ ਤਾੜ ਦਿਉ,
ਲੋਹੜੀ ਦੀ ਅੱਗ 'ਚ ਨਫਰਤਾਂ ਸਾੜ ਦਿਉ।

*-ਰਵਿੰਦਰ ਸਿੰਘ ਲਾਲਪੁਰੀ*
*ਨੂਰਪੁਰ ਬੇਦੀ (ਰੋਪੜ)*
*ਫੋਨ: 91-94634-52261*

## ਮੇਰਾ ਦੇਸ਼ ਮਹਾਨ

ਮੇਰਾ ਦੇਸ਼ ਮਹਾਨ ਵੇ ਲੋਕੋ
ਮੇਰਾ ਦੇਸ਼ ਮਹਾਨ।
ਬੇਰੁਜ਼ਗਾਰੀ ਤੇ ਭੁੱਖਮਰੀ
ਫਾਹੇ ਲੱਗੇ ਕਿਰਸਾਨ ਵੇ ਲੋਕੋ...।

ਕਿਰਤੀ ਦੇ ਗਲ ਲੀਰਾਂ ਲਮਕਣ
ਵਿਹਲੜ ਪੱਟ ਹੰਢਾਣ ਵੇ ਲੋਕੋ।
ਹਵਾ ਪਾਣੀ ਹੁਣ ਜ਼ਹਿਰੀ ਹੋਇਆ
ਗਰਦ ਚੜ੍ਹੀ ਅਸਮਾਨ ਵੇ ਲੋਕੋ...।

ਬਹੁਮੰਜ਼ਲੇ ਘਰਾਂ ਦੇ ਕੁੱਛੜ
ਝੁੱਗੀਆਂ ਮੂੰਹ ਚਿੜਾਣ ਵੇ ਲੋਕੋ।
ਪੜ੍ਹੇ-ਲਿਖੇ ਤਾਂ ਕਰਨ ਚਾਕਰੀ
ਅਨਪੜ੍ਹ ਦੇਣ ਫੁਰਮਾਨ ਵੇ ਲੋਕੋ...।

ਪੱਥਰਾਂ ਨੂੰ ਤਾਂ ਦੁੱਧੀਂ ਧੋਂਦੇ
ਭੁੱਖਾ ਮਰੇ ਇਨਸਾਨ ਵੇ ਲੋਕੋ।
ਧੀ ਜੰਮੇ ਘਰ ਸੋਗ ਪਸਰਦਾ
ਜਾਂ ਕੁੱਖੀਂ ਮਰ ਜਾਣ ਵੇ ਲੋਕੋ...।

ਤ੍ਰਿਸ਼ੂਲਾਂ ਨੇ ਸਿਰ ਚੁੱਕ ਲਏ
ਜਨਤਾ ਤਾਂਈਂ ਡਰਾਣ ਵੇ ਲੋਕੋ।
ਭਗਵਿਆਂ-ਚਿੱਟਿਆਂ ਲੁੱਟ ਮਚਾਈ
ਕਰ ਜਨਤਾ ਦਾ ਘਾਣ ਵੇ ਲੋਕੋ...।

ਖਾਸ ਖਾਸ ਤਾਂ ਮੌਜਾਂ ਲੁੱਟਣ
'ਸਾਹੀ' ਜਿਹੇ ਧੱਕੇ ਖਾਣ ਵੇ ਲੋਕੋ।
ਮੇਰਾ ਦੇਸ਼ ਮਹਾਨ ਵੇ ਲੋਕੋ
ਮੇਰਾ ਦੇਸ਼ ਮਹਾਨ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

## ਦਰਦ

ਤੇਰਾ ਦਿੱਤਾ ਦਰਦ ਵੀ ਮੈਂ ਹੰਢਾਵਾਂਗਾ।
ਤੇਰੇ ਦਿੱਤੇ ਅੱਥਰੂ ਵੀ ਪੀ ਜਾਵਾਂਗਾ।
ਤੂੰ ਵੀ ਮੈਨੂੰ ਯਾਦ ਤਾਂ ਕਰਦੀ ਹੋਵੇਂਗੀ
ਏਸੇ ਪੱਜ ਸੋਚ ਕੇ ਮਨ ਪਰਚਾਵਾਂਗਾ।
ਵਾਹਵਾ ਥਾਂ ਰੱਖੀ ਦਿਲ ਵਿਚ ਬਿਰਹਾ ਦੀ
ਖੁੱਲ੍ਹਾ ਰੱਖਿਐ ਬੂਹਾ ਕਦੇ ਨਾ ਲਾਵਾਂਗਾ।
ਮੁੱਦਤ ਹੋ ਗਈ ਸੱਤ ਸਮੁੰਦਰ ਤਰਿਆਂ ਨੂੰ
ਆਖਿਰ ਪਰਤ ਕੇ ਆਪਣੇ ਪਿੰਡ ਹੀ ਆਵਾਂਗਾ।
ਵਿਛੜਨ ਵੇਲੇ ਨਮੀ ਸੀ ਜਿਹੜੀ ਨੈਣਾਂ ਵਿਚ
ਉਹ ਦ੍ਰਿਸ਼ ਕਦੇ ਵੀ ਨਹੀਂ ਭੁਲਾਵਾਂਗਾ।
ਯਾਰ ਕਹਿਣਗੇ ਤੇਰਾ ਗਮ ਹੀ ਮਾਰ ਗਿਆ
ਕਬਰ ਦੇ ਉਪਰ ਇਹੋ ਗੱਲ ਉਕਰਵਾਂਗਾ।
ਅਮਰੀਕਾ ਵਿਚ ਪਤਾ-ਟਿਕਾਣਾ ਦੱਸਣ ਲਈ
'ਗਿੱਲ' ਦੀ ਰਚਨਾ ਥੱਲੇ ਫੋਨ ਲਿਖਵਾਵਾਂਗਾ।

*-ਜੁਗਰਾਜ ਗਿੱਲ, ਸ਼ੌਰਕ*
*ਫੋਨ: 704-257-6693*

# ਪੰਜਾਬੀ ਲੋਕ ਸਾਜ਼

***ਗਾਇਨ ਦੀ ਪਰੰਪਰਾ ਵਿਚ ਸਾਜ਼ਾਂ ਦੀ ਆਪਣੀ ਅਹਿਮੀਅਤ ਹੈ। ਬੀਬਾ ਰਾਜਵਿੰਦਰ ਕੌਰ ਨੇ ਆਪਣੇ ਇਸ ਲੇਖ ਵਿਚ ਕੁਝ ਅਹਿਮ ਸਾਜ਼ਾਂ ਦੀ ਚਰਚਾ ਇਨ੍ਹਾਂ ਦੀ ਵਰਗ ਵੰਡ ਅਨੁਸਾਰ ਕੀਤੀ ਹੈ ਅਤੇ ਨਾਲ ਦੀ ਨਾਲ ਪੰਜਾਬੀ ਗਾਇਨ ਨਾਲ ਇਨ੍ਹਾਂ ਦੇ ਸਬੰਧਾਂ ਬਾਰੇ ਵੀ ਚਾਨਣਾ ਪਾਇਆ ਹੈ। ਅੱਜ ਦੀ ਪੰਜਾਬੀ ਗਾਇਕੀ ਨਾਲ ਜੁੜੇ ਲੋਕ ਭਾਵੇਂ ਬਹੁਤਾ ਕਰ ਕੇ ਪੱਛਮੀ ਸਾਜ਼ਾਂ ਉਤੇ ਨਿਰਭਰ ਕਰ ਰਹੇ ਹਨ, ਪਰ ਤੇਜ਼ ਚਾਲ ਵਾਲੇ ਇਨ੍ਹਾਂ ਵਕਤਾਂ ਵਿਚ ਵੀ ਲੋਕ ਸਾਜ਼ਾਂ ਦੀ ਵੁਕਅਤ ਘਟੀ ਨਹੀਂ ਹੈ। ਇਸ ਅੱਜ ਵੀ ਸਾਡੇ ਚੇਤਿਆਂ ਵਿਚ ਅਕਸਰ ਟੁਣਕਦੇ ਹਨ। -ਸੰਪਾਦਕ***

**ਰਾਜਵਿੰਦਰ ਕੌਰ**

ਪੰਜਾਬੀ ਗਾਇਕੀ ਨਾਲ ਜੁੜੇ ਸਾਜ਼ਾਂ ਦੀ ਗੱਲ ਕਰੀਏ ਤਾਂ ਦੇਸੀ ਅਤੇ ਵਿਦੇਸ਼ੀ-ਦੋਹਾਂ ਤਰ੍ਹਾਂ ਦੇ ਸਾਜ਼ ਮਿਲਦੇ ਹਨ। ਪੰਜਾਬੀ ਗਾਇਕੀ ਦੇ ਸਾਜ਼ਾਂ ਨੂੰ 'ਨਾਟਯਸ਼ਾਸਤਰ' ਵਿਚ ਕੀਤੀ ਵੰਡ ਅਨੁਸਾਰ ਸਮਝਿਆ ਜਾ ਸਕਦਾ ਹੈ। 'ਨਾਟਯਸ਼ਾਸਤਰ' ਵਿਚ ਸਾਜ਼ਾਂ ਦੇ 4 ਵਰਗ ਕੀਤੇ ਗਏ ਹਨ: ਅਵਨਧ ਸਾਜ਼, ਤੱਤ/ਤੰਤੀ ਸਾਜ਼, ਸੁਸ਼ਿਰ ਸਾਜ਼, ਘਨ ਸਾਜ਼। ਇਨ੍ਹਾਂ ਦਾ ਸਬੰਧ ਦੇਵਤਿਆਂ ਨਾਲ ਜੋੜਦਿਆਂ ਸ੍ਰੀ ਕੈਲਾਸ਼ ਵਾਸਤਵ ਲਿਖਦੇ ਹਨ: ਤੱਤ ਸਾਜ਼ ਦੇਵਤਿਆਂ, ਸੁਸ਼ਿਰ ਸਾਜ਼ ਗੰਧਰਵ, ਅਵਨਧ ਰਾਖਸ਼ਾਂ ਤੇ ਘਨ ਸਾਜ਼ ਕਿਨਰਾਂ ਨਾਲ ਸਬੰਧਤ ਹੈ। ਕਿਹਾ ਜਾਂਦਾ ਹੈ ਕਿ ਜਦੋਂ ਸ੍ਰੀ ਕ੍ਰਿਸ਼ਨ ਨੇ ਜਨਮ ਲਿਆ ਤਾਂ ਉਹ ਚਾਰ ਤਰ੍ਹਾਂ ਦੇ ਸਾਜ਼ ਲੈ ਕੇ ਆਏ।

**ਅਵਨਧ ਸਾਜ਼:** ਪੰਜਾਬ ਦੇ ਸਾਜ਼ਿੰਦਿਆਂ ਅਤੇ ਗਾਇਕਾ ਨੇ ਚਮੜੇ ਨਾਲ ਮੜ੍ਹੇ ਸਾਜ਼ਾਂ ਨੂੰ ਇਸ ਸ਼੍ਰੇਣੀ ਵਿਚ ਰੱਖਿਆ ਹੈ, ਜਿਨ੍ਹਾਂ ਵਿਚ ਢੱਡ, ਢੋਲ, ਢੋਲਕੀ, ਨਗਾਰਾ, ਤਬਲਾ, ਡਫ/ਡਫਲੀ, ਮ੍ਰਿਦੰਗ ਆਦਿ ਮੁੱਖ ਹਨ।

**ਢੋਲ:** ਢੋਲ ਪੰਜਾਬੀਆਂ ਦਾ ਸਭ ਤੋਂ ਵੱਧ ਲੋਕਪ੍ਰਿਯਾ ਸਾਜ਼ ਹੈ ਜਿਸ ਦੀ ਵਰਤੋਂ ਹਰ ਤਰ੍ਹਾਂ ਦੀ ਗਾਇਕੀ ਨਾਲ ਹੁੰਦੀ ਹੈ। ਇਸ ਦੀ ਵਰਤੋਂ ਵਿਸ਼ੇਸ਼ ਰੂਪ ਵਿਚ ਸੰਦੇਸ਼ ਵਾਹਨ, ਪੂਜਾ, ਜੰਗਾਂ-ਯੁੱਧਾਂ ਜਾਂ ਖੁਸ਼ੀ ਦੇ ਮੌਕਿਆਂ 'ਤੇ ਕੀਤੀ ਜਾਂਦੀ ਹੈ। ਢੋਲ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ। ਇਨ੍ਹਾਂ ਵਿਚ ਸੋਟੀ ਤੇ ਹੱਥ ਨਾਲ ਵਜਾਉਣ ਵਾਲੇ, ਲੱਕੜੀ ਜਾਂ ਧਾਤੂ ਆਦਿ ਦੇ ਬਣੇ ਢੋਲ ਮਿਲਦੇ ਹਨ। ਜੇ ਪੰਜਾਬ ਵਿਚ ਬਣਾਇਆ ਜਾਂਦਾ ਢੋਲ ਅੰਬ ਦੀ ਲੱਕੜੀ ਨੂੰ ਵਿਚੋਂ ਖੋਖਲਾ ਕਰ ਕੇ ਬਣਾਇਆ ਜਾਂਦਾ ਹੈ। ਖੋਲ ਦੇ ਦੋਵੇਂ ਪਾਸੇ ਬੱਕਰੇ ਦੀ ਖੱਲ ਲਾਈ ਜਾਂਦੀ ਹੈ। ਢੋਲ ਦੇ ਦੋਵੇਂ ਪਾਸੇ ਮੜ੍ਹੇ ਹੋਏ ਖੱਲ ਦੇ ਪੱਤਰਿਆਂ ਨੂੰ ਰੱਸੀਆਂ ਨਾਲ ਬੰਨ੍ਹਿਆ ਜਾਂਦਾ ਹੈ। ਵਿਚ ਪਿੱਤਲ ਦੇ ਛੱਲੇ ਪਰੋਏ ਜਾਂਦੇ ਹਨ ਤਾਂ ਜੋ ਢੋਲ ਦੀ ਆਵਾਜ਼ ਨੂੰ ਠੀਕ ਕਰਨ ਲਈ ਖਿੱਚੇ ਜਾ ਸਕਣ। ਢੋਲ ਵਜਾਉਣ ਵਾਲੇ ਨੂੰ ਢੋਲੀ ਕਹਿਂਦ ਹਨ।

**ਢੋਲਕੀ:** ਢੋਲ ਦਾ ਛੋਟਾ ਰੂਪ ਢੋਲਕੀ ਹੈ ਜੋ ਗਲੇ ਵਿਚ ਪਾ ਕੇ ਹੱਥਾਂ ਨਾਲ ਵਜਾਈ ਜਾਂਦੀ ਹੈ। ਜਿਥੇ ਲੋਕ ਗੀਤਾਂ ਵਿਚ ਢੋਲਕੀ ਦੇ ਗੀਤਾਂ ਦੀ ਆਪਣੀ ਹੋਂਦ ਹੈ; ਉਥੇ ਜੁਗਨੀ, ਛੱਲਾ ਆਦਿ ਲੋਕ ਕਾਵਿ ਰੂਪਾਂ ਦਾ ਨਿਭਾ ਇਸੇ ਸਾਜ਼ ਨਾਲ ਹੁੰਦਾ ਹੈ। ਮੇਲਿਆਂ, ਦਰਗਾਹਾਂ, ਵਿਆਹ ਦੇ ਗੀਤਾਂ ਆਦਿ ਸਮੇਂ ਢੋਲਕੀ ਦੀ ਵਰਤੋਂ ਕੀਤੀ ਜਾਂਦੀ ਹੈ।

**ਨਗਾਰਾ:** ਨਗਾਰੇ ਦੀ ਵਰਤੋਂ ਜੋਸ਼ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਇਸ ਦੀ ਆਵਾਜ਼ ਬਹੁਤ ਉਚੀ ਹੁੰਦੀ ਹੈ। ਰਾਜੇ-ਮਹਾਰਾਜਿਆਂ ਦੇ ਸਮੇਂ ਜੰਗਾਂ-ਯੁੱਧਾਂ ਦੀ ਸੂਚਨਾ ਨਗਾਰਾ ਵਜਾ ਕੇ ਦਿੱਤੀ ਜਾਂਦੀ ਸੀ। ਨਗਾਰਾ ਲੋਹੇ ਜਾਂ ਪਿੱਤਲ ਆਦਿ ਧਾਤੂ ਦਾ ਬਣਿਆ ਹੁੰਦਾ ਹੈ। ਇਸ ਦਾ ਇਕ ਪਾਸਾ ਖੱਲ ਨਾਲ ਢਕਿਆ ਹੁੰਦਾ ਹੈ। ਸ਼ਾਮ ਵੇਲੇ ਕਈ ਗੁਰਦੁਆਰਿਆਂ ਵਿਚ ਅਰਦਾਸ ਸਮੇਂ ਵੀ ਨਗਾਰਾ ਵਜਾਇਆ ਜਾਂਦਾ ਹੈ। ਨਗਰ ਕੀਰਤਨ ਸਮੇਂ ਵੀ ਨਗਾਰੇ ਦੀ ਵਰਤੋਂ ਕੀਤੀ ਜਾਂਦੀ ਹੈ।

**ਡਫ/ਡਫਲੀ:** ਡਫ ਜਿਥੇ ਆਕਾਰ ਵਿਚ ਵੱਡਾ ਹੁੰਦਾ ਹੈ, ਉਥੇ ਡਫਲੀ ਛੋਟੀ ਹੁੰਦੀ ਹੈ। ਗੋਲ ਹੋਣ ਦੇ ਬਾਵਜੂਦ ਇਸ 'ਤੇ ਮੜ੍ਹਿਆ ਖੋਲ੍ਹ ਵੱਖ ਵੱਖ ਤਰ੍ਹਾਂ ਦਾ ਹੁੰਦਾ ਹੈ। ਖੱਲ ਮੜ੍ਹਨ ਲਈ ਮਜ਼ਬੂਤ ਧਾਗੇ ਦੀ ਬਾਰੀਕ ਰੱਸੀ ਵਰਤੀ ਜਾਂਦੀ ਹੈ। ਰੱਸੀ ਵਿਚ ਛੱਲੇ ਪਏ ਹੁੰਦੇ ਹਨ ਜਿਨ੍ਹਾਂ ਨਾਲ ਥਾਪ ਨਿਸ਼ਚਿਤ ਕੀਤੀ ਜਾਂਦੀ ਹੈ। ਡਫ ਵਜਾਉਣ ਵਾਲੇ ਗਾਇਕ ਇਕ ਹੱਥ ਨਾਲ ਇਸ ਨੂੰ ਫੜ੍ਹਦੇ ਹਨ ਤੇ ਦੂਜੇ ਨਾਲ ਥਾਪ ਦਿੰਦੇ ਹਨ। ਪੰਜਾਬੀ ਗਾਇਕੀ ਦਾ ਧਰੂ ਤਾਰਾ ਗੁਰਦਾਸ ਮਾਨ ਤੇ ਬਰਕਤ ਸਿੱਧੂ (ਮਰਹੂਮ) ਆਦਿ ਇਸ ਸਾਜ਼ ਦੀ ਵਰਤੋਂ ਕਰਦੇ ਰਹੇ ਹਨ। ਅੱਜ ਵੀ ਕਈ ਥਾਂਈਂ ਪੀਰਾਂ ਦੀ ਜਗ੍ਹਾ 'ਤੇ ਗਾਉਣ ਵਾਲੇ ਗਾਇਕਾਂ ਤੇ ਮਰਾਸੀਆਂ ਦੇ ਹੱਥੀਂ ਇਹ ਸਾਜ਼ ਦੇਖਿਆ ਜਾ ਸਕਦਾ ਹੈ।

**ਢੱਡ:** ਢੱਡ ਪੰਜਾਬ ਦਾ ਪ੍ਰਸਿਧ ਲੋਕ ਸਾਜ਼ ਹੈ, ਜਿਸ ਦੀ ਬਹੁਤੀ ਵਰਤੋਂ ਸਾਰੰਗੀ ਨਾਲ ਕੀਤੀ ਜਾਂਦੀ ਹੈ। ਇਸ ਨੂੰ ਢਾਡੀਆਂ ਦਾ ਸਾਜ਼ ਮੰਨਿਆ ਗਿਆ ਹੈ। ਪੰਜਾਬ ਵਿਚ ਸੱਸੀ, ਸੋਹਣੀ, ਸੁੱਚਾ ਸੂਰਮਾ, ਦੁੱਲਾ ਭੱਟੀ ਤੇ ਗੁਰੂ ਸਾਹਿਬਾਨ ਦੇ ਪ੍ਰਸੰਗ ਇਸ ਸਾਜ਼ ਨਾਲ ਸੁਣਾਏ ਜਾਂਦੇ ਹਨ। ਢੱਡ ਦੇ ਦੋਵੇਂ ਹਿੱਸੇ ਗੋਲ ਹੁੰਦੇ ਹਨ ਤੇ ਵਿਚਲਾ ਹਿੱਸਾ ਬਾਹਰਲੇ ਨਾਲੋਂ ਪਤਲਾ ਹੁੰਦਾ ਹੈ। ਦੋਵੇਂ ਪਾਸੇ ਲੱਗੀ ਖੱਲ ਤੇ ਹੱਥ ਦੀ ਮਦਦ ਨਾਲ ਵਾਰੀ ਵਾਰੀ ਥਾਪ ਦਿੱਤੀ ਜਾਂਦੀ ਹੈ। ਇਹ ਜ਼ਿਆਦਾ ਕਰ ਕੇ ਅੰਬ ਜਾਂ ਟਾਹਲੀ ਦੀ ਲੱਕੜ ਦੀ ਬਣੀ ਹੁੰਦੀ ਹੈ।

**ਤਬਲਾ:** ਤਬਲਾ ਪਖਾਵਜ਼ ਅਤੇ ਮ੍ਰਿਦੰਗ ਦਾ ਹੀ ਬਦਲਿਆ ਰੂਪ ਹੈ। ਤਬਲੇ ਵਿਚ ਜੋੜੀਨੁਮਾ ਦੋ ਸਾਜ਼ ਹੁੰਦੇ ਹਨ। ਤਬਲੇ ਦੀ ਵਰਤੋਂ ਸ਼ਾਸਤਰੀ ਗਾਇਨ, ਕੀਰਤਨ ਪਰੰਪਰਾ, ਕੱਵਾਲੀ, ਕਾਫੀ, ਰੁਬਾਈ ਲਈ ਕੀਤੀ ਜਾਂਦੀ ਹੈ। ਤਬਲਾ ਲੱਕੜ ਦਾ ਬਣਿਆ ਹੁੰਦਾ ਹੈ। ਲੰਬਾਈ ਪੱਖੋਂ ਥੱਲਿਓਂ ਛੋਟਾ ਤੇ ਉਤੋਂ ਚੌੜਾ ਹੁੰਦਾ ਹੈ। ਤਬਲੇ ਦੀ ਸੁਰ ਠੀਕ ਕਰਨ ਲਈ ਲੱਗੀਆਂ ਡੋਰੀਆਂ ਨੂੰ ਕੱਸਿਆ ਜਾਂਦਾ ਹੈ ਜਿਨ੍ਹਾਂ ਨਾਲ ਲੱਕੜ ਦੇ ਗੁਟਕੇ ਲੱਗੇ ਹੁੰਦੇ ਹਨ। ਤਬਲਾ ਜਮੀਨ 'ਤੇ ਬਿੰਨੂ ਰੱਖ ਕੇ ਵਜਾਉਂਦੇ ਹਨ।

**ਤੱਤ/ਤੰਤੀ ਸਾਜ਼:** ਇਨ੍ਹਾਂ ਸਾਜ਼ਾਂ ਦੀ ਸ਼੍ਰੇਣੀ ਵਿਚ ਉਹ ਸਾਰੇ ਸਾਜ਼ ਆ ਜਾਂਦੇ ਹਨ, ਜਿਨ੍ਹਾਂ ਨੂੰ ਵਜਾਉਣ ਵੇਲੇ ਤਾਰ ਦੀ ਲੋੜ ਹੁੰਦੀ ਹੈ। ਤੰਤੀ ਸਾਜ਼ਾਂ ਦੀ ਗਿਣਤੀ ਬਹੁਤ ਹੈ; ਜਿਵੇਂ ਸਿਤਾਰ, ਵੀਣਾ, ਤੂੰਬੀ, ਇਕਤਾਰਾ, ਦੋ ਤਾਰਾ, ਸਾਰੰਗੀ, ਸਰੋਦ, ਤਾਨਪੁਰਾ, ਰਬਾਬ ਆਦਿ।

**ਤੂੰਬਾ:** ਤੂੰਬੇ ਨੂੰ ਤਾਨਪੂਰਾ ਤੇ ਤੁਨਤਨਾ ਵੀ ਕਹਿੰਦੇ ਹਨ। ਪੰਜਾਬੀ ਸਭਿਆਚਾਰ ਵਿਚ ਮਰਦ ਬੋਲੀਆਂ ਪਾਉਣ ਵੇਲੇ ਤੂੰਬੇ ਦੀ ਵਰਤੋਂ ਕਰਦੇ ਹਨ। ਤੂੰਬੇ ਦੀ ਲੰਬਾਈ 11 ਤੋਂ 13 ਉਂਗਲਾਂ ਤੱਕ ਹੁੰਦੀ ਹੈ। ਇਸ ਦਾ ਮੂੰਹ 7-8 ਇੰਚ ਗੋਲਾਈ ਵਿਚ ਹੁੰਦਾ ਹੈ। ਇਕ ਮੂੰਹ 'ਤੇ ਚਮੜੇ ਦੀ ਖੱਲ ਮੜ੍ਹੀ ਹੁੰਦੀ ਹੈ ਤੇ ਇਸ ਦੇ ਵਿਚਾਲੇ ਅੱਧਾ ਮੀਟਰ ਚਮੜੇ ਦੀ ਤੰਦ (ਤਾਰ) ਪਰੋ ਕੇ ਦੂਜੇ ਮੂੰਹ ਰਾਹੀਂ ਕੱਢ ਦਿੱਤੀ ਜਾਂਦੀ ਹੈ। ਤੰਦ ਦੇ ਚਮੜੇ ਵਾਲੇ ਸਿਰੇ ਨੂੰ ਗੰਢ ਦੇ ਦਿੱਤੀ ਜਾਂਦੀ ਹੈ, ਤੇ ਦੂਜਾ ਸਿਰਾ ਲੱਕੜੀ ਦੇ ਗੱਟੇ ਵਿਚ ਗੰਢ ਮਾਰ ਕੇ ਪਰੋ ਦਿੱਤਾ ਜਾਂਦਾ ਹੈ। ਇੰਜ ਇਸ 'ਚੋਂ ਗਮਕ ਦੀ ਆਵਾਜ਼ ਆਉਂਦੀ ਹੈ।

**ਤੂੰਬੀ:** ਇਕ ਤਾਰਾ ਜਾਂ ਤੂੰਬੀ ਪੰਜਾਬ ਦਾ ਮਸ਼ਹੂਰ ਲੋਕ ਸਾਜ਼ ਹੈ। ਤੂੰਬੀ ਖੱਬੇ ਹੱਥ 'ਚ ਫੜ੍ਹ ਕੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਤਾਰ ਵਜਾਈ ਜਾਂਦੀ ਹੈ। ਤੂੰਬੀ ਦੇ ਇਕ ਪਾਸੇ ਕੱਦੂਨੁਮਾ ਚਮੜੇ ਨਾਲ ਮੜ੍ਹਿਆ ਲੱਕੜ ਦਾ ਬਾਕਸ ਲੱਗਾ ਹੁੰਦਾ ਹੈ, ਜਿਸ ਵਿਚੋਂ ਦੀ ਬਾਂਸ ਦੀ ਨਲੀ ਨਿਕਲਦੀ ਹੈ। ਤਾਂਬੇ ਦੀ ਤਾਰ ਵਿਚ ਅਸਲ ਆਵਾਜ਼ ਪੈਦਾ ਕੀਤੀ ਜਾਂਦੀ ਹੈ। ਤੂੰਬੀ ਨੂੰ ਦੋਹਰਾ ਪੋਟਾ ਮਾਰਨ ਦੀ ਪਿਰਤ ਮੁਹੰਮਦ ਸਦੀਕ ਨੇ ਪਾਈ।

**ਸਿਤਾਰ:** ਸਿਤਾਰ ਲੋਕਪ੍ਰਿਅ ਸਾਜ਼ ਹੈ, ਜਿਸ ਦੀ ਵਰਤੋਂ ਬਹੁਤੀ ਸ਼ਾਸਤਰੀ ਗਾਇਨ ਸਮੇਂ ਕੀਤੀ ਜਾਂਦੀ ਹੈ। ਆਕਾਰ ਇਰਾਨੀ ਤੰਬੂਰ ਜਿਹਾ ਹੈ।

**ਸਰੋਦ/ਰਬਾਬ:** ਸਰੋਦ ਨੂੰ ਵੀਣਾ ਦਾ ਰੂਪ ਹੀ ਸਵੀਕਾਰਿਆ ਗਿਆ ਹੈ। ਰਬਾਬ ਦਾ ਅਸਲ ਨਾਂ ਰਾਵਣ ਵੀਣਾ ਹੈ। ਇਸ ਦੀ ਲੰਬਾਈ ਢਾਈ ਫੁੱਟ ਤੋਂ ਸਾਢੇ ਤਿੰਨ ਫੁੱਟ ਤੱਕ ਹੈ। ਇਸ 'ਤੇ ਲੱਕੜੀ ਦੀ ਥਾਂ ਧਾਤੂ ਦੀ ਪੱਤਰੀ ਲੱਗੀ ਹੁੰਦੀ ਹੈ। ਗੁਰੂ ਨਾਨਕ ਨੇ ਸ਼ਬਦ ਕੀਰਤਨ ਵਾਸਤੇ ਰਬਾਬ ਨੂੰ ਅਪਨਾਇਆ ਤੇ ਉਸ ਦਾ ਵਾਦਕ ਭਾਈ ਮਰਦਾਨਾ ਨੂੰ ਚੁਣਿਆ। ਰਬਾਬ ਦੀ ਵਰਤੋਂ ਭੱਟ, ਡੂਮ, ਚਾਰਣ ਵੀ ਗਾਇਕੀ ਸਮੇਂ ਕਰਦੇ ਰਹੇ ਹਨ।

**ਸਾਰੰਗੀ:** ਇਸ ਦੀ ਵਰਤੋਂ ਢਾਡੀ ਕਰਦੇ ਹਨ। ਇਸ ਦੀ ਲੰਬਾਈ ਦੋ ਫੁੱਟ ਹੁੰਦੀ ਹੈ। ਇਹ ਇਕੋ ਲੱਕੜੀ ਨੂੰ ਤਰਾਸ਼ ਕੇ ਬਣਾਈ ਜਾਂਦੀ ਹੈ। ਹੇਠਲਾ ਪਾਸਾ ਡਮਰੂ ਦੇ ਆਕਾਰ ਦਾ ਹੁੰਦਾ ਹੈ ਜੋ ਚਮੜੇ ਨਾਲ ਮੜ੍ਹਿਆ ਹੁੰਦਾ ਹੈ। ਉਪਰ ਵਾਲੇ ਪਾਸੇ ਤਾਰਾਂ ਜੁੜੀਆਂ ਹੁੰਦੀਆਂ ਹਨ। ਵਜਾਉਣ ਲਈ ਜਿਸ ਸੋਟੀ-ਨੁਮਾ ਵਸਤ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਗਜ਼ ਕਿਹਾ ਜਾਂਦਾ ਹੈ।

**ਦਿਲਰੁਬਾ:** ਇਸ ਦੀ ਵਰਤੋਂ ਲੋਕ ਗਾਇਕੀ ਦੇ ਵਖ ਵਖ ਰੂਪਾਂ ਨਾਲ ਹੁੰਦੀ ਰਹੀ ਹੈ। ਇਸ ਵਿਚ 19 ਪਰਦੇ ਤੇ ਚਾਰ ਤਾਰ ਲੱਗੇ ਹੁੰਦੇ ਹਨ। ਇਸ ਦੇ ਮੁੱਖ ਹਿੱਸੇ 'ਤੇ ਚਮੜਾ ਮੜ੍ਹਿਆ ਹੁੰਦਾ ਹੈ, ਜਿਸ ਵਿਚੋਂ ਆਵਾਜ਼ ਨਿਕਲਦੀ ਹੈ।

ਇਨ੍ਹਾਂ ਤੋਂ ਇਲਾਵਾ ਤਾਊਸ, ਤਾਨਪੁਰਾ, ਸੁਰਬਹਾਰ, ਰੁਦਰਵੀਣਾ ਆਦਿ ਅਜਿਹੇ ਸਾਜ਼ ਹਨ, ਜਿਨ੍ਹਾਂ ਦੀ ਵਰਤੋਂ ਸ਼ਾਸਤਰੀ ਗਾਇਨ ਸਮੇਂ ਹੁੰਦੀ ਹੈ।

**ਸੁਸ਼ਿਰ ਸਾਜ਼:** ਸੁਸ਼ਿਰ ਸਾਜ਼ਾਂ ਦੀ ਸ਼੍ਰੇਣੀ ਵਿਚ ਅਜਿਹੇ ਸਾਜ਼ ਆਉਂਦੇ ਹਨ ਜਿਨ੍ਹਾਂ ਨੂੰ ਵਜਾਉਣ ਸਮੇਂ ਫੂਕ ਜਾਂ ਸਾਹ (ਹਵਾ) ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਸਾਜ਼ਾਂ 'ਚ ਹਵਾ ਦੇ ਦਬਾਅ ਨਾਲ ਹੀ ਵੱਖ ਵੱਖ ਆਵਾਜ਼ਾਂ ਨਿਕਲਦੀਆਂ ਹਨ, ਪਰ ਕੁਝ ਪੱਖਾਂ ਵਿਚ, ਜਿਵੇਂ ਹਾਰਮੋਨੀਅਮ ਵਿਚ ਹਵਾ ਦੇ ਦਬਾਅ ਦੁਆਰਾ ਹਿਲਜੁਲ ਪੈਦਾ ਹੁੰਦਿਆਂ ਧੁਨ ਨਿਕਲਦੀ ਹੈ। ਪੰਜਾਬੀ ਗਾਇਕੀ ਨਾਲ ਨਿਭਾਏ ਜਾਂਦੇ ਸੁਸ਼ਿਰ ਸਾਜ਼ਾਂ ਦੀ ਸ਼੍ਰੇਣੀ 'ਚ ਬੀਨ, ਅਲਗੋਜ਼ੇ, ਬਾਂਸਰੀ, ਸੰਖ, ਵੰਝਲੀ ਆਦਿ ਮੁੱਖ ਹਨ। ਇਨ੍ਹਾਂ ਵਿਚ ਕੁਝ ਅਜਿਹੇ ਸਾਜ਼ ਵੀ ਹਨ ਜਿਨ੍ਹਾਂ ਨੂੰ ਬਣਾਉਣ ਵੇਲੇ ਕਿਸੇ ਲੱਕੜ ਜਾਂ ਧਾਤੂ ਦੀ ਲੋੜ ਨਹੀਂ ਹੁੰਦੀ। ਬੱਸ, ਮਨੁੱਖੀ ਅੰਗਾਂ ਜਿਵੇਂ ਬੁੱਲਾਂ ਦੀ ਮਦਦ ਨਾਲ ਜਾਂ ਕਈ ਵਾਰ ਮੂੰਹ ਵਿਚ ਹੱਥ ਦੀ ਪਹਿਲੀ ਉਂਗਲ ਤੇ ਅੰਗੂਠਾ ਮਿਲਾ ਕੇ ਸੀਟੀ ਵਜਾਈ ਜਾਂਦੀ ਹੈ।




**ਬਾਂਸਰੀ:** ਬਾਂਸਰੀ ਕੋਈ 15 ਸੈਂਟੀਮੀਟਰ ਲੰਬੀ ਹੁੰਦੀ ਹੈ। ਇਹ ਬਾਂਸ ਦੀ ਲੱਕੜੀ ਦੀ ਬਣੀ ਹੁੰਦੀ ਹੈ। ਇਸ ਦਾ ਇਕ ਸਿਰਾ ਖੁੱਲ੍ਹਾ ਤੇ ਦੂਜਾ ਬੰਦ ਹੁੰਦਾ ਹੈ। ਖੁੱਲ੍ਹੇ ਪਾਸੇ ਥਾਣੀਂ ਫੂਕ ਮਾਰੀ ਜਾਂਦੀ ਹੈ। ਬਾਂਸਰੀ ਵਿਚ ਛੇਕ ਹੁੰਦੇ ਹਨ, ਜਿਨ੍ਹਾਂ ਵਿਚ ਹਵਾ ਬਾਹਰ ਕੱਢਣ ਦੇ ਹਿਸਾਬ ਨਾਲ ਵੱਖ ਵੱਖ ਆਵਾਜ਼ ਕੱਢੀ ਜਾਂਦੀ ਹੈ।

**ਵੰਝਲੀ:** ਵੰਝਲੀ ਦਾ ਰੂਪ ਬਾਂਸਰੀ ਨਾਲ ਮਿਲਦਾ-ਜੁਲਦਾ ਹੈ ਤੇ ਵਜਾਉਣ ਸਮੇਂ ਛੇਕਾਂ 'ਤੇ ਉਂਗਲਾਂ ਨਾਲ ਆਵਾਜ਼ ਪੈਦਾ ਕੀਤੀ ਜਾਂਦੀ ਹੈ। ਵੰਝਲੀ ਦੀ ਲੰਬਾਈ ਡੇਢ ਤੋਂ ਦੋ ਫੁੱਟ ਹੁੰਦੀ ਹੈ। ਵੰਝਲੀ 'ਤੇ ਹੀਰ, ਸੱਸੀ, ਸੋਹਣੀ, ਮਾਹੀਆ, ਸੈਫਲ-ਮਲੂਕ, ਸੁਲਤਾਨ ਬਾਹੂ, ਕਿੱਸੇ ਤੇ ਛੱਲਾ ਆਦਿ ਲੋਕ ਧੁਨਾਂ ਗਾਈਆਂ ਜਾਂਦੀਆਂ ਹਨ।

**ਬੀਨ:** ਬੀਨ ਅਜਿਹਾ ਸਾਜ਼ ਹੈ ਜੋ ਸਾਰੇ ਭਾਰਤ ਵਿਚ ਸਪੇਰਿਆਂ ਦੇ ਸਾਜ਼ ਵਜੋਂ ਜਾਣਿਆ ਜਾਂਦਾ ਹੈ। ਸਪੇਰੇ ਜਿਥੇ ਵੱਖ ਵੱਖ ਪ੍ਰਕਾਰ ਦੀਆਂ ਧੁਨਾਂ ਦੀ ਉਤਪਤੀ ਇਸ ਸਾਜ਼ ਦੀ ਮਦਦ ਨਾਲ ਕਰਦੇ ਹਨ, ਉਥੇ ਇਹ ਸੱਪ ਦੇ ਡੰਗੇ ਦੇ ਇਲਾਜ ਸਮੇਂ ਜੋ ਮੰਤਰ ਗਾਉਂਦੇ ਹਨ, ਉਨ੍ਹਾਂ ਨਾਲ ਵੀ ਕਈ ਵਾਰ ਸਾਜ਼ ਦੀ ਵਰਤੋਂ ਕੀਤੀ ਜਾਂਦੀ ਹੈ।

**ਸ਼ਹਿਨਾਈ:** ਸ਼ਹਿਨਾਈ ਦੀ ਵਰਤੋਂ ਬਹੁਤੀ ਸ਼ਾਸਤਰੀ ਗਾਇਨ ਸਮੇਂ ਕੀਤੀ ਜਾਂਦੀ ਹੈ, ਪਰ ਪੰਜਾਬੀ ਵਿਆਹ ਦੌਰਾਨ ਜੰਵ ਚੜ੍ਹਨ ਜਾਂ ਢੁਕਣ ਸਮੇਂ ਵੀ ਵਜਾਈ ਜਾਂਦੀ ਹੈ। ਸ਼ਹਿਨਾਈ ਲੱਕੜ ਦਾ ਬਣਿਆ ਅਜਿਹਾ ਸਾਜ਼ ਹੈ ਜਿਸ ਦੀ ਲੰਬਾਈ 15-16 ਇੰਚ ਹੁੰਦੀ ਹੈ। ਸ਼ਹਿਨਾਈ ਨੂੰ ਬਾਂਸਰੀ ਵਾਂਗ ਬੁੱਲ੍ਹਾਂ ਦੇ ਵਿਚਾਲੇ ਰੱਖ ਕੇ ਵਜਾਉਂਦੇ ਹਨ। ਇਸ ਵਿਚ ਅੱਠ ਤੋਂ ਨੌਂ ਛੇਕ ਹੋ ਸਕਦੇ ਹਨ ਜਿਨ੍ਹਾਂ ਨੂੰ ਉਂਗਲੀਆਂ ਨਾਲ ਖੋਲ੍ਹਣ ਅਤੇ ਬੰਦ ਕਰਨ ਨਾਲ ਵੱਖ ਵੱਖ ਪ੍ਰਕਾਰ ਦੇ ਸੁਰ ਪੈਦਾ ਕੀਤੇ ਜਾਂਦੇ ਹਨ।

**ਸੰਖ:** ਸੰਖ ਦੀ ਵਰਤੋਂ ਬਹੁਤੀ ਮੰਦਿਰਾਂ ਗੁਰਦੁਆਰਿਆਂ ਵਿਚ ਹੁੰਦੀ ਹੈ। ਇਸ ਨੂੰ ਪਵਿਤਰ ਸਾਜ਼ ਮੰਨਿਆ ਜਾਂਦਾ ਹੈ ਜਿਸ ਦਾ ਨਿਭਾ ਗਾਉਣ ਤੋਂ ਪਹਿਲਾਂ ਜਾਂ ਮਗਰੋਂ, ਜਾਂ ਫਿਰ ਬਿਨਾ ਗਾਉਣ ਤੋਂ ਕੀਤਾ ਜਾਂਦਾ ਹੈ। ਇਹ ਕਿਸੇ ਵਸਤ ਤੋਂ ਨਹੀਂ ਬਣਾਇਆ ਜਾਂਦਾ ਸਗੋਂ ਸਮੁੰਦਰੀ ਤੱਟ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਸੰਖ ਦੀ ਉਤਪਤੀ ਪਾਣੀ ਵਿਚੋਂ ਹੋਣ ਕਰ ਕੇ ਜਲਜਲਾ ਵੀ ਆਖਿਆ ਜਾਂਦਾ ਹੈ।

**ਅਲਗੋਜ਼ੇ:** ਇਹ ਪੰਜਾਬੀਆਂ ਦਾ ਸਭ ਤੋਂ ਮਨਭਾਉਂਦਾ ਸਾਜ਼ ਹੈ। ਇਸ ਨੂੰ ਬਣਾਉਣ ਲਈ ਬਾਂਸ ਦੀਆਂ ਪੋਰੀਆਂ ਨੂੰ ਵਿਚੋਂ ਖਾਲੀ ਕਰ ਲਿਆ ਜਾਂਦਾ ਹੈ। ਇਕ ਸਿਰੇ ਨੂੰ ਕਲਮ ਵਾਂਗ ਤਰਾਸ਼ ਕੇ ਉਸ ਉਤੇ ਲੱਕੜੀ ਦੀ ਜੀਭੀ ਲਾ ਦਿੱਤੀ ਜਾਂਦੀ ਹੈ। ਜੀਭਾ ਤੋਂ ਥੋੜ੍ਹਾ ਅੱਗੇ ਇਕ ਤਿਕੋਣੀ ਸੁਰਾਖ ਬਣਾ ਦਿੱਤੀ ਜਾਂਦੀ ਹੈ। ਇਸ ਤਿਕੋਣੇ ਸੁਰਾਖ ਜਾਂ ਕੋਠੀ ਤੋਂ ਇਕ ਇੰਚ ਉਤੇ 5 ਜਾਂ 6 ਸੁਰਾਖ ਹੁੰਦੇ ਹਨ।

**ਘਨ ਸਾਜ਼:** ਘਨ ਸਾਜ਼ ਕਿਸੇ ਧਾਤੂ ਜਾਂ ਲੱਕੜ ਦੇ ਬਣੇ ਹੁੰਦੇ ਹਨ ਜਿਨ੍ਹਾਂ ਨੂੰ ਆਪਸ ਵਿਚ ਟਕਰਾ ਕੇ ਜਾਂ ਹੱਥ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਪੰਜਾਬੀ ਗਾਇਕੀ ਨਾਲ ਵਰਤੇ ਜਾਂਦੇ ਘਨ ਸਾਜ਼ਾਂ ਦੀ ਸ਼੍ਰੇਣੀ ਵਿਚ ਚਿਮਟਾ, ਖੰਜਰੀ, ਕਾਟੋ, ਘੁੰਗਰੂ, ਸੱਪ ਆਦਿ ਮੁੱਖ ਹਨ।

**ਚਪਟੀਆਂ/ਡੰਡੀਆਂ/ਸੋਟੀਆਂ:** ਇਹ ਅਜਿਹਾ ਸਾਜ਼ ਹੈ ਜੋ ਲੱਕੜ ਦੀਆਂ ਦੋ ਡੰਡੀਆਂ/ਸੋਟੀਆਂ ਨੂੰ ਆਪਸ ਵਿਚ ਖੜਕਾ ਕੇ ਵਜਾਇਆ ਜਾਂਦਾ ਹੈ। ਕਰੀਬ 30 ਸੈਂਟੀਮੀਟਰ ਲੰਬੀਆਂ ਲੱਕੜ ਦੀਆਂ ਚਪਟੀਆਂ ਨਾਲ ਗੁਜਰਾਤ ਦਾ ਲੋਕ ਨਾਚ 'ਡਾਂਡੀਆ' ਨੱਚਿਆ ਜਾਂਦਾ ਹੈ। ਇਸ ਨੂੰ 'ਡਾਂਡੀਆਂ ਗਨ' ਪਾਉਣਾ ਵੀ ਕਹਿੰਦੇ ਹਨ।

**ਕਾਟੋ:** ਇਸ ਲੋਕ ਸਾਜ਼ ਦੀ ਵਰਤੋਂ ਸਿਰਫ ਪੰਜਾਬ ਵਿਚ ਪੰਜਾਬੀ ਗਾਇਕੀ ਦੇ ਨਿਭਾ ਸਮੇਂ ਕੀਤੀ ਜਾਂਦੀ ਹੈ। ਇਹ ਲੱਕੜੀ ਦਾ ਅਜਿਹਾ ਸਾਜ਼ ਹੈ, ਜਿਸ ਦੇ ਸਿਰੇ 'ਤੇ ਕਾਟੋ ਜਿਹਾ ਆਕਾਰ ਲਾਇਆ ਹੁੰਦਾ ਹੈ ਜੋ ਕਈ ਪ੍ਰਕਾਰ ਦੇ ਘੁੰਗਰੂਆਂ ਤੇ ਫੁੰਮਣਾਂ ਨਾਲ ਸ਼ਿੰਗਾਰਿਆਂ ਹੁੰਦਾ ਹੈ। ਕਾਟੋ ਦੇ ਮੂੰਹ ਵਿਚ ਰੱਸੀ ਫਸਾ ਕੇ ਡੰਡੇ ਦੇ ਥੱਲੇ ਵਾਲੇ ਹਿੱਸੇ ਨਾਲ ਬੰਨ੍ਹਿਆ ਜਾਂਦਾ ਹੈ। ਗਾਉਣ ਸਮੇਂ ਰੱਸੀ ਖਿੱਚ ਕੇ ਕਾਟੋ ਨੂੰ ਟੱਪਦੀ ਦਿਖਾਇਆ ਜਾਂਦਾ ਹੈ। ਭੰਗੜਾ ਪਾਉਣ ਵੇਲੇ ਗੱਭਰੂ ਇਸ ਸਾਜ਼ ਨਾਲ ਲੰਬੀਆਂ ਤੇ ਖਿੱਚਵੀਆਂ ਬੋਲੀਆਂ ਪਾਉਂਦੇ ਹਨ।

**ਸੱਪ:** ਸੱਪ ਅਜਿਹਾ ਪੰਜਾਬੀ ਲੋਕ ਸਾਜ਼ ਹੈ ਜਿਸ ਦੀ ਵਰਤੋਂ ਕਾਟੋ ਵਾਂਗ ਮਲਵਈ ਗਿੱਧੇ ਅਤੇ ਭੰਗੜੇ ਦੀਆਂ ਬੋਲੀਆਂ ਵੇਲੇ ਕੀਤੀ ਜਾਂਦੀ ਹੈ। ਲੱਕੜ ਦੇ ਬਣੇ ਇਸ ਸਾਜ਼ 'ਚ ਫੱਟੀਆਂ ਨੂੰ ਇਕ ਸਿਰੇ ਤੋਂ ਦੂਜੇ ਸਿਰੇ ਨਾਲ ਛੇਕ ਕਰ ਕੇ ਕਿੱਲ ਦੀ ਮਦਦ ਨਾਲ ਜੋੜਿਆ ਜਾਂਦਾ ਹੈ। ਇਨ੍ਹਾਂ ਫੱਟੀਆਂ ਦੀ ਲੰਬਾਈ ਤਕਰੀਬਨ ਇਕ ਫੁੱਟ ਤੱਕ ਹੁੰਦੀ ਹੈ।

**ਖੜਤਾਲ:** ਸਾਜ਼ਿੰਦੇ ਜਾਂ ਗਾਇਕ, ਧਾਰਮਿਕ ਗਾਇਨ ਵੇਲੇ ਖੜਤਾਲ ਜ਼ਿਆਦਾ ਵਰਤਦੇ ਹਨ। ਇਸ ਦੀ ਬਣਤਰ ਚੌੜਾਈ ਵਾਲੀ ਹੁੰਦੀ ਹੈ। ਖੜਤਾਲ ਕਰੀਬ 15 ਸੈਂਟੀਮੀਟਰ ਦੀ ਹੁੰਦੀ ਹੈ। ਅੰਗੂਠੇ ਤੇ ਉਂਗਲਾਂ ਨਾਲ ਵਜਾਈ ਜਾਂਦੀ ਹੈ। ਬਣਾਉਣ ਲਈ ਲੱਕੜੀ ਵਰਤੀ ਜਾਂਦੀ ਹੈ, ਵਿਚਾਲੇ ਤਾਂਬੇ ਦੇ ਪੱਤਰੇ ਲਾਏ ਜਾਂਦੇ ਹਨ। ਖੜਤਾਲ ਦੇ ਦੋ ਟੁਕੜੇ ਹੁੰਦੇ ਹਨ, ਦੋਹਾਂ ਵਿਚ ਛਣਕਣ ਵਾਲੇ ਪੱਤਰਿਆਂ ਕਰ ਕੇ ਆਵਾਜ਼ ਪੈਦਾ ਹੁੰਦੀ ਹੈ।

**ਘੁੰਗਰੂ:** ਘੁੰਗਰੂ ਅਜਿਹਾ ਸਾਜ਼ ਹੈ ਜਿਸ ਦੀ ਵਰਤੋਂ ਭੰਗੜੇ, ਮਲਵਈ ਗਿੱਧੇ ਤੇ ਕੁੜੀਆਂ ਦੇ ਗਿੱਧੇ ਵਿਚ ਕੀਤੀ ਜਾਂਦੀ ਹੈ। ਘੁੰਗਰੂਆਂ ਦੀਆਂ ਵੀ ਅਗਾਂਹ ਦੋ ਕਿਸਮਾਂ ਹਨ: ਇਕ ਘੁੰਗਰੂ ਜੋ ਪੈਰੀਂ ਬੰਨ੍ਹੇ ਜਾਂਦੇ ਹਨ; ਦੂਜੇ ਹੱਥ 'ਚ ਫੜ੍ਹ ਕੇ ਵਜਾਏ ਜਾਂਦੇ ਹਨ। ਘੁੰਗਰੂ ਤਾਂਬੇ ਦੇ ਹੁੰਦੇ ਹਨ।

**ਚਿਮਟਾ:** ਚਿਮਟੇ ਦੀ ਵਰਤੋਂ ਭਜਨ, ਕੀਰਤਨ, ਭੇਟਾਂ ਗਾਉਣ ਵੇਲੇ ਹੁੰਦੀ ਹੈ। ਇਹ ਲੋਹੇ ਦਾ ਬਣਿਆ ਅਜਿਹਾ ਲੋਕ ਸਾਜ਼ ਹੈ ਜਿਸ ਦੀ ਲੰਬਾਈ ਦੋ ਤੋਂ ਚਾਰ ਫੁੱਟ ਤੱਕ ਹੁੰਦੀ ਹੈ। ਇਸ ਦਾ ਇਕ ਪਾਸਿਓਂ ਮੂੰਹ ਖੁੱਲ੍ਹਾ ਹੁੰਦਾ ਹੈ। ਦੂਜੇ ਪਾਸੇ ਲੋਹੇ ਦੇ ਕੜੇ ਦੀ ਮੁੱਠ ਹੁੰਦੀ ਹੈ। ਚਿਮਟੇ 'ਤੇ ਲੋਹੇ ਜਾਂ ਪਿੱਤਲ ਦੇ ਛੋਟੇ ਛੋਟੇ ਪੱਤਰੇ ਲੱਗੇ ਹੁੰਦੇ ਹਨ ਜੋ ਵਜਾਉਣ ਵੇਲੇ ਆਵਾਜ਼ ਦੀ ਲੈਅ ਬਰਕਰਾਰ ਰੱਖਦੇ ਹਨ।

**ਖੰਜਰੀ:** ਖੰਜਰੀ ਦੀ ਵਰਤੋਂ ਸਾਰੇ ਭਾਰਤ ਵਿਚ ਹੁੰਦੀ ਹੈ। ਇਸ ਨੂੰ ਵਜਾਉਣ ਵੇਲੇ ਉਂਗਲੀ ਜਾਂ ਹੱਥ ਦੀ ਹਥੇਲੀ ਦੀ ਮਦਦ ਲਈ ਜਾਂਦੀ ਹੈ। ਘੇਰਾ ਕਿਸੇ ਧਾਤੂ ਦਾ ਬਣਿਆ ਹੁੰਦਾ ਹੈ ਜਿਸ ਦਾ ਆਕਾਰ ਗੋਲ ਹੁੰਦਾ ਹੈ। ਇਸ ਦੇ ਦਾਇਰੇ 'ਤੇ ਪਿੱਤਲ ਦੇ ਛੈਣੇ ਲੱਗੇ ਹੁੰਦੇ ਹਨ ਜਿਨ੍ਹਾਂ ਨੂੰ ਹੱਥ ਦੀ ਹਥੇਲੀ 'ਤੇ ਮਾਰਨ ਨਾਲ ਸੁਰੀਲੀ ਆਵਾਜ਼ ਪੈਦਾ ਹੁੰਦੀ ਹੈ।

**ਲੋਟਾ:** ਲੋਟੇ ਦੀ ਸ਼ਕਲ ਦਾ ਇਹ ਸਾਜ਼ ਮੀਆਂਵਾਲੀ ਇਲਾਕੇ ਵਿਚ ਬਹੁਤ ਪ੍ਰਚਲਿਤ ਹੈ, ਮਿੱਟੀ ਦੇ ਬਣੇ ਲੋਟੇ ਦੇ ਮੂੰਹ ਉਤੇ ਝਿੱਲੀ ਚੜ੍ਹਾ ਕੇ ਅੰਦਰੋਂ ਤੰਦੀ ਲੰਘਾ ਕੇ ਲੋਟੇ ਦੇ ਗਲ ਦੁਆਲੇ ਵਲ ਦਿੱਤੀ ਜਾਂਦੀ ਹੈ। ਇਕ ਹੋਰ ਤੰਦੀ ਝਿੱਲੀ 'ਤੇ ਬੰਨ੍ਹੀ ਜਾਂਦੀ ਹੈ। ਇਸ ਤੰਦੀ ਨਾਲ ਨਿੱਕੇ ਨਿੱਕੇ ਘੁੰਗਰੂ ਬੱਝੇ ਹੁੰਦੇ ਹਨ। ਇਸ ਸਾਜ਼ ਨੂੰ ਖੱਬੀ ਬਗਲ ਵਿਚ ਦਬਾ ਲਿਆ ਜਾਂਦਾ ਹੈ ਅਤੇ ਸੱਜੇ ਹੱਥ ਨਾਲ ਡੰਡੀ ਫੜ੍ਹ ਕੇ ਤੰਦੀ ਵਜਾਈ ਜਾਂਦੀ ਹੈ।

**ਘੜਾ:** ਘੜਾ ਅਜਿਹਾ ਸਾਜ਼ ਹੈ ਜੋ ਚਮਚੇ, ਮੁੰਦਰੀ ਜਾਂ ਹੱਥ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਘੜੇ ਦੀ ਵਰਤੋਂ ਹਰ ਤਰ੍ਹਾਂ ਦੀ ਗਾਇਕੀ ਨਾਲ ਕੀਤੀ ਜਾਂਦੀ ਹੈ। ਘੜਾ ਤੇ ਘੜੋਲੀ ਜਿਥੇ ਕੱਚੀ ਮਿੱਟੀ ਪਕਾ ਕੇ ਬਣਾਏ ਜਾਂਦੇ ਹਨ, ਉਥੇ ਗਾਗਰ ਪਿੱਤਲ ਦੀ ਬਣੀ ਹੁੰਦੀ ਹੈ।

**ਬੰਬੀਹਾ:** ਇਹ ਅਜਿਹਾ ਸਾਜ਼ ਹੈ ਜਿਸ ਦਾ ਸਬੰਧ ਗਿੱਧੇ ਜਾਂ ਜਾਗੋ ਕੱਢਣ ਵੇਲੇ ਬੋਲੀਆਂ ਜਾਂ ਕਾਵਿਕ ਟੂਕਾਂ ਨਾਲ ਜੋੜਿਆ ਜਾਂਦਾ ਹੈ। ਬੰਬੀਹਾ ਡੰਡਾ ਹੁੰਦਾ ਹੈ ਜਿਸ 'ਤੇ ਘੁੰਗਰੂ ਬੰਨ੍ਹੇ ਹੁੰਦੇ ਹਨ। ਇਸ ਨੂੰ ਸ਼ਿੰਗਾਰਨ ਲਈ ਕਈ ਕਿਸਮ ਦੇ ਗੋਟੇ ਪੱਤੀਆਂ ਦੀ ਵਰਤੋਂ ਹੁੰਦੀ ਹੈ। ਇਸ ਨਾਲ ਸਬੰਧਤ ਬੋਲੀ ਦਾ ਜ਼ਿਕਰ ਵੀ ਗਾ ਕੇ ਕੀਤਾ ਜਾਂਦਾ ਹੈ:

ਬੋਲੇ ਨੀ ਬੰਬੀਹਾ ਬੋਲੇ,
ਜੀਤੋ ਡਾਰੀ ਦੀ ਬਾਰ...
ਨੀ ਬੰਬੀਹਾ ਬੋਲੇ ਬੋਲੇ,
ਬਰਖਰਦਾਰ, ਨੀ ਬੰਬੀਹਾ ਬੋਲੇ।

ਇਸ ਤੋਂ ਇਲਾਵਾ ਕਈ ਗਾਇਕ ਹੱਥੀਂ ਪਾਏ ਕੜੇ ਵਜਾ ਕੇ ਵੀ ਗਾਉਂਦੇ ਹਨ। ਛੈਣੇ/ਮੰਜ਼ੀਰੇ ਵੀ ਅਜਿਹਾ ਸਾਜ਼ ਹੈ, ਜਿਸ ਦਾ ਇਸਤੇਮਾਲ ਭਜਨ/ਭੇਟ ਗਾਇਨ ਵੇਲੇ ਕੀਤਾ ਜਾਂਦਾ ਹੈ। ਛੈਣਿਆਂ ਤੋਂ ਇਲਾਵਾ ਟੱਲੀਆਂ ਜਾਂ ਟੱਲ ਦਾ ਇਸਤੇਮਾਲ ਮੰਦਿਰਾਂ ਵਿਚ ਕੀਤਾ ਜਾਂਦਾ ਹੈ।

ਸਾਜ਼ਾਂ ਦੀਆਂ ਇਨ੍ਹਾਂ ਵੰਨਗੀਆਂ ਤੋਂ ਬਾਅਦ ਪੱਛਮੀ ਸਾਜ਼ਾਂ ਦਾ ਜ਼ਿਕਰ ਵੀ ਬਣਦਾ ਹੈ; ਕਿਉਂਕਿ ਅੱਜ ਕੱਲ੍ਹ ਪੱਛਮੀ ਸਾਜ਼ਾਂ ਦੇ ਪ੍ਰਭਾਵ ਅਧੀਨ ਭਾਰਤੀ ਗਾਇਕੀ ਦੀ ਪੇਸ਼ਕਾਰੀ ਜ਼ਿਆਦਾ ਟੈਕਨੀਕਲ ਹੋ ਰਹੀ ਹੈ। ਪੱਛਮੀ ਸੰਗੀਤ ਵਿਚ ਕੀ-ਬੋਰਡ ਸਾਜ਼ਾਂ ਦਾ ਵੱਧ ਰੁਝਾਨ ਹੈ। ਕੀ-ਬੋਰਡ ਸਾਜ਼ਾਂ ਵਿਚ ਹਵਾ ਤੇ ਤਾਰ ਵਾਲੇ ਤੇ ਇਲੈਕਟ੍ਰਾਨਿਕ ਸਾਜ਼ਾਂ ਦੀ ਵੰਡ ਇਸ ਤਰ੍ਹਾਂ ਹੈ: ਤਾਰ ਵਾਲੇ ਸਾਜ਼ਾਂ ਵਿਚ ਕਲੈਵੀਚੋਰਡ, ਹਾਰਪਸੀਚੋਰਡ, ਪਿਆਨੋ; ਹਵਾ ਵਾਲੇ ਸਾਜ਼ਾ 'ਚ ਐਕੋਡੀਅਨ, ਮੈਲੋਡੀਕਾ, ਹਾਰਮੋਨੀਅਮ, ਔਰਗਨ ਤੇ ਇਲੈਕਟ੍ਰਾਨਿਕ ਸਾਜ਼ਾਂ 'ਚ ਸੈਂਪਲਰ, ਸਿੰਥੇਸਾਈਜ਼ਰ, ਔਨਡਸ, ਮਾਰਟੀਨੋਟ, ਇਲੈਕਟ੍ਰਿਕ, ਪਿਆਨੋ, ਕਲੈਵੀਨੈਟ, ਰੌਡਸ ਪਿਆਨੋ, ਪਾਇਨਟ, ਐਮ. ਆਈ. ਡੀ. ਆਈ. ਤੇ ਕੀ-ਬੋਰਡ ਕੰਟਰੋਲਰ ਆ ਜਾਂਦੇ ਹਨ।

20ਵੀਂ ਸਦੀ ਦੇ ਅਖੀਰ ਵਿਚ ਸਾਜ਼ਾਂ ਦੀ ਬਣਤਰ ਅਤੇ ਇਨ੍ਹਾਂ ਨੂੰ ਨਿਭਾਉਣ ਦੀ ਪ੍ਰਕ੍ਰਿਆ 'ਚ ਕਾਫੀ ਅੰਤਰ ਆਇਆ ਹੈ। ਅੱਜ ਕੱਲ੍ਹ ਪੁਰਾਣੇ ਸਾਜ਼ਾਂ ਦੀ ਮੌਲਿਕਤਾ ਦੀ ਥਾਂ ਸਿੰਥੇਸਾਈਜ਼ਰ ਡਿਜ਼ੀਟਲ ਟੈਕਨਾਲੋਜੀ ਦਾ ਪ੍ਰਭਾਵ ਵੱਧ ਹੈ। ਉਂਜ, ਬਹੁਤ ਸਾਰੇ ਸਾਜ਼ਾਂ ਦੀ ਨੁਹਾਰ ਹੁਣ ਨਿਖਰਵੇਂ ਤੇ ਬਦਲਵੇਂ ਰੂਪ ਵਿਚ ਸਾਹਮਣੇ ਆਈ ਹੈ ਜੋ ਇਸ ਖੇਤਰ ਦੀ ਵੱਡੀ ਪ੍ਰਾਪਤੀ ਹੈ। ਰਵਾਇਤੀ ਗਾਇਕੀ ਜਾਂ ਲੋਕ ਗਾਇਕੀ ਵਿਚ ਨਿਭਾਏ ਜਾਂਦੇ ਲੋਕ ਕਾਵਿ ਰੂਪਾਂ ਦੀਆਂ ਸਾਧਾਰਨ ਪੇਸ਼ਕਾਰੀਆਂ ਵਿਚ ਅੱਜ ਵੀ ਪੰਜਾਬ ਦੇ ਕਈ ਪਿੰਡਾਂ ਵਿਚ ਪਰਾਤ, ਗਾਗਰ ਨਾਲ ਗਾਉਂਦੀਆਂ ਸੁਆਣੀਆਂ ਮਿਲ ਜਾਂਦੀਆਂ ਹਨ, ਜਿਨ੍ਹਾਂ ਨੇ ਆਪਣੀ ਵਿਰਾਸਤ ਨੂੰ ਜਿਉਂ ਦਾ ਤਿਉਂ ਕਾਇਮ ਰੱਖਿਆ ਹੋਇਆ ਹੈ। ਨਾਲ ਹੀ ਅੱਜ ਦੀ ਗਾਇਕੀ, ਰਿਕਾਰਡਿੰਗ ਦੀ ਪੱਧਰ 'ਤੇ ਕੌਮਾਂਤਰੀ ਪੱਧਰ ਤੱਕ ਧੁੰਮਾਂ ਪਾ ਚੁਕੀ ਹੈ। ਪੰਜਾਬੀ ਗਾਇਕੀ ਦੀ ਅਜੋਕੀ ਸਾਰੀ ਰਿਕਾਰਡਿੰਗ ਸਿੰਥੇਸਾਈਜ਼ਰ ਤੇ ਆਰਕੈਸਟਰਾ ਸਾਜ਼ਾਂ ਦੀ ਮਦਦ ਨਾਲ ਹੋਣੀ ਸਮੇਂ ਦੀ ਮੰਗ ਹੈ, ਫਿਰ ਵੀ ਪੁਰਾਣੇ ਪੰਜਾਬੀ ਲੋਕ ਸਾਜ਼ਾਂ ਦੀ ਆਪਣੀ ਸਭਿਆਚਾਰਕ ਮੌਲਿਕਤਾ ਹੈ।

**ਅਜ਼ੀਮ ਸ਼ਖਸੀਅਤ**

# ਡਾ. ਬਖਸ਼ੀਸ਼ ਸਿੰਘ ਨਿੱਜਰ ਨਾਲ ਜੁੜੀਆਂ ਯਾਦਾਂ



**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਡਾ. ਬਖਸ਼ੀਸ਼ ਸਿੰਘ ਨਿੱਜਰ ਦਾ ਜਨਮ ਪਿੰਡ ਡੁਮੇਲੀ ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਸੰਨ 1922 ਵਿਚ ਹੋਇਆ। ਪਿੰਡ ਦੇ ਮਿਡਲ ਸਕੂਲ ਤੋਂ ਅੱਠਵੀਂ ਜਮਾਤ ਪਾਸ ਕਰ ਕੇ ਉਹ ਸੰਨ 1935 ਵਿਚ ਖਾਲਸਾ ਹਾਈ ਸਕੂਲ, ਕਾਲਰਾ ਵਿਖੇ ਦਾਖਲ ਹੋਏ। ਡੁਮੇਲੀ ਤੋਂ ਕਾਲਰਾ ਦੋ ਮੀਲ ਉਤਰ ਦਿਸ਼ਾ ਵਿਚ ਹੈ ਤੇ ਉਹ ਇਹ ਪੈਂਡਾ ਦੌੜ ਕੇ ਪਾਰ ਕਰਦੇ। ਸਿਹਤ ਬਹੁਤ ਚੰਗੀ ਸੀ ਤੇ ਘਰ ਵਿਚ ਦੁੱਧ ਘਿਉ ਵੀ ਖੁਲ੍ਹਾ-ਡੁਲ੍ਹਾ ਸੀ। ਉਸ ਸਮੇਂ ਜੱਟਾਂ ਕੋਲ ਪੈਸੇ ਨਹੀਂ ਸਨ ਹੁੰਦੇ। ਇਕ ਵਾਰ ਉਹ ਸਕੂਲ ਦੀ ਤਿੰਨ ਆਨੇ ਫੀਸ ਵੀ ਨਾ ਦੇ ਸਕੇ ਜਿਸ ਕਾਰਨ ਸਕੂਲ ਟੀਚਰ ਨੇ ਕਿਹਾ ਕਿ ਕੱਲ੍ਹ ਤੋਂ ਫੀਸ ਤੋਂ ਬਿਨਾ ਸਕੂਲ ਨਾ ਆਈਂ। ਉਸ ਨੇ ਆਪਣੇ ਬਾਬਾ ਜੀ ਤੋਂ ਫੀਸ ਦੇ ਪੈਸੇ ਮੰਗੇ ਤਾਂ ਬਾਬੇ ਨੇ ਕਿਹਾ ਕਿ ਕਾਕਾ ਫਸਲ ਵੇਚ ਕੇ ਪੈਸੇ ਹੱਥ ਆਉਣਗੇ।

ਬਖਸ਼ੀਸ਼ ਸਿੰਘ ਸਕੂਲ ਨਾ ਗਏ ਤਾਂ ਸ਼ਾਮ ਨੂੰ ਸਕੂਲ ਦਾ ਪੀ.ਟੀ. ਮਾਸਟਰ ਉਨ੍ਹਾਂ ਦੇ ਘਰ ਆਇਆ ਤੇ ਬਾਬਾ ਜੀ ਨੂੰ ਕਹਿਣ ਲੱਗਾ ਕਿ ਬਖਸ਼ੀਸ਼ ਅੱਜ ਸਕੂਲ ਨਹੀਂ ਆਇਆ। ਉਸ ਦੇ ਬਾਬਾ ਜੀ ਨੇ ਆਪਣੀ ਮਜਬੂਰੀ ਦੱਸੀ ਤਾਂ ਪੀ.ਟੀ. ਮਾਸਟਰ ਨੇ ਕਿਹਾ ਕਿ ਉਸ ਨੂੰ ਕੱਲ੍ਹ ਨੂੰ ਸਕੂਲ ਭੇਜੋ, ਫੀਸ ਉਹ ਦੇ ਦੇਵੇਗਾ। ਪੀ.ਟੀ. ਮਾਸਟਰ ਨੂੰ ਫਿਕਰ ਸੀ ਕਿ ਬਖਸ਼ੀਸ਼ ਤੋਂ ਬਿਨਾ ਸਕੂਲ ਦੀ ਫੁੱਟਬਾਲ ਟੀਮ ਦਾ ਜਿੱਤਣਾ ਮੁਸ਼ਕਿਲ ਹੈ।

ਐਨੀਆਂ ਤੰਗੀਆਂ ਵਿਚ ਉਨ੍ਹਾਂ ਮੈਟ੍ਰਿਕ ਚੰਗੇ ਨੰਬਰਾਂ ਵਿਚ ਸੰਨ 1937 ਵਿਚ ਪਾਸ ਕੀਤੀ ਅਤੇ ਪਿਤਾ ਤੋਂ 30 ਰੁਪਏ ਲੈ ਕੇ ਸਿੰਗਾਪੁਰ ਚਲੇ ਗਏ। ਦੋ ਕੁ ਸਾਲ ਉਥੇ ਦੋ ਭਾਸ਼ੀਏ ਦਾ ਕੰਮ ਕੀਤਾ, ਫਿਰ ਮਿਲਟਰੀ ਵਿਚ ਭਰਤੀ ਹੋ ਗਏ। ਉਸ ਤੋਂ ਦੋ ਕੁ ਸਾਲ ਬਾਅਦ ਉਹ ਮਿਲਟਰੀ ਤੋਂ ਡਿਸਚਾਰਜ ਲੈ ਕੇ ਆ ਗਏ ਅਤੇ ਜਲੰਧਰ ਦੇ ਕਿਸੇ ਸਕੂਲ ਵਿਚ ਪੀ.ਟੀ. ਮਾਸਟਰ ਲੱਗ ਗਏ। ਉਨ੍ਹਾਂ ਪ੍ਰਾਈਵੇਟ ਬੀ.ਏ. ਅਤੇ ਫਿਰ ਐਮ.ਏ. ਪੰਜਾਬੀ ਤੇ ਹਿਸਟਰੀ ਪਾਸ ਕਰ ਕੇ ਕਸਬਾ ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ) ਅਤੇ ਮਾਹਲਪੁਰ ਦੇ ਕਾਲਜਾਂ ਵਿਚ ਪੜ੍ਹਾਉਂਦਿਆਂ ਹਿਸਟਰੀ ਦੀ ਪੀਐਚ.ਡੀ. ਕਰ ਲਈ ਅਤੇ ਪੁਰਾਤਤਵ ਵਿਭਾਗ ਪਟਿਆਲਾ ਵਿਚ ਪਹਿਲਾਂ ਸੀਨੀਅਰ ਅਸਿਸਟੈਂਟ ਲੱਗੇ ਤੇ ਫਿਰ ਆਪਣੀ ਯੋਗਤਾ ਨਾਲ ਡਾਇਰੈਕਟਰ, ਪੰਜਾਬ ਸਟੇਟ ਆਰਕਾਈਵਜ਼ ਵਜੋਂ ਸੰਨ 1985 ਵਿਚ ਰਿਟਾਇਰ ਹੋਏ। ਇਸ ਅਹੁਦੇ 'ਤੇ ਹੁੰਦਿਆਂ ਉਨ੍ਹਾਂ ਦੇਖਿਆ ਸੀ ਕਿ ਹਿਸਟਰੀ ਦੀ ਪੀਐਚ.ਡੀ. ਕਰਨ ਵਾਲੇ ਵਿਦਿਆਰਥੀਆਂ ਨੂੰ ਕੁਝ ਬਹੁਤ ਹੀ ਜ਼ਰੂਰੀ ਕਿਤਾਬਾਂ ਕਿਤੋਂ ਵੀ ਨਹੀਂ ਸਨ ਮਿਲਦੀਆਂ। ਉਨ੍ਹਾਂ ਇਸ ਸਬੰਧੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਲਾਲ ਸਿੰਘ ਨਾਲ ਗੱਲ ਕੀਤੀ ਅਤੇ ਉਨ੍ਹਾਂ ਅਗਾਂਹ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਤੋਂ ਮਨਜ਼ੂਰੀ ਲੈ ਕੇ ਇਹ ਕਿਤਾਬਾਂ ਛਪਵਾਈਆਂ ਅਤੇ ਅੱਜ ਤਕ ਭਾਸ਼ਾ ਵਿਭਾਗ ਦੇ ਜ਼ਿਲ੍ਹਾ ਦਫਤਰਾਂ ਤੋਂ ਮਿਲ ਰਹੀਆਂ ਹਨ।

ਡਾ. ਬਖਸ਼ੀਸ਼ ਸਿੰਘ ਨੇ 'ਹੀਰ ਵਾਰਿਸ ਸ਼ਾਹ' ਬਾਰੇ ਪੜਚੋਲ ਬਹੁਤ ਮਿਹਨਤ ਨਾਲ ਲਿਖੀ ਤੇ ਛਪਵਾਈ। ਪੁਰਾਤਤਵ ਵਿਭਾਗ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਕੁਝ ਅੰਤਿਮ ਰਿਕਾਰਡ ਨੂੰ ਬਸਤਿਆਂ ਵਿਚ ਪਏ ਨੂੰ ਸਿਉਂਕ ਲੱਗੀ ਹੋਈ ਸੀ। ਇਹ ਰਿਕਾਰਡ ਫਾਰਸੀ ਭਾਸ਼ਾ ਵਿਚ ਸੀ। ਇਸ ਭਾਸ਼ਾ ਤੋਂ ਜਾਣੂ ਵਿਰਲੇ ਹੀ ਬਚੇ ਸਨ ਤਾਂ ਉਨ੍ਹਾਂ ਹੱਥਾਂ ਵਿਚ ਦਸਤਾਨੇ ਪਾ ਕੇ ਸਿਉਂਕ ਝਾੜ ਝਾੜ ਕੇ ਇਹ ਰਿਕਾਰਡ ਸੇਵਾਦਾਰਾਂ ਦੀ ਮਦਦ ਨਾਲ ਸਾਂਭਿਆ। ਇਸ ਰਿਕਾਰਡ ਵਿਚੋਂ ਉਨ੍ਹਾਂ ਬੜੀ ਦਿਲਚਸਪ ਗੱਲ ਲੱਭੀ ਕਿ ਬਰਸਾਤ ਦੇ ਮੌਸਮ ਦੇ ਅੰਬ ਪੱਕਣ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਫਤਿਹ ਸਿੰਘ ਕਪੂਰਥਲੇ ਵਾਲੇ ਦੇ ਸੱਦੇ 'ਤੇ ਭੁੰਗਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਮਿੱਠੇ ਅੰਬ ਚੂਪੇ ਸਨ। ਭੁੰਗਾ ਲਾਗੇ ਦੇ ਕੁਝ ਪਿੰਡ ਕਪੂਰਥਲਾ ਰਿਆਸਤ ਦਾ ਭਾਗ ਸਨ। ਇਸ ਇਲਾਕੇ ਦੇ ਮਿੱਠੇ ਅੰਬਾਂ ਬਾਰੇ ਮਹਾਰਾਜੇ ਨੇ ਉਥੋਂ ਦੇ ਵਸਨੀਕਾਂ ਤੋਂ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਇਸ ਇਲਾਕੇ ਦੀ ਮਿੱਟੀ ਦਾ ਇਹ ਗੁਣ ਹੈ। ਮਹਾਰਾਜੇ ਨੇ ਇਕੱਠੇ ਹੋਏ ਕਿਸਾਨਾਂ ਨੂੰ ਕਿਹਾ ਕਿ ਤੁਸੀਂ ਮਿੱਟੀ ਦੇ ਗੱਡੇ ਲੱਦ ਕੇ ਲਾਹੌਰ ਪਹੁੰਚਾਓ। ਮਹਾਰਾਜੇ ਨੂੰ ਖੁਸ਼ ਕਰਨ ਲਈ ਇਲਾਕੇ ਦੇ ਕਿਸਾਨਾਂ ਨੇ ਮਿੱਟੀ ਦੇ ਗੱਡੇ ਲੱਦ ਕੇ ਲਾਹੌਰ ਵੱਲ ਚਾਲੇ ਪਾ ਦਿੱਤੇ। ਗੱਡਿਆਂ ਦੀ ਕਤਾਰ ਐਨੀ ਲੰਮੀ ਲੱਗੀ ਕਿ ਮੂਹਰਲਾ ਗੱਡਾ ਲਾਹੌਰ ਤੇ ਆਖਰੀ ਗੱਡਾ ਅਜੇ ਭੁੰਗੇ ਹੀ ਸੀ।



*ਡਾ. ਬਖਸ਼ੀਸ਼ ਸਿੰਘ ਨਿੱਜਰ*

ਡਾ. ਨਿੱਜਰ ਨੇ ਕੈਨੇਡਾ ਅਤੇ ਅਮਰੀਕਾ ਵਸਦੇ ਇਲਾਕੇ ਦੇ ਪਿੰਡਾਂ ਦੇ ਲੋਕਾਂ ਤੋਂ ਦੋ ਕਰੋੜ ਰੁਪਇਆ ਇਕੱਠਾ ਕਰ ਕੇ ਡੁਮੇਲੀ ਵਿਖੇ ਹਸਪਤਾਲ ਬਣਵਾਇਆ। ਮੈਂ ਉਨ੍ਹੀਂ ਦਿਨੀਂ ਪਿੰਡ ਗਿਆ ਹੋਇਆ ਸੀ। ਮੈਂ ਉਨ੍ਹਾਂ ਨੂੰ ਪੰਜਾਹ ਹਜ਼ਾਰ ਰੁਪਏ ਦਿੱਤੇ। ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਮਿਲਣ ਗਿਆ ਤਾਂ ਕਹਿਣ ਲੱਗੇ, "ਰਾਣਾ ਸਾਹਿਬ, ਬਾਹਰ ਬੋਰਡ 'ਤੇ ਆਪਣਾ ਨਾਂ ਵੇਖ ਲਓ।" ਮੈਂ ਕਿਹਾ, "ਛੱਡੋ ਜੀ ਕੀ ਵੇਖਣਾ ਹੈ ਆਪਣਾ ਨਾਂ।" ਮੇਰੀ ਬਾਂਹ ਫੜ੍ਹ ਕੇ ਮੈਨੂੰ ਬੋਰਡ ਕੋਲ ਲੈ ਗਏ ਤੇ ਉਂਗਲੀ ਰੱਖ ਕੇ ਮੈਨੂੰ ਮੇਰਾ ਨਾਂ ਦਿਖਾਇਆ। ਮੈਂ ਹੈਰਾਨ ਹੋ ਗਿਆ ਕਿ ਮੇਰੇ ਨਾਂ ਅੱਗੇ ਇਕ ਲੱਖ ਰੁਪਏ ਲਿਖਿਆ ਹੋਇਆ ਸੀ। ਮੈਂ ਕਿਹਾ, "ਨਿੱਜਰ ਸਾਹਿਬ, ਪੈਸੇ ਇਕੱਠੇ ਕਰਨੇ ਕੋਈ ਤੁਹਾਥੋਂ ਸਿੱਖੇ।" ਅਗਲੇ ਦਿਨ ਮੈਂ ਪੰਜਾਹ ਹਜ਼ਾਰ ਦਾ ਚੈੱਕ ਉਨ੍ਹਾਂ ਨੂੰ ਦੇ ਕੇ ਆਇਆ।

ਉਨ੍ਹਾਂ ਇਤਿਹਾਸ ਦੀਆਂ ਹੇਠ ਲਿਖੀਆਂ ਪੁਸਤਕਾਂ ਲਿਖੀਆਂ:

1. ਪੰਜਾਬ ਅੰਡਰ ਦਿ ਗਰੇਟ ਮੁਗਲਜ਼ (ਅੰਗਰੇਜ਼ੀ ਵਿਚ)
2. ਪੰਜਾਬ ਅੰਡਰ ਦਿ ਸੁਲਤਾਨਜ਼: ਸੰਨ 1000 ਤੋਂ 1526 ਤਕ (ਅੰਗਰੇਜ਼ੀ ਵਿਚ)
3. ਪੰਜਾਬ ਅੰਡਰ ਦਿ ਬ੍ਰਿਟਿਸ਼ ਰੂਲ: 1849 ਤੋਂ 1947 ਤਕ (ਅੰਗਰੇਜ਼ੀ ਵਿਚ)
4. ਮਹਾਰਾਣੀ ਜਿੰਦਾਂ
5. ਹੀਰ ਵਾਰਿਸ ਸ਼ਾਹ ਵਿਸਥਾਰ ਅਤੇ ਪੜਚੋਲ
6. ਬੱਬਰ ਅਕਾਲੀ ਲਹਿਰ ਦਾ ਇਤਿਹਾਸ

ਹੀਰ ਵਾਰਿਸ ਸ਼ਾਹ ਵਿਚ ਉਨ੍ਹਾਂ ਜਾਤਾਂ ਦਾ ਜ਼ਿਕਰ ਕਰਦਿਆਂ ਵਖ ਵਖ ਜਾਤਾਂ ਦੀਆਂ ਔਰਤਾਂ ਦੀਆਂ ਆਦਤਾਂ ਦਾ ਬੜਾ ਹੀ ਰੋਚਕ ਬਿਆਨ ਕੀਤਾ ਹੈ, ਜਿਵੇਂ ਵਾਰਿਸ ਸ਼ਾਹ ਨੇ ਲਿਖਿਆ ਹੈ।

ਸੰਨ 1970 ਲਾਗੇ ਉਨ੍ਹਾਂ ਆਪਣੀ ਭਾਰੀ ਜਮੀਨ ਪਿੰਡ ਦੇ ਲੋਕਾਂ ਨਾਲ ਵਟਾ ਕੇ ਕੱਲਰ ਵਾਲੀ ਜਮੀਨ ਲੈ ਕੇ ਆਪਣਾ 25 ਕਿੱਲੇ ਦਾ ਟੱਕ ਬਣਾ ਲਿਆ ਤਾਂ ਲੋਕ ਆਖਣ ਲੱਗੇ ਕਿ ਪ੍ਰੋਫੈਸਰ ਤਾਂ ਸ਼ੁਦਾਈ ਹੋ ਗਿਐ! ਉਨ੍ਹਾਂ ਉਸ ਕਲਰਾਠੀ ਜਮੀਨ ਵਿਚ ਜਿਪਸਮ, ਜੋ ਉਨ੍ਹੀਂ ਦਿਨੀਂ ਸਬਸਿਡੀ 'ਤੇ ਬਹੁਤ ਸਸਤਾ ਮਿਲਦਾ ਸੀ, ਪਾ ਕੇ ਦੋ ਕੁ ਸਾਲ ਵਿਚ ਉਸ ਨੂੰ ਉਪਜਾਊ ਬਣਾ ਲਿਆ। ਡੁਮੇਲੀ ਤੋਂ ਜਲੰਧਰ ਜਾਣ ਵਾਲੀ ਲਿੰਕ ਰੋਡ 'ਤੇ ਇਹ ਉਨ੍ਹਾਂ ਦਾ ਫਾਰਮ ਹੈ ਜਿਸ ਦੇ ਮੁੱਖ ਗੇਟ 'ਤੇ ਉਨ੍ਹਾਂ 'ਗੋਰਖ ਦਾ ਟਿੱਲਾ' ਲਿਖਿਆ ਹੋਇਆ ਹੈ। ਉਹ ਪਿੰਡ ਦੀ ਸੱਥ ਵਿਚ ਬੈਠਣ ਨਾਲੋਂ ਆਪਣੇ ਫਾਰਮ 'ਤੇ ਹੀ ਬੈਠਦੇ ਜਾਂ ਫਿਰ ਜਦੋਂ ਉਨ੍ਹਾਂ ਹਸਪਤਾਲ ਬਣਾਇਆ ਤਾਂ ਉਥੇ ਦਫਤਰ ਵਿਚ ਬੈਠਦੇ।

ਸੁਰਗਵਾਸ ਹੋਣ ਤੋਂ ਮਹੀਨਾ ਕੁ ਪਹਿਲਾਂ ਉਨ੍ਹਾਂ ਦੋ ਲੱਖ ਰੁਪਏ ਦਾ ਚੈੱਕ ਆਪਣੇ ਕਿਸੇ ਬੰਦੇ ਰਾਹੀਂ ਪਿੰਡ ਦੇ ਕਾਲਜ ਦੀ ਪ੍ਰਿੰਸੀਪਲ ਨੂੰ ਭੇਜਿਆ। ਚੈੱਕ ਵੇਖ ਕੇ ਪ੍ਰਿੰਸੀਪਲ ਆਪਣੇ ਦੋ-ਤਿੰਨ ਪ੍ਰੋਫੈਸਰਾਂ ਨਾਲ ਤੁਰੰਤ ਉਨ੍ਹਾਂ ਦੇ ਘਰ ਆ ਗਈ ਅਤੇ ਬੇਨਤੀ ਕੀਤੀ, "ਕਾਲਜ ਦੀ ਕਮੇਟੀ ਤੇ ਇਲਾਕੇ ਦੇ ਹੋਰ ਪਤਵੰਤੇ ਬੰਦਿਆਂ ਦੇ ਇਕੱਠ ਵਿਚ ਤੁਹਾਨੂੰ ਸਨਮਾਨਤ ਕਰਨਾ ਹੈ ਤੇ ਤੁਹਾਥੋਂ ਮਿਤੀ ਪੁੱਛਣ ਆਏ ਹਾਂ, ਜਿਸ ਦਿਨ ਤੁਹਾਨੂੰ ਵਿਹਲ ਹੋਵੇ।" ਉਹ ਬੋਲੇ, "ਬੀਬਾ ਤੁਸੀਂ ਰਹਿਣ ਦਿਉ, ਇਹ ਸਨਮਾਨ ਤੁਸੀਂ ਉਥੇ ਬੁਲਾ ਕੇ ਮੇਰੇ ਗਲ ਵਿਚ ਕੇਸਰੀ ਪਰਨਾ ਹੀ ਪਾਉਣਾ ਹੈ, ਤੇ ਇਕੱਠ ਉਪਰ ਖਰਚ ਕਰੋਗੇ, ਰਹਿਣ ਦਿਉ ਇਹ ਸਭ। ਮੈਨੂੰ ਫੋਕੇ ਸਨਮਾਨਾਂ ਦੀ ਲੋੜ ਨਹੀਂ।"

ਮਰਨ ਤੋਂ ਕੁਝ ਦਿਨ ਪਹਿਲਾਂ ਡਾਕਟਰਾਂ ਨੇ ਉਨ੍ਹਾਂ ਨੂੰ ਸ਼ਰਾਬ ਤੋਂ ਮਨ੍ਹਾਂ ਕਰ ਦਿੱਤਾ ਸੀ। ਮੇਰਾ ਬੇਟਾ ਰਵਿੰਦਰ ਉਨ੍ਹਾਂ ਦੀ ਖਬਰ ਨੂੰ ਗਿਆ ਤਾਂ ਕਹਿਣ ਲੱਗੇ, "ਕਾਕਾ, ਉਸ ਅਲਮਾਰੀ ਵਿਚ ਪਈ ਪੇਟੀ ਵਿਚ ਪੰਜ ਬੋਤਲਾਂ ਵਿਸਕੀ ਦੀਆਂ ਹਨ, ਉਹ ਤੂੰ ਲੈ ਜਾਹ।" ਉਹ ਕਹਿਣ ਲੱਗਾ, "ਅੰਕਲ ਜੀ, ਇਹ ਪਈ ਕਿਹੜੀ ਖਰਾਬ ਹੋਣੀ ਐ, ਤੁਸੀਂ ਅਗਲੇ ਸਾਲ ਅਮਰੀਕਾ ਤੋਂ ਵਾਪਸ ਆ ਕੇ ਪੀ ਲੈਣਾ।" ਕਹਿੰਦੇ, "ਨਹੀਂ, ਬੱਸ ਤੂੰ ਲੈ ਜਾਹ, ਬੀਬਾ ਪੁੱਤ ਬਣ ਕੇ। ਸਮਝ ਲੈ ਇਹ ਤੈਨੂੰ ਇਨਾਮ ਹੈ।" ਉਸ ਨੇ ਫਿਰ ਨਾਂਹ ਕੀਤੀ ਤਾਂ ਕਹਿੰਦੇ, "ਹੁਣ ਇਹ ਮੇਰਾ ਹੁਕਮ ਹੈ, ਜੇ ਨਾ ਮੰਨਿਆ ਤਾਂ ਮੈਂ ਨਾਰਾਜ਼ ਹਾਂ।"

90 ਸਾਲ ਦੀ ਉਮਰ ਤਕ ਉਨ੍ਹਾਂ ਦੇ ਐਨਕ ਨਹੀਂ ਸੀ ਲੱਗੀ। ਪੁੱਛਣ 'ਤੇ ਹੱਸ ਕੇ ਕਹਿ ਦਿੰਦੇ, "ਅਸੀਂ ਜਵਾਨੀ ਵੇਲੇ ਬੂਰੀਆਂ ਚੁੰਘੀਆਂ ਨੇ।" ਇਕ ਵਾਰੀ ਮੈਂ ਡੁਮੇਲੀ ਤੋਂ ਲੁਟੇਰਾ ਖੁਰਦ ਨੂੰ ਜਾਂਦੀ ਸੜਕ 'ਤੇ ਗੁੱਜਰਾਂ ਦੇ ਡੇਰੇ ਕੋਲ ਉਨ੍ਹਾਂ ਨੂੰ ਵੇਖਿਆ ਤਾਂ ਕਾਰ ਰੋਕ ਕੇ ਉਨ੍ਹਾਂ ਕੋਲ ਚਲਾ ਗਿਆ। ਗੁੱਜਰ ਨੇ ਉਨ੍ਹਾਂ ਲਈ ਮੰਜੀ ਡਾਹ ਦਿੱਤੀ। ਗੁੱਜਰੀ ਨੇ ਉਨ੍ਹਾਂ ਦੇ ਸਾਹਮਣੇ ਮੱਝ ਚੋਅ ਕੇ ਵੱਡਾ ਸਾਰਾ ਗਲਾਸ ਲਿਆ ਕੇ ਉਨ੍ਹਾਂ ਨੂੰ ਫੜ੍ਹਾ ਦਿੱਤਾ। ਨਿੱਜਰ ਸਾਹਿਬ ਮੈਨੂੰ ਕਹਿਣ ਲੱਗੇ, "ਤੂੰ ਵੀ ਪੀ ਲੈ। ਇਹ ਹੈ ਰਾਜ ਮੇਰੇ ਐਨਕ ਨਾ ਲੱਗਣ ਦਾ।" ਦੁੱਧ ਪੀ ਕੇ ਗੁੱਜਰ ਨੂੰ ਦਸਾਂ ਦਾ ਨੋਟ ਫੜ੍ਹਾ ਦਿੱਤਾ। ਮੈਨੂੰ ਕਹਿਣ ਲੱਗੇ, "ਮੈਂ ਰੋਜ਼ ਇਥੇ ਸ਼ਾਮ ਨੂੰ ਆਪਣੇ ਸਾਹਮਣੇ ਚੁਆ ਕੇ ਦੁੱਧ ਪੀਂਦਾ ਹਾਂ।" ਪਿੰਡ ਵਿਚ ਕਿਸੇ ਦਾ ਵੇਲਣਾ ਚਲਦਾ ਹੋਵੇ ਤਾਂ ਉਹ ਗੰਨੇ ਦਾ ਰਸ ਪੀਣ ਵੀ ਜ਼ਰੂਰ ਜਾਂਦੇ।

ਮੈਨੂੰ ਇਤਿਹਾਸ ਲਿਖਣਾ ਸਿਖਾਉਣ ਵਾਲੇ, ਮੈਨੂੰ ਰਾਣਾ ਸਾਹਿਬ ਕਹਿਣ ਵਾਲੇ ਇਸ ਗੁਣਵਾਨ ਇਨਸਾਨ ਨਾਲ ਮੇਰੀਆਂ ਹੋਰ ਵੀ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਹਨ।

#

**ਦਰਦ-ਏ-ਇਨਸਾਨ**

# ਜੰਗ ਟਲਤੀ ਰਹੇ ਤੋ ਬਿਹਤਰ ਹੈ!



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 91-98552-59650**

ਉਰਦੂ ਦੇ ਪ੍ਰਸਿੱਧ ਕਵੀ ਸਾਹਿਰ ਲੁਧਿਆਣਵੀ ਨੇ ਜੰਗ ਦੀਆਂ ਤਬਾਹੀਆਂ ਦੇ ਦ੍ਰਿਸ਼ ਨੂੰ ਆਪਣੀ ਇਕ ਬੇ-ਮਿਸਾਲ ਨਜ਼ਮ 'ਐ ਸ਼ਰੀਫ ਇਨਸਾਨੋ' ਵਿਚ ਅੱਜ ਤੋਂ ਕਰੀਬ ਅੱਧੀ ਸਦੀ ਪਹਿਲਾਂ ਬਹੁਤ ਹੀ ਭਾਵੁਕ ਅੰਦਾਜ਼ ਵਿਚ ਪੇਸ਼ ਕੀਤਾ ਸੀ। ਇਸ ਨਜ਼ਮ ਦੀ ਜਿੰਨੀ ਅਹਿਮੀਅਤ ਉਸ ਵੇਲੇ ਸੀ, ਉਨੀ ਹੀ ਅੱਜ ਹੈ ਕਿਉਂਕਿ ਸੰਸਾਰ ਦੇ ਕੁਝ ਤਾਕਤਵਰ ਦੇਸ਼ਾਂ ਦੇ ਹੁਕਮਰਾਨ ਅਰਥਾਤ 'ਸ਼ਰੀਫ ਇਨਸਾਨ' ਅਜਿਹੇ ਹਨ ਜੋ ਸਿਰਫ ਤੇ ਸਿਰਫ ਆਪਣੀ ਹਉਮੈ ਅਤੇ ਲਾਲਸਾ ਦੀ ਪੂਰਤੀ ਲਈ ਦੁਨੀਆਂ ਦੀ ਸੁੱਖ-ਸ਼ਾਂਤੀ ਨੂੰ ਲਾਂਬੂ ਲਾਉਣ ਲਈ ਹਰ ਪਲ ਤਿਆਰ ਰਹਿੰਦੇ ਹਨ।

ਭਾਵੇਂ ਅਸੀਂ ਅੱਜ ਬਹੁਤ ਤਰੱਕੀ ਕਰ ਲਈ ਹੈ, ਤਰੱਕੀ ਵੀ ਇੰਨੀ ਕਿ ਚੰਨ 'ਤੇ ਜਿੱਤ ਦੇ ਝੰਡੇ ਗੱਡਣ ਪਿਛੋਂ ਮੰਗਲ ਗ੍ਰਹਿ 'ਤੇ ਫਤਿਹ ਪਾਉਣ ਦੇ ਸੁਪਨੇ ਵੇਖ ਰਹੇ ਹਾਂ, ਪਰੰਤੂ ਮੌਲਿਕ ਕਦਰਾਂ-ਕੀਮਤਾਂ ਅਤੇ ਆਪਣੇ ਇਖਲਾਕ ਦੀ ਜੇ ਗੱਲ ਕਰੀਏ ਤਾਂ ਲਗਾਤਾਰ ਨਿਘਾਰ ਵੱਲ ਜਾ ਰਹੇ ਹਾਂ। ਉਰਦੂ ਦੇ ਇੱਕ ਸ਼ਾਇਰ ਨੇ ਕਿੰਨਾ ਵਧੀਆ ਕਿਹਾ ਹੈ:

ਬੜ੍ਹਨੇ ਕੋ ਬਸ਼ਰ ਚਾਂਦ ਸੇ ਭੀ ਆਗੇ ਬੜ੍ਹਾ ਹੈ।
ਯੇ ਸੋਚੀਏ ਕਿਰਦਾਰ ਘਟਾ ਹੈ ਕਿ ਬੜ੍ਹਾ ਹੈ।

ਜੰਗ ਸਬੰਧੀ ਉਤਾਵਲੇਪਨ ਦੀ ਤਾਜ਼ਾ ਮਿਸਾਲ ਕੁਝ ਦਿਨ ਪਹਿਲਾਂ ਉਸ ਵੇਲੇ ਵੇਖਣ ਨੂੰ ਮਿਲੀ ਜਦ ਸੰਯੁਕਤ ਰਾਸ਼ਟਰ ਦੇ ਮੰਚ ਤੋਂ ਸੰਸਾਰ ਵਿਚ ਅਮਨ ਦੀ ਸਥਾਪਤੀ ਲਈ ਆਯੋਜਿਤ ਇੱਕ ਇਜਲਾਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਤਰੀ ਕੋਰੀਆ ਨੂੰ ਜੰਗ ਨਾਲ ਖਤਮ ਕਰਨ ਦੀ ਖੁੱਲ੍ਹੀ ਧਮਕੀ ਦਿੱਤੀ ਅਤੇ ਜਵਾਬ ਵਿਚ ਉਤਰੀ ਕੋਰੀਆ ਦੇ ਰਾਸ਼ਟਰਪਤੀ ਕਿਮ ਜੋਂਗ ਨੇ ਦੁਨੀਆਂ ਦੇ ਸੁਪਰ ਪਾਵਰ ਕਹਾਉਣ ਵਾਲੇ ਅਮਰੀਕਾ ਨੂੰ ਸੰਸਾਰ ਦੇ ਨਕਸ਼ੇ ਤੋਂ ਮਿਟਾਉਣ ਦੀ ਗੱਲ ਕਹਿ ਕੇ ਆਪਣੇ ਵਲੋਂ ਭਾਜੀ ਮੋੜਨ ਦਾ ਯਤਨ ਕੀਤਾ। ਉਧਰ ਰੂਸ ਦੇ ਵਜ਼ੀਰ-ਏ-ਖਾਰਜ਼ਾ ਸਰਗੇਈ ਲਾਵਰੋਫ ਨੇ ਕਿਹਾ ਕਿ ਦੋਹਾਂ ਹੁਕਮਰਾਨਾਂ ਦੀ ਜ਼ੁਬਾਨੀ ਜੰਗ ਸਕੂਲੀ ਬੱਚਿਆਂ ਵਰਗੀ ਹੈ ਜਿਸ ਨੂੰ ਕੋਈ ਨਹੀਂ ਰੋਕ ਸਕਦਾ। ਜਿਸ ਤਰ੍ਹਾਂ ਆਏ ਦਿਨ ਦੋਵੇਂ ਰਾਸ਼ਟਰਪਤੀ ਇਕ-ਦੂਜੇ ਦੇ ਦੇਸ਼ ਨੂੰ ਤਬਾਹ ਕਰਨ ਦੇ ਗੈਰ ਜਿੰਮੇਵਾਰਾਨਾ ਬਿਆਨ ਦੇ ਕੇ ਜੰਗ ਵਾਲਾ ਮਾਹੌਲ ਬਣਾਉਣ ਦੀਆਂ ਕੋਝੀਆਂ ਕੋਸ਼ਿਸ਼ਾਂ ਕਰ ਰਹੇ ਹਨ, ਉਸ ਤੋਂ ਯੁੱਧ ਦੇ ਜ਼ਖਮ ਝੇਲ ਰਹੇ ਦੇਸ਼ਾਂ ਦਾ ਚਿੰਤਤ ਹੋਣਾ ਸੁਭਾਵਿਕ ਹੈ। ਬਕੌਲ ਸਾਹਿਰ:

ਦਰਦ ਏ ਦਿਲ ਦਰਦ ਆਸ਼ਨਾ ਜਾਨੇ।
ਔਰ ਬੇ-ਦਰਦ ਕੋਈ ਕਯਾ ਜਾਨੇ।

ਜੰਗ ਕਿਤੇ ਵੀ ਹੋਵੇ, ਉਸ ਦਾ ਦੁੱਖ ਸਮੁੱਚੀ ਮਨੁੱਖਤਾ ਨੂੰ ਹੰਢਾਉਣਾ ਪੈਂਦਾ ਹੈ ਅਤੇ ਜੰਗ ਕਾਰਨ ਵਹਿਣ ਵਾਲਾ ਲਹੂ ਪੂਰੀ ਇਨਸਾਨੀਅਤ ਨੂੰ ਸ਼ਰਮਿੰਦਾ ਕਰਦਾ ਹੈ, ਤੇ ਦੁਨੀਆਂ ਸਾਹਮਣੇ ਅਮਨ ਕਾਨੂੰਨ ਬਣਾਈ ਰੱਖਣ ਦੀ ਚੁਣੌਤੀ ਖੜ੍ਹੀ ਕਰਦਾ ਹੈ। ਤਾਂ ਹੀ ਤਾਂ ਸਾਹਿਰ ਕਹਿੰਦਾ ਹੈ:

ਖੂਨ ਅਪਨਾ ਹੋ, ਯਾ ਪਰਾਇਆ ਹੋ,
ਨਸਲ-ਏ-ਆਦਮ ਕਾ ਖੂਨ ਹੈ ਆਖਿਰ।
ਜੰਗ ਮਸ਼ਰਿਕ ਮੇਂ ਹੋ ਕਿ ਮਗਰਿਬ ਮੇ,
ਅਮਨ-ਏ-ਆਲਮ ਕਾ ਖੂਨ ਹੈ ਆਖਿਰ।

ਬਿਨਾ ਸ਼ੱਕ ਸਾਹਿਰ ਦੀਆਂ ਇਹ ਸਤਰਾਂ ਸੱਚਾਈ ਨਾਲ ਭਰਪੂਰ ਹਨ। ਜੰਗ ਭਾਵੇਂ ਕੁਝ ਹੀ ਸਮਾਂ ਚਲੇ ਪਰ ਉਸ ਦੇ ਨਤੀਜੇ ਦੇਰ ਤੱਕ ਝੇਲਣੇ ਪੈਂਦੇ ਹਨ। ਅਮਰੀਕਾ ਦੀ ਬੰਬਾਰੀ ਦਾ ਸਾਹਮਣਾ ਕਰ ਚੁਕੇ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਅੱਜ ਵੀ ਜੰਗ ਦੀ ਬਰਬਾਦੀ ਦੀ ਦਾਸਤਾਨ ਚੀਕ-ਚੀਕ ਕੇ ਬਿਆਨ ਕਰ ਰਹੇ ਹਨ ਹਾਲਾਂਕਿ ਇਨ੍ਹਾਂ ਸ਼ਹਿਰਾਂ 'ਤੇ ਅਮਰੀਕਾ ਵਲੋਂ ਐਟਮ ਬੰਬ ਸੁੱਟੇ ਜਾਣ ਨੂੰ 7 ਦਹਾਕਿਆਂ ਤੋਂ ਉਪਰ ਦਾ ਸਮਾਂ ਬੀਤ ਚੁਕਾ ਹੈ ਪਰੰਤੂ ਇਨ੍ਹਾਂ ਬੰਬਾਂ ਕਾਰਨ ਆਏ ਜ਼ਖਮ ਇਨ੍ਹਾਂ ਸ਼ਹਿਰਾਂ ਦੇ ਲੋਕਾਂ ਲਈ ਨਾਸੂਰ ਬਣੇ ਹੋਏ ਹਨ। ਕਿੱਡੇ ਦੁਖਾਂਤ ਵਾਲੀ ਗੱਲ ਹੈ ਕਿ ਜਿਥੇ ਉਨ੍ਹਾਂ ਸ਼ਹਿਰਾਂ ਦੀਆਂ ਜਮੀਨਾਂ ਬੰਜਰ ਬਣ ਗਈਆਂ ਹਨ, ਉਥੇ ਅੱਜ ਵੀ ਬੱਚੇ ਅਪੰਗ ਪੈਦਾ ਹੁੰਦੇ ਹਨ। ਇਨ੍ਹਾਂ ਹਾਲਾਤ ਦੀ ਮੰਜ਼ਰ-ਏ-ਕਸ਼ੀ ਕਰਦਿਆਂ ਸਾਹਿਰ ਆਖਦੇ ਹਨ:



*ਡੋਨਲਡ ਟਰੰਪ*



*ਕਿਮ ਜੋਂਗ*

ਬੰਬ ਘਰੋਂ ਪੇ ਗਿਰੇਂ ਕਿ ਸਰਹਦ ਪਰ,
ਰੂਹ-ਏ-ਤਾਅਮੀਰ ਜ਼ਖਮ ਖਾਤੀ ਹੈ।
ਖੇਤ ਅਪਨੇ ਜਲੇਂ ਕਿ ਗੈਰੋਂ ਕੇ,
ਜ਼ੇਸਤ ਫਾਕੋਂ ਸੇ ਤਿਲਮਿਲਾਤੀ ਹੈ।

ਕੁਝ ਪਲਾਂ ਦੀ ਗਲਤੀ ਦੀ ਸਜ਼ਾ ਕਿਵੇਂ ਸਦੀਆਂ ਤੱਕ ਭੁਗਤਣੀ ਪੈਂਦੀ ਹੈ, ਇਸ ਦੀ ਪਰਿਭਾਸ਼ਾ ਮਜ਼ੱਫਰ ਰਜ਼ਮੀ ਨੇ ਇਕ ਸ਼ਿਅਰ ਵਿਚ ਇੰਜ ਦਿੱਤੀ ਹੈ:

ਤਾਰੀਖ ਕੀ ਆਂਖੋਂ ਨੇ ਵੋਹ ਦੌਰ ਭੀ ਦੇਖਾ ਹੈ,
ਲਮਹੋਂ ਨੇ ਖਤਾ ਕੀ ਥੀ ਸਦੀਉਂ ਨੇ ਸਜ਼ਾ ਪਾਈ।

ਯੁੱਧ ਦੇ ਮੈਦਾਨ ਵਿਚ ਜਿੱਤ ਭਾਵੇਂ ਕਿਸੇ ਦੀ ਵੀ ਹੋਵੇ, ਮਰਨ ਵਾਲਿਆਂ ਦਾ ਸੋਗ ਅਤੇ ਮਾਤਮ ਦੋਵੇਂ ਪਾਸੇ ਪਸਰਿਆ ਹੋਇਆ ਵੇਖਣ ਨੂੰ ਮਿਲਦਾ ਹੈ। ਇਸੇ ਲਈ ਸਾਹਿਰ ਕਹਿੰਦੇ ਹਨ:

ਟੈਂਕ ਆਗੇ ਬੜ੍ਹੇਂ ਕਿ ਪੀਛੇ ਹਟੇਂ
ਕੋਖ ਧਰਤੀ ਕੀ ਬਾਂਝ ਹੋਤੀ ਹੈ।
ਫਤਿਹ ਕਾ ਜਸ਼ਨ ਹੋ ਕਿ ਹਾਰ ਕਾ ਸੋਗ
ਜ਼ਿੰਦਗੀ ਮਈਯਤੋਂ ਪੇ ਰੋਤੀ ਹੈ।

ਜੰਗ ਦੇ ਤਜਰਬੇ ਦਸਦੇ ਹਨ ਕਿ ਜੰਗ ਭਾਵੇਂ ਕਿੰਨੀ ਹੀ ਲੰਮੀ ਕਿਉਂ ਨਾ ਚਲੇ, ਉਸ ਦਾ ਨਿਬੇੜਾ ਗੱਲਬਾਤ ਰਾਹੀਂ ਹੀ ਹੁੰਦਾ ਹੈ। ਜਦ ਸਾਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੰਗ ਕਿਸੇ ਮਸਲੇ ਦਾ ਸਦੀਵੀ ਹੱਲ ਨਹੀਂ ਹੈ ਤਾਂ ਅਸੀਂ ਜੰਗ ਦਾ ਰਸਤਾ ਚੁਣ ਕੇ ਮਨੁੱਖੀ ਜਾਨਾਂ ਦਾ ਘਾਣ ਕਿਉਂ ਕਰੀਏ? ਇਸੇ ਸੰਦਰਭ ਵਿਚ ਸਾਹਿਰ ਆਖਦੇ ਹਨ:

ਜੰਗ ਤੋ ਖੁਦ ਹੀ ਏਕ ਮਸਲਾ ਹੈ
ਜੰਗ ਕਯਾ ਮਸਲੋਂ ਕਾ ਹਲ ਦੇ ਗੀ।
ਆਗ ਔਰ ਖੂਨ ਆਜ ਬਖਸ਼ੇਗੀ
ਭੂਖ ਔਰ ਅਹਿਤਿਆਜ ਕਲ ਦੇ ਗੀ।

ਆਪਣੀ ਨਜ਼ਮ ਦੇ ਆਖਰੀ ਬੰਦ ਵਿਚ ਸਾਹਿਰ ਟਰੰਪ ਅਤੇ ਕਿਮ ਜੌਂਗ ਜਿਹੇ 'ਸ਼ਰੀਫ ਇਨਸਾਨਾਂ' ਨੂੰ ਮੁਖਾਤਿਬ ਹੁੰਦਿਆਂ ਆਖਦੇ ਹਨ:

ਇਸ ਲੀਯੇ ਐ ਸ਼ਰੀਫ ਇਨਸਾਨੋਂ,
ਜੰਗ ਟਲਤੀ ਰਹੇ ਤੋ ਬਿਹਤਰ ਹੈ।
ਆਪ ਔਰ ਹਮ ਸਭੀ ਕੇ ਆਂਗਨ ਮੇ,
ਸ਼ਮਾਂ ਜਲਤੀ ਰਹੇ ਤੋ ਬਿਹਤਰ ਹੈ।

ਅੱਜ ਦੁਨੀਆਂ ਦੇ ਵਧੇਰੇ ਗਰੀਬ ਦੇਸ਼ਾਂ ਦੇ ਲੋਕ ਬੇਰੋਜ਼ਗਾਰੀ, ਗਰੀਬੀ, ਅਨਪੜ੍ਹਤਾ ਅਤੇ ਭੁਖਮਰੀ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਜੇ ਇਨ੍ਹਾਂ ਸ਼ਰੀਫ ਇਨਸਾਨਾਂ ਨੇ ਜੰਗ ਹੀ ਲੜਨੀ ਹੈ ਤਾਂ ਗਰੀਬਾਂ ਦੀ ਗਰੀਬੀ ਦੂਰ ਕਰਨ ਲਈ ਲੜਨ। ਜੇ ਜੰਗ ਲੜਨਾ ਹੀ ਮਕਸਦ ਹੈ ਤਾਂ ਅਨਪੜ੍ਹਤਾ ਅਤੇ ਬੇਰੁਜ਼ਗਾਰੀ ਵਿਰੁਧ ਲੜਨ। ਜੇ ਜੰਗ ਹੀ ਲੜਨੀ ਹੈ ਤਾਂ ਅੱਜ ਕਿੰਨੇ ਹੀ ਬੱਚੇ ਭੁਖਮਰੀ ਦਾ ਸ਼ਿਕਾਰ ਹਨ, ਜਿਨ੍ਹਾਂ ਨੂੰ ਇਕ ਸਮੇਂ ਦੀ ਰੋਟੀ ਮਿਲਣੀ ਮੁਸ਼ਕਿਲ ਹੈ। ਪੀਣ ਲਈ ਸਾਫ ਪਾਣੀ ਨਹੀਂ ਮਿਲਦਾ। ਇਨ੍ਹਾਂ ਦੀ ਭੁਖ-ਤੇਹ ਮਿਟਾਉਣ ਲਈ ਜੰਗ ਲੜਨੀ ਚਾਹੀਦੀ ਹੈ।

ਅੱਜ ਸੰਸਾਰ ਨੂੰ ਜਾਨ ਲੇਵਾ ਹਥਿਆਰਾਂ ਦੀ ਨਹੀਂ ਸਗੋਂ ਜੀਵਨ 'ਤੇ ਛਾਏ ਅੰਧਕਾਰ ਦੇ ਬੱਦਲ ਦੂਰ ਕਰਨ ਲਈ ਸਿਖਿਆ ਸੰਸਥਾਵਾਂ ਅਤੇ ਬੀਮਾਰੀ ਨਾਲ ਜੂਝ ਰਹੀ ਮਨੁਖਤਾ ਦਾ ਜੀਵਨ ਨਿਰੋਗ ਬਣਾਉਣ ਵਾਲੇ ਵਧੀਆ ਅਤੇ ਆਧੁਨਿਕ ਹਸਪਤਾਲਾਂ ਦੀ ਵਧੇਰੇ ਲੋੜ ਹੈ।

ਅਜੋਕੇ ਯੁਗ ਦਾ ਇਹ ਵੀ ਇਕ ਦੁਖਾਂਤ ਹੀ ਹੈ ਕਿ ਅੱਜ ਕਿੰਨੇ ਹੀ ਦੇਸ਼ਾਂ ਦੇ ਵਾਸੀ ਆਪਣੇ ਮੁਲਕਾਂ ਦੀਆਂ ਸਰਕਾਰਾਂ ਅਤੇ ਸਾਥੀ ਨਾਗਰਿਕਾਂ ਦੇ ਜ਼ੁਲਮ-ਤਸ਼ੱਦਦ ਅਤੇ ਕਤਲੋ-ਗਾਰਤ ਤੋਂ ਤੰਗ ਆ ਕੇ ਆਪਣੇ ਵਸਦੇ-ਰਸਦੇ ਘਰ ਬਾਰ ਛੱਡ ਕੇ ਗੁਆਂਢੀ ਦੇਸ਼ਾਂ ਵਿਚ ਰਿਫਿਊਜੀ ਬਣਨ ਲਈ ਮਜਬੂਰ ਹਨ। ਸਮੇਂ ਦੀ ਪੁਕਾਰ ਹੈ ਕਿ ਉਕਤ 'ਸ਼ਰੀਫ ਇਨਸਾਨ' ਇਨ੍ਹਾਂ ਦੂਜੇ ਦੇਸ਼ਾਂ ਵਿਚ ਪਨਾਹ ਲਈ ਬੈਠੇ ਰਿਫਿਊਜੀਆਂ ਨੂੰ ਉਨ੍ਹਾਂ ਦੇ ਆਪਣੇ ਮੁਲਕਾਂ ਵਿਚਲੇ ਜੱਦੀ ਮਕਾਨਾਂ ਵਿਚ ਰਹਿਣ-ਸਹਿਣ ਦਾ ਪ੍ਰਬੰਧ ਕਰਨ ਲਈ ਲੋੜੀਂਦੇ ਕਦਮ ਚੁੱਕਣ, ਨਾ ਕਿ ਨਵੀਂ ਜੰਗ ਛੇੜ ਕੇ ਸਮੁੱਚੀ ਮਨੁੱਖਤਾ ਲਈ ਹੋਰ ਮੁਸ਼ਕਿਲਾਂ ਖੜ੍ਹੀਆਂ ਕਰਨ।

# ਮਜ਼ਦੂਰਾਂ ਦੀ ਕਹਾਣੀ: ਸਿਟੀ ਆਫ ਗੋਲਡ

ਸੁਖਵੰਤ ਹੁੰਦਲ

ਫਿਲਮਸਾਜ਼ ਮਹੇਸ਼ ਮੰਜੇਰਕਰ ਦੀ ਫਿਲਮ 'ਸਿਟੀ ਆਫ ਗੋਲਡ' ਮੁੰਬਈ ਦੀ ਇਕ ਕੱਪੜਾ ਮਿੱਲ ਵਿਚ 1980ਵਿਆਂ ਸ਼ੁਰੂ ਹੋਈ ਅਤੇ ਹੁਣ ਤੱਕ ਜਾਰੀ ਹੜਤਾਲ 'ਤੇ ਆਧਾਰਿਤ ਬਣਾਈ ਗਈ ਹੈ। ਇਹ ਫਿਲਮ ਸੰਸਾਰੀਕਰਨ ਦੇ ਉਸ ਪੱਖ ਉਪਰ ਰੌਸ਼ਨੀ ਪਾਉਂਦੀ ਹੈ ਜਿਸ ਵਿਚ ਮਿੱਲ ਮਾਲਕ ਨੂੰ ਆਪਣੀ ਮਿੱਲ ਨੂੰ ਚਲਦਾ ਰੱਖਣ ਦੀ ਬਜਾਏ ਉਸ ਨੂੰ ਬੰਦ ਕਰਨ ਵਿਚ ਜ਼ਿਆਦਾ ਦਿਲਚਸਪੀ ਹੈ। ਜਿਸ ਜ਼ਮੀਨ ਉਪਰ ਉਹ ਮਿੱਲ ਖੜ੍ਹੀ ਹੈ, ਉਸ ਜ਼ਮੀਨ ਦੀ ਨਵੀਆਂ ਮਾਲਾਂ, ਅਪਾਰਟਮੈਂਟ ਬਿਲਡਿੰਗਾਂ, ਫਾਈਵ ਸਟਾਰ ਹੋਟਲਾਂ ਦੀ ਉਸਾਰੀ ਲਈ ਲੋੜ ਹੈ ਅਤੇ ਮਿੱਲ ਮਾਲਕ ਇਸ ਜ਼ਮੀਨ ਨੂੰ ਮੂੰਹ ਮੰਗੀ ਕੀਮਤ ਉਤੇ ਵੇਚ ਕੇ ਬੇਹਦ ਮੁਨਾਫਾ ਕਮਾ ਸਕਦਾ ਹੈ। ਨਤੀਜੇ ਵਜੋਂ ਉਹ ਮਿੱਲ ਨੂੰ ਘਾਟੇ ਵਿਚ ਜਾਂਦੀ ਦਿਖਾ ਕੇ ਉਸ ਨੂੰ ਬੰਦ ਕਰਨ ਦੀ ਕੋਸ਼ਿਸ਼ ਵਿਚ ਹੈ।

ਦੂਸਰੇ ਪਾਸੇ ਮਿੱਲ ਵਿਚ ਕਈ ਕਈ ਦਹਾਕਿਆਂ ਤੋਂ ਕੰਮ ਕਰ ਰਹੇ ਮਜ਼ਦੂਰਾਂ ਲਈ ਇਹ ਮਿੱਲ ਰੋਟੀ ਰੋਜ਼ੀ ਦਾ ਸਾਧਨ ਹੈ। ਉਨ੍ਹਾਂ ਨੂੰ ਪਤਾ ਹੈ ਕਿ ਮਿੱਲ ਬੰਦੀ ਕਾਰਨ ਜੇ ਉਨ੍ਹਾਂ ਦੀ ਨੌਕਰੀ ਖਤਮ ਹੋ ਗਈ ਤਾਂ ਉਨ੍ਹਾਂ ਨੂੰ ਕਿਤੇ ਹੋਰ ਨੌਕਰੀ ਨਹੀਂ ਮਿਲੇਗੀ, ਕਿਉਂਕਿ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਮਿੱਲ ਦੇ ਕੰਮ ਵਿਚ ਲਾ ਦਿੱਤੀ ਹੈ ਅਤੇ ਉਨ੍ਹਾਂ ਨੂੰ ਕੋਈ ਹੋਰ ਕੰਮ ਨਹੀਂ ਆਉਂਦਾ। ਇਸ ਦੇ ਨਾਲ ਹੀ ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਜਿਸ ਮਿੱਲ ਨੂੰ ਬਣਾਉਣ ਵਿਚ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਖੂਨ ਪਸੀਨਾ ਵਹਾਇਆ ਹੈ, ਉਸ ਮਿੱਲ ਨੂੰ ਬੰਦ ਕਰਨ ਜਾਂ ਚਲਦਾ ਰੱਖਣ ਦਾ ਫੈਸਲਾ ਕਰਨ ਵਿਚ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ। ਨਤੀਜੇ ਵਜੋਂ ਉਹ ਹੜਤਾਲ ਉਪਰ ਚਲੇ ਜਾਂਦੇ ਹਨ। ਲੰਮੀ ਹੜਤਾਲ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾ ਦੀ ਜ਼ਿੰਦਗੀ ਉਪਰ ਕਿਸ ਤਰ੍ਹਾਂ ਦਾ ਅਸਰ ਪਾਉਂਦੀ ਹੈ, ਇਸ ਪੱਖ ਨੂੰ ਫਿਲਮ ਵਿਚ ਬਹੁਤ ਵਿਸਥਾਰ ਨਾਲ ਦਿਖਾਇਆ ਗਿਆ ਹੈ। ਹੜਤਾਲ ਕਾਰਨ ਬੇਰੁਜ਼ਗਾਰ ਹੋਏ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜ਼ਿੰਦਾ ਰਹਿਣ ਲਈ ਬਹੁਤ ਕੁਝ ਰਾਹੀਂ ਗੁਜ਼ਰਨਾ ਪੈਂਦਾ ਹੈ। ਹਾਲਤ ਇਥੋਂ ਤੱਕ ਪਹੁੰਚ ਜਾਂਦੇ ਹਨ ਕਿ ਘਰਾਂ ਨੂੰ ਚਲਦੇ ਰੱਖਣ ਲਈ ਮਜ਼ਦੂਰ ਘਰਾਂ ਦੀਆਂ ਔਰਤਾਂ ਨੂੰ ਆਪਣੇ ਜਿਸਮ ਵੇਚਣੇ ਪੈਂਦੇ ਹਨ।





ਫਿਲਮਸਾਜ਼ ਮਹੇਸ਼ ਮੰਜੇਰਕਰ

ਸਕੂਲਾਂ ਵਿਚ ਬੱਚਿਆਂ ਦੀ ਫੀਸਾਂ ਨਾ ਦਿੱਤੀਆਂ ਜਾਣ ਕਰ ਕੇ ਉਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਤੋਂ ਕੱਢ ਦਿੱਤਾ ਜਾਂਦਾ ਹੈ ਅਤੇ ਸਕੂਲਾਂ ਤੋਂ ਕੱਢੇ ਗਏ ਇਹ ਬੱਚੇ ਹੌਲੀ ਹੌਲੀ ਅਪਰਾਧ ਜਗਤ ਵਿਚ ਦਾਖਲ ਹੋ ਜਾਂਦੇ ਹਨ। ਇਨ੍ਹਾਂ ਬੱਚਿਆਂ/ਨੌਜਵਾਨਾਂ ਕੋਲ ਆਪਣੀ ਨਿਰਾਸ਼ਾ ਅਤੇ ਗੁੱਸੇ ਦੇ ਪ੍ਰਗਟਾਅ ਲਈ ਜੋ ਇਕੋ ਇਕ ਸਾਧਨ ਬਚਦਾ ਹੈ, ਉਹ ਹੈ ਹਿੰਸਾ; ਪਰ ਇਸ ਹਿੰਸਾ ਦੀ ਕੋਈ ਦਿਸ਼ਾ ਨਹੀਂ। ਨਤੀਜੇ ਵਜੋਂ ਜਿਥੇ ਬਾਹਰਲੇ ਲੋਕ ਇਸ ਹਿੰਸਾ ਦਾ ਸ਼ਿਕਾਰ ਬਣਦੇ ਹਨ, ਉਥੇ ਆਪਣੇ ਵੀ ਇਸ ਹਿੰਸਾ ਦੀ ਮਾਰ ਤੋਂ ਬਚ ਨਹੀਂ ਸਕਦੇ। ਯੂਨੀਅਨ ਲੀਡਰ ਬੇਸ਼ਕ ਗੱਲਾਂ ਗੱਲਾਂ ਵਿਚ ਤਾਂ ਲੜਾਈ ਦੇ ਵੱਡੇ ਵੱਡੇ ਦਾਅਵੇ ਕਰਦੇ ਹਨ, ਪਰ ਹਕੀਕਤ ਵਿਚ ਇਹ ਦਿਖਾਈ ਦਿੰਦਾ ਹੈ ਕਿ ਮਿੱਲ ਮਾਲਕਾਂ ਨਾਲ ਲੜਨ ਲਈ ਉਨ੍ਹਾਂ ਕੋਲ ਨਾ ਹੀ ਕੋਈ ਤਾਕਤ ਹੈ ਅਤੇ ਨਾ ਹੀ ਕੋਈ ਦ੍ਰਿਸ਼ਟੀ।

ਯੂਨੀਅਨਾਂ ਦੀ ਅਜਿਹੀ ਹਾਲਤ ਕਿਉਂ ਹੈ, ਇਸ ਬਾਰੇ ਫਿਲਮ ਵਿਚ ਬਹੁਤ ਘੱਟ ਗੱਲ ਕੀਤੀ ਗਈ ਹੈ। ਅੰਤ ਵਿਚ ਮਜ਼ਦੂਰਾਂ ਦਾ ਯੂਨੀਅਨ ਤੋਂ ਵਿਸ਼ਵਾਸ ਉਠ ਜਾਂਦਾ ਹੈ ਅਤੇ ਉਹ ਮਾਲਕਾਂ ਤੋਂ ਜੋ ਵੀ ਮਿਲਦਾ ਹੈ, ਉਸ ਨਾਲ ਸਮਝੌਤਾ ਕਰ ਲੈਂਦੇ ਹਨ। 'ਸਿਟੀ ਆਫ ਗੋਲਡ' ਚਮਕਦੀਆਂ ਮਾਲਾਂ ਅਤੇ ਜਗਮਗਾਉਂਦੇ ਫਾਈਵ ਸਟਾਰ ਹੋਟਲਾਂ ਦੀ ਉਸਾਰੀ ਹੇਠ ਲੁਕੇ ਉਸ 'ਘਿਨਾਉਣੇ ਸੱਚ' ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕਰਦੀ ਜਿਹੜਾ 1980ਵਿਆਂ ਵਿਚ ਮੁੰਬਈ ਵਿਚ ਮਿੱਲਾਂ ਬੰਦ ਹੋਣ ਕਾਰਨ ਬੇਰੁਜ਼ਗਾਰ ਹੋਏ ਮਜ਼ਦੂਰਾਂ ਦੀਆਂ ਬਰਬਾਦ ਹੋਈਆਂ ਜ਼ਿੰਦਗੀਆਂ ਨਾਲ ਸਬੰਧਤ ਹੈ। ਇਸੇ ਲਈ ਇਹ ਫਿਲਮ ਦੇਖਣ ਅਤੇ ਵਿਚਾਰਨਯੋਗ ਹੈ।



# ਅਭੈ ਦਿਓਲ ਦੀ ਫਿਲਮ 'ਦਿ ਫੀਲਡ'

ਮੁੰਬਈ ਤੋਂ 'ਲਾਪਤਾ' ਹੋਇਆ ਅਦਾਕਾਰ ਅਭੈ ਦਿਓਲ ਅੱਜ ਕੱਲ੍ਹ ਅਮਰੀਕਾ ਵਿਚ ਹੈ। ਹੁਣੇ ਹੁਣੇ ਉਸ ਨੇ ਲਾਸ ਏਂਜਲਸ ਵਿਚ ਆਪਣੇ ਕੌਮਾਂਤਰੀ ਪ੍ਰੋਜੈਕਟ 'ਦਿ ਫਲਿਡ' ਦੀ ਸ਼ੂਟਿੰਗ ਮੁਕੰਮਲ ਕੀਤੀ ਹੈ ਅਤੇ ਹੁਣ ਮਿਆਮੀ ਵਿਚ ਛੁੱਟੀਆਂ ਮਨਾ ਰਿਹਾ ਹੈ। ਉਹ ਹੁਣ ਫਰਵਰੀ ਦੇ ਅਖੀਰ ਜਾਂ ਮਾਰਚ ਦੇ ਸ਼ੁਰੂ ਵਿਚ ਭਾਰਤ ਪਰਤੇਗਾ। ਖ਼ਬਰ ਹੈ ਕਿ ਉਸ ਨੇ ਅਮਰੀਕਾ ਵਿਚ ਓ-1 (ਵਰਕ ਵੀਜ਼ਾ) ਹਾਸਲ ਕਰ ਲਿਆ ਹੈ ਅਤੇ ਕੁਝ ਹੋਰ ਲੇਖਕਾਂ ਨਾਲ ਮਿਲ ਕੇ ਆਪਣੀਆਂ ਅਗਲੀਆਂ ਫਿਲਮਾਂ ਦੀਆਂ ਪਟਕਥਾਵਾਂ ਲਿਖਣ ਵਿਚ ਰੁਝਿਆ ਹੋਇਆ ਹੈ। ਭਾਰਤ ਪੁੱਜ ਕੇ ਉਸ ਨੇ ਆਪਣੀ ਅਗਲੀ ਰਿਲੀਜ਼ ਹੋਣ ਵਾਲੀ ਫਿਲਮ 'ਨਾਨੂ ਕੀ ਜਾਨੂ' ਦਾ ਪ੍ਰਚਾਰ ਆਰੰਭ ਕਰ ਦੇਣਾ ਹੈ। ਇਸ ਫ਼ਿਲਮ ਵਿਚ ਉਸ ਨਾਲ ਬਤੌਰ ਨਾਇਕਾ ਪਤ੍ਰਲੇਖਾ ਕੰਮ ਕਰ ਰਹੀ ਹੈ। 'ਦਿ ਫਲਿਡ' ਜੋ ਫਿਲਮਸਾਜ਼ ਰੋਹਿਤ ਕਾਹਨ ਬਤਰਾ ਨੇ ਬਣਾਈ ਹੈ, ਤੋਂ ਅਭੈ ਦਿਓਲ ਨੂੰ ਬੜੀਆਂ ਆਸਾਂ ਹਨ। ਉਂਜ ਵੀ ਉਹ ਚੁਣ ਚੁਣ ਕੇ ਫਿਲਮ ਕਰਦਾ ਹੈ ਅਤੇ ਉਸ ਦੀ ਹਰ ਫਿਲਮ ਵੱਖਰੇ ਅੰਦਾਜ਼ ਵਾਲੀ ਹੁੰਦੀ ਹੈ। 'ਦਿ ਫਲਿਡ' ਵਿਚ ਦਿੱਲੀ ਵਸਦੇ ਦੋ ਮਾਫੀਆ ਪਰਿਵਾਰਾਂ ਵਿਚਕਾਰ ਤਿੱਖੀ ਟੱਕਰ ਦਰਸਾਈ ਗਈ ਹੈ।ਫਿਲਮ ਵਿਚ ਕੈਨੇਡੀਅਨ ਐਕਟਰ ਬਰੈਂਡਨ ਫਰੇਜ਼ਰ ਤੋਂ ਇਲਾਵਾ ਰੌਨਿਤ ਰਾਏ, ਪ੍ਰੇਮ ਚੌਪੜਾ, ਨੀਰਜ ਕਬੀ ਆਦਿ ਕਲਾਕਾਰ ਵੱਖ ਵੱਖ ਰੋਲ ਨਿਭਾ ਰਹੇ ਹਨ।

ਅਭੈ ਦਿਓਲ ਅਕਸਰ ਤਜਰਬੇ ਕਰਦਾ ਰਹਿੰਦਾ ਹੈ ਅਤੇ ਹੁਣ ਉਹ ਤਾਮਿਲ ਫਿਲਮ 'ਈਦੂ ਵੇਦਲਮ ਸੋਲਮ ਕਥਾਈ' (ਭੂਤ ਵੱਲੋਂ ਸੁਣਾਈ ਕਥਾ) ਵਿਚ ਪੂਰੀ ਰੀਝ ਨਾਲ ਕੰਮ ਕਰ ਰਿਹਾ ਹੈ। ਇਸ ਫਿਲਮ ਦੀ ਕਹਾਣੀ ਵੀ ਬੜੀ ਵਿਲੱਖਣ ਹੈ ਜੋ ਫਿਲਮਸਾਜ਼ ਰਤਿੰਦਰਨ ਆਰ. ਪ੍ਰਸਾਦ ਨੇ ਖ਼ੁਦ ਲਿਖੀ ਹੈ। ਇਸ ਫਿਲਮ ਉਪਰ ਕੁਝ ਪੈਸਾ ਖ਼ੁਦ ਅਭੈ ਦਿਓਲ ਨੇ ਵੀ ਲਾਇਆ ਹੈ। *-ਗੁਰਜੰਟ ਸਿੰਘ*

# ਰਾਜਪਾਲ ਯਾਦਵ ਦੇ ਰਾਜ਼

ਰਾਜਪਾਲ ਯਾਦਵ ਨੇ ਫਿਲਮੀ ਸਫ਼ਰ ਦੀ ਸ਼ੁਰੂਆਤ 1999 ਵਿਚ ਕੀਤੀ ਸੀ। ਉਸ ਸਾਲ ਉਹਦੀਆਂ ਤਿੰਨ ਫਿਲਮਾਂ 'ਦਿਲ ਕਿਆ ਕਰੇ', 'ਮਸਤ' ਅਤੇ 'ਸ਼ੂਲ' ਰਿਲੀਜ਼ ਹੋਈਆਂ। 'ਦਿਲ ਕਿਆ ਕਰੇ' ਮਸ਼ਹੂਰ ਫਿਲਮਸਾਜ਼ ਪ੍ਰਕਾਸ਼ ਝਾਅ ਨੇ ਬਣਾਈ ਸੀ ਅਤੇ ਇਸ ਫਿਲਮ ਨਾਲ ਰਾਜਪਾਲ ਯਾਦਵ ਦੀ ਚੰਗੀ ਹਾਜ਼ਰੀ ਲੱਗ ਗਈ। ਇਸ ਤੋਂ ਬਾਅਦ ਤਾਂ ਫਿਰ ਚਲ ਸੋ ਚਲ!

16 ਮਾਰਚ 1971 ਨੂੰ ਉਤਰ ਪ੍ਰਦੇਸ਼ ਵਿਚ ਜਨਮੇ ਰਾਜਪਾਲ ਯਾਦਵ ਨੇ ਪਹਿਲਾਂ ਦੋ ਸਾਲ ਲਖਨਊ ਦੀ ਭਾਰਤੇਂਦੂ ਨਾਟਯ ਅਕਾਦਮੀ ਤੋਂ ਸਿੱਖਿਆ ਹਾਸਲ ਕੀਤੀ ਅਤੇ ਫਿਰ ਦਿੱਲੀ ਦੇ 'ਨੈਸ਼ਨਲ ਸਕੂਲ ਆਫ਼ ਡਰਾਮਾ' ਵਿਚ ਦਾਖ਼ਲਾ ਲੈ ਲਿਆ। ਇਹ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ 1997 ਵਿਚ ਉਸ ਨੇ ਮੁੰਬਈ ਚਾਲੇ ਪਾ ਦਿਤੇ। ਕੁਝ ਕੁ ਸੰਘਰਸ਼ ਤੋਂ ਬਾਅਦ ਉਥੇ ਉਸ ਨੂੰ ਦੂਰਦਰਸ਼ਨ ਲੜੀਵਾਰ 'ਮੁੰਗੇਰੀ ਕੇ ਭਾਈ ਨੌਰੰਗੀ ਲਾਲ' ਵਿਚ ਕੰਮ ਮਿਲ ਗਿਆ। ਇਹ ਲੜੀਵਾਰ ਅਸਲ ਵਿਚ ਹਿੱਟ ਲੜੀਵਾਰ 'ਮੁੰਗੇਰੀ ਲਾਲ ਕੇ ਹਸੀਨ ਸਪਨੇ' ਦਾ ਸੀਕੁਇਲ ਸੀ। ਰਾਜਪਾਲ ਯਾਦਵ ਨੇ ਫਿਲਮਾਂ ਵਿਚ ਖਲਨਾਇਕ ਦੇ ਰੋਲ ਵੀ ਨਿਭਾਏ, ਪਰ ਉਸ ਦੀ ਜ਼ਿਆਦਾ ਚਰਚਾ ਚਰਿੱਤਰ ਕਿਰਦਾਰਾਂ ਕਰ ਕੇ ਹੋਈ। ਇਨ੍ਹਾਂ ਫਿਲਮਾਂ ਵਿਚ 'ਹਾਵੜਾ ਬ੍ਰਿਜ 'ਤੇ ਲਟਕੀ ਹੂਈ ਲਾਸ਼', 'ਮੈਂ ਮਾਧੁਰੀ ਦੀਕਸ਼ਿਤ ਬਨਨਾ ਚਾਹਤੀ ਹੂੰ', 'ਲੇਡੀਜ਼ ਟੇਲਰ', 'ਕੁਸ਼ਤੀ', 'ਮਿਰਚ' ਵਰਗੀਆਂ ਫਿਲਮਾਂ ਸ਼ਾਮਿਲ ਹਨ। 'ਮੈ, ਮੇਰੀ ਪਤਨੀ ਔਰ ਵੋਹ' ਵਿਚ ਉਸ ਨੇ ਨਾਇਕ ਦਾ ਕਿਰਦਾਰ ਨਿਭਾਇਆ। 2005 ਵਿਚ ਆਈ ਇਸ ਫ਼ਿਲਮ ਵਿਚ ਰਾਜਪਾਲ ਤੋਂ ਇਲਾਵਾ ਰਿਤੂਪਰਨਾ ਸੇਨਗੁਪਤਾ ਅਤੇ ਕੇ.ਕੇ. ਮੈਨਨ ਦੇ ਮੁੱਖ ਰੋਲ ਸਨ। ਇਸ ਫਿਲਮ ਦੀ ਕਹਾਣੀ ਬਹੁਤ ਖ਼ੂਬਸੂਰਤ ਹੈ ਅਤੇ ਇਸ ਦੇ ਗੀਤ ਵੀ ਦਿਲ ਨੂੰ ਧੂਹ ਪਾਉਣ ਵਾਲੇ ਹਨ। ਰਾਜਪਾਲ ਇਸ ਫਿਲਮ ਨੂੰ ਆਪਣੀਆਂ ਬਿਹਤਰੀਨ ਫਿਲਮਾਂ ਵਿਚ ਸ਼ੁਮਾਰ ਕਰਦਾ ਹੈ। ਉਸ ਦੀ ਬੰਗਲਾ ਫਿਲਮ 'ਸੇਰਾ ਬੰਗਾਲੀ' ਨੂੰ ਆਲੋਚਕਾਂ ਨੇ ਬਹੁਤ ਵਡਿਆਇਆ ਹੈ। ਪ੍ਰਭੂ ਦੇਵਾ ਵੱਲੋਂ ਬਣਾਈ ਇਸ ਫਿਲਮ ਵਿਚ ਉਸ ਦੀ ਨਾਇਕਾ ਉਲਕਾ ਗੁਪਤਾ ਹੈ।

*-ਆਮਨਾ ਕੌਰ*




*ਫਿਲਮ 'ਮੈਂ, ਮੇਰੀ ਪਤਨੀ ਔਰ ਵੋਹ' ਵਿਚ ਰਾਜਪਾਲ ਯਾਦਵ ਅਤੇ ਰਿਤੂਪਰਨਾ ਸੇਨਗੁਪਤਾ।*

# ਨਿੰਮ ਦਾ ਦਰਖਤ

ਨਿੰਮ ਦੇ ਦਰਖਤ ਪ੍ਰਤੀ ਮੈਨੂੰ ਖਾਸ ਖਿੱਚ ਹੈ ਕਿਉਂਕਿ ਇਹ ਸਾਡੇ ਘਰ ਦੇ ਵਿਹੜੇ ਵਿਚ ਹੁੰਦਾ ਸੀ, ਭਾਰੀ ਤੇ ਸੰਘਣੀ ਛਾਂ ਵਾਲਾ। ਗਰਮੀਆਂ ਨੂੰ ਅਸੀਂ ਸਾਰਾ ਟੱਬਰ ਇਸ ਦੀ ਸੰਘਣੀ ਛਾਂ ਦਾ ਅਨੰਦ ਮਾਣਦੇ। ਤਾਜ਼ਾ ਪਏ ਮੀਂਹ ਪਿਛੋਂ ਜਦ ਮੰਜੇ ਡਾਹ ਕੇ ਨਿੰਮ ਥੱਲੇ ਬਹਿਣਾ ਤਾਂ ਅਨੰਦ ਅੱਜ ਦੇ ਏਅਰ ਕੰਡੀਸ਼ਨ ਤੋਂ ਵੀ ਵੱਧ ਆਉਂਦਾ। ਤਰ੍ਹਾਂ ਤਰ੍ਹਾਂ ਦੇ ਪੰਛੀ-ਤੋਤੇ, ਕੋਇਲ, ਉੱਲੂ, ਚਿੜੀਆਂ, ਕਾਂ ਆਉਂਦੇ-ਜਾਂਦੇ ਤੇ ਨਿੰਮ ਨੂੰ ਟਿਕਾਣਾ ਬਣਾਉਂਦੇ।

ਇਹ ਦਰਖਤ ਬਹੁਤ ਵੱਡਾ, ਉਚਾ ਤੇ ਭਾਰੀ ਛਤਰੀ ਵਾਲਾ ਹੋਣ ਕਰਕੇ ਇਥੇ ਮੋਰ ਵੀ ਰੌਣਕਾਂ ਲਾਉਂਦੇ। ਮੇਰੇ ਬੀਬੀ ਜੀ ਨੇਮ ਨਾਲ ਮੋਰਾਂ ਨੂੰ ਦਲਾਨ ਅਤੇ ਕੋਠੜੀ ਦੀ ਛੱਤ 'ਤੇ ਦਾਣੇ ਪਾਇਆ ਕਰਦੇ, ਇਸੇ ਕਰਕੇ ਮੋਰ ਸਵੇਰੇ ਹੀ ਨਿੰਮ 'ਤੇ ਆ ਬਹਿੰਦੇ। ਚੋਗਾ ਖਾ ਕੇ ਸ਼ਾਇਦ ਇਵਜ਼ ਵਜੋਂ

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਜਾਂਦੇ-ਜਾਂਦੇ ਇੱਕ-ਦੋ ਖੰਭ ਵੀ ਸੁੱਟ ਜਾਂਦੇ ਨਿੰਮ ਥੱਲੇ, ਜਿਸ ਦੀ ਮੈਨੂੰ ਹਰ ਰੋਜ਼ ਉਡੀਕ ਰਹਿੰਦੀ। ਮੈਂ ਉਨ੍ਹਾਂ ਖੂਬਸੂਰਤ ਰੰਗ-ਬਰੰਗੇ ਖੰਭਾਂ ਨੂੰ ਸਾਂਭ ਸਾਂਭ ਰੱਖਦਾ।

ਗਰਮੀਆਂ 'ਚ ਅਸੀਂ ਸਾਰੇ ਨਿਆਣੇ ਨਿੰਮ ਤੋਂ ਡਿੱਗੀਆਂ ਪੱਕੀਆਂ ਨਿੰਮੋਲੀਆਂ ਖਾਂਦੇ, ਜਿਨ੍ਹਾਂ ਦਾ ਸੁਆਦ ਕੁਸੈਲਾ ਤੇ ਖਠਮਿਠਾ ਜਿਹਾ ਲੱਗਣਾ ਪਰ ਫਿਰ ਵੀ ਅਸੀਂ ਰੀਸੋ-ਰੀਸੀ ਚੁਗ ਚੁਗ ਖਾਈ ਜਾਂਦੇ। ਪੱਕੀਆਂ ਨਿੰਮੋਲੀਆਂ ਦੀਆਂ ਗਿਟਕਾਂ ਕੁੱਟ ਕੇ ਘਰੇ ਹੀ ਸਾਬਣ ਬਣਾ ਲੈਂਦੇ ਜੋ ਕਈ ਮਹੀਨੇ ਕੱਪੜੇ ਧੋਣ ਤੇ ਨਹਾਉਣ ਦੇ ਕੰਮ ਆਉਂਦਾ। ਘਰ ਦੇ ਕਿਸੇ ਜੀਅ ਦੇ ਸਿਰ 'ਚ ਜੂੰਆਂ ਪੈ ਜਾਣੀਆਂ ਤਾਂ ਨਿੰਮ ਦੇ ਸਾਬਣ ਨਾਲ ਸਿਰ ਮਲ ਮਲ ਕੇ ਨਹਾਉਣਾ। ਨਿੰਮ ਦਾ ਇਕ ਹੋਰ ਵੱਡਾ ਗੁਣ ਸੀ ਫੋੜੇ-ਫਿੰਸੀਆਂ ਤੋਂ ਛੁਟਕਾਰਾ ਦਿਵਾਉਣਾ, ਜੋ ਮੇਰੇ ਤਾਂ ਬੜਾ ਹੀ ਰਾਸ ਆਉਂਦਾ ਸੀ। ਅਸਲ ਵਿਚ ਬਰਸਾਤਾਂ ਦੇ ਦਿਨੀਂ ਫੋੜੇ-ਫਿੰਸੀਆਂ ਬੜੀਆਂ ਨਿਕਲਣੀਆਂ, ਸਮਝਣਾ ਕਿ ਗੁੜ ਬਹੁਤਾ ਖਾਣ ਕਰਕੇ ਖੂਨ ਮਿੱਠਾ ਹੋ ਜਾਂਦਾ ਹੈ, ਜਿਸ ਕਰਕੇ ਪਿੰਡੇ 'ਤੇ ਫੋੜੇ ਨਿਕਲ ਆਉਂਦੇ ਹਨ।

ਜਦੋਂ ਫੋੜਿਆਂ ਦੀ ਬਿਪਤਾ ਹੱਦੋਂ ਬਾਹਰ ਹੋ ਜਾਣੀ ਤਾਂ ਬੀਬੀ ਜੀ ਰਾਤ ਨੂੰ ਤਾਕੀਦ ਕਰਦੇ ਕਿ ਪੁੱਤਰ ਸਵੇਰੇ ਉਠਦਿਆਂ ਹੀ ਨਿਰਣੇ ਕਾਲਜੇ ਨਿੰਮ ਰਗੜ ਕੇ ਪੀਵੀਂ, ਤਦੇ ਫੋੜੇ ਹਟਣਗੇ। ਇਹ ਗੱਲ ਸੁਣ ਕੇ ਇੱਕ ਪਾਸੇ ਤਾਂ ਸਰੀਰ 'ਤੇ ਨਿਕਲੇ ਫੋੜਿਆਂ ਨੇ ਚੀਸਾਂ ਕਢਾਉਣੀਆਂ ਤੇ ਦੂਜੇ ਪਾਸੇ ਸਵੇਰ ਨੂੰ ਉਠ ਕੇ ਨਿੰਮ ਦੇ ਰਗੜੇ ਪੱਤੇ ਪੀਣ ਬਾਰੇ ਸੋਚ ਕੇ ਹੀ ਸੌਣਾ ਦੁੱਭਰ ਹੋ ਜਾਣਾ ਕਿ ਕੌੜੀ ਨਿੰਮ ਦੀਆਂ ਘੁੱਟਾਂ ਕਿਵੇਂ ਅੰਦਰ ਲੰਘਣਗੀਆਂ? ਖੈਰ! ਸਵੇਰੇ ਉਠਦਿਆਂ ਹੀ ਬੀਬੀ ਜੀ ਨੇ ਪੱਤੇ ਕੂੰਡੀ 'ਚ ਰਗੜ ਕੇ ਪਾਣੀ ਪਾ ਘੋਲ ਜਿਹਾ ਬਣਾ ਕੇ ਗਲਾਸ ਮੂਹਰੇ ਧਰ ਦੇਣਾ ਤੇ ਆਖਣਾ, 'ਕਾਕਾ ਅੱਖਾਂ ਮੀਟ ਕੇ ਦਬਾ ਦਬ ਅੰਦਰ ਸੁੱਟ ਲੈ।' ਨਿੰਮ ਦਾ ਪਾਣੀ ਪੀਣ ਨੂੰ ਜੀਅ ਤਾਂ ਉਕਾ ਹੀ ਨਾ ਕਰਨਾ ਪਰ ਫੋੜਿਆਂ ਕਾਰਨ ਨਿਕਲਦੀਆਂ ਚੀਸਾਂ ਮੂਹਰੇ ਅੱਖਾਂ ਮੀਟ ਕੇ ਰਗੜੀ ਨਿੰਮ ਦੀਆਂ ਤਿੰਨ-ਚਾਰ ਘੁੱਟਾਂ ਇਕੋ ਸਾਹੇ ਅੰਦਰ ਸੁੱਟ ਲੈਣੀਆਂ। ਲੱਗਣਾ, ਵੱਡਾ ਮੋਰਚਾ ਫਤਿਹ ਕਰ ਲਿਆ। ਨਿੰਮ ਪੀਣ ਤੋਂ ਅਗਲੇ ਦਿਨ ਹੀ ਫੋੜਿਆਂ ਨੂੰ ਮੋੜਾ ਪੈ ਜਾਣਾ, ਤੇ ਇੰਜ ਦੋ ਦਿਨ ਰਗੜੀ ਨਿੰਮ ਦੀ ਸ਼ਰਦਾਈ ਲਗਾਤਾਰ ਪੀਣ ਨਾਲ ਫੋੜੇ-ਫਿੰਸੀਆਂ ਤੋਂ ਆਰਾਮ ਆ ਜਾਂਦਾ।



ਬੀਬੀ ਜੀ ਨੇ ਸਾਰੀ ਉਮਰ, ਜਿੰਨਾ ਚਿਰ ਨਿੰਮ ਵਿਹੜੇ 'ਚ ਰਹੀ, ਉਸ ਦੀ ਦਾਤਣ ਕੀਤੀ। 86 ਸਾਲ ਦੇ ਹੋ ਕੇ ਪੂਰੇ ਹੋ ਜਾਣ ਤੱਕ ਉਨ੍ਹਾਂ ਦਾ ਜਬਾੜਾ ਪੂਰੀ ਤਰ੍ਹਾਂ ਮਜ਼ਬੂਤ ਰਿਹਾ। ਆਖਰੀ ਸਮੇਂ ਬੱਤੀਆਂ 'ਚੋਂ ਇਕੱਤੀ ਦੰਦ ਸਾਬਤ ਸਬੂਤ ਸਨ। ਇਹ ਨਿੰਮ ਦੇ ਕਰਾਮਾਤੀ ਗੁਣਾਂ ਕਰਕੇ ਹੀ ਸੀ।

ਹੁਣ ਤਾਂ ਵਿਗਿਆਨਕ ਖੋਜਾਂ ਨੇ ਵੀ ਸਿੱਧ ਕਰ ਦਿੱਤਾ ਹੈ ਕਿ ਨਿੰਮ ਬਹੁਤ ਸਾਰੀਆਂ ਮਰਜਾਂ ਨੂੰ ਠੀਕ ਕਰਨ 'ਚ ਮਦਦਗਾਰ ਹੈ।

ਸਾਡੇ ਵਿਹੜੇ 'ਚ ਲੱਗੀ ਨਿੰਮ ਦੇ ਬਹੁਤ ਭਾਰੀ ਤਣੇ 'ਚ ਕਈ ਖੋੜਾਂ ਸਨ, ਉਹ ਇਸ ਕਰਕੇ ਕਿ ਅੱਖਾਂ 'ਚ ਪਾਉਣ ਵਾਲਾ ਸੁਰਮਾ ਰਗੜਨ ਤੋਂ ਛੇ ਮਹੀਨੇ ਪਹਿਲਾਂ ਤਰਖਾਣ ਤੋਂ ਤਣੇ 'ਚ ਮੋਰੀ ਕਰਵਾ ਕੇ ਵਿਚ ਸੁਰਮਾ ਦੱਬਿਆ ਰਹਿਣ ਦੇਣਾ। ਫਿਰ ਕੱਢ ਕੇ ਰਗੜ ਕੇ ਅੱਖਾਂ 'ਚ ਪਾਉਣਾ। ਆਂਢ-ਗੁਆਂਢ ਜਾਂ ਪਿੰਡ 'ਚੋਂ ਕਿਸੇ ਨਾ ਕਿਸੇ ਦਾ ਸੁਰਮਾ ਵੱਖੋ ਵੱਖਰੀਆਂ ਖੋੜਾਂ 'ਚ ਪਿਆ ਨਿੰਮ ਦੇ ਬਹੁਪੱਖੀ ਗੁਣਾਂ ਦਾ ਰਸ ਚੂਸ ਚੂਸ ਇੱਕ ਦਵਾਈ ਬਣ ਜਾਂਦਾ।

ਸਾਡੀ ਨਿੰਮ ਦੀਆਂ ਜੜ੍ਹਾਂ 'ਚ ਟੋਆ ਪੁੱਟ ਕੇ ਇਕ ਵੱਡੀ ਮੱਟੀ ਦੱਬੀ ਹੁੰਦੀ ਸੀ-ਅੱਧੀ ਜੜ੍ਹਾਂ ਵਿਚ ਤੇ ਅੱਧੀ ਬਾਹਰ। ਉਸ ਵਿਚ ਨਿੰਮੋਲੀਆਂ, ਨਿੰਬੂ, ਅਧਰਕ ਤੇ ਹੋਰ ਕਈ ਚੀਜ਼ਾਂ ਪਾ ਕੇ ਇੱਕ ਘੋਲ ਤਿਆਰ ਕੀਤਾ ਜਾਂਦਾ, ਜਿਸ ਨੂੰ ਸਾੜਾ ਕਿਹਾ ਜਾਂਦਾ। ਇਸ ਦਾ ਵਿਗਿਆਨਕ ਸਬੂਤ ਤਾਂ ਮੇਰੇ ਕੋਲ ਕੋਈ ਨਹੀਂ ਪਰ ਅਸੀਂ ਦੇਖਿਆ ਜਰੂਰ ਹੈ ਕਿ ਪਿੰਡ 'ਚ ਕਿਸੇ ਦੇ ਪਸੂ-ਮੱਝ, ਗਾਂ ਜਾਂ ਬਲਦ ਨੂੰ ਅਫਾਰਾ ਹੋਇਆ ਹੋਵੇ ਜਾਂ ਪੱਠੇ ਨਾ ਖਾਂਦਾ ਹੋਵੇ ਤਾਂ ਉਸ ਸਾੜੇ ਦੀਆਂ ਦੋ ਨਾਲਾਂ ਪਸੂ ਦੇ ਮੂੰਹ 'ਚ ਪਾ ਦਿੱਤੀਆਂ ਜਾਂਦੀਆਂ ਤੇ ਪਸੂ ਨੌਂ-ਬਰ-ਨੌਂ ਹੋ ਜਾਂਦਾ। ਇੰਜ ਸਾਡੇ ਘਰ ਰੋਜ਼ ਹੀ ਕੋਈ ਨਾ ਕੋਈ ਸਾੜਾ ਲੈਣ ਆਇਆ ਰਹਿੰਦਾ। ਮੱਟੀ 'ਚ ਕਦੇ ਸਾੜਾ ਨਹੀਂ ਸੀ ਮੁੱਕਿਆ ਕਿਉਂਕਿ ਉਸ 'ਚ ਰੁੱਤ ਮੁਤਾਬਕ ਸਮੇਤ ਨਿੰਮੋਲੀਆਂ, ਗੰਨੇ ਦਾ ਰਸ, ਨਿੰਬੂ, ਅਧਰਕ, ਅਜਵੈਣ, ਸੌਂਫ ਤੇ ਹੋਰ ਕਈ ਚੀਜ਼ਾਂ ਪਾਈ ਜਾਈਦੀਆਂ ਸਨ ਅਤੇ ਉਨ੍ਹਾਂ ਸਭ ਦਾ ਗਲ-ਪਚ ਕੇ ਇਕ ਅਜਿਹਾ ਘੋਲ (ਸਾੜਾ) ਬਣਦਾ ਜੋ ਪਿੰਡ ਦੇ ਪਸ਼ੂਆਂ ਦੇ ਕਈ ਰੋਗ ਨਵਿਰਤ ਕਰਨ ਦੇ ਕੰਮ ਆਉਂਦਾ। ਉਨ੍ਹਾਂ ਸਮਿਆਂ 'ਚ ਆਮ ਪਿੰਡਾਂ ਵਿਚ ਸਲੋਤਰ ਖਾਨੇ (ਪਸ਼ੂ ਹਸਪਤਾਲ) ਕਿਹੜਾ ਹੋਇਆ ਕਰਦੇ ਸਨ!

ਕੱਪੜਿਆਂ ਨੂੰ ਕਈ ਕਿਸਮ ਦੇ ਕੀੜੇ, ਟਿੱਡੀਆਂ ਆਦਿ ਖਾ ਜਾਇਆ ਕਰਦੇ। ਉਨ੍ਹਾਂ ਤੋਂ ਬਚਾਓ ਲਈ ਟਰੰਕਾਂ, ਪੇਟੀਆਂ ਅਤੇ ਸੰਦੂਕਾਂ 'ਚ ਪਏ ਕੱਪੜੇ-ਲੀੜਿਆਂ ਦੀਆਂ ਤਹਿਆਂ ਵਿਚ ਵੀ ਨਿੰਮ ਦੇ ਪੱਤੇ ਰੱਖਣ ਨਾਲ ਕੀੜੇ-ਟਿੱਡੀਆਂ ਨੇੜੇ ਨਾ ਆਉਂਦੇ। ਨਿੰਮ ਤੋਂ ਬਣੀਆਂ ਚੀਜ਼ਾਂ ਨੂੰ ਘੁਣ ਜਾਂ ਸਿਉਂਕ ਨਹੀਂ ਸੀ ਲਗਦੀ। ਜਿਨ੍ਹਾਂ ਥਾਂਵਾਂ 'ਤੇ ਸਿਉਂਕ ਦਾ ਜ਼ੋਰ ਹੁੰਦਾ, ਉਥੇ ਮਕਾਨਾਂ 'ਤੇ ਬਾਲੇ, ਸ਼ਤੀਰ ਨਿੰਮ ਦੇ ਪਾਉਂਦੇ। ਇੰਜ ਛੱਤਾਂ ਨੂੰ ਸਿਉਂਕ ਵਗੈਰਾ ਨਾ ਲੱਗਦੀ।

ਗਰਮੀਆਂ 'ਚ ਪੀਂਘ ਪਾ ਕੇ ਸਾਰੀ ਪੱਤੀ ਦੇ ਨਿਆਣਿਆਂ ਦਾ ਝੁਰਮਟ ਲੱਗਾ ਰਹਿਣਾ। ਸਾਡੇ ਵਿਹੜੇ 'ਚ ਨਿੰਮ ਦੇ ਦਰਖਤ ਦੇ ਮੋਟੇ ਟਾਹਣੇ ਨਾਲ ਮੋਟੀ ਲੱਜ (ਰੱਸਾ) ਦੀ ਪੀਂਘ ਸਾਰੀ ਬਰਸਾਤ ਪਈ ਰਹਿੰਦੀ; ਕੌਣ ਉਚੀ ਤੋਂ ਉਚੀ ਪੀਂਘ ਚੜ੍ਹਾਉਂਦਾ ਹੈ, ਦੀ ਬੁਰਜ ਵੀ ਨਿਆਣਿਆਂ, ਗੱਭਰੂਆਂ, ਮੁਟਿਆਰਾਂ ਅਤੇ ਪੀਂਘ 'ਤੇ ਹੁਲਾਰਾ ਲੈਣ ਵਾਲਿਆਂ ਲਈ ਰੋਚਕਤਾ ਬਣਾਈ ਰੱਖਦੀ। ਇਹ ਸਨ ਕੁਝ ਗੁਣ ਸਾਡੇ ਵਿਹੜੇ 'ਚ ਲੱਗੀ ਨਿੰਮ ਦੇ, ਜੋ ਯਾਦ ਕਰ ਕੇ ਮੈਨੂੰ ਬਚਪਨ ਦਾ ਇਕ ਵਿਲੱਖਣ ਅਨੰਦ ਦਿੰਦੇ ਹਨ।



*ਨਿੰਮ ਦੀਆਂ ਨਿੰਮੋਲੀਆਂ*

# ਸਮੇਂ ਨੇ ਠੱਲ੍ਹ ਦਿੱਤੀ ਚੱਕੀਆਂ ਦੀ ਰਫਤਾਰ...

ਘਰ-ਬਾਰ ਰੰਨਾਂ, ਚੱਕੀਆਂ ਝੋਤੀਆਂ ਨੀ
ਜਿਨ੍ਹਾਂ ਤਾਵਣਾਂ ਗੁੰਨ੍ਹ ਪਕਾਣੀਆਂ ਨੀ।

ਇਨ੍ਹਾਂ ਕਾਵਿ-ਸਤਰਾਂ ਰਾਹੀਂ ਮੱਧਕਾਲ ਦੌਰਾਨ ਪੰਜਾਬੀ ਸਭਿਆਚਾਰ ਵਿਚ ਇਕ ਅਹਿਮ ਕੰਮ ਚੱਕੀ ਝੋਣੀ ਜਾਂ ਚੱਕੀ 'ਤੇ ਆਟਾ ਪੀਸਣ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਆਧੁਨਿਕ ਦੌਰ ਵਿਚ ਜਿਥੇ ਹਰ ਸ਼ਹਿਰ, ਗਰਾਂ, ਕਸਬੇ ਅੰਦਰ ਬਿਜਲੀ ਚੱਕੀਆਂ ਆਟਾ ਪੀਸਣ ਲਈ ਲੱਗੀਆਂ ਹੋਈਆਂ ਹਨ, ਉਥੇ ਹੀ ਬਾਜ਼ਾਰ ਵਿਚੋਂ ਵੀ ਥੈਲੀਆਂ ਅੰਦਰ ਆਟਾ ਘਰੇਲੂ ਵਰਤੋਂ ਵਾਸਤੇ ਮਿਲ ਜਾਂਦਾ ਹੈ, ਪਰ ਪੁਰਾਣੇ ਸਮਿਆਂ ਵਿਚ ਇਸ ਤਰ੍ਹਾਂ ਨਹੀਂ ਸੀ। ਪਹਿਲਾਂ ਸੁਆਣੀਆਂ ਸਵੇਰੇ ਵੱਡੇ ਤੜਕੇ ਉਠ ਕੇ ਚੱਕੀਆਂ ਪੀਹਣ ਲੱਗਦੀਆਂ। ਕਣਕ, ਬਾਜਰਾ,

ਲਖਬੀਰ ਸਿੰਘ ਦੌਦਪੁਰ
ਫੋਨ: +91-99924-00948

ਮੱਕੀ ਅਤੇ ਦਾਲਾਂ ਆਦਿ ਨੂੰ ਘਰੇ ਹੀ ਚੱਕੀ ਵਿਚ ਪੀਹ ਲਿਆ ਜਾਂਦਾ। ਕਣਕ ਅਤੇ ਬਾਜਰੇ ਨੂੰ ਮਿਲਾ ਕੇ ਬੇਰੜ ਦੀ ਰੋਟੀ ਤਿਆਰ ਕੀਤੀ ਜਾਂਦੀ ਜੋ ਸਰੀਰਕ ਤੰਦਰੁਸਤੀ ਦੇਣ ਦੇ ਨਾਲ ਨਾਲ ਖਾਣ ਵਿਚ ਵੀ ਸਵਾਦਲੀ ਹੁੰਦੀ। ਉਪਰੋਂ ਮਾਂਵਾਂ ਜਾਂ ਘਰ ਦੀਆਂ ਹੋਰ ਸੁਆਣੀਆਂ ਰੋਟੀ ਹੱਥੀਂ ਬਣਾਉਂਦੀਆਂ ਅਤੇ ਨਾਲ ਖਾਣ ਨੂੰ ਮੱਖਣ ਆਦਿ ਹੁੰਦਾ। ਘਰਾਂ ਵਿਚ ਚੱਕੀ ਪੀਹਣ ਦਾ ਕੰਮ ਬਹੁਤ ਅਹਿਮ ਕੰਮ ਸੀ ਜੋ ਘਰ ਦੀਆਂ ਔਰਤਾਂ ਕਰਦੀਆਂ।

ਘਰੇਲੂ ਚੱਕੀ ਵਿਚ ਪੱਥਰ ਦੇ ਦੋ ਪੁੜ ਹੁੰਦੇ, ਉਨ੍ਹਾਂ ਵਿਚੋਂ ਉਪਰਲੇ ਪੁੜ ਵਿਚਕਾਰ ਮਜ਼ਬੂਤ ਲੱਕੜ ਦੀ ਸੁਰਾਖਨੁਮਾ ਡੰਡੀ ਹੁੰਦੀ ਜਿਸ ਨੂੰ ਮੰਨਣੀ ਕਿਹਾ ਜਾਂਦਾ ਸੀ। ਇਸ ਵਿਚੋਂ ਹੇਠਲੇ ਪੁੜ ਵਿਚ ਲੱਗੀ ਲੋਹੇ ਦੀ ਮੋਟੀ ਕਿੱਲੀ ਨਾਲ ਉਪਰਲਾ ਪੁੜ ਘੁੰਮਣ ਲਈ ਜੁੜਿਆ ਹੁੰਦਾ। ਇਹ ਕਿੱਲੀ ਧੁਰੀ ਦਾ ਕੰਮ ਦਿੰਦੀ ਸੀ। ਦੋਹਾਂ ਪੁੜਾਂ ਵਿਚ ਆਪਸੀ ਘਸਰਣ ਘਟਾਉਣ ਅਤੇ ਚੱਕੀ ਨੂੰ ਸੁਹੇਲੀ ਚਲਾਉਣ ਜਾਂ ਬਾਰੀਕ ਅਤੇ ਮੋਟਾ ਪੀਸਣ ਲਈ 'ਉਲਾਲ' ਚੱਕੀ ਦੇ ਦੋਹਾਂ ਪੁੜਾਂ ਵਿਚਕਾਰਲੀ ਕਿੱਲੀ ਵਿਚ ਪਾਇਆ ਹੁੰਦਾ ਜੋ ਕੱਪੜੇ ਜਾਂ ਲੀਰ ਦਾ ਬਣਿਆ ਹੁੰਦਾ। ਉਪਰਲੇ ਪੁੜ ਵਿਚ ਲੱਕੜ ਦਾ ਹੱਥਾ ਚੱਕੀ ਚਲਾਉਣ ਵਾਸਤੇ ਲੱਗਾ ਹੁੰਦਾ।

ਘਰਾਂ ਵਿਚ ਚੱਕੀਆਂ ਦੇ ਹੇਠਲੇ ਪੁੜ ਨੂੰ ਮਿੱਟੀ ਗਾਰੇ ਵਿਚ ਥਾਂ ਸਿਰ ਪੱਕਾ ਕਰ ਕੇ ਉਪਰਲੇ ਪੁੜ ਨੂੰ ਘੁੰਮਣ ਦੀ ਹਾਲਤ ਵਿਚ ਰੱਖਿਆ ਜਾਂਦਾ। ਪੁੜਾਂ ਦੇ ਦੁਆਲੇ ਚੀਕਣੇ ਗਾਰੇ ਦੀਆਂ ਛੋਟੀਆਂ ਛੋਟੀਆਂ ਕੰਧੋਲੀਆਂ ਬਣਾਈਆਂ ਜਾਂਦੀਆਂ ਜੋ ਪੀਸਣ ਵਾਲੇ ਅਨਾਜ ਨੂੰ ਚੁਫੇਰੇ ਖਿਲਰਨ ਤੋਂ ਰੋਕਦੀਆਂ। ਇਨ੍ਹਾਂ ਵਿਚ ਇਕ ਪਾਸੇ ਮੋਘਾ ਜਿਹਾ ਰੱਖ ਲਿਆ ਜਾਂਦਾ ਤਾਂ ਜੋ ਪੀਸਿਆ ਆਟਾ ਜਾਂ ਦਲੀਆ ਵਗੈਰਾ ਇਕ ਪਾਸੇ ਹੀ ਨਿਕਲੇ।

ਪੁਰਾਣੇ ਪੰਜਾਬ 'ਚ ਘਰ ਦੀਆਂ ਸੁਆਣੀਆਂ ਚੱਕੀਆਂ ਨੂੰ ਲਿਪ ਸੰਵਾਰ ਕੇ ਰੱਖਦੀਆਂ। ਕਈ ਵਾਰ ਇਨ੍ਹਾਂ ਨੂੰ ਪਾਂਡੂ ਮਿੱਟੀ ਵਗੈਰਾ ਫੇਰ ਕੇ ਇਨ੍ਹਾਂ 'ਤੇ ਵਧੀਆ ਚਿਤਰਕਾਰੀ ਕਰ ਕੇ ਆਪਣੀ ਕਲਾ ਰਾਹੀਂ ਇਨ੍ਹਾਂ ਨੂੰ ਹੱਦੋਂ ਵੱਧ ਸਜਾ ਦਿੰਦੀਆਂ। ਚੱਕੀਆਂ ਵੱਡੇ ਤੜਕੇ ਉਠ ਕੇ ਪੀਸਣਾ ਆਮ ਗੱਲ ਸੀ, ਜਿਵੇਂ ਵਾਰਿਸ ਦੀ ਹੀਰ ਵਿਚੋਂ ਵੀ ਇਸ ਗੱਲ ਦਾ ਪਤਾ ਲੱਗਦਾ ਹੈ। ਲੋਕ-ਕਾਵਿ ਵਿਚ ਇਸ ਸਬੰਧੀ ਬੋਲ ਹਨ:

ਅੱਧੀ ਰਾਤ ਪਹਿਰ ਦਾ ਤੜਕਾ
ਅਸੀਂ ਉਠ ਕੇ ਚੱਕੀ ਝੋ ਲਈ ਵੇ।

ਚੱਕੀ ਪੰਜਾਬੀ ਲੋਕ-ਕਾਵਿ ਵਿਚ ਲੋਕ ਮਨਾਂ ਦੇ ਕਾਫੀ ਨੇੜੇ ਹੈ। ਪੰਜਾਬੀ ਲੋਕ-ਕਾਵਿ ਵਿਚ ਕਿੰਨੀਆਂ ਹੀ ਵੰਨਗੀਆਂ ਜਿਵੇਂ ਬੋਲੀਆਂ, ਲੋਕ ਗੀਤ, ਟੱਪੇ ਆਦਿ ਮਿਲਦੇ ਹਨ ਜਿਨ੍ਹਾਂ ਵਿਚ ਚੱਕੀ ਨੂੰ ਕੇਂਦਰ 'ਚ ਰੱਖ ਕੇ ਮਨੁੱਖੀ ਮਨ ਦੀਆਂ ਸੱਧਰਾਂ, ਭਾਵਨਾਵਾਂ ਦੀ ਗੱਲ ਕੀਤੀ ਗਈ ਹੈ। ਕਈ ਵਾਰ ਪੇਕੇ ਘਰ ਦੀ ਲਾਡਲੀ ਧੀ ਜਿਸ ਨੇ ਬਾਬਲ ਦੇ ਘਰ ਮੌਜਾਂ ਭਰੇ ਦਿਨ ਗੁਜ਼ਾਰੇ ਹੁੰਦੇ ਅਤੇ ਸਹੁਰੇ ਜਾ ਕੇ ਉਸ ਨੂੰ ਚੱਕੀ ਪੀਸਣ ਵਰਗੇ ਔਖੇ ਕੰਮ ਕਰਨੇ ਪੈ ਜਾਂਦੇ ਤਾਂ ਉਹ ਆਪਣੇ ਮਨ ਦੇ ਭਾਵ ਕੁਝ ਇਸ ਤਰ੍ਹਾਂ ਬਿਆਨ ਕਰਦੀ:

ਮਾਪਿਆਂ ਨੇ ਮੈਂ ਰੱਖੀ ਲਾਡਲੀ
ਸਹੁਰੀਂ ਪਿਹਾ ਲਈ ਚੱਕੀ।
ਮੈਂ ਪੇਕਿਆਂ ਨੂੰ ਚੱਲੀ।

ਪਹਾੜੀ ਖੇਤਰਾਂ ਵਿਚ ਪਾਣੀ ਦੇ ਪਹਾੜੀ ਚੋਆਂ ਨਾਲ ਚੱਲਣ ਵਾਲੇ ਘਰਾਟ ਆਟਾ ਪੀਸਣ ਦੇ ਕੰਮ ਆਉਂਦੇ ਸਨ ਜੋ ਵਿਸ਼ੇਸ਼ ਕਿਸਮ ਦੇ ਬਣੇ ਹੁੰਦੇ। ਲੋਕ-ਕਾਵਿ ਅੰਦਰ ਸ਼ੁਰੂਆਤੀ ਪਣਚੱਕੀਆਂ ਬਾਰੇ ਵੀ ਜਾਣਕਾਰੀ ਹਾਸਲ ਹੁੰਦੀ ਹੈ:

ਸੱਸ ਨੇ ਸੁੱਟਿਆ ਮੂਹਰੇ ਪੀਸਣਾ ਮਾਹੀ ਵੇ
ਸਾਨੂੰ ਬਾਬਲੇ ਦੀ ਪਣਚੱਕੀ ਯਾਦ ਆਈ ਵੇ।

ਅੱਗੋਂ ਗੱਭਰੂ ਵੀ ਦਬਕਾ ਮਾਰਦਾ ਹੈ:

ਮਾਂ ਦੀਏ ਲਾਡਲੀਏ, ਸੌ ਵਲ ਪੈਂਦੇ ਵੱਖੀ।

ਭਾਰੀ ਚੱਕੀ ਪੀਸਣ ਤੋਂ ਤੰਗ ਆਈ ਮੁਟਿਆਰ ਆਪਣੀ ਸੱਸ ਨੂੰ ਆਖਦੀ:

ਟੱਲੀ ਟੱਲੀ ਟੱਲੀ
ਭਾਰੀ ਤੇਰੀ ਚੱਕੀ ਸੱਸੜੇ
ਝੋਵਾਂ ਕਿਵੇਂ ਮੈਂ 'ਕੱਲੀ।
ਅੱਕੀ ਤੇਰੀ ਚੱਕੀ ਦੀ
ਆਪੇ ਚੱਕੀ ਪੀਸੀ ਜਾਊਗੀ,
ਜਦੋਂ ਡਾਂਗ ਸੰਮਾਂ ਵਾਲੀ ਖੜਕੀ।

ਵਿਆਹ ਵੇਲੇ ਵੀ ਕਾਲੇ ਮਾਂਹ ਪੀਸਣ ਨੂੰ ਸ਼ੁਭ ਸ਼ਗਨ ਵਜੋਂ ਲਿਆ ਜਾਂਦਾ ਹੈ। ਇਹ ਰਸਮ ਕਿਤੇ ਕਿਤੇ ਹਾਲੇ ਵੀ ਵੇਖਣ ਨੂੰ ਮਿਲ ਜਾਂਦੀ ਹੈ ਜੋ ਪੁਰਾਣੀ ਰਵਾਇਤੀ ਚੱਕੀ ਰਾਹੀਂ ਨਿਭਾਈ ਜਾਂਦੀ ਹੈ। ਚੱਕੀ ਦੀ ਮਹੱਤਤਾ ਸਮਾਜਿਕ ਜੀਵਨ ਤਕ ਹੀ ਨਹੀਂ, ਸਗੋਂ ਅਧਿਆਤਮਕ ਜੀਵਨ ਦਰਸ਼ਨ ਵਿਚ ਵੀ ਇਸ ਨੂੰ ਸੰਤਾਂ-ਭਗਤਾਂ ਨੇ ਉਚ ਦਰਜਾ ਦਿੱਤਾ ਹੈ। ਚੱਕੀ ਦੀ ਮਨੁੱਖੀ ਜੀਵਨ ਵਿਚ ਮਹੱਤਤਾ ਅਤੇ ਸਥਾਨ ਨੂੰ ਮੁੱਖ ਰੱਖਦਿਆਂ ਭਗਤ ਕਬੀਰ ਤਾਂ ਇਸ ਨੂੰ ਪੂਜਣਯੋਗ ਦਰਜਾ ਦਿੰਦੇ ਹਨ:

ਪਾਥਰ ਪੂਜੈ ਹਰਿ ਮਿਲੈ
ਤੋ ਮੈਂ ਪੂਜਹੁ ਪਹਾੜ।
ਘਰ ਕੀ ਚੱਕੀ ਕੋਇ ਨਾ ਪੂਜੈ
ਜਿਸ ਕਾ ਪੀਸਾ ਖਾਇ ਸੰਸਾਰ।



*ਚਿੱਤਰਕਾਰ ਜਰਨੈਲ ਸਿੰਘ ਵੱਲੋਂ ਬਣਾਇਆ ਚੱਕੀ ਪੀਂਹਦੀ ਔਰਤ ਦਾ ਚਿੱਤਰ।*

ਗੁਰਬਾਣੀ ਵਿਚ ਵੀ ਚੱਕੀ, ਚੱਕ ਆਦਿ ਦੇ ਹਵਾਲੇ ਨਾਲ ਬ੍ਰਹਿਮੰਡ ਦੇ ਅਸੀਮ, ਅਨੰਤ ਵਿਸਥਾਰ ਅਤੇ ਵਰਤਾਰੇ ਬਾਰੇ ਆਸਾ ਦੀ ਵਾਰ ਵਿਚ ਆਖਿਆ ਗਿਆ ਹੈ। ਚੱਕੀ ਬਾਰੇ ਕਈ ਅਖਾਉਤਾਂ ਤੇ ਕਹਾਵਤਾਂ ਵੀ ਮਿਲਦੀਆਂ ਹਨ, ਜਿਵੇਂ ਕਿਸੇ ਕੰਮ ਵਿਚ ਕਸੂਤੇ ਫਸੇ ਬੰਦੇ ਬਾਰੇ ਆਮ ਕਹਿ ਦਿੱਤਾ ਜਾਂਦਾ ਹੈ, 'ਫਲਾਣੇ ਦੇ ਹੱਥ ਤਾਂ ਚੱਕੀ ਦੇ ਪੁੜ ਥੱਲੇ ਆ ਗਏ, ਵੇਖਦੇ ਆਂ ਕਦੋਂ ਨਿਕਲਦੇ ਆ।' ਜਾਂ ਫਿਰ ਦੋ ਧਿਰਾਂ ਵਿਚਕਾਰ ਫਸੇ ਖਾਸ ਕਰ ਘਰਵਾਲੀ ਤੇ ਮਾਂ ਦੇ ਝਗੜੇ ਵਿਚਕਾਰ ਫਸੇ ਬੰਦੇ ਬਾਰੇ ਆਖਿਆ ਜਾਂਦਾ ਹੈ ਕਿ ਉਹ ਤਾਂ ਚੱਕੀ ਦੇ ਪੁੜਾਂ ਵਿਚਾਲੇ ਫਸ ਗਿਆ ਹੈ। ਕੋਈ ਗਲਤ ਕੰਮ ਤੋਂ ਡਰਦਾ ਬੰਦਾ ਆਮ ਕਹਿ ਦਿੰਦਾ ਹੈ, 'ਮੈਂ ਜੇਲ੍ਹ ਵਿਚ ਚੱਕੀ ਨਹੀਂ ਪੀਸਣੀ।'

ਚੱਕੀ ਦਾ ਜ਼ਿਕਰ ਲੋਰੀ ਵਿਚ ਵੀ ਹੁੰਦਾ ਸੀ:

ਅੱਲ੍ਹਣ-ਬੱਲ੍ਹਣ ਬਾਵੇ ਦਾ,
ਬਾਵਾ ਕਣਕ ਲਿਆਵੇਗਾ।
ਬਾਵੀ ਚੱਕੀ ਪੀਸੇਗੀ,
ਪੀਸੇਗੀ ਪਕਾਵੇਗੀ,
ਬਾਵਾ ਬਹਿ ਕੇ ਖਾਵੇਗਾ।

ਪੁਰਾਣੇ ਸਮਿਆਂ 'ਚ ਚੱਕੀ ਪੀਸਣ, ਉਖਲੀ ਵਿਚ ਅਨਾਜ ਕੁੱਟਣ ਆਦਿ ਵਰਗੇ ਮਿਹਨਤ ਵਾਲੇ ਕੰਮ ਕਰਨ ਸਦਕਾ ਜਿਥੇ ਸਰੀਰ ਤੰਦਰੁਸਤ ਰਹਿੰਦਾ, ਉਥੇ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਹੁੰਦੀ ਕਿਉਂਕਿ ਅਜਿਹੇ ਕੰਮ ਕਰਦੇ ਸਮੇਂ ਮਨ ਦੇ ਭਾਵ ਤੇ ਵਲਵਲੇ ਲੋਕ ਗੀਤਾਂ, ਟੱਪਿਆਂ, ਬੋਲੀਆਂ, ਸਿੱਠਣੀਆਂ ਆਦਿ ਦੇ ਰੂਪ 'ਚ ਬਾਹਰ ਨਿਕਲ ਕੇ ਮਨ ਹੌਲਾ ਕਰਦੇ ਅਤੇ ਸਾਡੇ ਕੰਮਕਾਰਾਂ ਨਾਲ ਇਕਸੁਰਤਾ ਕਾਇਮ ਕਰਦੇ। ਅੱਜ ਦੇ ਤੇਜ਼ ਰਫਤਾਰ ਯੁੱਗ ਵਿਚ ਭਾਵੇਂ ਚੱਕੀ ਵਰਗੇ ਧੀਮੀ ਚਾਲ ਵਾਲੇ ਯੰਤਰ ਜਾਂ ਸੰਦ ਲੋਪ ਹੁੰਦੇ ਜਾ ਰਹੇ ਹਨ, ਪਰ ਇਨ੍ਹਾਂ ਨੇ ਸਾਡੇ ਪੁਰਖਿਆਂ ਜਾਂ ਬਜ਼ੁਰਗਾਂ ਦਾ ਨਿੱਠ ਕੇ ਸਾਥ ਨਿਭਾਇਆ ਹੈ। ਇਹ ਸਾਡੇ ਵਿਰਸੇ, ਸਭਿਆਚਾਰ, ਰਸਮਾਂ, ਰਵਾਇਤਾਂ, ਹਰਖਾਂ, ਸੋਗਾਂ, ਖੁਸ਼ੀਆਂ ਆਦਿ ਦੇ ਹਮੇਸ਼ਾ ਹਾਣੀ ਰਹੇ ਹਨ। ਜੇ ਅਜਿਹੇ ਸੰਦਾਂ, ਵਸਤੂਆਂ ਨੂੰ ਅਸੀਂ ਮੁੜ ਜ਼ਿੰਦਗੀ ਦੀ ਚਾਲ ਵਿਚ ਸ਼ਾਮਲ ਨਹੀਂ ਕਰ ਸਕਦੇ ਤਾਂ ਇਨ੍ਹਾਂ ਨੂੰ ਵਿਸਾਰ ਦੇਣਾ ਆਪਣੇ ਪੁਰਖਿਆਂ ਨੂੰ ਵਿਸਾਰ ਦੇਣ ਦੇ ਬਰਾਬਰ ਹੀ ਹੈ ਅਤੇ ਆਪਣੇ ਵਿਰਸੇ, ਸੰਸਕ੍ਰਿਤੀ ਤੇ ਸਭਿਆਚਾਰ ਤੋਂ ਦੂਰ ਹੋ ਜਾਣਾ ਹੈ।



PUNJABI MEGA PACK
$14 99 PER MONTH
FOR 24 MONTHS
Save $240 over 2 years
PTC PUNJABI
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-0290
1528 COLUSA HWY STE B. YUBA CITY.CA 95993
SUN WIRELESS
888-350-8005
114-11 101 AVE.SOUTH RICHMOND HILL.NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 4/18/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.